UGC Approved

242

# ਸ਼ੀਰਾਜ਼ਾ

ਮੁੱਖ ਸੰਪਾਦਕ

ਭਰਤ ਸਿੰਘ ਮਨਹਾਸ

ਸੰਪਾਦਕ

ਪੋਪਿੰਦਰ ਸਿੰਘ ਪਾਰਸ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

242 ਸ਼ੀਰਾਜ਼ਾ

ਦੋ-ਮਾਸਿਕ

# ਸ਼ੀਰਾਜ਼ਾ

ਜਨਵਰੀ-ਫ਼ਰਵਰੀ, 2024

ਮੁੱਖ ਸੰਪਾਦਕ

**ਭਰਤ ਸਿੰਘ ਮਨਹਾਸ**

ਸੰਪਾਦਕ

**ਪੋਪਿੰਦਰ ਸਿੰਘ ਪਾਰਸ**

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** **R.N. No. 28873/76** **Jan-Feb, 2024**

**(Punjabi)**

ਸਾਲ : 55 ਅੰਕ : 2 ਕੁਲ ਅੰਕ : 242

**Editor-in-Chief**

**Bharat Singh, JKAS**

**Editor**

**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ-180 001

*Publisher* : **Secretary, J&K Academy of Art, Culture and Languages JAMMU-180 001**

ਛਾਪਕ : ਰਨਬੀਰ ਗੌਰਮਿੰਟ ਪ੍ਰੈੱਸ, ਜੰਮੂ

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਸੰਪਾਦਕੀ

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੇ ਮੁਲਾਂਕਣ ਹਿਤ ਪਿੱਛਲੇ ਚਾਰ ਸਾਲਾਂ ਦੌਰਾਨ ਵੱਖ-ਵੱਖ ਸਿਨਫਾਂ ਵਿਚ ਪ੍ਰਕਾਸ਼ਿਤ ਹੋਏ ਪੰਜਾਬੀ ਸਾਹਿਤ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ। ਇਸ ਸਬੰਧੀ 'ਸਮਕਾਲੀਨ ਪੰਜਾਬੀ ਸਾਹਿਤ' ਵਰ੍ਹਾ (੨੦੧੯ ਤੋਂ ੨੦੨੩) ਉੱਪਰ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਜਿਸ ਦੌਰਾਨ ਜੰਮੂ-ਕਸ਼ਮੀਰ ਦੀ ਕਹਾਣੀ ਉੱਪਰ ਚਿੰਤਨ ਕਰਦਿਆਂ ਵਿਸ਼ਾ ਮਾਹਿਰਾਂ ਵੱਲੋਂ ਖੋਜ ਪਰਚੇ ਪੜ੍ਹੇ ਗਏ ਅਤੇ ਇਨ੍ਹਾਂ ਪਰਚਿਆਂ ਉਪਰ ਉਸਾਰੂ ਚਰਚਾ ਵੀ ਕੀਤੀ ਗਈ। ਕਹਾਣੀ ਸਿਰਜਣਾ ਦੇ ਸੰਬੰਧ ਵਿਚ ਬੜੀਆਂ ਮੁਲਵਾਨ ਟਿੱਪਣੀਆਂ ਸਾਹਮਣੇ ਆਈਆਂ। ਕਹਾਣੀਆਂ ਦੇ ਪਾਠ ਕੀਤੇ ਗਏ ਅਤੇ ਉਨ੍ਹਾਂ ਉੱਪਰ ਪ੍ਰਤੀਕਿਰਿਆਵਾਂ ਦੇ ਰੂਪ ਵਿਚ ਜੋ ਵਿਚਾਰ-ਚਰਚਾ ਕਰਦਿਆਂ ਮਹੱਤਵਪੂਰਨ ਤੱਥ ਉਜਾਗਰ ਕੀਤੇ ਗਏ, ਕਹਾਣੀਕਾਰਾਂ ਖ਼ਾਸ ਤੌਰ 'ਤੇ ਨਵੇਂ ਕਹਾਣੀਕਾਰਾਂ ਲਈ ਬੜੇ ਹੀ ਕਾਰਗਰ ਅਤੇ ਕਹਾਣੀ ਸਿਰਜਣਾ ਦੇ ਨਜ਼ਰੀਏ ਤੋਂ ਬੇਹੱਦ ਮਹੱਤਵਪੂਰਨ ਸਨ। ਇਸ ਤੋਂ ਇਲਵਾ ਇੱਥੋਂ ਦੀ ਕਵਿਤਾ, ਨਾਟਕ, ਪਤੱਰਕਾਰੀ ਤੇ ਨਾਵਲ ਦੇ ਸੰਦਰਭ ਵਿਚ ਖੋਜ-ਪੇਪਰ ਪੇਸ਼ ਕੀਤੇ ਗਏ।

ਸਮੁੱਚੇ ਖੋਜ-ਪੱਤਰਾਂ ਵਿੱਚ ਸਾਹਿਤ ਦੀਆਂ ਵੱਖ-ਵੱਖ ਵਿਦਾਵਾਂ ਵਿੱਚ ਹੋਏ ਆਲੋਚਨਾ ਅਤੇ ਸਿਰਜਣਾਤਮਕ ਕੰਮਾਂ ਦਾ ਬਰੀਕੀ ਨਾਲ ਅਧਿਐਨ ਕਰਦਿਆਂ ਬਹੁਤੀ ਸਾਰੀਆਂ ਪਰਤਾਂ ਨੂੰ ਖੰਘਾਲਿਆ ਗਿਆ। ਸੋ ਸਮੁੱਚੇ ਤੌਰ 'ਤੇ ਇਨ੍ਹਾਂ ਖੋਜ ਪਰਚਿਆਂ ਨਾਲ ਇਸ ਕਾਲ ਦੇ ਵੱਖ-ਵੱਖ ਸਾਹਿਤ ਰੂਪਾਂ ਦੀਆਂ ਪ੍ਰਾਪਤੀਆਂ/ਅਪ੍ਰਾਪਤੀਆਂ ਦੇ ਰਹੱਸ ਨੂੰ ਜਾਣਿਆ ਅਤੇ ਸਮਝਿਆ ਗਿਆ। ਸੈਮੀਨਾਰ ਦੇ ਅਖ਼ੀਰਲੇ ਦਿਨ ਕਵੀ ਦਰਬਾਰ ਤੇ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੋ-ਰੋਜ਼ਾ ਸੈਮੀਨਾਰ ਵਿਚ ਹੋਈ ਭਰਵੀਂ ਤੇ ਸੰਜੀਦਾ ਚਰਚਾ ਨਾਲ ਇਸ ਕਾਲ ਦੀ ਸਿਰਜਣਾ ਅਤੇ ਆਲੋਚਨਾ ਦੇ ਸੰਦਰਭ ਵਿੱਚ ਅਨੇਕਾਂ ਸੰਭਾਵਨਾਵਾਂ ਉੱਭਰ ਕੇ ਸਾਹਮਣੇ ਆਈਆਂ।

**ਪੋਪਿੰਦਰ ਸਿੰਘ ਪਾਰਸ**
**ਸੰਪਾਦਕ**

# ਤਤਕਰਾ


| ਆਲੇਖ | ਪੰਨਾ |
|---|---|
| • ਜੰਮੂ ਦਾ ਅਣਗੋਲਿਆ ਸ਼ਾਇਰ 'ਤਾਲਿਬ ਚਿਸ਼ਤੀ' / ਖ਼ਾਲਿਦ ਹੁਸੈਨ | 7-13 |
| • 'ਗੁਰ ਮਹਿਲਾਂ ਦੇ ਸੰਦਰਭ 'ਚ ਸਿੱਖੀ ਵਿਚਾਰਧਾਰਾ ਵਿਚਲਾ ਸਨਮਾਨਿਤ ਮਾਡਲ'/ ਡਾ. ਮਨੀਸ਼ਾ ਬੱਤਰਾ | 14-24 |
| • ਸਿੱਖ ਧਰਮ ਚਿੰਤਨ ਵਿਚ ਇਲਹਾਮ ਦਾ ਸੰਕਲਪ / ਡਾ. ਸਿਮਰਜੀਤ ਕੌਰ | 25-31 |
| • ਜੰਮੂ-ਕਸ਼ਮੀਰ ਦਾ ਪੌਣ-ਪਾਣੀ / ਹਰਜੀਤ ਸਿੰਘ ਉਪੱਲ | 32-43 |
| • ਆਧੁਨਿਕ ਕਾਵਿ ਵਿਚ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦਾ ਅਕਸ / ਡਾ. ਸ਼ਰਨਜੀਤ ਕੌਰ | 44-54 |
| • ਬਲਜੀਤ ਸਿੰਘ ਰੈਨਾ ਦੀ ਕਹਾਣੀ 'ਸਰਕਸ' ਦਾ ਚਿਹਨ ਵਿਗਿਆਨਿਕ ਅਧਿਐਨ / ਡਾ. ਸਤਪ੍ਰੀਤ ਸਿੰਘ ਜੱਸਲ | 55-62 |
| • 'ਮਨਮੋਹਨ ਰਚਿਤ ਨਾਵਲ ਸਹਿਜ ਗੁਫਾ ਮਹਿ ਆਸਣੁ ਦਾ ਪਾਰ-ਪਾਠਾਤਮਕ ਅਧਿਅਨ' / ਸੁਖਮਨਪ੍ਰੀਤ ਕੌਰ, ਡਾ. ਰਮਨਪ੍ਰੀਤ ਕੌਰ | 63-80 |
| • ਲੋਕਧਾਰਾ ਵਿੱਚ ਚੰਨ ਦਾ ਸੰਕਲਪ / ਡਾ. ਕੁਲਵਿੰਦਰ ਕੌਰ | 81-91 |
| • ਬਲਜੀਤ ਕੌਰ ਬਲੀ ਦਾ ਨਾਵਲ ਠਰੀ ਰਾਤ ਵਿੱਚ ਔਰਤ ਪਾਤਰਾਂ ਦੀ ਸਥਿਤੀ / ਗੁਰਦੀਪ ਕੌਰ | 92-97 |

| ਕਹਾਣੀ ਸੰਸਾਰ | |
|---|---|
| • ਕੌਣ ਮੂਆ / ਰਤਨ ਸਿੰਘ ਕੰਵਲ | 98-106 |
| • ਪੁੱਲ ਤੇ ਉਹ / ਆਰ.ਐਸ. ਰਾਜਨ | 107-109 |

| ਮੁਲਾਕਾਤ | |
|---|---|
| • ਪ੍ਰੋ: ਸੁਰਿੰਦਰ ਸੀਰਤ ਨਾਲ ਇੱਕ ਮੁਲਾਕਾਤ / ਡਾ: ਮੋਨੋਜੀਤ | 110-138 |

## ਕਾਵਿ ਰੂਪ


- ਗ਼ਜ਼ਲ / ਸੁਰਜੀਤ ਸਖੀ 139
- ਸ਼ਬਦ ਅਰਮਾਨਾਂ ਦੇ / ਭੂਪਿੰਦਰ ਸਿੰਘ ਰੈਨਾ 140
- ਕਵਿਤਾ / ਮੰਗਤ ਸਿੰਘ ਜੁਗਨੂੰ 141
- ਮੇਰੇ ਕਿਸ ਕੰਮ ਨੇ / ਭੂਪਿੰਦਰ ਸਿੰਘ ਭਾਰਗਵ 142


## ਬਾਲ ਸਾਹਿਤ


- ਬੀਬਾ ਬੱਚਾ / ਹਰਭਜਨ ਸਿੰਘ ਉਪਾਸ਼ਕ 143


## ਨਵੀਂ ਕਲਮ


- ਗੁਰਬਾਣੀ ਵਿਚ ਸਾਂਝੀਵਾਲਤਾ ਦਾ ਸੰਕਲਪ / ਡਾ. ਜਤਿੰਦਰ ਪਾਲ ਸਿੰਘ 144–148
- ਗੁਰਬਚਨ ਦਾ ਸਫ਼ਰਨਾਮਾ 'ਮਹਾਂਯਾਤਰਾ' : ਦ੍ਰਿਸ਼ਟੀ ਅਤੇ ਚਿੰਤਨ / ਗੁਰਦੀਪ ਸਿੰਘ 149–157
- ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਨਾਰੀ ਦੀ ਮਨੋਦਸ਼ਾ / ਗੁਰਪ੍ਰੀਤ ਕੌਰ 158–161
- ਭੂਪਿੰਦਰ ਸਿੰਘ ਰੈਨਾ ਰਚਿਤ ਨਾਵਲ 'ਇਨਸਾਫ਼ ਕਿੱਥੇ ਹੈ' ਇਕ ਵਿਸ਼ਲੇਸ਼ਣ / ਚਰਨਜੀਤ ਸਿੰਘ 162–167
- ਗ਼ਦਰ ਲਹਿਰ ਦੇ ਸਮਾਜਿਕ ਸਰੋਕਾਰ / ਮਨਫੂਲ ਸਿੰਘ 168–172
- ਸ਼ਰਾ ਦਾ ਤਲਿੱਸਮ ਤੇ ਇਸ਼ਕ ਦੀ ਕਾਟ / ਡਾ. ਸੁਨੀਤਾ ਰਾਣੀ 173–183

# ਜੰਮੂ ਦਾ ਅਣਗੌਲਿਆ ਸ਼ਾਇਰ 'ਤਾਲਿਬ ਚਿਸ਼ਤੀ'

❑ ਖ਼ਾਲਿਦ ਹੁਸੈਨ

ਤਾਲਿਬ ਚਿਸ਼ਤੀ ਦਾ ਅਸਲੀ ਨਾਂ ਮੁਹੰਮਦ ਸਦੀਕ ਸੀ। ਇਸਦਾ ਜੱਦੀ ਪਿੰਡ ਜੰਮੂ ਤੋਂ ਕੋਈ 20 ਕਿ.ਮੀ. ਦੂਰ ਗਜਨਸੂ ਮੜ੍ਹ ਸੀ। ਮੁਹੰਮਦ ਸਦੀਕ ਦਾ ਪਿਓ ਫ਼ਿਰੋਜ਼ਦੀਨ ਅੰਗ੍ਰੇਜ਼ ਸਰਕਾਰ ਦੀ ਪੁਲਿਸ ਵਿਚ ਹੱਵਲਦਾਰ ਸੀ। 1931 ਵਿਚ ਫ਼ਿਰੋਜ਼ਦੀਨ ਦੀ ਬਦਲੀ ਪੰਜਾਬ ਤੋਂ ਕਰਾਚੀ ਹੋਈ। ਦੋ ਸਾਲ ਮਗਰੋਂ ਉਸਦਾ ਤਬਾਦਲਾ ਸਿੰਧ ਦੇ ਜ਼ਿਲ੍ਹਾ ਸਖਰ ਵਿਚ ਹੋ ਗਿਆ, ਜਿੱਥੇ 1934 ਵਿਚ ਮੁਹੰਮਦ ਸਦੀਕ ਯਾਨੀ ਤਾਲਿਬ ਚਿਸ਼ਤੀ ਦਾ ਜਨਮ ਹੋਇਆ। 1934 ਵਿਚ ਹੀ ਫ਼ਿਰੋਜ਼ਦੀਨ ਦੀ ਬਦਲੀ ਜੰਮੂ ਹੋ ਗਈ ਤੇ ਉਹ ਆਪਣੇ ਘਰ ਗਜਨਸੂ ਮੜ੍ਹ ਅਪੜ ਗਿਆ। ਜਦ ਮੁਹੰਮਦ ਸਦੀਕ ਚਾਰ ਸਾਲ ਦਾ ਹੋਇਆ ਤਾਂ ਬਾਪ ਨੇ ਉਸਨੂੰ ਪ੍ਰਾਇਮਰੀ ਸਕੂਲ, ਗਜਨਸੂ ਵਿਚ ਦਾਖ਼ਲ ਕਰਵਾਇਆ। ਉੱਥੋਂ ਪੰਜਵੀਂ ਜਮਾਤ ਪਾਸ ਕਰਨ ਮਗਰੋਂ ਉਸਦਾ ਦਾਖ਼ਿਲਾ ਮਿਡਲ ਸਕੂਲ ਦਮਾਨਾ ਵਿਚ ਕਰਵਾਇਆ ਗਿਆ, ਜਿੱਥੋਂ ਮੁਹੰਮਦ ਸਦੀਕ ਨੇ ਅੱਠਵੀਂ ਜਮਾਤ ਪਾਸ ਕੀਤੀ। ਫੇਰ ਮੈਟ੍ਰਿਕ ਕਰਨ ਲਈ ਉਸਦੇ ਪਿਓ ਫ਼ਿਰੋਜ਼ਦੀਨ ਨੇ ਮੁਹੰਮਦ ਸਦੀਕ ਨੂੰ ਜੰਮੂ ਦੇ ਅਕਬਰ ਇਸਲਾਮੀਆ ਸਕੂਲ ਵਿਚ ਦਾਖ਼ਲ ਕਰਵਾਇਆ, ਜਿਸਨੂੰ ਅੱਜਕਲ ਹਰੀ ਸਿੰਘ ਹਾਇਰ ਸਕੈਂਡਰੀ ਸਕੂਲ ਕਿਹਾ ਜਾਂਦਾ ਹੈ। ਇਹ ਸਕੂਲ ਮੁਹੱਲਾ ਅਫ਼ਗਾਨਾ ਨੂੰ ਵਸਾਉਣ ਵਾਲੇ ਅਤੇ ਮਹਾਰਾਜਾ ਪ੍ਰਤਾਪ ਸਿੰਘ ਦੇ ਰਾਜ ਵਿਚ ਗਿਲਗਿੱਤ ਬਲਤਿਸਤਾਨ ਦੇ ਗਵਰਨਰ ਸਰਦਾਰ ਅਕਬਰ ਖ਼ਾਨ ਦੁਰਾਨੀ ਨੇ ਖੋਲ੍ਹਿਆ ਸੀ ਤੇ ਸਕੂਲ ਲਈ ਅਤੇ ਈਦਗਾਹ ਲਈ ਆਪਣੀ ਮਲਕੀਤੀ ਜ਼ਮੀਨ ਵਕਫ਼ ਕਰ ਦਿੱਤੀ ਸੀ। ਇਸ ਤੋਂ ਛੁੱਟ ਅਕਬਰ ਇਸਲਾਮੀਆ ਹਾਲ ਤੇ ਕਈ ਦੂਜੀਆਂ ਇਮਾਰਤਾਂ ਬਣਵਾਈਆਂ ਅਤੇ ਕਬਰਿਸਤਾਨ ਤੇ ਸ਼ਮਸ਼ਾਨ ਲੀ ਜ਼ਮੀਨ ਦਾਨ ਦਿੱਤੀ। ਈਦਗਾਹ ਦੀ ਦੀਵਰ ਵੀ ਹਰੀ ਸਿੰਘ ਹਾਇਰ ਸਕੈਂਡਰੀ ਸਕੂਲ ਨਾਲ ਮਿਲਦੀ ਹੈ ਅਤੇ ਅਕਬਰ ਇਸਲਾਮੀਆ ਹਾਲ ਨੂੰ ਤੋੜ ਕੇ ਮਹਿਕਮਾਂ ਅਕਾਫ਼ ਨੇ ਉੱਥੇ ਇਕ ਵੱਡਾ ਸ਼ਾਪਿੰਗ ਕੰਪਲੈਕਸ ਬਣਾਇਆ ਹੈ।

ਮੁਹੰਮਦ ਸਦੀਕ ਉਸ ਵੇਲੇ ਦਸਵੀਂ ਜਮਾਤ ਦਾ ਵਿਦਿਆਰਥੀ ਸੀ, ਜਦੋਂ ਦੇਸ਼ ਦੀ ਵੰਡ ਹੋਈ। ਜੰਮੂ ਪ੍ਰਾਂਤ ਵਿਚ ਵੀ ਹਿੰਦੂ, ਸਿੱਖ ਤੇ ਮੁਸਲਮਾਨਾਂ ਦੀ ਵੱਡ ਟੁੱਕ ਸ਼ੁਰੂ ਹੋ ਗਈ। ਮੀਰਪੁਰ, ਪਲੰਦਰੀਸ ਕੋਟਲੀ, ਬਾਗ, ਰਾਵਲਾਕੋਟ ਤੇ ਮੁਜ਼ਫ਼ਰਾਬਾਦ ਵਿਚ ਹਿੰਦੂ ਸਿੱਖਾਂ ਦੀ ਮਾਰ-ਕਾਟ ਹੋਣ ਲਗੀ ਅਤੇ ਜਦ ਜੰਮੂ ਵਿਚ ਉੱਥੇ ਦੀਆਂ ਖ਼ਬਰਾਂ ਆਉਣ ਲਗੀਆਂ ਤਾਂ ਇੱਥੇ ਵੀ ਮੁਸਲਮਾਨਾਂ ਦਾ ਕਤਲਿਆਮ ਸ਼ੁਰੂ ਹੋ ਗਿਆ। ਮੁਹੰਮਦ ਸਦੀਕ ਆਪਣੇ ਮਾਂ-ਪਿਓ ਨਾਲ ਨਸਦਾ-ਭੱਜਦਾ ਤੇ ਜਾਨ

ਬਚਾਉਂਦਾ ਸਿਆਲਕੋਟ ਆ ਗਿਆ। ਦਸਵੀਂ ਜਮਾਤ ਵਿਚ ਪੜ੍ਹਣ ਵਾਲੇ ਅਯਾਨ ਉਮਰ ਮੁੰਡੇ ਨੇ ਕੱਤਲ-ਐ-ਗਾਰਤ ਤੇ ਵੱਡ ਟੁੱਕ ਆਪਣੀ ਅੱਖੀਂ ਵੇਖੀ ਸੀ, ਜਿਸਦਾ ਉਹਦੇ ਦਿਲ ਤੇ ਡਾਢਾ ਅਸਰ ਪਿਆ ਤੇ ਉਹ ਨੀਮ ਪਾਗਲ ਹੋ ਗਿਆ। ਇਸੇ ਝੱਲਪੁਣੇ ਤੇ ਮਸਤੀ ਦੀ ਹਾਲਤ ਵਿਚ ਮੁਹੰਮਦ ਸਦੀਕ 1950 ਵਿਚ ਸਿਆਲਕੋਟ ਤੋਂ ਪੈਦਲ ਚਲਦੇ-ਚਲਦੇ ਲਾਹੌਰ ਅਪੜਿਆ। ਜਿੱਥੇ ਉਸਦੀ ਮੁਲਾਕਾਤ ਜੰਮੂ ਦੇ ਹੀ ਇਕ ਵਿਅਕਤੀ ਬਸ਼ੀਰ ਨਾਲ ਹੋਈ। ਉਹ ਮੁਹੰਮਦ ਸਦੀਕ ਨੂੰ ਆਪਣੇ ਘਰ ਲੈ ਗਿਆ ਤੇ ਉਸਦੀ ਟਹਿਲ ਸੇਵਾ ਕਰਨ ਲੱਗ ਗਿਆ। ਬਸ਼ੀਰ ਨੇ ਉਸਨੂੰ ਨਵੇਂ ਕਪੜੇ ਸਵਾ ਕੇ ਦਿੱਤੇ ਪਰ ਮੁਹੰਮਦ ਸਦੀਕ ਦਾ ਦਿਲ ਉੱਥੇ ਨਹੀਂ ਲੱਗਿਆ। ਉਹ ਸਾਰਾ ਸਾਰਾ ਦਿਨ ਨੰਗੇ ਪੈਰੀਂ ਆਵਾਰਾਗਰਦੀ ਕਰਦਾ ਰਹਿੰਦਾ। ਇਕ ਦਿਨ ਦਾਤਾ ਗੰਜ ਬਖ਼ਸ਼ ਦੇ ਦਰਬਾਰ ਦੀਆਂ ਪੌੜੀਆਂ ਦੇ ਵਿਚ ਉਸਦੀ ਮੁਲਾਕਾਤ ਉਰਦੂ ਦੇ ਅਜ਼ੀਮ ਫ਼ਕੀਰ ਸ਼ਾਇਰ ਸਾਗਰ ਸਦੀਕੀ ਨਾਲ ਹੋਈ। ਸਾਗਰ ਹੋਰੀਂ ਮਸਤ ਮੌਲਾ ਬੰਦੇ ਸਨ ਤੇ ਫ਼ਕੀਰੀ ਜ਼ਨੂਨ ਵਿ ਰਹਿੰਦੇ ਸਨ। ਕਾਲੀ ਚਾਦਰ ਦੀ ਬੁੱਕਲ ਨੂੰ ਆਪਣੇ ਜੁੱਸੇ ਤੇ ਵਲੇਟ/ਲਪੇਟ ਕੇ ਅਤੇ ਨੰਗੇ ਪੈਰੀਂ ਸਾਗਰ ਸਦੀਕੀ ਵੀ ਦਾਤਾ ਦਰਬਾਰ ਵਿਚ ਬੈਠੇ ਰਹਿੰਦੇ। ਹੁਣ ਮੁਹੰਮਦ ਸਦੀਕ ਰੋਜ਼ ਉਨ੍ਹਾਂ ਕੋਲ ਆ ਬੈਠਦਾ ਤੇ ਸ਼ਿਅਰ ਸੁਣਦਾ ਰਹਿੰਦਾ। ਹੌਲੀ-ਹੌਲੀ ਮੁਹੰਮਦ ਸਦੀਕ ਨੂੰ ਵੀ ਸ਼ਾਇਰੀ ਦਾ ਝੱਸ ਪੈ ਗਿਆ ਤੇ ਉਹ ਵੀ ਸ਼ਿਅਰ ਕਹਿਣ ਲੱਗਾ। ਸਾਗਰ ਸਦੀਕੀ ਉਸਦੇ ਸ਼ਿਅਰਾਂ ਨੂੰ ਠੀਕ ਕਰਦਾ ਤੇ ਉਸਨੂੰ ਸ਼ਾਇਰੀ ਦੇ ਗੁਰ ਸਿਖਾਉਂਦਾ। ਮੁਹੰਮਦ ਸਦੀਕ ਨੂੰ ਸਾਗਰ ਸਦੀਕੀ ਦੇ ਰੂਪ ਵਿਚ ਆਪਣਾ ਆਗੂ ਤੇ ਉਸਤਾਦ ਮਿਲ ਗਿਆ। ਫੇਰ ਉਹ ਆਖ਼ਿਰੀ ਦੱਮ ਤੱਕ ਸਾਗਰ ਸਦੀਕੀ ਨਾਲ ਜੁੜਿਆ ਰਿਹਾ। ਉਸਦੀ ਸ਼ਾਇਰੀ ਵਿਚ ਨਿਖਾਰ ਆਉਂਦਾ ਗਿਆ। ਦੇਸ਼ ਦੀ ਵੰਡ ਤੇ ਵੱਡ ਟੁੱਕ ਨੇ ਉਹਦੇ ਅੰਤਰਮਨ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਸਿੱਟੇ ਵਜੋਂ ਉਹ ਮਨੁੱਖੀ ਦੁੱਖ-ਦਰਦ ਨੂੰ ਆਪਣੇ ਸ਼ਿਅਰਾਂ ਰਾਹੀਂ ਬਿਆਨ ਕਰਨ ਲੱਗ ਪਿਆ। ਉਹ ਆਪਣੇ ਉਸਤਾਦ ਤੇ ਫ਼ਕੀਰ ਬਾਦਸ਼ਾਹ ਸਾਗਰ ਸਦੀਕੀ ਨਾਲ ਲਹਿੰਦੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੇ ਤੁਰਦਾ-ਫਿਰਦਾ ਰਹਿੰਦਾ। ਨੰਗੇ ਪੈਰੀਂ ਹੱਥ ਵਿਚ ਠੂਠਾ ਤੇ ਗਲ ਵਿਚ ਮਾਲਾ...ਆਵਾਰਗੀ ਤੇ ਮਸਤੀ ਦਾ ਆਲਮ..ਕੋਈ ਰੋਟੀ ਟੁੱਕਰ ਦੇਵੇ ਤਾਂ ਖਾ ਲੈਣਾ ਨਹੀਂ ਤੇ ਫਾਕਾ, ਮਸਤੀ ਵਿਚ ਘੁੰਮਦੇ ਰਹਿੰਦੇ। ਚਰਸ ਦੇ ਸੂਟੇ ਲਗਾਉਂਦੇ, ਸਿਰ ਦੇ ਵਾਲ ਵਧਾਏ, ਮੈਲੇ ਕੁਚੈਲੇ ਕਪੜੇ ਪਾਏ ਉਹ ਅਕਸਰ ਪੰਜਾਬੀ ਦੇ ਉਸਤਾਦ ਸ਼ਾਇਰ ਫ਼ਜ਼ਲਦੀਨ ਅਕਬਰ ਦੇ ਤੰਦੂਰ ਤੇ ਆ ਬੈਠਦੇ, ਜਿਹੜਾ ਪੰਜਾਬੀ ਦੇ ਦਰਵੇਸ਼ ਸ਼ਾਇਰਾਂ ਦਾ ਤਕੀਆ ਸੀ। ਸ਼ਰਾਬ, ਗਾਂਜਾ, ਚਰਸ, ਅਫ਼ੀਮ ਤੇ ਤੰਬਾਕੂ ਦੇ ਧੂੰਏ ਵਿਚ ਫ਼ਜ਼ਲ ਇਲਾਹੀ ਬਹਾਰ, ਮੁਹੰਮਦ ਯੂਸਫ਼ ਮੌਜ, ਖ਼ਲੀਫ਼ਾ ਸਰਾਜਦੀਨ ਦਰਵੇਸ਼, ਅੱਲਾਹ ਦਿੱਤਾ ਸਾਬਰ ਤੇ ਉਸਤਾਦ ਮੁਹੰਮਦ ਸਦੀਕ...ਸ਼ਾਇਰਾਨਾ ਮਹਿਫ਼ਿਲਾਂ ਸਜਾਈ ਰੱਖਦੇ। ਸਾਗਰ ਸਦੀਕੀ ਵੀ ਆਪਣਾ ਉਰਦੂ ਕਲਾਮ ਸੁਣਾਉਂਦੇ।

"ਏਕ ਮੁੱਦਤ ਹੁਈ ਇਕ ਜ਼ਮਾਨਾ ਹੁਆ
ਖ਼ਾਕ-ਏ-ਗੁਲਸ਼ਨ ਮੇਂ ਜਬ ਆਸ਼ਿਆਨਾ ਹੁਆ
ਫੂਲ ਜਲਤੇ ਰਹੇ ਚਾਂਦ ਹਸਤਾ ਰਹਾ

ਆਰਜ਼ੂ ਕਾ ਮੁਕੰਮਲ ਫ਼ਸਾਨਾ ਹੁਆ।"
"ਬਹਿਰ ਸੂਰਤ ਹਮਾਰੀ ਜ਼ਾਤ ਸੇ ਹੈਂ ਸਿਲਸਿਲੇ ਸਾਰੇ
ਜਨੂੰ ਕੀ ਸਾਦਗੀ ਹਮ ਹੈਂ ਫ਼ਿਰਦ ਕਾ ਬਾਂਕਪਨ ਹਮ ਹੈਂ।"
"ਦਿਲ ਕਿ ਜਿਸਕੋ ਫ਼ਕੀਰ ਰਹਿਤੇ ਹੈਂ
ਏਕ ਉਜੜੀ ਹੁਈ ਗਲੀ ਹੈ।"
"ਚਲੋ ਇਕ ਸਜਦਾ ਕਰੇਂ ਆਲਮ-ਏ-ਮਦਹੋਸ਼ੀ ਮੇਂ
ਲੋਕ ਕਹਿਤੇ ਹੈਂ ਕਿ ਸਾਗਰ ਕੋ ਖ਼ੁਦਾ ਯਾਦ ਨਹੀਂ।"

ਇਨ੍ਹਾਂ ਫਿੱਕੇ-ਮਿੱਠੇ ਖਰਬੂਜਿਆਂ ਦਾ ਰੰਗ ਮੁਹੰਮਦ ਸਦੀਕ ਤੇ ਵੀ ਚੜ੍ਹਣ ਲੱਗਾ ਅਤੇ ਉਹ ਮੁਹੰਮਦ ਸਦੀਕ ਤਾਲਿਬ ਬਣ ਗਿਆ ਤੇ ਸ਼ਿਅਰ ਕਹਿਣ ਲੱਗਾ। ਇਕ ਵਾਰੀ ਉਹ ਸ਼ੇਖ਼ਪੁਰਾ ਗਿਆ ਤੇ ਉੱਥੇ ਸੂਫ਼ੀ ਬਾਬਾ ਲਾਲ ਸ਼ਾਹ ਚਿਸ਼ਤੀ ਨੂੰ ਮਿਲਿਆ। ਉਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਕੇ ਤਾਲਿਬ ਨੇ ਉਨ੍ਹਾਂ ਦਾ ਹੱਥ ਚੁੰਮਿਆ ਤੇ ਬਾਬਾ ਲਾਲ ਚਿਸ਼ਤੀ ਨੂੰ ਆਪਣਾ ਮੁਰਸ਼ਦ ਮੰਨ ਲਿਆ ਅਤੇ ਫੇਰ ਆਪਣੇ ਤਖ਼ੱਲਸ ਨਾਲ ਚਿਸ਼ਤੀ ਜੋੜ ਲਿਆ। ਇੰਜ ਮੁਹੰਮਦ ਸਦੀਕ ਅਦਬੀ ਤੇ ਦਰਵੇਸ਼ੀ ਹਲਕਿਆਂ ਵਿਚ ਗੁਆਚ ਗਿਆ ਤੇ ਤਾਲਿਬ ਚਿਸ਼ਤੀ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਇਸੇ ਤਾਲਿਬ ਚਿਸ਼ਤੀ ਨੇ ਫੇਰ ਪੂਰੀ ਜ਼ਿੰਦਗੀ ਪੰਜਾਬੀ ਮਾਂ ਬੋਲੀ ਦੀ ਅਣਮੁੱਲੀ ਸੇਵਾ ਕੀਤੀ।

ਇਕ ਵਾਰੀ ਤਾਲਿਬ ਚਿਸ਼ਤੀ ਮਸਤੀ ਦੇ ਆਲਮ ਵਿਚ ਗੁਜਰਾਤ ਚਲਾ ਗਿਆ। ਉੱਥੇ ਸ਼ਾਇਰਾਂ ਦੀ ਮਹਿਫ਼ਿਲ ਵਿਚ ਉਸਨੂੰ ਕਿਸੇ ਸ਼ਾਇਰ ਨੇ ਪੰਜਾਬੀ ਦੇ ਇਕ ਵੱਡੇ ਸ਼ਾਇਰ 'ਦਾਇਮ ਇਕਬਾਲ ਦਾਇਮ ਦੇ ਲਿਖੇ ਕਿੱਸੇ "ਸੈਫ਼ੁਲ ਮਲੂਕ" ਵਿਚੋਂ ਕੁਝ ਸ਼ਿਅਰ ਸੁਣਾਏ। ਸ਼ਿਅਰਾਂ ਨੂੰ ਸੁਣਕੇ ਤਾਲਿਬ ਚਿਸ਼ਤੀ ਹੋਰਾਂ ਨੂੰ ਇਕਬਾਲ ਦਾਇਮ ਨੂੰ ਮਿਲਣ ਦਾ ਚਾਅ ਚੜ੍ਹਿਆ ਤੇ ਉਹ ਆਪਣੀ ਮੌਜ ਮਸਤੀ ਵਿਚ ਨੰਗੇ ਪੈਰੀਂ ਗੁਜਰਾਤ ਤੋਂ ਮੰਡੀ ਬਹਾਉਦੀਨ ਵੱਲ ਤੁਰ ਪਿਆ। ਦੋ ਦਿਨਾਂ ਦਾ ਪੈਦਲ ਸਫ਼ਰ ਕਰਕੇ ਉਹ ਇਕ ਮਸੀਤ ਲਾਗੇ ਜਾ ਖਲੋਤਾ। ਮਸੀਤ 'ਚੋਂ ਬਾਹਰ ਨਿਕਲਦਿਆਂ ਇਕ ਨਮਾਜ਼ੀ ਕੋਲੋਂ ਉਸਨੇ ਦਾਇਮ ਇਕਬਾਲ ਦਾਇਮ ਦੇ ਘਰ ਦਾ ਪਤਾ ਪੁੱਛਿਆ। ਨਮਾਜ਼ੀ ਨੇ ਉਸਨੂੰ ਪੁੱਛਿਆ ਕਿ ਕੀ ਤੂੰ ਤਰਖਾਣਾਂ ਦੇ ਮੁੰਡੇ ਦਾਇਮ ਨੂੰ ਮਿਲਣ ਆਇਆ ਹੈਂ? ਜਦ ਤਾਲਿਬ ਨੇ ਹਾਂ ਵਿਚ ਸਿਰ ਹਿਲਾਇਆ ਤਾਂ ਉਹ ਨਮਾਜ਼ੀ ਉਸਨੂੰ ਦਾਇਮ ਇਕਬਾਲ ਦੇ ਘਰ ਲੈ ਗਿਆ ਤੇ ਆਵਾਜ਼ ਮਾਰੀ, "ਓਏ ਦਾਇਮੂ, ਤੇਰਾ ਕੋਈ ਪਰਾਉਣਾ ਆਇਆ ਹੈ।" ਦਾਇਮ ਨੇ ਆਵਾਜ਼ ਸੁਣੀ ਤੇ ਛੇਤੀ ਨਾਲ ਦਰਵਾਜ਼ਾ ਖੋਲ੍ਹਿਆ ਤੇ ਇਕ ਅਨਜਾਣ ਆਦਮੀ ਨੂੰ ਦੇਖਿਆ ਤੇ ਬੜੀ ਹਲੀਮੀ ਨਾਲ ਕਿਹਾ, "ਸੱਦ ਬਿਸਮਿੱਲਾਹ, ਅੰਦਰ ਆ ਜਾਓ। ਕਿੱਥੋਂ ਆਏ ਹੋ ਤੇ ਕਿੰਝ ਤਸ਼ਰੀਫ਼ ਲਿਆਏ ਹੋ।" ਤਾਲਿਬ ਚਿਸ਼ਤੀ ਨੇ ਜਵਾਬ ਵਿਚ ਕਿਹਾ ਕਿ ਉਹ ਗੁਜਰਾਤ ਤੋਂ ਪੈਦਲ ਤੁਰਕੇ ਸਿਰਫ਼ ਉਨ੍ਹਾਂ ਨੂੰ ਮਿਲਣ ਆਇਆ ਹੈ। ਇਕਬਾਲ ਦਾਇਮ ਬੜਾ ਹੈਰਾਨ ਹੋਇਆ। ਤਾਲਿਬ ਨੂੰ ਮੰਜੀ 'ਤੇ ਬਿਠਾਇਆ। ਆਪਣੇ ਪੁੱਤਰ ਕੋਲੋਂ ਗਰਮ ਪਾਣੀ ਵਿਚ ਲੂਣ ਪਵਾ ਕੇ ਉਹਦੇ ਪੈਰ ਧੁਵਾਏ। ਰੋਟੀ ਪਾਣੀ ਦੀ ਸੇਵਾ ਕੀਤੀ ਤੇ ਫੇਰ

ਉਸ ਕੋਲ ਬੈਠ ਗਿਆ। ਦੋਵੇਂ ਗੱਲਾਂ ਕਰਨ ਲੱਗੇ। ਤਾਲਿਬ ਚਿਸ਼ਤੀ ਨੇ ਦੱਸਿਆ ਕਿ ਉਹ ਉਨ੍ਹਾਂ ਦੇ ਲਿਖੇ ਕਿੱਸੇ "ਸੈਫੁਲ ਮਲੂਕ" ਤੋਂ ਬੜਾ ਪ੍ਰਭਾਵਿਤ ਹੋਇਆ ਹੈ ਤੇ ਉਸਦਾ ਮੰਨਣਾ ਹੈ ਕਿ ਉਨ੍ਹਾਂ ਦੀ ਰਚਨਾ ਮੀਆਂ ਮੁਹੰਮਦ ਬਖ਼ਸ਼ ਦੇ ਸ਼ਾਹਕਾਰ "ਸੈਫ਼ਲ ਮਲੂਕ" ਤੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਹੈ। ਇਸੇ ਕਰਕੇ ਤੁਹਾਡੇ ਦੀਦਾਰ ਕਰਨ ਦਾ ਸ਼ੌਂਕ ਮੈਨੂੰ ਤੁਹਾਡੀ ਸਰਦਲ 'ਤੇ ਲੈ ਆਇਆ। ਜਦ ਤਾਲਿਬ ਨੇ ਆਪਣੇ ਬਾਰੇ ਦਸ ਪਾਈ ਕਿ ਉਹ ਵੀ ਸ਼ਿਅਰ ਕਹਿੰਦਾ ਹੈ ਤਾਂ ਦਾਇਮ ਜੀ ਨੇ ਉਸਨੂੰ ਸ਼ਿਅਰ ਸੁਣਾਉਣ ਦਾ ਫਰਮਾਇਸ਼ ਕੀਤੀ। ਤਾਲਿਬ ਚਿਸ਼ਤੀ ਨੇ ਹੁਕਮ ਬਜਾ ਲਿਆਂਦਾ ਤੇ ਆਪਣਾ ਕਲਾਮ ਸੁਣਾਇਆ-

"ਕਿਸੇ ਰੰਗ ਵਿਚ ਕਰੇ ਮੰਜ਼ੂਰ ਸੋਹਣਾ, ਸੋ ਸੋ ਰੰਗ ਦੇ ਵੇਸ ਬਣਾਈ ਦੇ ਨੇ, ਆਹੋ ਆਪਣੇ ਆਪ ਵਿਚ ਕਰਾਂ ਪੈਦਾ, ਜਿਹੜੇ ਵਸਫ਼ ਮਹਿਬੂਬ ਨੂੰ ਚਾਹੀ ਦੇ ਨੇ, ਖ਼ੁਸ਼ ਕਰਨ ਲਈ ਘੜੀ ਦੋ ਘੜੀ ਉਹਨੂੰ, ਕਈਆਂ ਛੱਡ ਦਿੱਤੇ ਤਖ਼ਤ ਸ਼ਾਹੀ ਦੇ ਨੇ, ਤਾਲਿਬ ਯਾਰ ਪਰ ਕੁਝ ਨਹੀਂ ਕਿਹਾ ਜਾਂਦਾ, ਸੌਦੇ ਉਸਦੇ ਬੇਪਰਵਾਹੀ ਦੇ ਨੇ"।2

"ਸੌਦਾ ਪਿਆਰ ਵਾਲਾ ਕਰੇ ਜਗ ਸਾਰਾ, ਨਫ਼ਾ ਇਸ ਥੀਂ ਖੱਟਦਾ ਕੋਈ ਕੋਈ ਐ, ਮੋਹਰਾ ਤਲੀ 'ਤੇ ਰੱਖ ਕੇ ਯਾਰ ਖ਼ਾਤਿਰ, ਬੇ ਦਰੇਗ ਹੋ ਚੱਟਦਾ ਕੋਈ ਕੋਈ ਐ, ਸੇਜ਼ ਫ਼ੁੱਲਾਂ 'ਤੇ ਕਰਨ ਆਰਾਮ ਸਾਰੇ, ਰਾਤ ਸੂਲਾਂ 'ਤੇ ਕੱਟਦਾ ਕੋਈ ਕੋਈ ਐ,

ਤਾਲਿਬ ਯਾਰ ਨੂੰ ਯਾਰ ਖਵਾਉਂਦਾ ਹੈ ਮਾਸ, ਭੁੰਨ ਕੇ ਪੱਟ ਦਾ ਕੋਈ ਕੋਈ ਐ।"

ਤਾਲਿਬ ਚਿਸ਼ਤੀ ਦਾ ਕਲਾਮ ਸੁਣ ਕੇ ਦਾਇਮ ਇਕਬਾਲ ਬਹੁਤ ਖ਼ੁਸ਼ ਹੋਏ ਤੇ ਉਸਦੀ ਰੱਜ ਕੇ ਹੌਂਸਲਾ ਅਫ਼ਜ਼ਾਈ ਕੀਤੀ। ਫੇਰ ਦਾਇਮ ਹੋਰਾਂ ਨੇ ਵੀ ਆਪਣਾ ਕਲਾਮ ਸੁਣਾਇਆ। ਦੂਜੇ ਦਿਨ ਇਕਬਾਲ ਦਾਇਮ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਉਹ ਤਾਲਿਬ ਚਿਸ਼ਤੀ ਨੂੰ ਬੱਸ ਅੱਡੇ ਸੈ ਜਾਏ ਤੇ ਲਾਹੌਰ ਵਾਲੀ ਬੱਸ 'ਤੇ ਚੜਾ ਆਏ। ਇਕਬਾਲ ਦਾਇਮ ਨੇ ਤਾਲਿਬ ਚਿਸ਼ਤੀ ਦੇ ਬੋਝੇ ਵਿਚ ਕੁਝ ਪੈਸੇ ਵੀ ਪਾਏ ਤੇ ਨਾਲੇ ਸਿਗਰਟਾਂ ਦੀ ਡੱਬੀ ਵੀ ਹੱਥ ਫੜਾਈ। ਇੰਝ ਤਾਲਿਬ ਚਿਸ਼ਤੀ ਮੁੜ ਲਾਹੌਰ ਆ ਗਿਆ ਅਤੇ ਆਪਣੇ ਉਸਤਾਦ ਸਾਗਰ ਸਦੀਕੀ ਨਾਲ ਰਹਿਣ ਲੱਗ ਗਿਆ। ਇਹ ਸੰਨ 1962 ਦੀ ਗੱਲ ਹੈ ਕਿ ਤਾਲਿਬ ਚਿਸ਼ਤੀ ਨੇ ਆਪਣੇ ਉਸਤਾਦ ਦੇ ਕਹਿਣ 'ਤੇ ਉਰਦੂ ਅਖ਼ਬਾਰਾਂ ਵਿਚ ਕਾਲਮ ਲਿਖਣੇ ਸ਼ੁਰੂ ਕੀਤੇ। ਕਾਲਮ ਲਿਖਣ ਦੇ ਨਾਲ-ਨਾਲ ਉਹ ਆਪਣਾ ਪੰਜਾਬੀ ਕਲਾਮ ਵੀ ਅਖ਼ਬਾਰਾਂ ਵਿਚ ਛਪਵਾਉਣ ਲੱਗਾ। ਜਿਸ ਲਈ ਉਸਨੂੰ ਸੇਵਾ ਫ਼ਲ ਵੀ ਮਿਲਣ ਲੱਗਾ। ਇਕ ਵਾਰ ਸਾਗਰ ਸਦੀਕੀ ਨੇ ਪੁੱਛਿਆ, "ਇਸ ਹਫ਼ਤੇ 'ਇਮਰੋਜ਼' ਅਖ਼ਬਾਰ ਵਿਚ ਤੇਰੇ ਕਿੰਨੇ ਕਾਲਮ ਛਪੇ ਹਨ ਅਤੇ ਤੈਨੂੰ ਕਿੰਨੇ ਪੈਸੇ ਮਿਲੇ ਹਨ। ਉਹ ਸਾਰੀ ਰਕਮ ਮੈਨੂੰ ਦੇ ਦੇ। ਮੈਨੂੰ ਪੈਸਿਆਂ ਦੀ ਲੋੜ ਹੈ।" ਤਾਲਿਬ ਚਿਸ਼ਤੀ ਨੇ ਸਾਰੀ ਰਕਮ ਆਪਣੇ ਉਸਤਾਦ ਨੂੰ ਦੇ ਦਿੱਤੀ। ਸਾਗਰ ਸਦੀਕੀ ਨੇ ਤਾਲਿਬ ਲਈ ਕੁੜਤੇ ਪਜਾਮੇ ਦਾ ਕਪੜਾ ਖ਼ਰੀਦਿਆ ਤੇ ਤਾਲਿਬ ਨੂੰ ਲੈ ਕੇ ਦਰਜੀ ਕੋਲ ਗਏ,

ਉਸਦਾ ਨਾਪ ਦਿੱਤਾ ਤੇ ਦਰਜੀ ਨੂੰ ਸ਼ਾਮ ਤੱਕ ਕਪੜੇ ਸੀਨ ਲਈ ਕਿਹਾ। ਫੇਰ ਉਹ ਜੁੱਤੀਆਂ ਵਾਲੀ ਦੁਕਾਨ 'ਤੇ ਗਏ ਅਤੇ ਤਾਲਿਬ ਲਈ ਇਕ ਜੁੱਤੀ ਖ਼ਰੀਦੀ। ਫੇਰ ਨਾਈ ਦੀ ਦੁਕਾਨ 'ਤੇ ਤਾਲਿਬ ਦੀ ਹਜ਼ਾਮਤ ਕਰਵਾਈ, ਸਿਰ ਦੇ ਲੰਮੇ ਵਾਲ ਕਟਵਾਏ, ਦਾੜ੍ਹੀ ਬਣਵਾਈ ਤੇ ਹਮਾਮ ਵਿਚ ਉਸਨੂੰ ਨਵਾਇਆ। ਫੇਰ ਲਿਖਣ ਲਈ ਕਾਗਜ਼, ਪੈਂਸਿਲ, ਪੈਨ ਤੇ ਨੋਟ ਪੈਡ ਖ਼ਰੀਦਿਆ। ਇਹ ਸਾਰੀਆਂ ਚੀਜ਼ਾਂ ਇਕ ਝੋਲੇ ਵਿਚ ਪਾ ਕੇ ਝੋਲਾ ਤਾਲਿਬ ਦੇ ਮੋਢੇ ਲਟਕਾਇਆ ਅਤੇ ਖੁਸ਼ ਹੋ ਕੇ ਉਸਨੂੰ ਹੁਕਮ ਦਿੱਤਾ ਕਿ ਉਸਦੇ ਮੌਜ ਮਸਤੀ ਵਾਲੇ ਦਿਨ ਹੁਣ ਖ਼ਤਮ ਹੋ ਗਏ ਹਨ। ਮਲੰਗੀ ਛੱਡ ਸਵੇਰੇ ਨਵੇਂ ਕਪੜੇ ਪਾ ਕੇ ਲਾਹੌਰ ਰੇਡੀਓ ਸਟੇਸ਼ਨ ਜਾਣਾ ਸ਼ੁਰੂ ਕਰ ਦੇ। ਉੱਥੇ ਕੰਟੀਨ ਵਿਚ ਬਹਿ ਕੇ ਪ੍ਰੋਗ੍ਰਾਮ ਪ੍ਰੋਡੀਊਸਰਾਂ ਨਾਲ ਜਾਣ-ਪਛਾਣ ਵਧਾ ਉਸਤਾਦ ਦੇ ਹੁਕਮ ਅਨੁਸਾਰ ਤਾਲਿਬ ਚਿਸ਼ਤੀ ਲਾਹੌਰ ਰੇਡੀਓ ਸਟੇਸ਼ਨ ਜਾਣ ਲੱਗਾ। ਇਕ ਦਿਨ ਉਹ ਰੇਡੀਓ ਸਟੇਸ਼ਨ ਦੀ ਕੰਟੀਨ ਵਿਚ ਬੈਠਾ ਚਾਅ ਪੀ ਰਿਹਾ ਸੀ ਕਿ ਉੱਥੇ ਉਸਦੀ ਮੁਲਾਤਕਾਰ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਅਤੇ ਲਾਹੌਰ ਰੇਡੀਓ ਸਟੇਸ਼ਨ ਦੇ ਪ੍ਰੋਗ੍ਰਾਮ ਪ੍ਰੋਡੀਊਸਰ ਸਲੀਮ ਖਾਨ ਗਿੰਮੀ ਨਾਲ ਹੋਈ। ਗੱਲਬਾਤ ਵਿਚ ਜਦ ਸਲੀਮ ਖਾਨ ਗਿੰਮੀ ਨੂੰ ਪਤਾ ਚਲਿਆ ਕਿ ਤਾਲਿਬ ਸ਼ਾਇਰੀ ਕਰਦਾ ਹੈ ਤਾਂ ਉਹ ਉਸਨੂੰ ਆਪਣੇ ਕਮਰੇ ਵਿਚ ਲੈ ਗਿਆ। ਉਦੋਂ ਉਹ ਕਿਰਸਾਨਾਂ ਲਈ ਪ੍ਰੋਗ੍ਰਾਮ ਦੇ ਇੰਚਾਰਜ ਸਨ ਤੇ ਉਨ੍ਹਾਂ ਨੇ ਕਿਰਸਾਨੀ ਰਹਿਤਲ ਤੇ ਰਾਹੀ-ਵਾਹੀ ਬਾਰੇ ਗੀਚਾਂ ਦੀ ਡਾਢੀ ਲੋੜ ਸੀ। ਤਾਲਿਬ ਚਿਸ਼ਤੀ ਨੇ ਉਨ੍ਹਾਂ ਦੇ ਕਮਰੇ ਵਿਚ ਹੀ ਬਹਿ ਕੇ ਇਕ ਗੀਤ ਲਿਖਿਆ ਤੇ ਉਨ੍ਹਾਂ ਨੂੰ ਸੁਣਾਇਆ। ਗੀਤ ਦੇ ਬੋਲ ਸਨ-

"ਕਿੱਕਲੀ ਕਲੀਰ ਦੀ ਬਈ ਕਿੱਕਲੀ ਕਲੀਰ ਦੀ
ਹਰੇ ਕਿਆਰੇ ਵਗੇ ਜੋਗ ਮੇਰੇ ਵੀਰ ਦੀ"

ਕੁਝ ਦਿਨਾਂ ਮਗਰੋਂ ਤਾਲਿਬ ਚਿਸ਼ਤੀ ਆਪਣੇ ਉਸਤਾਦ ਸਾਗਰ ਸਦੀਕੀ ਨਾਲ ਫ਼ਜ਼ਲਦੀਨ ਅਕਬਰ ਦੇ ਤੰਦੂਰ 'ਤੇ ਬੈਠੇ ਰੇਡੀਓ ਸੁਣ ਰਹੇ ਸਨ ਕਿ ਉਹੋ ਗੀਤ ਨਜ਼ੀਰ ਬੇਗਮ ਤੇ ਖੁਰਸ਼ੀਦ ਬੇਗਮ ਦੀ ਆਵਾਜ਼ ਵਿਚ ਚਲ ਰਿਹਾ ਸੀ। ਗੀਤ ਸੁਣ ਕੇ ਦੋਵੇਂ ਬਹੁਤ ਖੁਸ਼ ਹੋਏ। ਇੰਞ ਚਾਲਿਬ ਚਿਸ਼ਤੀ ਦੇ ਪੰਜਾਬੀ ਗੀਤਾਂ ਦਾ ਸਫ਼ਰ ਸ਼ੁਰੂ ਹੋਇਆ। ਉਸਨੂੰ ਆਪਣੇ ਪਹਿਲੇ ਗੀਤ ਲਈ 20 ਰੁਪਏ ਦਾ ਚੈੱਕ ਮਿਲਿਆ ਸੀ। ਫੇਰ ਸਲੀਮ ਖਾਨ ਗਿੰਮੀ ਨੇ ਉਸ ਕੋਲੋਂ ਫੈਮਿਲੀ ਪਲੈਨਿੰਗ ਬਾਰੇ ਇਕ ਗੀਤ ਲਿਖਵਾਇਆ। ਜਿਸਦੇ ਬੋਲ ਸਨ-

"ਚੀਖ਼ ਚਿਹਾੜਾ, ਨਿਰਾ ਪੁਵਾੜਾ ਲੋਕੋ ਬਹੁਤੇ ਬਾਲ
ਥੋੜ੍ਹੇ ਜੀਅ ਤੇ ਵੱਸੇ ਰੱਸੇ, ਘਰ ਖੁਸ਼ੀਆਂ ਦੇ ਨਾਲ
ਜ਼ਰਾ ਨ ਘਰ ਵਿਚ ਸਿਹਤ ਸਫ਼ਾਈ
ਨ ਬੱਚਿਆਂ ਦੀ ਹੋਵੇ ਪੜ੍ਹਾਈ
ਪੰਜੀਆਂ ਵਰ੍ਹਿਆਂ ਦੀ ਮਾਂ, ਦਿੱਸੇ ਸੱਠ ਸਾਲ ਦੀ ਬੁੱਢੀ ਮਾਈ
ਗੰਡਿਆਂ ਤਾਈਂ ਫੜ੍ਹ ਫੜ੍ਹ ਉੱਠੇ, ਪਿਓ ਦਾ ਮੰਦਾ ਹਾਲ

ਚੀਖ਼ ਚਿਹਾੜਾ ਨਿਰਾ ਪੁਵਾੜਾ ਲੋਕੋ ਬਹੁਤੇ ਬਾਲ"।

ਇਸ ਗੀਤ ਲਈ ਤਾਲਿਬ ਨੂੰ 50 ਰੁਪਏ ਮਿਲੇ। ਕੁਝ ਚਿਰ ਮਗਰੋਂ ਮਸ਼ਹੂਰ ਵਿਦਵਾਨ, ਅੰਗ੍ਰੇਜ਼ੀ ਦੇ ਪ੍ਰੋਫ਼ੈਸਰ ਤੇ ਪੰਜਾਬੀ ਸ਼ਾਇਰ ਸੂਫ਼ੀ ਤਬੱਸੁਮ ਅਤੇ ਸਲੀਮ ਖਾਨ ਗਿੰਮੀ ਦੀ ਕੋਸ਼ਿਸ਼ ਨਾਲ ਤਾਲਿਬ ਚਿਸ਼ਤੀ ਨੂੰ ਲਾਹੌਰ ਰੇਡੀਓ ਸਟੇਸ਼ਨ ਵਿਚ ਸਕ੍ਰਿਪਟ ਰਾਈਟਰ ਦੀ ਆਰਜ਼ੀ ਨੌਕਰੀ ਮਿਲ ਗਈ, ਜਿਹੜੀ ਕਦੇ ਪੱਕੀ ਨਹੀਂ ਹੋਈ ਤੇ ਉਸਦਾ ਸਾਰਾ ਜੀਵਨ ਸਫ਼ੈਦਪੋਸ਼ੀ ਵਿਚ ਗੁਜ਼ਰਿਆ। ਜਿਸ ਕਾਰਨ ਉਹ ਆਪ ਕਦੇ ਆਪਣਾ ਕਲਾਮ ਕਿਤਾਬ ਰੂਪ ਵਿਚ ਨਹੀਂ ਛਪਵਾ ਸੱਕਿਆ। ਉਸਨੇ ਪੰਜਾਬੀ ਸ਼ਾਇਰੀ ਦੀ ਹਰੇਕ ਸਿਨਫ਼ 'ਤੇ ਲਿਖਿਆ। ਗ਼ਜ਼ਲ, ਨਜ਼ਮ, ਗੀਤ, ਸ਼ੀਹਰਫ਼ੀ, ਬਾਰਾਂਮਾਹ, ਮਾਹੀਏ, ਟੱਪੇ, ਦੋਹੜੇ, ਹਮਦ ਤੇ ਨਾਅਤ, ਪਰ ਉਸਦੀ ਅਸਲ ਪਛਾਣ ਇਕ ਗੀਤਕਾਰ ਵਜੋਂ ਹੋਈ। ਉਸਦੇ ਕੁਝ ਮਸ਼ਹੂਰ ਗੀਤਾਂ ਦਾ ਵੇਰਵਾ ਇਸ ਪ੍ਰਕਾਰ ਹੈ। ਇਨ੍ਹਾਂ ਗੀਤਾਂ ਨੂੰ ਸ਼ੌਕਤ ਅਲੀ, ਰੇਸ਼ਮਾਂ, ਸਾਈ ਅਖ਼ਤਰ, ਰਜਬ ਅਲੀ, ਉਸਤਾਦ ਨੁਸਰਤ ਫ਼ਤਿਹ ਅਲੀ ਖਾਨ ਅਤੇ ਪਰਵੇਜ਼ ਮਹਿੰਦੀ ਵਰਗੇ ਕਈ ਹੋਰ ਪ੍ਰਸਿੱਧ ਗਾਇਕਾਂ ਨੇ ਗਾਇਆ।

"ਕਿਉਂ ਦੂਰ-ਦੂਰ ਰਹਿੰਦੇ ਓ ਹਜ਼ੂਰ ਮੇਰੇ ਕੋਲੋਂ

ਮੈਨੂੰ ਦਸ ਦਿਓ ਹੋਇਆ ਕੀ ਕਸੂਰ ਮੇਰੇ ਕੋਲੋਂ"

(ਸ਼ੌਕਤ ਅਲੀ)

"ਗੰਧਲਾਂ ਤੋੜਦੀਏ ਮੁਟਿਆਰੇ, ਜ਼ਰਾ ਮੁੱਖ ਨੂੰ ਇੱਧਰ ਮੋੜ"

(ਲਾਲਜੀਨ ਸ਼ਾਹਬਾਜ਼ੀ)

"ਜਾ ਵੇ ਪਰਦੇਸੀਆ ਵੇ, ਦੇਰਾਂ ਕਾਹਨੂੰ ਲਾਈਆਂ"

(ਰੇਸ਼ਮਾ ਤੇ ਪਰਵੇਜ਼ ਮਹਿੰਦੀ)

"ਇਕ ਚੰਨ ਜਿਹੇ ਮੁਖੜੇ 'ਤੇ ਪਿਆਰ ਆ ਗਿਆ"

(ਰਜਬ ਅਲੀ ਤੇ ਅਫ਼ਸ਼ਾਂ)

"ਮੇਰਾ ਦੀਨ ਇਮਾਨ ਵਤਨ ਮੇਰਾ"

(ਰੇਸ਼ਮਾ)

"ਮੇਰੇ ਦਿਲ ਵਿਚ ਸ਼ੌਂਕ ਚਰੋਕਣਾ"

(ਸਾਈਂ ਅਖ਼ਤਰ ਹੁਸੈਨ)

"ਜੁਦਾਈਆਂ ਦੇ ਦੁੱਖੜੇ ਮੈਂ ਕਿਸਨੂੰ ਸੁਣਾਵਾਂ"

(ਨੁਸਰਤ ਫ਼ਤਿਹ ਅਲੀ ਖਾਨ)

ਤਾਲਿਬ ਚਿਸ਼ਤੀ ਦਾ ਚੋਣਵਾਂ ਕਲਾਮ ਪੰਜਾਬੀ ਅਦਬੀ ਬੋਹੜ, ਲਾਹੌਰ ਨੇ ਕੱਚੀਆਂ ਪੱਕੀਆਂ ਤੰਦਾਂ ਦੇ ਸਿਰਨਾਵੇਂ ਹੇਠ ਕਿਤਾਬੀ ਰੂਪ ਵਿਚ ਕੁਝ ਚਿਰ ਪਹਿਲਾਂ ਛਾਪਿਆ ਹੈ, ਪਰ ਹਜੇ ਵੀ ਉਸ ਕੋਲ ਅਣਛੱਪੇ ਪੰਜਾਬੀ ਕਲਾਮ ਦਾ ਖ਼ਜ਼ਾਨਾ ਹੈ ਜੋ ਛਾਪੇ ਨਹੀਂ ਚੜ੍ਹ ਸੱਕਿਆ। ਅਖ਼ੀਰ ਵਿਚ ਮੈਂ ਤਾਲਿਬ ਚਿਸ਼ਤੀ ਦੀ ਇਕ ਮਸ਼ਹੂਰ ਨਜ਼ਮ 'ਸ਼ਾਇਰ ਦੇ ਕੁਝ ਸ਼ਿਅਰਾਂ ਨਾਲ ਆਪਣਾ ਲੇਖ ਖ਼ਤਮ ਕਰ ਰਿਹਾ ਹਾਂ।

"ਸ਼ਾਇਰ ਸੱਚ ਦੇ ਗੀਤ ਸੁਣਾਵੇ ਛੇੜ ਕੇ ਦਿਲ ਦੀਆਂ ਤਾਰਾਂ
ਪਿਆਰ ਦੇ ਸੱਚੇ ਫੁੱਲ ਖਿੜਾਵੇ ਮਹਿਕ ਵਾਂਗ ਬਹਾਰਾਂ

ਸੋਚਾਂ ਬਾਜ ਪਰਾਂ ਦੇ ਉੱਡਣ ਅਰਸ਼ੋਂ ਪਰ੍ਹੇ ਉਡਾਰੀ ਨਜ਼ਰਾਂ ਦੇ ਵਿਚ ਟਹਿ-ਟਹਿ ਟਹਿਕੇ ਫ਼ਿਤਰਤ ਦੀ ਫੁਲਵਾਰੀ ਸੁਣਕੇ ਜਿਸ ਦੇ ਬੋਲ ਰਸੀਲੇ ਲੂੰ-ਲੂੰ ਘੁਲਦੀਆਂ ਖੰਡਾਂ

ਮੇਲ ਮਿਲਾਪਾਂ ਵਾਲਿਆਂ ਜਿਹੜਾ, ਦਏ ਨਾ ਖੁੱਲ੍ਹਣ ਗੰਢਾਂ
ਫੁੱਲਾਂ ਬਾਤਨ ਲਹਿਕੇ ਸ਼ਬਨਮ ਵਰਗਾ ਜ਼ਾਹਿਰ
ਮਾਂ ਦੀ ਕੁੱਖੋਂ ਪੈਦਾ ਹੋਵੇ ਧਰਤੀ ਉੱਤੇ ਸ਼ਾਇਰ
ਕਲਮ ਜਿਹੜਾ ਤਿੱਖਾ ਤਲਵਾਰੋਂ,
ਤਾਲਿਬ ਫ਼ਰ-ਫ਼ਰ ਚਲੇ ਸਿਰ 'ਤੇ ਸੁੱਚਾ ਤਾਜ ਸੁਖ਼ਨ ਦਾ,
ਪਿਆਰ ਦੀ ਦੌਲਤ ਪੱਲੇ"।

# ‘ਗੁਰ ਮਹਿਲਾਂ ਦੇ ਸੰਦਰਭ ’ਚ ਸਿੱਖੀ ਵਿਚਾਰਧਾਰਾ ਵਿਚਲਾ ‘ਸਨਮਾਨਿਤ ਮਾਡਲ’

❑ ਡਾ. ਮਨੀਸ਼ਾ ਬੱਤਰਾ

ਔਰਤ, ਸਮਾਜ ਅਤੇ ਧਰਮ ਦੋਵਾਂ ਲਈ ਇੱਕ ਮਹੱਤਵਪੂਰਨ ਇਕਾਈ ਰਹੀ ਹੈ। ਜਿਵੇਂ ਔਰਤਾਂ ਤੋਂ ਬਿਨਾਂ ਸਮਾਜ ਦੀ ਹੋਂਦ ਅਸਵਿਕ੍ਰਿਤ ਹੈ, ਉਸ ਤਰ੍ਹਾਂ ਹੀ ਔਰਤ ਤੋਂ ਬਿਨਾਂ ਧਰਮ ਵੀ ਆਪਣੀਆਂ ਜੜ੍ਹਾਂ ਦਾ ਵਿਸਤਾਰ ਨਹੀਂ ਕਰ ਸਕਦਾ। ਹਰ ਧਰਮ ਦਾ ਪ੍ਰਚਾਰ ਤੇ ਪਾਸਾਰ ਉਸ ਨਾਲ ਜੁੜੀਆਂ ਉਹ ਔਰਤਾਂ ਹੁੰਦੀਆਂ ਹਨ ਜੋ ਨਿਰੰਤਰ ਗਤੀਵਿਧੀਆਂ ਰਾਹੀਂ ਆਪਣੇ ਬਜ਼ੁਰਗਾਂ ਦੇ ਕਾਰਜਾਂ, ਉਨ੍ਹਾਂ ਦੇ ਉੱਚ ਆਦਰਸ਼ਾਂ 'ਤੇ ਚੱਲਣ ਵਾਲੇ ਸ਼ਹੀਦਾਂ, ਮਹਾਂਪੁਰਖਾਂ ਦੇ ਵਡਮੁੱਲੇ ਕਾਰਜਾਂ ਨੂੰ ਲੋਕ ਕਥਾਵਾਂ, ਧਾਰਮਿਕ ਬਿਰਤਾਂਤਾਂ, ਸਾਖੀਆਂ, ਕਹਾਵਤਾਂ ਰਾਹੀਂ ਬਿਆਨ ਕਰਦੀਆਂ ਅਤੇ ਬਾਰ-ਬਾਰ ਦੁਹਰਾਉਂਦੀਆਂ ਹਨ। ਦੁਨੀਆਂ ਭਰ ਵਿੱਚ ਧਰਮਾਂ ਦੇ ਵਧਣ-ਫੁੱਲਣ ਵਿੱਚ ਔਰਤ-ਸਮਾਜ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਮੰਨਣ ਵਾਲੀ ਪਹਿਲੀ ਔਰਤ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਸੀ। ਹਜ਼ਰਤ ਮੁਹੰਮਦ ਸਾਹਬ ਦੀ ਪਤਨੀ ਹਜ਼ਰਤ ਖ਼ੁਦਾਈਜ਼ਾ ਨੇ ਸਭ ਤੋਂ ਪਹਿਲਾਂ ਇਸਲਾਮ ਕਬੂਲ ਕੀਤਾ। ਈਸਾਈ ਧਰਮ ਨੂੰ ਸਵੀਕਾਰ ਕਰਨ ਵਾਲਿਆਂ ਵਿੱਚੋਂ ਮਰਿਯਮ, ਜੋ ਆਪ ਹੀ ਯਿਸੂ ਮਸੀਹ ਦੀ ਮਾਂ ਸੀ। ਪਰਿਵਾਰਕ ਰਿਸ਼ਤਿਆਂ ਦੀ ਡੋਰ ਵਿਚ ਬੱਝੀਆਂ ਇਨ੍ਹਾਂ ਮਹਾਨ ਔਰਤਾਂ ਨੇ ਨਾ ਸਿਰਫ਼ ਉਨ੍ਹਾਂ ਧਾਰਮਿਕ ਆਗੂਆਂ ਵਿਚ ਅਟੁੱਟ ਵਿਸ਼ਵਾਸ ਪ੍ਰਗਟ ਕੀਤਾ, ਸਗੋਂ ਉਨ੍ਹਾਂ ਨੂੰ ਰੱਬ ਵਜੋਂ ਵੀ ਪੂਜਿਆ। ਇੱਥੋਂ ਇਸ ਤੱਥ ਦੀ ਪੁਸ਼ਟੀ ਵੀ ਹੋ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਧਰਮ ਵਿੱਚ ਵਿਸ਼ਵਾਸ ਪ੍ਰਗਟ ਕਰਨ ਵਾਲਿਆਂ ਵਿੱਚੋਂ ‘ਔਰਤ’ ਭਾਵੇਂ ਉਸ ਦਾ ਸੰਬੰਧ ਇੱਕ ਭੈਣ, ਪਤਨੀ ਜਾਂ ਮਾਂ ਦਾ ਰਿਹਾ ਹੋਵੇ। ਔਰਤ-ਸਮਾਜ ਕਾਰਣ ਹੀ ਹਰ ਧਰਮ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਫੈਲ ਗਈਆਂ ਕਿ ਜਿਨਾਂ ਉਹ ਲੋਕਾਂ ਦੇ ਦਿਲਾਂ ਵਿੱਚ ਡੂੰਘਾ ਵਸਦਾ ਗਿਆ, ਉਨ੍ਹਾਂ ਹੀ ਸੰਘਣਾ ਉਸ ਦਾ ਵਿਸਤਾਰ ਹੁੰਦਾ ਗਿਆ।

**ਇਸਤਰੀ ਪਛਾਣ ਨਾਲ ਸੰਬੰਧਿਤ ਤੱਥਾਂ ਦੀ ਭਾਲ**

ਕਿਸੇ ਵੀ ਦੇਸ਼ ਦੀ ਸਭਿਅਤਾ ਦਾ ਗੁਣਵੱਤਾ ਪੱਧਰ, ਉਸਦੇ ਧਰਮ ਦੀ ਰਚਨਾਤਮਕ ਉਸਾਰੀ, ਉਸ ਸੰਸਥਾ ਦੀ ਪ੍ਰਮਾਣਿਕਤਾ, ਵਿਕਾਸ ਅਤੇ ਸੱਭਿਆਚਾਰਕ ਜੜ੍ਹਾਂ ਵਿੱਚ ਹੁੰਦੀ ਹੈ ਅਤੇ ਇਸ ਉਸਾਰੀ ਦੀ ਨੀਂਹ ਔਰਤ-ਸਮਾਜ ਦੇ ਅਦਭੁਤ ਅਤੇ ਬਹੁ-ਪੱਖੀ ਯੋਗਦਾਨ ਤੇ ਆਧਾਰਿਤ

ਰਹੀ ਹੈ। ਪਰ ਮੁੱਢਲੇ ਦੌਰ ਤੋਂ ਹੀ ਭਾਰਤੀ ਸਮਾਜ ਵਿੱਚ ਔਰਤ ਦੀ ਭੂਮਿਕਾ ਅਤੇ ਸਥਿਤੀ ਦੁਚਿੱਤੀ ਭਰਪੂਰ ਰਹੀ ਹੈ। ਅਗਰ ਗੱਲ ਵੈਦਿਕ ਕਾਲ ਦੀ ਕੀਤੀ ਜਾਵੇ ਤਾਂ ਉਸ ਦੌਰ ਵਿੱਚ ਔਰਤਾਂ ਨੂੰ ਸਮਾਜਕ, ਸੱਭਿਆਚਾਰਕ ਅਤੇ ਰਾਜਨੀਤਕ ਪੱਧਰ 'ਤੇ ਮਰਦ ਬਰਾਬਰ ਹੀ ਭਾਈਵਾਲ ਵਜੋਂ ਉੱਚਾ ਦਰਜਾ ਪ੍ਰਾਪਤ ਸੀ। 'ਇਸਤ੍ਰੀ ਨੂੰ ਉਹੀ ਦਰਜਾ ਤੇ ਅਧਿਕਾਰ ਪ੍ਰਾਪਤ ਸਨ ਜੋ ਉਸ ਵਕਤ ਦਾ ਮਰਦ-ਸਮਾਜ ਮਾਣ ਰਿਹਾ ਸੀ। ਵੇਦਾਂ ਦੇ ਅਨੇਕਾਂ ਮੰਤਰਾਂ ਦੀ ਸਿਰਜਣਾ ਰਿਸ਼ੀ ਇਸਤ੍ਰੀਆਂ ਨੇ ਕੀਤੀ। ਵਿਸ਼ਵਤਾਰਾ, ਘੋਸ਼, ਗੋਧਾ, ਲੋਪਾ-ਮੁਦਰਾ, ਰੌਮਸ਼ਾ, ਜੁਹੂ ਵਾਗਾਮਾਭਰਿਣੀ ਆਦਿ ਨਾਰੀਆਂ ਵੇਦ ਕਾਲ ਦੀਆਂ ਪ੍ਰਸਿੱਧ ਬ੍ਰਹਮਵੇਤੀਆਂ ਹਨ। ਉਪਨਿਸ਼ਦ ਸਾਹਿਤ ਵਿਚ ਗਾਰਗੀ ਤੇ ਮੈਤ੍ਰੇਈ ਵਰਗੀਆਂ ਬ੍ਰਹਮਵੇਤੀਆਂ ਦੇ ਨਾਮ ਆਉਂਦੇ ਹਨ। ਗਾਰਗੀ ਤਾਂ ਬ੍ਰਹਮਵੇਤੀ ਹੋਣ ਦੇ ਨਾਲ ਨਾਲ ਪ੍ਰਚੰਡ ਪ੍ਰਤਿਭਾ ਦੀ ਸੁਆਮੀ ਵੀ ਸੀ ਜਿਸ ਨੇ ਭਰੀ ਸਭਾ ਵਿਚ ਯਾਗਿਅਵਲਕ ਦੇ ਗਿਆਨ ਦੀ ਪ੍ਰੀਖਿਆ ਲਈ ਸੀ'[1]। ਪਰ ਸਮੇਂ ਦੀ ਨਿਰੰਤਰਤਾ ਅਨੁਸਾਰ ਉਨ੍ਹਾਂ ਦੀ ਸਥਿਤੀ ਵਿੱਚ ਕਈ ਰੂਪਾਂਤਰਣ ਵਾਪਰੇ ਹਨ। ਵੈਦਿਕ ਕਾਲ ਉਪਰਾਂਤ ਔਰਤ ਦੀ ਸਥਿਤੀ ਵਿੱਚ ਵਿਕ੍ਰਿਤੀ ਪੈਦਾ ਹੋਣ ਲੱਗ ਪਈ। ਉਸ ਦੀ ਭੂਮਿਕਾ ਘਰ ਦੀ ਚਾਰ ਦੀਵਾਰੀ ਤੱਕ ਸੀਮਿਤ ਹੋ ਗਈ, ਉਸ ਨੂੰ ਮਰਦ ਨਾਲੋਂ ਮਾੜਾ ਸਮਝਿਆ ਜਾਣ ਲੱਗ ਪਿਆ। ਇਸ ਸੰਦਰਭ ਵਿੱਚ ਇਹ ਤੱਥ ਸਾਹਮਣੇ ਆਉਂਦਾ ਹੈ; "Manu, the first codifier of the Hindu law, wrote, "From cradle to grave, a woman is dependent on man -in childhood on her father, in youth on her husband and in old age on her son."[2] ਸਮਕਾਲੀ ਸਮਾਜ ਵਿਚਲੀ ਔਰਤ ਹਰ ਪੱਖੋਂ ਮਰਦ ਸਮਾਜ 'ਤੇ ਨਿਰਭਰ ਹੋ ਗਈ। ਲਗਾਤਾਰ ਸਮਾਜਕ ਅਤੇ ਰਾਜਨੀਤਿਕ ਰੂਪਾਂਤਰਣ ਕਾਰਣ ਔਰਤ ਨੂੰ ਪਰਦਾ ਪ੍ਰਥਾ ਆਦਿ ਵਰਗੀਆਂ ਅਨੇਕਾਂ ਅਨਚਾਹੀਆਂ ਸਥਿਤੀ ਤੋਂ ਗੁਜ਼ਰਨਾ ਪਿਆ, ਨਤੀਜੇ ਵਜੋਂ ਉਸ ਦੀ ਸਥਿਤੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋ ਗਈ।

## ਸਿੱਖੀ ਵਿਚਾਰਧਾਰਾ ਦੁਆਰਾ ਸਿਰਜਿਤ 'ਸਨਮਾਨਿਤ ਮਾਡਲ' ਦੀ ਸਥਾਪਨਾ

ਸਿੱਖ ਵਿਚਾਰਧਾਰਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਅਤੇ ਉਸ ਤੋਂ ਬਾਅਦ ਦੇ ਗੁਰੂਆਂ ਨੂੰ ਨੇ ਨਾ ਸਿਰਫ਼ ਭਾਰਤੀ ਔਰਤ ਨੂੰ ਉਹ ਰੁਤਬਾ ਅਤੇ ਮਾਣ ਪ੍ਰਦਾਨ ਕੀਤਾ ਜੋ ਸਦੀਆਂ ਤੋਂ ਗੁਆਚ ਚੁੱਕਿਆ ਸੀ, ਸਗੋਂ ਉਨ੍ਹਾਂ ਲੋਕਾਂ ਦੀ ਵੀ ਨਿੰਦਾ ਕੀਤੀ ਸੀ ਜਿਨ੍ਹਾਂ ਨੇ ਉਸ ਨੂੰ ਮਰਦ ਨਾਲੋਂ ਨੀਵਾਂ ਦੱਸਦਿਆਂ ਆਉਣ ਵਾਲੇ ਸਮਾਜ ਲਈ **ਲਿੰਗਕ ਅਸਮਾਨਤਾ** ਦਾ ਮਾਡਲ ਘੜ ਦਿੱਤਾ। ਤੁਰਕਾਂ ਦੇ ਭਾਰਤ ਆਗਮਨ ਨਾਲ ਦੇਸ਼ ਦੀ ਰਾਜਨੀਤਕ, ਧਾਰਮਕ ਅਤੇ ਆਰਥਕ ਜੀਵਨ, ਭਾਸ਼ਾ ਤੇ ਸਮਾਜ ਦੇ ਪ੍ਰਚਲਿਤ ਨਿਯਮਾਂ ਵਿਚ ਅਨੇਕਾਂ ਪਰਿਵਰਤਨ ਹੋਏ। ਇਨ੍ਹਾਂ ਪਰਿਵਰਤਨਾਂ ਦਾ ਸਭ ਤੋਂ ਮਾੜਾ ਅਸਰ ਔਰਤ-ਸਮਾਜ ਉੱਤੇ ਪਿਆ। ਉਸ ਦੀ ਸਵੈ-ਹੋਂਦ ਨੂੰ ਸਮਾਜ ਵਿਚ ਅਸਵੀਕਾਰਿਆ ਜਾਂਦਾ ਸੀ। ਇੱਥੋਂ ਤਕ ਔਰਤ ਨੂੰ ਸੂਤਕ ਵਰਗੀ ਪਰੰਪਰਾ ਦੇ ਘੇਰੇ ਵਿੱਚ ਬਨ੍ਹ ਕੇ ਉਸ ਨੂੰ ਅਪਵਿੱਤਰ ਸਮਝਿਆ ਜਾਣ ਲੱਗ ਪਿਆ। ਕਈ ਧਾਰਮਕ ਆਗੂਆਂ ਨੇ ਔਰਤ ਵਿਰੋਧੀ ਪ੍ਰਵਚਨ ਉਸਾਰਿਆ।

ਤੁਲਸੀਦਾਸ ਦੁਆਰਾ ਪੇਸ਼ ਵਿਚਾਰ **ਢੋਲ, ਗਵਾਰ, ਸੂਦਰ, ਪਸ਼ੂ, ਨਾਰੀ ਸਭ ਤਾੜਨ ਦੇ ਅਧਿਕਾਰੀ** ਨੇ ਔਰਤ ਦੀ ਹਾਸ਼ੀਆਗਤ ਹੋਂਦ ਦਾ ਨਿਰਧਾਰੀਕਰਨ ਕੀਤਾ। ਵਿਸ਼ਵਨਾਥ ਤਿਵਾੜੀ ਅਨੁਸਾਰ, ਮਧਕਾਲੀ ਸਮੇਂ ਦੇ ਕਈ ਅਜਿਹੇ ਪੀਰ-ਫ਼ਕੀਰ ਹਨ ਜਿਨ੍ਹਾਂ ਨੇ ਆਪੋ-ਆਪਣੇ ਵਿਚਾਰ ਮੁਤਾਬਕ ਔਰਤ ਨੂੰ ਵਿਸ਼ੇ-ਵਿਕਾਰਾਂ ਦੇ ਪ੍ਰਤੀਬਿੰਬ ਵਜੋਂ ਸੰਬੋਧਿਤ ਕਰ ਵਿਭਿੰਨ ਪ੍ਰਕਾਰ ਦੇ ਨਕਾਰਾਤਮਕ ਵਿਸ਼ੇਸ਼ਣਾ ਰਾਹੀਂ ਸੰਬੋਧਿਤ ਕੀਤਾ ਜਿਵੇਂ *"ਨਾਰੀ ਤੌਂ ਹਮਨੇ ਕਰੀ ਕੀਨਾ ਨਹੀਂ ਵਿਚਾਰ, ਜਬ ਜਾਨੀ ਤਬੁ ਪਰਿਹਰੀ ਨਾਰੀ ਬੜਾ ਵਿਕਾਰ"* ਇਸ ਤੋਂ ਇਲਾਵਾ ਹੀਰ ਵਾਰਿਸ ਸ਼ਾਹ ਵਿੱਚ ਵੀ ਔਰਤ ਬਾਰੇ ਜਿਨ੍ਹਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ;

***ਬਾਝ ਇਸ਼ਕ ਦੇ ਮੌਤ ਸ਼ਹੀਦ ਨਾਹੀਂ ਪੈਸੇ ਬਾਝ ਬਣਦੀ ਰੰਨ ਯਾਰ ਨਾਹੀਂ"*** **ਜਾਂ "ਵਾਰਿਸ ਰੰਨ ਫ਼ਕੀਰ ਤਲਵਾਰ ਘੋੜਾ, ਚਾਰੇ ਥੋਕ ਇਹ ਕਿਸੇ ਦੇ ਯਾਰ ਨਹੀਂ"**[3]

ਅਜਿਹੇ ਸਮੇਂ ਪੂਰਬਲੀਆਂ ਪਰਿਸਥਿਤੀਆਂ ਦੇ ਪ੍ਰਤੀਉੱਤਰ ਵਜੋਂ ਗੁਰੂ ਸਾਹਿਬ ਨਾਰੀਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਪਹਿਲੇ ਅਤੇ ਸਥਾਪਤ ਵਿਚਾਰਕ ਦੇ ਤੌਰ 'ਤੇ ਉਭਰਦੇ ਹਨ। ਆਪ ਜੀ ਨੇ ਆਪਣੀ ਬਾਣੀ ਰਾਹੀਂ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਜਿੱਥੇ ਆਪ ਜੀ ਨੇ ਆਪਣੇ ਸਮਕਾਲੀ ਸਮਾਜਕ-ਸੰਰਚਨਾ ਵਿਚਲੀਆਂ ਕੁਰੀਤੀਆਂ 'ਤੇ ਟੀਕਾ-ਟਿੱਪਣੀ ਕੀਤੀ, ਉੱਥੇ ਨਾਲ ਹੀ ਆਪ ਨੇ ਔਰਤ ਦੀ ਨਾਜ਼ੁਕ ਅਤੇ ਤਰਸਯੋਗ ਸਥਿਤੀ ਦਾ ਜ਼ਿਕਰ ਹੀ ਨਹੀਂ ਕੀਤਾ ਸਗੋਂ ਉਸ ਦੀ ਸਮਾਜਕ ਸੁੰਤਰਤਾ, ਹੱਕ ਅਤੇ ਅਸਤਿੱਤਵ ਬਾਰੇ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕਰਦਿਆਂ ਉਸ ਦੀ ਗੁਆਚੀ ਸਨਮਾਨਿਤ ਸਥਿਤੀ ਨੂੰ ਕੇਂਦਰ 'ਚ ਲਿਆਉਣ ਦਾ ਅਹਿਦ ਸਿਰਜਿਆ। ਗੁਰੂ ਸਾਹਿਬ ਨੇ ਔਰਤ ਨੂੰ ਜਨਨੀ ਅਤੇ ਮਰਦ ਦੇ ਬਰਾਬਰ ਦਾ ਹੱਕ ਰੱਖਣ ਵਾਲੀ ਉਪਾਧੀ ਦੁਆਰਾ ਨਿਵਾਜਿਆ। ਮਨੁੱਖ ਦੇ ਜਨਮ ਤੋਂ ਲੈ ਕੇ ਉਸ ਦੇ ਜੀਵਨ ਵਿਚਲੇ ਹਰ ਪ੍ਰਕਾਰ ਦੇ ਵਿਕਾਸ ਵਿਚ ਔਰਤ ਦੇ ਹਰ ਰੂਪ ਭਾਵੇਂ ਉਹ ਮਾਂ/ਧੀ/ਭੈਣ/ਪਤਨੀ ਹੋਵੇ ਦਾ ਪ੍ਰਮੁੱਖ ਸਥਾਨ ਹੁੰਦਾ ਹੈ। ਅਜਿਹੀ ਸਥਿਤੀ ਵਿਚ ਔਰਤ ਦੇ ਕਿਸੇ ਵੀ ਰੂਪ ਨੂੰ ਨਿੰਦਣਾ ਜਾਂ ਉਸ ਪ੍ਰਤੀ ਨੀਵਾਂ ਖ਼ਿਆਲ ਮਨ ਵਿਚ ਲਿਆਉਣਾ ਆਪਣੇ-ਆਪ ਵਿਚ ਨਿੰਦਣਯੋਗ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਔਰਤ ਦਾ **'ਸਨਮਾਨਿਤ ਮਾਡਲ'** ਪੇਸ਼ ਕੀਤਾ। ਸਿੱਖ ਪਰੰਪਰਾ ਗੁਰੂ ਨਾਨਕ ਸਿਰਜੀਤ 'ਸਨਮਾਨਿਤ ਮਾਡਲ' ਨੂੰ ਅੱਗੇ ਤੋਰਦਿਆਂ ਔਰਤ ਦੇ ਪੱਖ, ਸਨਮਾਨ ਅਤੇ ਅਧਿਕਾਰ ਲਈ ਆਵਾਜ਼ ਬੁਲੰਦ ਕਰਦੀ ਹੈ।

ਗੁਰੂ ਸਾਹਿਬ ਨੇ ਇਹ ਸਾਰਾ ਕੰਮ ਭਾਵੁਕਤਾ ਦੇ ਪੱਧਰ 'ਤੇ ਨਹੀਂ ਸਗੋਂ, ਤਰਕਸ਼ੀਲਤਾ ਨਾਲ ਕੀਤਾ ਜਿਸ ਕਾਰਨ ਔਰਤ-ਸਮਾਜ ਹੌਲੀ-ਹੌਲੀ ਸਤਿਕਾਰ ਅਤੇ ਬਰਾਬਰੀ ਦੀ ਭਾਵਨਾ ਮਹਿਸੂਸ ਕਰਨ ਲੱਗ ਪਿਆ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿੱਚ, ਪ੍ਰਮਾਤਮਾ ਨੂੰ ਭੇਟ ਕਰਨ ਦੀ ਉਨ੍ਹਾਂ ਦੀ ਇੱਛਾ ਔਰਤ ਦੇ ਪ੍ਰਤੀਕ ਵਜੋਂ ਮੂਰਤੀਮਾਨ ਹੋਈ। ਗੁਰੂ ਸਾਹਿਬ ਨੇ ਆਪਣੀ ਤੁਲਨਾ *'ਇਸਤਰੀ'* ਰੂਪ ਵਿੱਚ ਕਰਕੇ ਔਰਤ-ਸਮਾਜ ਨੂੰ ਬਹੁਤ ਮਾਣ ਬਖਸ਼ਿਆ। **ਨਰ-**

**ਨਾਰ ਪ੍ਰਤੀਕ ਗੁਰਬਾਣੀ ਦਾ ਪ੍ਰਮੁਖ ਸੰਚਾਰ-ਮਾਡਲ ਹੈ।** ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਨਰ-ਨਾਰ-ਪ੍ਰਤੀਕ ਦੀ ਵਰਤੋਂ ਖਾਸੇ ਸੰਘਣੇ ਰੂਪ ਵਿਚ ਕੀਤੀ ਜੋ 'ਸੱਚਮੁੱਚ ਭਾਰਤੀ ਨਾਰੀ ਲਈ ਇਕ ਵੱਡੀ ਰਾਹਤ ਤੇ ਸੁੱਖ ਦਾ ਸਾਹ ਸੀ। ਇਤਿਹਾਸ ਗਵਾਹ ਹੈ ਕਿ ਸਿੱਖ ਗੁਰੂਆਂ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ' ਦਾ ਨਾਅਰਾ ਹੀ ਬੁਲੰਦ ਨਹੀਂ ਕੀਤਾ ਬਲਕਿ ਖੁਦ ਅਮਲੀ ਜੀਵਨ ਜੀ ਕੇ ਆਪਣੇ ਪੈਰੋਕਾਰਾਂ ਨੂੰ ਨਵਾਂ ਰਸਤਾ ਦਿਖਾਇਆ। ਗੁਰੂ ਸਾਹਿਬ ਨੇ ਅਮਲੀ ਜੀਵਨ ਜੀਉਣ ਦੀ ਜਾਚ ਦੱਸੀ। ਉਨ੍ਹਾਂ ਆਪਣੇ ਮਹਿਲਾਂ (ਧਰਮ ਪਤਨੀਆਂ) ਨੂੰ ਸਤਿਕਾਰ ਯੋਗ ਸਥਾਨ ਦਿੱਤਾ ਅਤੇ ਗੁਰੂ ਪਤਨੀਆਂ ਨੇ ਵੀ ਸਿੱਖ ਲਹਿਰ ਵਿਚ ਵੱਡਮੁੱਲਾ ਹਿੱਸਾ ਪਾਇਆ'[4]। ਜਿੱਥੇ **'ਨਾਮ'** ਮਨੁੱਖ ਦੀ ਹੋਂਦ ਨੂੰ ਸਥਾਪਤ ਕਰਦਾ ਹੈ, ਉੱਥੇ ਉਸ ਦਾ **ਅਸਤਿਤਵ (Identity)** ਦਾ ਨਿਰਮਾਣ ਵੀ ਕਰਦਾ ਹੈ। ਨਾਮ ਵਿਅਕਤੀ ਵਿਸ਼ੇਸ਼ ਨੂੰ ਉਸ ਆਪਣੀ ਪਛਾਣ ਪ੍ਰਦਾਨ ਕਰਦਾ ਹੈ। ਇੱਥੋਂ ਤਕ ਕਿ ਅੱਜ ਤਕ ਵੀ ਭਾਰਤੀ ਸਮਾਜ ਵਿਚ ਇਸਤ੍ਰੀ ਦੇ ਨਾਮ ਅਕਸਰ ਨਾਰੀਗੁਣਾਂ ਦੇ ਪ੍ਰਤਿਕਾਮਕ ਹੁੰਦੇ ਹਨ, ਜੋ ਮਰਦਾਂ ਦੇ ਨਾਮਾਂ ਅਤੇ ਪਛਾਣ ਵਿੱਚ ਫ਼ਰਕ ਦਰਸ਼ਾਉਂਦੇ ਹਨ। ਇਸ ਪਰਿਪੇਖ ਵਿੱਚ 1699 ਈ. ਵਿਚ ਖਾਲਸਾ ਪੰਥ ਦੀ ਸਿਰਜਣਾ ਉਪਰੰਤ ਸਿੱਖ ਨਾਰੀ ਦੀ ਪਛਾਣ ਸਥਾਪਤ ਹੋਣ ਸੰਬੰਧੀ ਇੱਕ ਹੋਰ ਸੁਧਾਰ ਆਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਸਮੇਂ, ਮਰਦ ਨੂੰ 'ਸਿੰਘ' (ਸ਼ੇਰ) ਅਤੇ ਔਰਤ ਨੂੰ 'ਕੌਰ' (ਸ਼ੇਰਨੀ) ਦੀ ਸੰਗਿਆ ਪ੍ਰਦਾਨ ਕੀਤੀ ਅਤੇ ਮਰਦਾਂ ਵਾਂਗ ਹੀ ਇਸਤ੍ਰੀਆਂ ਨੂੰ ਵੀ ਅੰਮ੍ਰਿਤਪਾਨ ਕਰਾਉਣ ਨਾਲ ਉਨ੍ਹਾਂ ਦੀ ਪਛਾਣ ਨੂੰ ਸਥਾਪਤ ਕੀਤਾ।

### 'ਗੁਰੂ ਮਹਿਲ' ਪਰੰਪਰਾ ਦਾ ਸ਼ਾਬਦਿਕ ਤੋਂ ਵਿਹਾਰਕ ਪੱਖ

ਗੁਰੂ ਸਾਹਿਬਾਨ ਦੀਆਂ ਪਤਨੀਆਂ ਨੂੰ **'ਗੁਰੂ ਮਹਿਲ'** ਕਿਹਾ ਜਾਣ ਲੱਗਿਆ। 'ਗੁਰੂ ਮਹਿਲਾਂ' ਨੇ ਹਰ ਪੜਾਅ 'ਤੇ ਸਿੱਖ ਧਰਮ ਦੀ ਖੁਸ਼ਹਾਲੀ ਲਈ ਅਹਿਮ ਯੋਗਦਾਨ ਪਾਇਆ। ਉਹ ਗੁਰੂ ਮਿਸ਼ਨ ਦੀ ਪਤਨੀ ਅਤੇ ਪੁਜਾਰੀ ਦੋਵੇਂ ਸਨ। 'ਗੁਰੂ ਮਹਿਲਾਂ' ਨੇ ਮਨ, ਬਾਣੀ ਅਤੇ ਕਰਮ ਦੀ ਏਕਤਾ ਰਾਹੀਂ ਗੁਰੂ ਮਿਸ਼ਨ ਦੇ ਮੁੱਖ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਣਾਉਂਦਿਆ ਉਨ੍ਹਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਵਿਚ ਢਾਲ ਲਿਆ। ਨਤੀਜੇ ਵਜੋਂ ਗੁਰੂ ਸਾਹਿਬਾਨ ਦੇ ਨਾਲ-ਨਾਲ 'ਗੁਰੂ ਮਹਿਲ' ਪਰੰਪਰਾ ਵੀ ਸਿਰਜਿਤ ਹੋ ਗਈ। 'ਗੁਰੂ ਮਹਿਲ' ਗੁਰੂ ਸਾਹਿਬਾਨ ਵਾਂਗ ਹੀ ਕਾਰਜਸ਼ੀਲ ਰਹੀਆਂ। ਇਸ ਬਾਰੇ ਵਿਚਾਰਦਿਆਂ ਇਹ ਕਿਹਾ ਗਿਆ ਹੈ ਕਿ "सभी 'गुरु महलों' की अपनी-अपनी विलक्षण उपलब्धि रही है। एक ओर जहाँ गुरु अपना मिशन दिनों दिन प्रसार की ओर अग्रसर कर रहे थे वहीं दूसरी ओर 'गुरु महल-परम्परा' साथ-साथ पनप रही थी"।[5] ਇਸ ਸੰਦਰਭ ਵਿੱਚ ਇਹ ਜਿਕਰਯੋਗ ਹੈ ਕਿ ਜਿੱਥੇ ਇੱਕ ਪਾਸੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਰਾਹੀਂ ਨਾਮ ਸਿਮਰਨ ਅਤੇ ਸੱਚ-ਕਰਮ ਕਰਨ 'ਤੇ ਜ਼ੋਰ ਦਿੱਤਾ। ਗੁਰੂ ਅਮਰਦਾਸ ਜੀ ਨੇ ਸਮਾਜਕ ਜੀਵਨ ਵਿੱਚ ਵਿਧਵਾਵਾਂ ਦੇ ਪੁਨਰ ਵਿਆਹ, ਪਰਦਾ

ਪ੍ਰਥਾ ਨੂੰ ਖਤਮ ਕਰਨਾ ਅਤੇ ਸਤੀ ਪ੍ਰਥਾ ਨੂੰ ਪੂਰਨ ਰੂਪ ਵਿੱਚ ਰੱਦ ਕਰ ਦਿੱਤਾ। ਪੰਜਵੇਂ ਗੁਰੂ ਨੇ ਗੁਰੂ ਮਿਸ਼ਨ ਨੂੰ ਇੱਕ ਸੰਸਥਾ ਵਜੋਂ ਨਿਸ਼ਚਿਤ ਰੂਪ ਦਿੱਤਾ। ਛੇਵੇਂ ਗੁਰੂ ਜੀ ਨੇ ਇਸ ਵਿੱਚ ਵਾਧਾ ਕਰਦਿਆਂ ਹੋਇਆਂ ਮੀਰੀ-ਪੀਰੀ ਜੋੜ ਦਿੱਤੀ। ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਦੇ ਮੌਲਿਕ ਅਧਿਕਾਰਾਂ ਲਈ ਕੁਰਬਾਨੀ ਦੇ ਪਾਠ ਨੂੰ ਮਜ਼ਬੂਤ ਕੀਤਾ ਅਤੇ ਦਸਮ ਪਾਤਸ਼ਾਹ ਨੇ ਇਸ ਸੰਸਥਾ ਦੇ ਅਧਿਆਤਮਕ ਦੇ ਨਾਲ-ਨਾਲ ਧਰਮ ਲਈ ਪਰਿਵਾਰਕ ਸ਼ਹਾਦਤ ਦੇ ਸੰਕਲਪ ਨੂੰ ਉਜਾਗਰ ਕਰਕੇ ਨਾ ਸਿਰਫ਼ ਇਸ ਸੰਸਥਾ ਦਾ ਅਧਿਆਤਮਿਕ, ਸਮਾਜਕ ਅਤੇ ਰਾਜਨੀਤਕ ਮਾਰਗ ਨਿਰਧਾਰਿਤ ਕੀਤਾ ਸਗੋਂ ਆਵਾਮੀ ਸੰਕਲਪ' ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ। ਉੱਥੇ ਦੂਜੀ ਤਰਫ਼ ਗੁਰੂ-ਘਰ ਵਿਚੋਂ ਜੇ ਬੀਬੀਆਂ ਦੁਆਰਾ ਕੀਤੇ ਕਾਰਜਾਂ ਨੂੰ ਅਲਗ ਕਰ ਦੇਈਏ ਤਾਂ ਗੁਰੂ ਘਰ ਦੇ ਨਿਕਾਸ-ਵਿਕਾਸ ਦਾ ਅਧਿਐਨ ਅਧੂਰਾ ਰਹਿ ਜਾਂਦਾ ਹੈ।

ਗੁਰੂ ਸਾਹਿਬਾਨ ਜਦੋਂ ਸਮਾਜਕ ਵਿਹਾਰ ਵਿਚ ਪਰਵਿਰਤ ਹੋਏ ਤਾਂ ਘਰਾਂ ਦੀਆਂ ਸਿਆਣੀਆਂ ਨੇ ਆਪੋ-ਆਪਣੇ ਪਰਿਵਾਰ ਦੀਆਂ ਔਰਤਾਂ ਫਿਰ ਭਾਵੇਂ ਉਹ ਮਾਂ, ਭੈਣ, ਪਤਨੀ ਜਾਂ ਦਾਦੀ ਹੋਵੇ ਸਭ ਨੂੰ ਆਪਣੀ ਗੰਭੀਰ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਤਿਆਰ ਵੀ ਕੀਤਾ। ਫਲਸਰੂਪ, ਸਿੱਖ ਬੀਬੀਆਂ ਨੇ ਸਿੱਖ ਵਿਚਾਰਧਾਰਾ ਦੀ ਸਥਾਪਤੀ ਤੋਂ ਲੈ ਕੇ ਖ਼ਾਲਸਾ ਪੰਥ ਦੀ ਨੀਂਹ ਸਥਾਪਤ ਕਰਨ ਵਿਚ ਬੁਨਿਆਦੀ ਭੂਮਿਕਾ ਨਿਭਾਈ ਅਤੇ ਸ਼ਕਤੀਸ਼ਾਲੀ ਸ੍ਰੋਤ ਦੇ ਰੂਪ ਵਿੱਚ ਗੁਰੂ ਘਰ ਦੇ ਹਰ ਕਾਰਜ ਵਿਚ ਉਨ੍ਹਾਂ ਦੀ ਛਾਪ ਨਜਰ ਆਈ। ਗੁਰੂ-ਮਹਿਲ ਪਰੰਪਰਾ ਸਾਡਾ ਵਿਰਸਾ, ਸਾਡਾ ਗੌਰਵ, ਸਾਡੀ ਸ਼ਾਨ ਹੈ। ਗੁਰੂ ਮਹਿਲ ਧੁਰੋਂ ਵਰੋਸਾਈਆਂ ਉਹ ਕੁਲਵੰਤੀਆਂ ਸਨ ਜਿਨ੍ਹਾਂ ਅਗੇ ਚੇਤਨਾ, ਸ਼ਬਦ ਅਤੇ ਗਿਆਨ ਹੱਥ ਬੱਧੀ ਖੜੇ ਰਹੇ। ਉਹ ਹੁਕਮ ਰੂਪੀ ਬੰਦਗੀ ਵਿਚ ਜੁੜੀਆਂ ਰਹੀਆਂ। ਉਹ ਸ਼ਕਤੀ, ਉਪਕਾਰ, ਸਹਿਜ, ਨਿੰਮਰਤਾ, ਪ੍ਰੇਮ ਅਤੇ ਦਇਆ ਦੀ ਸਾਖਿਆਤ ਮੂਰਤਾਂ ਸਨ। ਉਹ ਗੁਰੂ ਕਾਰਜਾਂ ਦੇ ਸੰਤੁਲਨ ਨੂੰ ਇਕ ਰਸ, ਇਕ ਸੁਰ, ਸੰਪੂਰਨ ਸਮਤੋਲ ਬਣਾਈ ਰੱਖਣ ਵਿਚ ਕਾਰਗਰ ਸਾਧਨ ਬਣ ਕੇ ਸਾਹਮਣੇ ਆਈਆਂ। ਉਹਨਾਂ ਵਿਚ ਕੋਈ ਤਲਿਸਮੀ ਸ਼ਕਤੀ ਸੀ। ਜਿਥੇ ਗੁਰੂ ਸਾਹਿਬਾਨ ਨੇ ਇਸ਼ਾਰਾ ਕਰ ਦਿੱਤਾ, ਤਨ ਤੇ ਮਨ ਨਾਲ ਉੱਥੇ ਹੀ ਅਡੋਲ ਖੜੀਆਂ ਰਹੀਆਂ ਤੇ ਅੰਤਿਮ ਸਵਾਸ ਤਕ ਉਸ ਆਗਿਆ ਨੂੰ ਤੋੜ ਨਿਬਾਹਿਆ। ਇਨ੍ਹਾਂ ਦੀ ਖਾਮੋਸ਼ੀ ਹੀ ਇਹਨਾਂ ਦੀ ਸ਼ਕਤੀ ਸੀ। ਪਰਉਪਕਾਰ ਤੇ ਸਮਾਜ-ਸੁਧਾਰ ਇਨ੍ਹਾਂ ਦੀ ਲਗਨ ਸੀ ਤੇ ਭਗਵਤ-ਭਗਤੀ ਇਨ੍ਹਾਂ ਦਾ ਆਤਮਕ-ਖਾਸਾ।

ਗੁਰੂ-ਮਹਿਲਾਂ ਨੂੰ ਗੁਰੂ ਵਿਸ਼ੇਸ਼ ਦੇ ਮਹਿਲ ਹੋਣ ਤੋਂ ਇਲਾਵਾ ਭਾਵੀ ਗੁਰੂ-ਬੰਸ ਦੀ ਵਿਰਾਸਤ ਨਾਲ ਜੁੜਨ ਦਾ ਮਾਣ ਵੀ ਪ੍ਰਾਪਤ ਹੈ। ਇਹ ਧੁਰੋਂ ਵਰੋਸਾਈਆਂ ਰੂਹਾਂ ਨੇ ਧੀ, ਨੂੰਹ, ਮਾਂ, ਪਤਨੀ ਦਾਦੀ-ਨਾਨੀ, ਪੜਦਾਦੀ-ਪੜਨਾਨੀ ਨਕੜਦਾਦੀ ਤੇ ਨਕੜਨਾਨੀ ਦੇ ਰੂਪ ਵਿੱਚ ਦਰਜਾ-ਬ-ਦਰਜਾ ਭਰਵਾਂ ਯੋਗਦਾਨ ਪਾਇਆ। ਫਲਸਰੂਪ ਇਕ ਬਲਵਾਨ, ਨਿਗਰ ਤੋਂ ਉਸਾਰ ਗੁਰੂ-ਮਹਿਲ-ਪਰੰਪਰਾ ਵਜੂਦ ਵਿਚ ਆਈ। ਇਹਨਾਂ ਸਾਰਿਆਂ ਨੇ ਆਪਣੇ ਜ਼ਿੰਮੇ ਲੱਗੇ ਨਿਸਚਿਤ

ਨਿਵੇਕਲੇ ਰੋਲ ਰਾਹੀਂ ਅਜਿਹੇ ਚਰਿੱਤਰ ਦਾ ਨਿਰਮਾਣ ਕੀਤਾ ਕਿ ਗੁਰੂ-ਮਹਿਲ-ਪਰੰਪਰਾ ਵਿਚੋਂ ਕੌਮੀ ਨੁਹਾਰ ਲਿਸ਼ਕਾਰੇ ਮਾਰਨ ਲੱਗ ਪਈ। ਸੇਵਾ, ਸਿਮਰਨ, ਸਬਰ, ਸ਼ੁਕਰ, ਉਪਕਾਰ, ਭਾਣਾ ਤੇ ਬਲੀਦਾਨ ਨਾਲ ਸੰਪੰਨ ਗੁਰੂ-ਮਹਿਲ-ਪਰੰਪਰਾ ਸਾਡੇ ਸਾਰਿਆਂ ਦਾ ਗੌਰਵ ਹੈ। 'ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਜਿਥੇ ਨਾਰੀ ਉਥਾਨ ਦੀ ਗੱਲ ਕੀਤੀ ਉਥੇ ਉਹਨਾਂ ਨੇ ਆਪਣੀ ਭੈਣ ਬੇਬੇ ਨਾਨਕੀ ਦਾ ਇਤਨਾ ਮਾਣ-ਆਦਰ ਕੀਤਾ ਕਿ ਸਿੱਖ ਧਰਮ ਵਿਚ ਉਹ ਪਹਿਲੀ ਬੀਬੀ ਸੀ, ਜਿਸ ਨੇ ਗੁਰੂ ਨਾਨਕ ਧਰਮ ਨੂੰ ਧਾਰਨ ਕੀਤਾ। ਬੀਬੀ ਨਾਨਕੀ ਨੇ ਵੀਰ ਨਾਨਕ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ ਆਪਣੇ ਵੀਰ ਨੂੰ ਆਪ ਰਬਾਬ ਖਰੀਦ ਕੇ ਦਿੱਤੀ। ਤਦੋਂ ਤੋਂ ਕੀਰਤਨ ਰਾਗ-ਬੱਧ ਰੂਪ ਵਿਚ ਇਕ ਪ੍ਰਤੀਮਾਨ (Norm) ਬਣ ਗਿਆ। ਅੱਜ ਵੀ ਗੁਰੂ-ਘਰ ਵਿਚ ਕੀਰਤਨ ਨੂੰ ਸਰਬ ਪ੍ਰਥਮ ਪਹਿਲ ਪ੍ਰਾਪਤ ਹੈ। ਹੋਰ ਤਾਂ ਹੋਰ ਗੁਰੂ ਨਾਨਕ ਪਾਤਸ਼ਾਹ ਨੇ ਬਾਣੀ-ਰਚਨਾ ਲਈ ਰਾਗ ਨੂੰ ਇਕ ਲਾਜ਼ਮੀ ਜੁਗਤ ਕਰਾਰ ਕਰ ਦਿੱਤੀ'।[6] ਅਜੋਕਾ ਮਨੁੱਖ ਉਸ ਰੱਬੀ ਬਾਣੀ ਦਾ ਸਰਵਣ ਕਰ ਪ੍ਰਤੱਖ ਜਾਂ ਪਰੋਖ ਰੂਪ ਵਿੱਚ ਬੀਬੀ ਨਾਨਕੀ ਦਾ ਰਿਣੀ ਹੈ।

ਗੁਰੂ ਮਹਿਲ-ਪਰੰਪਰਾ ਤੇ ਗੁਰੂ-ਪਰੰਪਰਾ ਦੋਵੇਂ ਇਕ ਦੂਜੇ ਦੇ ਸਮਾਂਤਰ ਤੁਰੀਆਂ। ਜਦੋਂ ਗੁਰੂ ਸਾਹਿਬਾਨ ਬਾਹਰਲੇ ਸਮਾਜ-ਸਭਿਆਚਾਰ ਨਾਲ ਸੰਵਾਦ ਕਾਇਮ ਕਰ ਰਹੇ ਸਨ ਤਾਂ ਉਸ ਸਮੇਂ ਗੁਰੂ-ਘਰ ਵਿਚ ਗੁਰੂ ਮਹਿਲਾਂ ਦੁਆਰਾ 'ਨਿਰਮਿਤ ਸਭਿਆਚਾਰ' ਦਾ ਨਿਰਮਾਣ ਹੋ ਰਿਹਾ ਸੀ। ਜ਼ਿਕਰਯੋਗ ਹੈ ਕਿ ਅੰਦਰਲੇ ਅਤੇ ਬਾਹਰਲੇ ਸਭਿਆਚਾਰ ਦਾ ਰਿਸ਼ਤਾ ਆਪਸੀ ਦਵੰਦ ਵਾਲਾ ਨਾ ਹੋਕੇ ਸਗੋਂ ਇਕ ਦੂਜੇ ਦੇ ਪੂਰਕ ਸੀ। ਦੋਹਾਂ ਵਿਚਕਾਰ ਕਿਸੇ ਵੀ ਪ੍ਰਕਾਰ ਦੀ ਨਿਰਧਾਰਿਤ ਕਰਮ-ਵੰਡ ਨਾ ਹੋਣ ਦੇ ਬਾਵਜੂਦ ਅਚੇਤ ਹੀ ਦੋਹਾਂ ਦੇ ਕਾਰਜ-ਖੇਤਰ 'ਚ ਦੋਵੇਂ ਹੀ ਇਕ ਦੂਜੇ ਦੇ ਸਹਿਯੋਗੀ, ਸਹਿਭਾਗੀ ਤੇ ਸਹਿਕਰਮੀ ਸਨ। ਯਥਾਰਥਕ ਰੂਪ ਵਿੱਚ ਜਿੱਥੇ ਗੁਰੂ ਸਾਹਿਬ ਦੇ ਕਾਰਜ-ਖੇਤਰ ਪਿੱਛੇ ਇਕ ਨਿਸਚਿਤ ਸਿਧਾਂਤ ਕਾਰਜਸ਼ੀਲ ਸੀ, ਉੱਥੇ ਗੁਰੂ ਮਹਿਲ ਗੁਰੂ ਸਿਧਾਂਤਾਂ ਜਾਂ ਆਦਰਸ਼ਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਨ।

**ਪਰਿਵਾਰ-ਸੰਚਾਲਕ ਦੇ ਅਹੁਦੇਦਾਰ ਵਜੋਂ**

ਮਾਤਾ ਸੁਲੱਖਣੀ ਜਿਨ੍ਹਾਂ ਦੁਆਰਾ ਗੁਰੂ ਮਹਿਲ-ਪਰੰਪਰਾ ਦੀ ਸ਼ੁਰੂਆਤ ਹੋਈ ਦੀ ਭੂਮਿਕਾ ਵੀ ਬਿਲਕੁਲ ਵਿਲੱਖਣ ਰਹੀ। ਗੁਰੂ ਜੀ ਭਾਵੇਂ ਕਈ ਸਾਲ ਆਪਣੇ ਘਰ ਤੋਂ ਬਾਹਰ ਰਹੇ ਪਰ ਉਨ੍ਹਾਂ ਨੂੰ ਹਮੇਸ਼ਾ ਇਸ ਗੱਲ 'ਤੇ ਪੂਰਾ ਭਰੋਸਾ ਸੀ ਉਨ੍ਹਾਂ ਦੀ ਬੇਬੇ, ਭੈਣ ਨਾਨਕੀ ਅਤੇ ਪਤਨੀ ਮਾਤਾ ਸੁਲੱਖਣੀ ਉਨ੍ਹਾਂ ਦਾ ਪੂਰਨ ਯੋਗਦਾਨ ਦੇਣਗੀਆਂ। ਮਾਤਾ ਜੀ ਨੇ ਮਨੁੱਖੀ ਹਿੱਤਾਂ ਦੀ ਸੁਰੱਖਿਆ ਖਾਤਰ ਸ਼ੁਰੂ ਕੀਤੇ ਇਸ ਖਾਸ ਮਿਸ਼ਨ ਦੀ ਪੂਰਤੀ ਲਈ ਨਿੱਜੀ ਸੁੱਖ ਦਾ ਬਲੀਦਾਨ ਦਿੱਤਾ'[7]। ਇਤਿਹਾਸ ਵਿਚ ਮਿਲਦੇ ਸੂਖਮ ਸੰਕੇਤਾਂ ਦੇ ਆਧਾਰ 'ਤੇ ਇਨ੍ਹਾਂ ਸਿੱਖ ਬੀਬੀਆਂ ਤੇ ਗੁਰੂ ਮਹਿਲਾਂ ਵਿੱਚੋਂ ਮਾਤਾ ਖੀਵੀ ਜੀ ਹੀ ਇਕੋ ਇਕ ਐਸੇ ਸੁਭਾਗੇ ਗੁਰੂ ਮਹਿਲ ਹਨ, ਜਿਨ੍ਹਾਂ ਦਾ ਜ਼ਿਕਰ 'ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਿਲ ਹੈ: ਲੰਗਰਿ ਦਉਲਤਿ ਵੰਡੀਐ, ਰਸ ਅੰਮ੍ਰਿਤ ਖੀਰਿ ਘਿਆਲੀ। ..

ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ'।[8] ਉਨ੍ਹਾਂ ਦੀ ਪ੍ਰੇਮ ਭਾਵਨਾ ਨੂੰ ਵੇਖ ਕੇ ਹੀ ਕੁਝ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ '**ਪਤੀ ਪ੍ਰੇਮਣ** ਅਤੇ '**ਜਗਤ ਮਾਤਾ** ਦੀ ਉਪਾਧੀ ਦਿੱਤੀ।[9] ਤੀਜੇ ਗੁਰੂ, ਗੁਰੂ ਅਮਰਦਾਸ ਜੀ ਦਾ ਜੀਵਨ ਬਹੁਤ ਹੀ ਪਵਿੱਤਰ ਤੇ ਦੇਵਤਾ ਸਰੂਪ ਸੀ। ਇਨ੍ਹਾਂ ਦੀ ਸੰਗਤ ਵਿਚ ਰਹਿ ਕੇ ਮਨਸਾ ਦੇਵੀ ਨੇ, ਆਪਣੇ ਆਪ ਨੂੰ ਇਸੇ ਰੰਗ ਵਿਚ ਰੰਗ ਲਿਆ। ਗੁਰੂ ਤੇਗ ਬਹਾਦਰ ਜੀ ਛਬੀ ਵਰ੍ਹੇ ਭੌਰੇ ਵਿਚ ਬੈਠ ਕੇ ਤਪੱਸਿਆ ਕਰਦੇ ਰਹੇ, ਮਾਤਾ ਗੁਜਰੀ ਦਹਿਲੀਜ ਤੇ ਹੀ ਖਾਣਾ ਆਦਿ ਰੱਖ ਵਾਪਸ ਮੁੜ ਜਾਂਦੀ ਰਹੀ ਤਾਂ ਆਪਣੀ ਸੱਸ ਮਾਂ ਮਾਤਾ ਨਾਨਕੀ ਦੀ ਸਾਰ ਸੰਭਾਲ ਕਰਦੀ ਰਹੀ। ਜ਼ਾਹਿਰ ਹੈ, ਗੁਰੂ ਮਹਿਲਾਂ ਨੇ ਘਰ-ਪਰਿਵਾਰਾਂ ਦੀ ਸਾਰ-ਸੰਭਾਲ ਦਾ ਭਾਰ ਆਪਣੇ ਮੋਢਿਆਂ ਤੇ ਲੈ ਕੇ ਆਪਣੇ ਪਤੀਆਂ ਅਥਵਾ ਗੁਰੂ ਸਾਹਿਬਾਨ ਨੂੰ ਰੱਬੀ ਮਿਸ਼ਨ ਦੇ ਰਾਹ ਤੇ ਖੁਸ਼ੀ-ਖੁਸ਼ੀ ਜਾਣ ਦਿੱਤਾ। ਇਨ੍ਹਾਂ ਸੁਆਣੀਆਂ ਵਿਚ ਗਿਲਾ-ਗੁਜਾਰੀ ਕਰਨਾ ਨਹੀਂ ਸੀ। ਇਹ ਰਜਾ ਦੀਆਂ ਪੁਤਲੀਆਂ ਧੁਰੋਂ ਵਰੋਸਾਈਆਂ ਰੂਹਾਂ ਸਨ ਜਿਹਨਾਂ ਨੇ ਆਪਣੇ ਗੁਰੂ ਪਤੀਆਂ ਦਾ ਹਰ ਕੰਮ ਵਿਚ ਪੂਰਨ ਸਹਿਯੋਗ ਦਿੱਤਾ। ਮਾਤਾ ਸੁਲੱਖਣੀ ਨੇ ਜੇ ਬਾਬਾ ਸ੍ਰੀ ਚੰਦ ਤੇ ਲਖਮੀਦਾਸ ਦੀ ਵਿਸ਼ੇਸ਼ ਪਾਲਣਾ-ਪੋਸਣਾ ਕੀਤੀ ਤਾਂ ਮਾਤਾ ਖੀਵੀ ਨੇ ਵੀ ਬਾਬਾ ਦਾਤੂ ਤੇ ਬਾਬਾ ਦਾਸੂ ਨੂੰ ਕਿਸੇ ਗਲੋਂ ਵਿਰਵਾ ਨਹੀਂ ਰਹਿਣ ਦਿੱਤਾ। ਲਗਭਗ 16-17 ਸਾਲ ਬਾਅਦ ਗੁਰੂ ਅਮਰਦਾਸ ਜੀ ਦੇ ਘਰ ਔਲਾਦ ਦੀ ਪ੍ਰਾਪਤੀ ਹੋਈ ਜਿਨ੍ਹਾਂ ਵਿੱਚੋਂ ਸਪੁੱਤਰ ਬਾਬਾ ਮੋਹਰੀ ਤੇ ਬਾਬਾ ਮੋਹਣ, ਬੀਬੀ ਭਾਨੀ ਤੇ ਬੀਬੀ ਦਾਨੀ ਸਨ। ਸਪਸ਼ਟ ਹੈ, ਮਾਤਾ ਮਨਸਾ ਦੇਵੀ ਜੀ ਸਿਆਣਪ, ਸੂਝਬੂਝ ਚਰਿਤ੍ਰ-ਚਿੱਤਰਕਾਰੀ ਦਾ ਅੰਦਾਜ਼ਾ ਉਨ੍ਹਾਂ ਦੇ ਬੱਚਿਆਂ ਸੰਤਾਨ ਤੋਂ ਲਾਇਆ ਜਾ ਸਕਦਾ ਹੈ। ਕੁਲ ਮਿਲਾ ਕੇ, ਗੁਰੂ ਮਹਿਲਾਂ ਨੇ ਘਰ-ਪਰਿਵਾਰਾਂ ਨੂੰ ਸੰਭਾਲਣ ਵਿਚ ਨਿੱਗਰ ਹਿੱਸਾ ਪਾਇਆ ਤੇ ਗੁਰੂ ਸਾਹਿਬਾਨ ਆਪਣੇ ਉਚੇਰੇ ਮਿਸ਼ਨ ਨੂੰ ਸਥਾਪਤ ਕਰਨ ਵਿੱਚ ਕਾਮਯਾਬ ਹੋ ਸਕੇ।

## ਗੁਰੂ ਪਰੰਪਰਾ ਦੁਆਰਾ ਸਥਾਪਤ ਆਦਰਸ਼ਕ ਮਾਡਲ ਦੇ ਸੰਚਾਲਕ

ਗੁਰੂਮਤ ਵਿਚਾਰਧਾਰਾ ਨੇ ਮਨੁੱਖ ਨੂੰ ਕਈ ਅਧਿਆਤਮਕ ਮਾਡਲ ਪ੍ਰਦਾਨ ਕੀਤੇ ਹਨ ਜੋ ਮਨੁੱਖ ਅੰਦਰ ਨੈਤਿਕ ਕਦਰਾਂ-ਕੀਮਤਾਂ ਨੂੰ ਉਤਪੰਨ ਕਰਦੇ ਨਾਲ ਉਨ੍ਹਾਂ ਨੂੰ ਵਿਹਾਰਤਮਕ ਤੌਰ 'ਤੇ ਆਪਣੇ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਦੇ ਹਨ। ਇਨ੍ਹਾਂ ਆਦਰਸ਼ਕ ਮਾਡਲਾਂ ਵਿੱਚੋਂ '**ਗੁਰਮੁਖਿ ਨਾਮੁ ਦਾਨੁ ਇਸਨਾਨ**' ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਸ ਮਾਡਲ ਦਾ ਮੁੱਖ ਆਧਾਰ ਲੋਕ ਤੇ ਪ੍ਰਲੋਕ ਵੱਲ ਦੀ ਯਾਤਰਾ ਨਾਲ ਸੰਬੰਧ ਕਾਇਮ ਕਰਦਾ ਹੈ। ਧਰਮ ਦਾ ਪਹਿਲਾ ਰਾਹ ਮਨੁੱਖ ਦੇ ਆਚਾਰ-ਵਿਹਾਰ ਨਾਲ ਜੁੜਿਆ ਹੋਣ ਕਾਰਣ ਸਰੀਰਕ ਸੁਚਿ, ਸੰਜਮ, ਸਵੱਛਤਾ ਨਾਲ ਜੁੜਦਾ ਹੈ, ਇਸੇ ਲਈ ਕਿਸੇ ਵੀ ਮਨੁੱਖ ਦੇ ਜੀਵਨ ਦੀ ਪਹਿਲੀ ਪਉੜੀ ਇਸਨਾਨ ਹੁੰਦੀ ਹੈ ਜੋ ਉਹ ਰੋਜ਼ਾਨਾ ਕਰ ਆਪਣੇ ਆਪ ਨੂੰ ਬਾਹਰੋਂ ਪਵਿੱਤਰ ਕਰਦਾ ਹੈ। ਇਸ ਦੇ ਉਪਰੰਤ ਸਿੱਖ ਅੰਮ੍ਰਿਤ ਵੇਲੇ ਪਾਠ-ਸਿਮਰਨ ਨਾਲ ਆਪਣੇ ਅੰਤਰ ਮਨ ਨੂੰ ਪ੍ਰਵਿਰਤ ਕਰਦਾ ਹੈ। ਦਾਨ ਦਾ ਸੰਬੰਧ ਸਮਾਜ ਤੇ ਵਿਅਕਤੀ ਦੋਹਾਂ ਨਾਲ ਹੈ ਜੋ ਮਨੁੱਖਤਾ ਦੀ ਭਲਾਈ ਨਾਲ ਸੰਬੰਧਿਤ ਹੈ। 'ਦਾਨ'

ਕਿਸੇ ਵੀ ਇਸੇ ਰੂਪ ਆਰਥਕ, ਸਰੀਰਕ ਜਾਂ 'ਲੰਗਰ' ਨਾਲ ਸੰਬੰਧਿਤ ਹੈ। ਲਗੰਰ ਦੀ ਵਿਵਸਥਾ ਦਾ ਆਰੰਭ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਹੋਣ ਲੱਗ ਪਿਆ ਸੀ ਸ਼ਰਧਾਲੂਆਂ ਦਾ ਦਾਨ ਤੇ ਉਸੇ ਨੂੰ ਲੰਗਰ ਦੇ ਰੂਪ ਵਿਚ ਸੰਗਤਾਂ ਨੂੰ ਛਕਾ ਦੇਣਾ ਗੁਰੂ ਘਰ ਦੀ ਪ੍ਰਚਲਿਤ ਪ੍ਰਥਾ ਹੈ ਜਿਸ ਨੂੰ ਵਿਸ਼ਵ ਪੱਧਰ ਸਭ 'ਤੇ ਇਕਹਿਰਾ ਸਨਮਾਨ ਪ੍ਰਾਪਤ ਹੈ। ਲੰਗਰ ਪ੍ਰਥਾ ਦਰਅਸਲ, ਗੁਰੂ ਮਿਸ਼ਨ ਦੀ ਬਹੁਤ ਵੱਡੀ ਉਪਲਬਧੀ ਹੈ। ਇਸ ਰਾਹੀਂ ਛੂਹਛਾਤ, ਜਾਤ-ਬਿਰਾਦਰੀ ਚੰਗਾ-ਮਾੜਾ, ਅਮੀਰ-ਗਰੀਬ, ਨੀਚ-ਊਚ ਅਤੇ ਰਾਜਾ-ਰੰਕ, ਵਰਗ ਆਦਿ ਦਾ ਵੱਖਰੇਵਾਂ ਸਮਾਪਤ ਹੋ ਸਕਿਆ। ਖੁਦ ਗੁਰੂ ਸਾਹਿਬਾਨ ਨੇ ਵੀ ਇਸੇ ਆਦਰਸ਼ ਨੂੰ ਦ੍ਰਿੜ ਕਰਾਇਆ ਨਤੀਜੇ ਵਜੋਂ ਇਹ ਸਿਧਾਂਤ ਗੁਰੂ ਮਿਸ਼ਨ ਦੀ ਮੂਲ ਇਕਾਈ ਬਣ ਗਿਆ। 'ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਣ ਮਗਰੋਂ ਕਰਤਾਰਪੁਰ ਵਿਚ ਕੀਰਤਨ ਤੇ ਸਤਿਸੰਗ ਦਾ ਪ੍ਰਵਾਹ ਮਾਤਾ ਸੁਲੱਖਣੀ ਜੀ ਹੀ ਚਲਾਂਦੇ ਰਹੇ'[10]। ਗੁਰੂ ਅੰਗਦ ਦੇਵ ਜੀ ਵੇਲੇ ਮਾਤਾ ਖੀਵੀ ਲੰਗਰ ਦੀ ਸੇਵਾ ਏਨੀ ਕਬੂਲ ਹੋਈ ਕਿ ਸਮਕਾਲੀ ਰਬਾਬੀ ਭਾਈ ਸਤਾ ਤੇ ਬਲਵੰਡ ਮਾਤਾ ਜੀ ਦੀ ਸੋਭਾ ਕਰਨੋਂ ਨਾ ਰਹਿ ਸਕੇ, ਉਨ੍ਹਾਂ ਦੇ ਸ਼ਬਦਾਂ ਅਨੁਸਾਰ: **ਨਿਤ ਰਸੋਈ ਤੇਰੀਐ ਘਿਉ ਮੈਦਾ ਖਾਇ॥ ਅਤੇ ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ**[11]**॥** ਇਸ ਤੋਂ ਇਲਾਵਾ ਜਦੋਂ ਦਸਮ ਗੁਰੂ ਨਾਂਦੇੜ ਜਾ ਕੇ ਪ੍ਰਲੋਕ ਗਮਨ ਕਰ ਗਏ ਤਾਂ ਮਾਤਾ ਸੁੰਦਰੀ ਜੀ ਦਿੱਲੀ ਸਿੱਖਾਂ-ਪੁੱਤਾਂ ਦੇ ਸੰਗ-ਸਾਥ ਤੰਗੀ ਤੁਰਸੀ ਦੇ ਦਿਨਾਂ ਵਿਚ ਵੀ ਲੰਗਰ ਦਾ ਪ੍ਰਬੰਧ ਪੂਰਾ ਕੀਤਾ। 'ਪ੍ਰਾਪਤ ਇਤਿਹਾਸਕ ਤੱਥਾਂ ਮੁਤਾਬਕ ਮਾਤਾ ਜੀ ਦੇ ਬਹੁਤੇ ਹੁਕਮਨਾਮੇ ਉਹ ਹਨ ਜੋ ਸਿੱਖ-ਸੰਗਤ ਨੂੰ ਉਹਨਾਂ ਨੇ ਲੰਗਰ ਦੀ ਰਸਦ' ਲਈ ਲਿਖੇ ਸਨ। ਹੋਰ ਤਾਂ ਹੋਰ ਜਦੋਂ ਮਾਤਾ ਸਾਹਿਬ ਦੇਵਾਂ ਦਸਮ ਗੁਰੂ ਨਾਲ ਨਾਂਦੇੜ ਗਏ ਤਾਂ ਗੁਰੂ ਜੀ ਦੇ ਹੁਕਮ ਨਾਲ ਲੰਗਰ-ਪ੍ਰਬੰਧ ਉਹਨਾਂ ਦੇ ਹੱਥ ਵਿਚ ਸੀ। ਅਜ ਵੀ ਹਜੂਰ ਸਾਹਿਬ ਮਾਤਾ ਸਾਹਿਬ ਦੇਵਾਂ ਦੇ ਨਾਮ ਤੇ ਲੰਗਰ ਚਲਦਾ ਹੈ ਤੇ ਉਹ ਇਸੇ ਤੱਥ ਦੀ ਸਾਖ ਹੈ'[12]।

### ਕਲਿਆਣਕਾਰੀ ਸਮਾਜ ਦੀ ਸਥਾਪਨਾ ਵਿੱਚ ਭੂਮਿਕਾ

ਗੁਰੂ ਪੰਥ ਦੀ ਬੁਨਿਆਦੀ ਸੋਚ ਵਿਅਕਤੀ ਵਿਸ਼ੇਸ਼ ਦੇ ਨਾਲ-ਨਾਲ ਸਮਾਜ ਕਲਿਆਣ ਨਾਲ ਜੁੜੀ ਹੋਈ ਹੈ। ਮੱਧਕਾਲ ਵਿਚ ਹੀ ਨਾਰੀ ਨੂੰ ਸਮਾਜ ਦੀ ਬੁਨਿਆਦੀ ਇਕਾਈ ਮੰਨਣ ਵਾਲੇ ਗੁਰੂ ਨਾਨਕ ਅਜੇਹੇ ਬਾਣੀਕਾਰ ਹਨ ਜਿਨ੍ਹਾਂ ਨੇ ਔਰਤਾਂ ਪ੍ਰਤੀ ਸਨਮਾਨਿਤ ਮਾਡਲ ਦੀ ਉਸਾਰੀ ਕੀਤੀ। ਗੁਰੂ ਨਾਨਕ ਦੇਵ ਨਾਰੀ ਨਾਲ ਜੁੜੇ ਵਹਿਮਾਂ ਭਰਮਾਂ ਨੂੰ ਕਈ ਕੋਨਾਂ ਤੋਂ ਵਿਚਾਰਦੇ ਹਨ। ਇਸ ਤੋਂ ਅਗਾਂਹ ਗੁਰੂ ਅਮਰਦਾਸ ਜੀ ਜਿਨ੍ਹਾਂ ਨੂੰ ਵਡੇਰੀ ਉਮਰ ਵਿਚ ਗੁਰੂ ਗੱਦੀ ਪ੍ਰਾਪਤ ਹੋਈ ਦੇ ਗੁਰੂ ਮਹਿਲ ਮਾਤਾ ਮਨਸਾ ਜੋ ਆਪ ਵੀ ਬਹੁਤ ਬਜ਼ੁਰਗ ਸਨ। ਉਨ੍ਹਾਂ ਨੂੰ ਇਸ ਗੱਲ ਸਵੈ-ਅਨੁਭਵ ਸੀ ਕਿ ਨਾਰੀ ਸਮਾਜ ਨੂੰ ਸੇਵਾ ਕਰਨ ਸਮੇਂ ਪੜਦਾ ਨਸ਼ੀਨ ਹੋਣ ਕਰਕੇ ਕਈ ਪ੍ਰਕਾਰ ਦੀਆਂ ਅਸੁਵਿਧਾਵਾਂ ਵਿਚੋਂ ਲੰਘਣਾ ਪੈਂਦਾ ਹੈ, ਕਈ ਵਾਰੀ ਔਰਤ ਨੂੰ ਪਤੀ ਨਾਲ ਸਤੀ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ। ਇਨ੍ਹਾਂ ਵਿਧਵਾਵਾਂ ਨੂੰ ਸਮਾਜ ਵਿੱਚ ਮੈਲੀ ਨਜਰ ਨਾਲ ਦੇਖਿਆ ਜਾਂਦਾ ਸੀ।

ਨਾਰੀ ਸੰਸਾਰ ਨਾਲ ਜੁੜੀਆਂ ਇਨ੍ਹਾਂ ਸਮਸਿਆਵਾਂ ਦਾ ਮੁਲਾਂਕਣ ਕਰਦੇ ਹੋਏ ਗੁਰੂ ਅਮਰਦਾਸ ਨੇ ਆਪਣੀ ਹੰਡੀ ਵਰਤੀ ਸਿਆਣੀ ਪਤਨੀ ਦੀ ਰਾਇ ਵਲ ਗੌਰ ਕਰਦਿਆਂ ਐਲਾਨ ਕੀਤਾ ਕਿ ਕੋਈ ਵੀ ਬੀਬੀ ਗੁਰੂ ਦਰਬਾਰ ਵਿਚ ਮੂੰਹ ਢੱਕ ਕੇ ਨਹੀਂ ਆਏਗੀ। ਜਿੱਥੇ ਮੱਧਕਾਲੀ ਸਮਾਜ ਰਾਜਪੂਤਾਂ ਦੀਆਂ ਔਰਤਾਂ ਨੂੰ ਕੋਈ ਵੇਖ ਤਕ ਨਹੀਂ ਸਕਦਾ ਸੀ, ਮੁਸਲਮਾਨ ਔਰਤ ਪਰਦੇ ਤੋਂ ਬਿਨਾਂ ਦਹਲੀਜ ਨਹੀਂ ਸੀ ਟੱਪ ਸਕਦੀ ਅਜਿਹੇ ਸਮੇਂ ਮਾਤਾ ਮਨਸਾ ਦੇਵੀ ਨੇ ਔਰਤਾਂ ਦਾ ਪੱਖ ਪੂਰਦਿਆਂ ਸਿੱਖ ਬੀਬੀਆਂ ਨੂੰ ਪਰਦੇ ਤੋਂ ਮੁਕਤ ਕਰਵਾ ਦਿੱਤਾ। ਇਸ ਤੋਂ ਇਲਾਵਾ ਗੁਰੂ ਅਮਰਦਾਸ ਜੀ ਨੇ ਆਪ ਵਿਧਵਾ ਵਿਆਹ ਆਪਣੇ ਹੱਥੀਂ ਕੀਤੇ, ਸਤੀ ਪ੍ਰਥਾ ਨੂੰ ਸਮਾਪਤ ਕਰਨ ਲਈ ਕਈ ਵਡਮੁੱਲੇ ਕਦਮ ਚੁੱਕੇ। ਗੁਰੂ ਘਰ ਇਸ ਗੱਲ ਦੀ ਅਗਵਾਈ ਕਰਦਾ ਹੈ ਕਿ, ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਤੇ ਬਹੱਤਰ ਪੰਘੂੜੇ ਸਥਾਪਿਤ ਕੀਤੇ ਜੋ ਇੱਕ ਤਰ੍ਹਾਂ ਨਾਲ ਪ੍ਰਚਾਰ ਦੇ ਕੇਂਦਰ ਤੇ ਉਪ-ਕੇਂਦਰ ਵਜੋਂ ਸਥਾਪਤ ਹੋਏ। ਮਾਤਾ ਕਿਸ਼ਨ ਕੌਰ ਜੀ ਦਾ, ਬਾਲ ਗੁਰੂ ਹਰਿਕ੍ਰਿਸ਼ਨ ਦੇ ਨਾਲ ਰਹਿ ਕੇ ਸਿੱਖੀ ਪੰਥ ਦਾ ਪ੍ਰਚਾਰ ਕਾਰਜ ਕਰਨਾ ਗੁਰੂ ਮਿਸ਼ਨ ਨੂੰ ਮਹੱਤਵ ਯੋਗ ਵੇਰਵਾ ਹੈ।

### ਗੁਰੂ ਮਹਿਲ ਕੁਰਬਾਨੀ ਦੇ ਪ੍ਰਤੀਕ ਵਜੋਂ

ਗੁਰੂ ਮਹਿਲਾਂ ਦੀ ਕੁਰਬਾਨੀ ਦੀ ਰੰਗਤ ਆਪੋ-ਆਪਣੀ ਹੈ। ਇਕ ਗੱਲ ਜੋ ਗੁਰੂ ਮਹਿਲ ਪਰੰਪਰਾ ਵਿਚੋਂ ਬਹੁਤ ਨਿਖੜ ਕੇ ਆਈ ਕਿ ਸਾਰੇ ਦੇ ਸਾਰੇ ਗੁਰੂ ਮਹਿਲ ਆਪਣੇ ਹਾਲਾਤਾਂ ਸੰਘਰਸ਼ ਕਰਦੇ ਰਹੇ। ਕੋਈ ਪਤੀ ਗੁਰੂ ਤੋਂ ਦੂਰ ਰਹਿਕੇ, ਕੋਈ ਪਤੀ ਦੀ ਜਿੰਦਗਾਨੀ ਵਿਚ ਤੇ ਕੋਈ ਪਤੀ-ਗੁਰੂ ਦੀ ਹਯਾਤੀ ਤੋਂ ਬਾਅਦ। ਗੁਰੂ ਮਹਿਲ ਪੀੜਤ ਜਰੂਰ ਰਹੇ, ਪਰ ਕਿਸੇ ਨੇ ਇਹਨਾਂ ਦਾ ਰੁਦਨ ਨਹੀਂ ਸੁਣਿਆਂ। ਸਿੱਖ ਇਤਿਹਾਸ ਵਿੱਚ ਜਿਨ੍ਹਾਂ ਵੀ ਪੀਰਾਂ ਨੇ ਆਪਣੀ ਸ਼ਹਾਦਰ ਦਿੱਤੀ ਉਨ੍ਹਾਂ ਦੀ ਮਾਵਾਂ ਨੇ ਉਨ੍ਹਾਂ ਨੂੰ ਬਿਨਾਂ ਘਬਰਾਏ, ਡੋਲੈ ਇਸ ਜਹਾਨ ਤੋਂ ਅਲਵਿਦਾ ਕਿਹਾ। ਇਤਿਹਾਸ ਗਵਾਹ ਹੈ, ਇਸ ਤੋਂ ਉਪਰੰਤ ਛੇਵੇਂ ਗੁਰੂ ਨੇ ਹਕੂਮਤ ਨੂੰ ਵੰਗਾਰਦਿਆਂ ਅਕਾਲ ਤਖਤ ਦੀ ਸਾਜਨਾ ਕੀਤੀ, ਉਥੇ ਬੈਠਕੇ ਬੀਰ ਵਾਰਾਂ ਸੁਣੀਆਂ, ਫ਼ੌਜਾਂ ਸੰਗਠਿਤ ਕੀਤੀਆਂ, ਚਾਰ ਲੜਾਈਆਂ ਲੜੀਆਂ, ਸ਼ਾਂਤ ਅਧਿਆਤਮਕ ਲਹਿਰ ਨਾਲ ਇਨਕਲਾਬੀ ਸੁਰ ਜੋੜਿਆ ਅਤੇ ਮੀਰੀ-ਪੀਰੀ ਦੇ ਮਾਲਕ ਅਖਵਾਏ। ਇਹ ਸਭ ਕੁਝ ਪੰਚਮ ਗੁਰੂ ਦੀ ਸ਼ਹੀਦੀ ਤੋਂ ਬਾਅਦ ਮਾਤਾ ਗੰਗਾ ਜੀ ਦੇ ਸਾਹਮਣੇ ਵਾਪਰਿਆ। ਮਾਤਾ ਗੰਗਾ ਧੀਰਜ ਦੀ ਮੂਰਤ ਸਨ ਉਹ ਹਮੇਸ਼ਾ ਹੀ ਬਾਲ ਗੁਰੂ ਦੇ ਯੋਗ ਸਲਾਹਕਾਰ ਬਣੇ ਰਹੇ। ਗੁਰੂ ਸਾਹਿਬਾਨਾਂ ਦੀ ਇਸ ਦਲੇਰੀ ਪਿੱਛੇ ਅਗਰ ਪਿਤਾ ਬਲਕਾਰੀ ਪ੍ਰੇਰਣਾ ਦੇ ਸ੍ਰੋਤ ਬਣੇ ਤਾਂ ਮਾਤਾਵਾਂ ਪ੍ਰਚੰਡ ਸੂਝ-ਬੂਝ ਵਾਲੀਆਂ ਸਹਿਯੋਗੀ ਸਲਾਹਕਾਰ ਸਨ। ਇੱਥੋਂ ਤਕ ਕੇ ਛੋਟੇ ਸਾਹਿਬਜ਼ਾਦਿਆਂ ਨੂੰ ਧਰਮ ਲਈ ਜਾਨਾਂ ਵਾਰਨ ਦਾ ਸਬਕ ਮਾਂ (ਦਾਦੀ) ਗੁਜਰੀ ਜੀ ਨੇ ਹੀ ਪੜ੍ਹਾਇਆ ਸੀ। ਇਤਿਹਾਸ ਵਿੱਚ ਮਾਤਾ ਗੁਜਰੀ ਜੀ ਨੂੰ ਸਿੱਖ ਧਰਮ ਵਿਚ **'ਪਹਿਲੀ ਸ਼ਹੀਦ ਗੁਰੂ ਮਹਿਲ'** ਹੋਣ ਦਾ ਮਾਣ ਵੀ ਪ੍ਰਾਪਤ ਹੋਇਆ। ਮਾਤਾ ਸੁੰਦਰ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਤਕਰੀਬਨ 40 ਸਾਲ ਤੱਕ ਸਿੱਖ ਪੰਥ ਦੀ ਰਹਿਨੁਮਾਈ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਆਚ ਗਈਆਂ

ਲਿਖਤਾਂ ਨੂੰ ਲੱਭ ਕੇ ਦਸਮ ਗ੍ਰੰਥ ਦੀ ਸੰਪਾਦਨਾ ਕਰਾਉਣਾ ਉਨਾਂ ਦੀ ਸਿੱਖ ਪੰਥ ਨੂੰ ਇਕ ਬਹੁਤ ਵੱਡੀ ਦੇਣ ਹੈ। ਕਿਸੇ ਧਾਰਮਕ ਆਗੂ ਦੀ ਪਤਨੀ ਅਜਿਹੀ ਕਰਮਸ਼ੀਲ ਨਹੀਂ ਹੋਈ ਜੋ ਰਹਿਬਰ ਵਿਸ਼ੇਸ਼ ਦੇ ਪ੍ਰਲੋਕ ਗਮਨ ਤੋਂ ਬਾਅਦ ਆਪਣੇ ਪਤੀ ਦੀਆਂ ਗੁਆਚ ਗਈਆਂ ਸਾਹਿਤਕ ਰਚਨਾਵਾਂ ਨੂੰ ਇਕੱਤਰ ਕਰ ਕੇ ਅਤੇ ਸੰਪਾਦਤ ਕਰਵਾ ਕੇ ਇਕ ਗ੍ਰੰਥ ਦੇ ਰੂਪ ਵਿਚ ਪੇਸ਼ ਕਰ ਸਕੀ ਹੋਵੇ। ਕੋਈ ਹੈਰਾਨੀ ਦੀ ਗੱਲ ਨਹੀਂ ਜੇ ਦਸਮ ਗੁਰੂ ਤੋਂ ਬਾਅਦ ਮਾਤਾ ਸੁੰਦਰੀ ਜੀ ਦਸਮ ਗੁਰੂ ਦੀ ਬਾਣੀ ਸੰਪਾਦਤ ਨਾ ਕਰਾਉਂਦੇ ਤਾਂ ਸਾਰਾ ਸਿੱਖ ਜਗਤ ਇਸ ਉਚੇਚੇ ਸਾਹਿਤ ਤੋਂ ਵਿਰਵਾ ਹੀ ਰਹਿ ਜਾਂਦਾ। ਖਾਲਸਾ ਪੰਥ ਦੀ ਮਾਤਾ ਸਾਹਿਬ ਦੋਵਾਂ ਸਿੱਖੀ ਸਿਦਕ ਤੇ ਤੱਪ ਤਿਆਗ ਦੀ ਮੂਰਤ ਸਨ।[13] ਜ਼ਾਹਿਰ ਹੈ, ਦਸਮ ਗੁਰੂ ਤੋਂ ਬਾਅਦ ਪੰਥ ਦੀਆਂ ਚਾਰ ਉਘੀਆਂ ਹਸਤੀਆਂ ਜਿਸ ਵਿਚ ਨਾਮੀ ਵਿਦਵਾਨ, ਨਾਮੀ ਬਲਿਦਾਨੀ, ਨਾਮੀ ਸੂਰਮੇ ਤੇ ਨਾਮੀ ਸ਼ਹੀਦ ਸ਼ਾਮਿਲ ਸਨ, ਇਹਨਾਂ ਸਾਰਿਆ ਦੀ ਅਗਵਾਈ ਦਾ ਗੌਰਵ ਮਾਤਾ ਜੀ ਨੂੰ ਪ੍ਰਾਪਤ ਹੈ।

ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਦੌਰ ਦੀਆਂ ਸਮਾਜਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਅਜਿਹੇ ਸਮੇਂ ਉਨ੍ਹਾਂ ਇਸਤਰੀਆਂ ਨੂੰ ਆਪਣਾ ਰੋਲ ਮਾਡਲ ਬਣਾਉਣਾ ਜਿਨ੍ਹਾਂ ਨੇ ਪਰਿਵਾਰ, ਸਮਾਜ, ਰਾਸ਼ਟਰ ਅਤੇ ਧਰਮ ਦੀ ਖਾਤਰ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਹੋਵੇ ਇਹ ਬਹੁਤ ਹੀ ਅਹਿਮ ਬਣ ਗਿਆ ਹੈ। ਗੁਰੂ ਮਹਿਲਾਂ ਨਾਲ ਸੰਬੰਧਿਤ ਇਤਿਹਾਸਕ ਤੱਥਾਂ ਦੇ ਪੁਨਰ ਅਧਿਐਨ ਕਰਦਿਆਂ ਜੋ ਮੁੱਖ ਤੱਥ ਉਭਰਦੇ ਹਨ ਉਨ੍ਹਾਂ ਅਨੁਸਾਰ ਗੁਰੂ ਮਹਿਲਾਂ ਮਨੁੱਖ ਹੁੰਦੇ ਹੋਏ ਵੀ ਉਸ ਆਦਰਸ਼ਕ ਚਰਿੱਤਰ ਦਾ ਪ੍ਰਤੀਨਿਧ ਕਰਦੀਆਂ ਹਨ ਜੋ ਸਵੈ ਇੱਛਾਵਾਂ ਤੋਂ ਬਹੁਤ ਉਪਰ ਉੱਠ ਵਿਅਕਤੀਗਤ ਭਾਵਾਂ ਤੋਂ ਪਾਰ ਸਮੂਹ ਕਲਿਆਣ ਦਾ ਪ੍ਰਤੀਕ ਬਣ ਚੁੱਕੀਆਂ ਹਨ। ਉਨ੍ਹਾਂ ਲਈ ਪਰਿਵਾਰ-ਸਮਾਜ-ਧਰਮ-ਰਾਸ਼ਟਰ ਸਭ ਉਨ੍ਹਾਂ ਦੀ ਜ਼ਿੰਮੇਵਾਰੀ ਵੀ ਸੀ। ਜਿੱਥੇ ਗੁਰੂ ਪਿਤਾ ਸਮਾਜ ਵਿਚ ਸਦਾਚਾਰਕ ਅਤੇ ਨੈਤਿਕ ਮੁੱਲਾਂ ਦੀ ਸਥਾਪਤੀ ਲਈ ਆਪਣਾ ਪੂਰਾ ਸਮਾਂ ਦੇਣ ਦੇ ਨਾਲ ਆਪਣੀਆਂ ਕੁਰਬਾਨੀਆਂ ਦੇਣ ਤੋਂ ਪਿੱਛੇ ਨਹੀਂ ਹਟੇ, ਉਥੇ ਗੁਰੂ ਮਹਿਲਾਂ ਨੇ ਵੀ ਹਰ ਪੱਧਰ ਤੇ ਆਪਣੇ ਸਵੈ ਨੂੰ ਕੁਰਬਾਨ ਕੀਤਾ ਹੈ। **ਉਨ੍ਹਾਂ ਲਈ ਆਤਮ ਇੱਛਾ ਪੂਰਤੀ ਦਾ ਸੰਕਲਪ ਸ਼ੂਨਯ ਹੋ ਜਾਂਦਾ ਹੈ।** ਗੁਰੂ ਮਹਿਲਾਂ ਨੇ ਗੁਰੂ ਸਾਹਿਬਾਨ ਦੁਆਰਾ ਸ਼ੁਰੂ ਕੀਤੇ ਗਏ ਕਈ ਕਾਰਜਾਂ ਨੂੰ ਪ੍ਰਚਾਰਨ, ਵਿਸਥਾਰਨ ਪ੍ਰਤੀ ਨਿਸਚਿਤ ਮੁਹਾਂਦਰਾ ਘੜਿਆ। ਬਿਨਾਂ ਕਿਸੇ ਭਾਵਾਤਮਕ ਭੇਦਭਾਵ ਵਿੱਚ ਪਿਆ ਅਪਵਾਦ ਦੀ ਸਥਿਤੀ ਵਿੱਚ ਧਰਮ ਦੇ ਸਹੀ ਸੰਚਾਲਕ ਦੀ ਚੋਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਨਿਭਾਇਆ। ਗੁਰੂ ਮਹਿਲਾਂ ਅਜਿਹੀ ਸਭਿਅਕ ਸਮਾਜ/ਸਭਿਆਚਾਰ ਦੀ ਨੀਂਹ ਰੱਖਦੀਆਂ ਹਨ ਜਿਸ ਦਾ ਉਸਾਰੀ ਚੰਗਿਆਈ ਤੇ ਸੱਚਾਈ ਦੇ ਪ੍ਰਤਿਉਤਰ ਵਜੋਂ ਅੱਜ ਵੀ ਮੌਜੂਦ ਹੈ। ਮਾਤਾ ਖੀਵੀ ਦਾ ਲੰਗਰ-ਪ੍ਰਬੰਧ, ਬੀਬੀ ਭਾਨੀ ਦੀ ਸੇਵਾ, ਮਾਤਾ ਗੁਜਰੀ ਦਾ ਬਲੀਦਾਨ, ਮਾਤਾ ਸੁੰਦਰੀ ਜੀ ਦੀ ਪੰਥਕ ਰਹਿਨੁਮਾਈ, ਮਾਤਾ ਸਾਹਿਬ ਕੌਰ ਨੂੰ 'ਖਾਲਸੇ ਦੀ ਮਾਤਾ' ਦਾ ਖਿਤਾਬ ਆਦਿ ਤੱਥ, ਇਸੇ ਗੱਲ ਦੀ

ਸਾਖੀ ਭਰਦੇ ਹਨ ਕਿ ਗੁਰੂ ਸਾਹਿਬਾਨ ਨੇ ਗੁਰੂ ਮਹਿਲਾਂ ਨੂੰ ਉੱਚਤਮ ਸਥਾਨ ਬਖਸ਼ਿਆ। ਧਰਮ ਆਪਣੇ ਆਪ ਵਿੱਚ ਦਾਰਸ਼ਨਿਕ ਸੰਕਲਪਾਂ (Philosophic Concepts) ਦਾ ਸਮੂਹ ਨਹੀਂ ਹੁੰਦਾ ਬਲਕਿ ਉਸ ਨਾਲ ਜੁੜਿਆ ਉਸਦਾ ਵਿਹਾਰਕ ਪੱਖ ਉਸ ਨੂੰ ਜਨ-ਸਮੂਹ ਦੇ ਗ੍ਰਹਿਣ ਯੋਗ ਬਣਾਉਂਦਾ ਹੈ। ਇਸ ਸੰਦਰਭ ਵਿਚ ਗੁਰੂ ਮਹਿਲਾਂ ਨੇ ਸਿੱਖੀ ਸਿਦਕ ਨੂੰ ਤਨ-ਮਨ ਨਿਭਾਉਂਦਿਆ ਨਾ ਸਿਰਫ਼ ਸਿੱਖੀ ਤੇ ਗੁਰੂ ਮਿਸ਼ਨ ਨੂੰ ਸਵੈ ਹੰਢਾਇਆ ਸਗੋਂ ਇਸਨੂੰ ਅਮਲੀ ਰੂਪ ਦਿੱਤਾ ਨਤੀਜੇ ਵਜੋਂ ਆਉਣ ਵਾਲੀ ਸਿੱਖ-ਸੰਗਤ ਨੂੰ ਇਸ ਨਾਲ ਜੁੜਨਾ ਵਿੱਚ ਗੌਰਵ ਮਹਿਸੂਸ ਕਰਨ ਲਗ ਪਈ।

## ਹਵਾਲੇ ਤੇ ਟਿੱਪਣੀਆਂ

---

1 ਸਾਗੂ ,(.ਡਾ) ਹਰਬੰਸ ਕੌਰ ,ਸਿੱਖ ਇਤਿਹਾਸ ਅਤੇ ਵਿਚਾਰਧਾਰਾ150 -ਪੰਨਾ ,

2 Singh Mohinder, 'Foreword', Gill. M.K (Dr.) The Role and Status of Women in Sikhism, Page-(xiii)

3 ਵਾਰਿਸ਼ ਸਾਹ' ,ਹੀਰ ਵਾਰਿਸ ਸ਼ਾਹ ,'ਪੰਨਾ 188-

4 ਸਾਗੂ ,(.ਡਾ) ਹਰਬੰਸ ਕੌਰ ,ਸਿੱਖ ਇਤਿਹਾਸ ਅਤੇ ਵਿਚਾਰਧਾਰਾ 152 -ਪੰਨਾ ,

5 गिल महिंदर कौर (डा.), संपादित, 'धर्म समाज और नारी', पन्ना-8

6 ਗਿੱਲ(.ਸੰਪਾ) (.ਡਾ) ਮਹਿੰਦਰ ਕੌਰ , 'ਭੂਮਿਕਾ 16-ਪੰਨਾ ,ਦਸ ਗੁਰੂ ਮਹਿਲ ,

7 Singh Mohinder, 'Foreword', Gill. M.K. (Dr.) The Role and Status of Women in Sikhism, Page-19

8 ਸਾਗੂ ,(.ਡਾ) ਹਰਬੰਸ ਕੌਰ ,ਸਿੱਖ ਇਤਿਹਾਸ ਅਤੇ ਵਿਚਾਰਧਾਰਾ 166 -ਪੰਨਾ ,

9 ਚਾਵਲਾ' ,ਹਰਬੰਸ ਸਿੰਘ ,ਮਾਤਾ ਖੀਵੀ ਜੀ 49 - ਪੰਨਾ 'ਸਿੱਖ ਇਤਿਹਾਸ ਵਿੱਚੋਂ' '

10 ਜਾਲੀ' ,ਰਜਿੰਦਰ ਸਿੰਘ ,ਮਾਤਾ ਸੁਲੱਖਣੀ ਜੀਲੁਪਟ ) ਸਿੱਖ ਇਤਿਹਾਸ ਦੇ ਅਨਗੌਲੇ ਨਾਇਕ' ' ,(ਮਾਣਕਪੰਨਾ 45-

11 ਗਿੱਲ' ,ਮਹਿੰਦਰ ਕੌਰ ,ਸਿੱਖ ਬੀਬੀਆਂ ,'ਪੰਥ ਦੀ ਬੁਨਿਆਦੀ ਤਾਕਤ :ਗੁਰਬਾਣੀ ਸੰਦੇਸ਼ ,'ਪੰਨਾ -116

12 ਉਹੀ ਪੰਨਾ 117 –

13 ਸਾਗੂ ,(.ਡਾ) ਹਰਬੰਸ ਕੌਰ ,ਸਿੱਖ ਇਤਿਹਾਸ ਅਤੇ ਵਿਚਾਰਧਾਰਾ154-ਪੰਨਾ ,

**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ**

**ਮਾਤਾ ਸੁੰਦਰੀ ਕਾਲਜ ਫਾਰ ਵੂਮਨ, ਦਿੱਲੀ ਯੂਨੀਵਰਸਿਟੀ,**

**ਈ :ਮੇਲ.**drmanisha.batra@gmail.com

# ਸਿੱਖ ਧਰਮ ਚਿੰਤਨ ਵਿੱਚ ਇਲਹਾਮ ਦਾ ਸੰਕਲਪ

❑ ਡਾ. ਸਿਮਰਜੀਤ ਕੌਰ

ਮਨੁੱਖੀ ਅਨੁਭਵ ਅਤੇ ਗਿਆਨ ਦੇ ਮੁੱਖ ਤੌਰ 'ਤੇ ਦੋ ਸਰੋਤ ਮੰਨੇ ਜਾਂਦੇ ਹਨ ਇਕ ਵਿਚਾਰ ਜਾਂ ਅਤੇ ਦੂਜਾ ਇਲਹਾਮ। ਭਾਰਤੀ ਅਤੇ ਪੱਛਮੀ ਚਿੰਤਕ ਗਿਆਨ ਪ੍ਰਾਪਤੀ ਦੇ ਤਿੰਨ ਸਰੋਤ ਮੰਨਦੇ ਹਨ: ਇੰਦਰੀ ਬੋਧ, ਵਿਚਾਰ ਜਾਂ ਤਰਕ, ਅਤੇ ਅੰਤਰ ਦ੍ਰਿਸ਼ਟੀ। ਡਾ. ਰਾਧਾ ਕ੍ਰਿਸ਼ਨਨ ਗਿਆਨ ਦੇ ਇਹਨਾਂ ਤਿੰਨਾਂ ਸਰੋਤਾਂ ਦੇ ਮਹੱਤਵ ਨੂੰ ਪੁਖ਼ਤਾ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ:

**"ਹਰ ਤਰ੍ਹਾਂ ਦੇ ਬੋਧਾਤਮਕ ਅਨੁਭਵ ਦਾ ਨਤੀਜਾ ਸੱਚੇ ਦਾ ਗਿਆਨ ਹੁੰਦਾ ਹੈ ਜੋ ਤਿੰਨ ਤਰ੍ਹਾਂ ਨਾਲ ਪੈਦਾ ਹੁੰਦਾ ਹੈ: ਗਿਆਨ ਬੋਧ, ਤਰਕ ਪੂਰਨ ਵਿਚਾਰ, ਅਤੇ ਅੰਤਰਦ੍ਰਿਸ਼ਟੀ ਅਨੁਭਵ"**1

ਇਸ ਤਰ੍ਹਾਂ ਧਾਰਮਿਕ ਗਿਆਨ ਦੀ ਪ੍ਰਾਪਤੀ ਅਤੇ ਸਤਿ ਤੱਕ ਪਹੁੰਚ ਰੱਖਣ ਲਈ ਇਲਹਾਮ ਇਕ ਅਹਿਮ ਸੋਮਾ ਹੈ। ਇਲਹਾਮ ਦੇ ਸੰਕਲਪ ਦੀ ਮਹੱਤਤ ਦੇ ਪੱਖ ਤੋਂ ਪੱਛਮੀ ਵਿਦਵਾਨਾਂ ਵਲੋਂ ਵਿਸ਼ਵ ਦੇ ਸਾਰੇ ਧਰਮਾਂ ਵਿਚੋਂ ਸਿਰਫ਼ ਸਾਮੀ ਧਰਮ ਭਾਵ ਯਹੂਦੀ, ਈਸਾਈ ਅਤੇ ਇਸਲਾਮੀ ਧਰਮ ਨੂੰ ਹੀ ਤਵੱਜੋਂ ਦਿੱਤੀ ਗਈ ਹੈ। ਹਿੰਦੂ ਧਾਰਮਿਕ ਵੇਦਾਂ ਲਈ ਇਲਹਾਮ ਦੇ ਸਮਾਂਤਰ ਸ਼ਬਦ ਸ਼ਰੁਤੀ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਹਿੰਦੂ ਧਾਰਮਿਕ ਵੇਦ ਗ੍ਰੰਥਾਂ ਜਿਵੇਂ ਕਿ (ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵ ਵੇਦ) ਨੂੰ ਖ਼ਾਸ ਕਰਕੇ ਸ਼ਰੁਤੀ ਦੀ ਵੰਡ ਵਿੱਚ ਰੱਖਿਆ ਗਿਆ ਹੈ ਕਿਉਂਕਿ ਇਹਨਾਂ ਦੀ ਰਚਨਾ ਕਿਸੇ ਮਨੁੱਖ ਨੇ ਨਹੀਂ ਕੀਤੀ, ਇਹ ਬ੍ਰਹਮ ਦੇ ਮੂਹੋਂ ਨਿਕਲੀ ਈਸ਼ਵਰ ਬਾਣੀ ਹੈ। ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ ਵਿਚ ਇਲਹਾਮ ਦੇ ਸ਼ਾਬਦਿਕ ਅਰਥ ਇਸ ਤਰ੍ਹਾਂ ਦਰਜ਼ ਹਨ ਕਿ:

**"ਇਹ ਸ਼ਬਦ ਅਰਬ ਦੇ 'ਅਲਹਮ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ -ਦਿਲ ਵਿਚ ਪਾਣਾ। ਇਲਹਾਮ (ਸੰਗਿਆ) ਰੱਬ ਵੱਲੋਂ ਮਨੁੱਖੀ ਮਨ ਵਿਚ ਆਈ ਜਾਂ ਪਾਈ ਗੱਲ ਨੂੰ ਆਖਦੇ ਹਨ। ਇਹ ਧੁਰ ਦੀ ਬਾਣੀ ਦਾ ਸਮਾਨਾਰਥਕ ਵੀ ਹੈ। ਇਹੀ ਗੱਲ ਜੇ ਕਿਸੇ ਫ਼ਰਿਸ਼ਤੇ ਰਾਹੀਂ ਰੱਬ ਵਲੋਂ ਪਹੁੰਚਾਈ ਜਾਏ ਤਾਂ 'ਵਹੀ' ਅਖਵਾਉਂਦੀ ਹੈ। ਇਲਹਾਮ ਆਮ ਤੌਰ 'ਤੇ ਵਲੀਆਂ ਜਾਂ ਰੱਬ ਨੂੰ ਪੁੱਜੇ ਹੋਏ ਲੋਕਾਂ ਨੂੰ ਹੀ ਹੁੰਦਾ ਹੈ, ਆਮ ਮਨੁੱਖਾਂ ਨੂੰ ਨਹੀਂ। "**2

**ਫ਼ਿਲਾਸਫ਼ੀ ਦੀ ਡਿਕਸ਼ਨਰੀ** ਵਿਚ ਦਰਜ਼ ਇਲਹਾਮ ਨੂੰ ਅਲੌਕਿਕ ਸ਼ਕਤੀ ਦਾ ਸੰਦੇਸ਼ ਅਤੇ ਸੰਚਾਰ ਕਿਹਾ ਹੈ,

**"ਇਹ ਮਨੁੱਖ ਨੂੰ ਦੈਵੀ-ਇੱਛਾ ਦਾ ਐਲਾਨ, ਸੁਪਨੇ, ਦ੍ਰਿਸ਼ ਦੇਖਣ, ਰਹੱਸਾਤਮਕ ਅਨੁਭਵ (ਭਾਵੇਂ ਉਹ ਕਿਸੇ ਤਰੀਕੇ ਨਾਲ ਕੀਤਾ ਗਿਆ ਹੋਵੇ ਜਿਵੇਂ ਨਸ਼ੇ ਆਦਿ) ਗ੍ਰੰਥ, ਪੈਗੰਬਰਾਂ ਅਣੋਖੇ ਚਰਿਤਰਾਂ ਸਨਮਾਨਤ ਪ੍ਰੰਪਰਕ ਅਮਲਾਂ, ਤੁਫ਼ਾਨਾਂ...... ਰਾਹੀਂ ਆਦਿ।"** 3

ਧਰਮ ਵਿਚ ਆਮ ਤੌਰ 'ਤੇ ਤਿੰਨ ਵਿਸ਼ਿਆਂ ਬਾਰੇ ਵਿਚਾਰ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਭਾਵ ਹੈ ਸਤਿ ਦਾ ਸੁਭਾਅ ਕੀ ਹੈ। ਮਨੁੱਖ ਦਾ ਸੁਭਾਅ ਕੀ ਹੈ ਅਤੇ ਉਸਦਾ ਇਸ ਨਾਲ ਕੀ ਸੰਬੰਧ ਹੈ ਅਤੇ ਇਸ ਸੱਚ ਤੱਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਹੈ? ਪਹਿਲੇ ਦੋ ਵਿਸ਼ੇ ਖ਼ਾਸ ਤੌਰ 'ਤੇ ਫ਼ਿਲਾਸਫ਼ੀ ਦੇ ਹਨ ਅਤੇ ਤੀਸਰਾ ਵਿਸ਼ਾ ਧਰਮ ਦਾ ਹੈ ਜੋ ਪਹਿਲੇ ਦੋਹਾਂ ਵਿਸ਼ਿਆਂ ਨੂੰ ਧਰਮ ਨਾਲ ਜੋੜ ਦਿੰਦਾ ਹੈ।

ਕਪੂਰ ਸਿੰਘ ਨੇ ਡਾ ਗੁਪਾਲ ਸਿੰਘ ਦੁਆਰਾ ਅੰਗਰੇਜ਼ੀ ਵਿਚ ਅਨੁਵਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੂਸਰੀ ਪੋਥੀ ਦੀ ਭੂਮਿਕਾ ਵਿਚ ਲਿਖਿਆ ਹੈ ਕਿ:

**"ਜਦੋਂ ਤੱਕ ਧਰਮ ਸਿਰਫ਼ ਪਰਮਸਤਿ ਦੇ ਸੁਭਾਅ ਦੀ ਪਰਿਭਾਸ਼ਾ ਕਰਦਾ ਅਤੇ ਮਨੁੱਖੀ ਕਾਰਜਾਂ ਲਈ ਸੱਚੀਆਂ ਕੀਮਤਾਂ ਨੂੰ ਨਿਰਧਾਰਤ ਕਰਨਾ ਚਾਹੁੰਦਾ ਹੈ ਤਾਂ ਇਹ ਦਰਸ਼ਨ ਨੂੰ ਨੈਤਿਕਤਾ ਪ੍ਰਦਾਨ ਕਰਨ ਤੋਂ ਵੱਧ ਕੁੱਝ ਨਹੀਂ ਪਰ ਜਦੋਂ ਮਨੁੱਖ ਵਲੋਂ ਇਸ ਨੂੰ ਜੀਵਨ ਵਿਚ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਵਿਹਾਰਕ ਪੱਧਰ 'ਤੇ ਅਮਲ ਵਿੱਚ ਲਿਆਇਆ ਜਾਂਦਾ ਹੈ ਜੋ ਉਸਦੇ ਅੰਤਰੀਵ ਵਿਚ ਸਥਿਤ ਹੁੰਦਾ ਹੈ ਜੋ ਉਸਦੇ ਚੇਤੰਨ ਮਨ ਵਿਚ ਕਾਇਮ ਹੁੰਦਾ ਹੈ, ਉਹ ਧਰਮ ਬਣ ਜਾਂਦਾ।"**.4

ਮਨੁੱਖ ਦੇ ਸੰਪੂਰਨ ਆਪੇ ਤੋਂ ਭਾਵ ਕਿ ਸਾਡੀ ਹੋਂਦ ਤੋਂ ਉੱਤੇ ਵੀ ਕੋਈ ਅਜਿਹੀ ਸ਼ਕਤੀ ਹੈ ਜਿਸਦਾ ਸਾਡੇ ਉਤੇ ਅਧਿਕਾਰ ਹੈ ਜਿਸਦੇ ਅਹਿਸਾਸ ਨੂੰ ਕਈ ਵਾਰ ਅਸੀਂ ਮਹਿਸੂਸਦੇ ਨਹੀਂ। ਅਸੀਂ ਇਸ ਭਰਮ ਵਿਚ ਹੁੰਦੇ ਹਾਂ ਕਿ ਜੀਵਨ ਦੇ ਸਫ਼ਰ ਨੂੰ ਅਸੀ ਖ਼ੁਦ ਦਿਸ਼ਾ ਦੇ ਰਹੇ ਹਾਂ ਅਤੇ ਜ਼ਿੰਦਗੀ ਦੇ ਮੰਤਵਾਂ, ਮਨੋਰਥਾਂ ਨੂੰ ਅਸੀਂ ਬੜੀ ਯੋਜਨਾ ਨਾਲ ਤਲਾਸ਼ ਰਹੇ ਹਾਂ ਪਰ ਇਸ ਤਲਾਸ਼ ਦਾ ਸੁਭਾਅ ਯੋਜਨਾਮੂਲਕ ਆਪੇ ਦਾ ਨਹੀਂ ਹੁੰਦਾ। ਇਸਦਾ ਸੁਭਾਅ ਸਹਿਜ ਹੁੰਦਾ ਹੈ। ਧਰਮ ਦਾ ਰਸਤਾ ਜਾਂ ਸੁਭਾਅ ਐਸਾ ਹੁੰਦਾ ਹੈ ਜਿਸ ਰਾਹੀਂ ਜੀਵਨ ਇਕ ਕੇਂਦਰਬਿੰਦੂ ਬਣ ਜਾਂਦਾ ਹੈ ਕਿਉਂਕਿ ਇਹ ਤਲਾਸ਼ ਵਿਗਿਆਨਕ ਖੋਜ ਨਾਲੋਂ ਵੱਖਰੀ ਹੈ। ਇਸ ਤਲਾਸ਼ ਦਾ ਅਰਥ ਹੈ ਕਿ ਚੀਜ਼ਾਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ ਨਾ ਕਿ ਕਿਹੋ ਜਿਹੀਆਂ ਹਨ। ਇਹ ਖੋਜ ਵਿਆਖਿਆਤਮਕ ਦੀ ਥਾਂ ਤੇ ਨਿਰਦੇਸ਼ਾਤਮਕ ਹੁੰਦੀ ਹੈ। ਖੋਜ ਦੇ ਇਸ ਫ਼ਰਕ ਨੂੰ ਪਛਾਨਣ ਤੋਂ ਵਾਂਝੇ ਰਹਿਣ ਤੋਂ ਭਾਵ ਰੱਬ ਦੀ ਖੋਜ ਦਾ ਵਿਸ਼ਾ ਵੀ ਪਹੁੰਚ ਤੋਂ ਬਾਹਰ ਰਹਿ ਜਾਣਾ ਹੈ। ਇਸਦਾ ਨਤੀਜਾ ਇਹ ਹੋਵੇਗਾ ਕਿ ਸਾਡਾ ਆਪਣਾ ਸੰਸਾਰੀ ਤਜਰਬਾ ਹੀ ਸਾਡੇ ਉੱਤੇ ਹਾਵੀ ਰਹੇਗਾ। ਸਾਡੀ ਆਪਣੀ ਦ੍ਰਿਸ਼ਟੀ ਪ੍ਰਤੱਖ ਅਤੇ ਪਦਾਰਥਕ ਰਹਿ ਜਾਵੇਗੀ। ਪਰ ਜਦੋਂ ਅਸੀਂ ਕੁਦਰਤ ਵਿਚ ਇਕਸੁਰਤਾ ਅਤੇ ਤੱਥਾਂ ਵਿਚ ਸੂਖਮ ਤਵਾਜ਼ਨ ਅਤੇ ਤਾਲਮੇਲ ਦੇਖਦੇ ਹਾਂ ਜਿਸ ਰਾਹੀਂ ਜੀਵਨ ਅਤੇ ਸ੍ਰਿਸ਼ਟੀ ਸੰਭਵ ਹੈ ਤਾਂ ਫਿਰ ਅਜਿਹੀ ਆਲੋਕਿਕ ਸ਼ਕਤੀ ਦੀ ਹੋਂਦ ਭਾਸਦੀ ਹੈ ਜਿਸ ਰਾਹੀਂ ਇਸ ਸੰਸਾਰ ਦੀ ਰਚਨਾ ਹੋਈ ਹੈ। ਇਸ ਤਰ੍ਹਾਂ ਇਹੀ ਅੰਤਰਦ੍ਰਿਸ਼ਟੀ ਪ੍ਰਮਾਤਮਾ ਦੀ ਹੋਂਦ ਦੇ ਸਿੱਟੇ ਤੱਕ ਪਹੁੰਚਾਉਂਦੀ ਹੈ। ਡਾ. ਗੁਰਨਾਮ ਕੌਰ ਅਨੁਸਾਰ

"ਮਨੁੱਖ ਦਾ ਪਰਮਾਤਮਾ ਤੱਕ ਦਾ ਇਹ ਸਫ਼ਰ ਜਿਸ ਵਿਚ ਉਸ ਦਾ ਸਾਰਾ ਆਪਾ ਸ਼ਾਮਲ ਹੁੰਦਾ ਹੈ,ਨੂੰ ਹੀ ਇਲਹਾਮ ਕਹਿੰਦੇ ਹਨ। ਇਸ ਰਾਹੀਂ ਪਰਮਾਤਮਾ ਮਨੁੱਖ ਲਈ ਆਪਣੇ ਆਪ ਨੂੰ ਉਜਾਗਰ ਕਰਦਾ ਹੈ, ਪਰਗਟ ਕਰਦਾ ਹੈ। ਅਕਾਲ ਪੁਰਖ ਆਪਣੇ ਆਪ ਨੂੰ ਇਸ ਲਈ ਪਰਗਟ ਕਰਦਾ ਹੈ ਤਾਂ ਕਿ ਬਦਲੇ ਵਿਚ ਕੁਝ ਕਰੀਏ। ਇਸ ਤਰ੍ਹਾਂ ਸਾਡੀ ਸਮੱਸਿਆ ਆਪਣੇ ਖ਼ਿਆਲਾਂ ਨੂੰ ਅਕਾਲ ਪੁਰਖ ਤੇ ਲੱਦਣ ਦੀ ਨਹੀਂ ਸਗੋਂ ਅਕਾਲ ਪੁਰਖ ਦੇ ਪ੍ਰਗਟਾਵੇ ਨੂੰ ਸਮਝਣ ਦੀ ਅਤੇ ਜਾਨਣ ਦੀ ਹੈ। ਇਸ ਤਰ੍ਹਾਂ ਇਕ ਜਾਂ ਦੂਜੇ ਰੂਪ ਵਿਚ ਇਲਹਾਮ ਹਰ ਧਰਮ ਵਿਚ ਬੁਨਿਆਦੀ ਹੈ। ਇਲਹਾਮ ਅਕਾਲ ਪੁਰਖ ਦਾ ਆਪਣੇ ਆਪ ਨੂੰ ਪਰਗਟ ਕਰਨਾ ਹੈ ਤਾਂ ਜੋ ਬਦਲ ਵਿਚ ਮਨੁੱਖ ਅੰਦਰ ਵਿਸ਼ਵਾਸ ਪੈਦਾ ਹੋ ਸਕੇ।"5

ਪੂਰਬੀ ਪਰੰਪਰਾ ਅਨੁਸਾਰ ਖ਼ਾਸ ਕਰਕੇ ਹਿੰਦੂ ਧਰਮ ਅਨੁਸਾਰ ਬ੍ਰਹਮ ਜਾਂ ਪਰਮਸਤਿ ਆਪਣੇ ਆਪ ਨੂੰ ਚਾਰ ਤਰ੍ਹਾਂ ਨਾਲ ਪ੍ਰਗਟ ਕਰਦਾ ਹੈ।

**(ੳ) ਆਮ ਇਲਹਾਮ** -ਇਹ ਸੰਸਾਰ ਬ੍ਰਹਮ ਜਾਂ ਪਰਮਸਤਿ ਦਾ ਪਰਗਟ ਰੂਪ ਹੈ।

**(ਅ) ਵੈਦਿਕ ਇਲਹਾਮ** -ਹਰ ਸੰਸਾਰ ਚੱਕਰ ਦੇ ਸ਼ੁਰੂ ਵਿਚ ਈਸ਼ਵਰ ਵਲੋਂ ਵੇਦ ਪਰਗਟ ਕੀਤੇ ਜਾਂਦੇ ਹਨ।

**(ੲ) ਅਵਤਾਰਾਂ ਰਾਹੀਂ ਇਲਹਾਮ**-ਈਸ਼ਵਰ ਸਮੇਂ-ਸਮੇਂ ਧਰਮ ਦੀ ਸਥਾਪਨਾ ਲਈ ਅਵਤਾਰ ਧਾਰਦਾ ਹੈ।

**(ਸ) ਅਨੁਭੂਤੀ ਵਿਚ ਇਲਹਾਮ**-ਬ੍ਰਹਮ ਦਾ ਸਿੱਧਾ ਅਨੁਭਵ ਜੋ ਕਿ ਉਪਨਿਸ਼ਦਾਂ ਦੇ ਪਾਠ ਤੇ ਧਿਆਨ ਕਰਨ ਨਾਲ ਹੁੰਦਾ ਹੈ।

**ਸਿੱਖ ਧਰਮ ਚਿੰਤਨ ਵਿਚ ਇਲਹਾਮ:** ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਨਾਮ ਸਿਮਰਨ ਰਾਹੀਂ ਅਕਾਲ ਪੁਰਖ ਨਾਲ ਇਕਸੁਰ ਹੁੰਦਾ ਹੈ। ਸਿੱਖ ਧਰਮ ਵਿੱਚ ਇਲਹਾਮ ਦਾ ਸੰਕਲਪ ਅਨੋਖਾ ਹੈ। ਗੁਰੁ ਸਾਹਿਬਾਨਾਂ ਨੇ ਆਪਣੇ ਆਪ ਨੂੰ ਅਕਾਲ ਪੁਰਖ ਦੇ ਕਾਸਦ ਕਿਹਾ ਹੈ ਨਾ ਕਿ ਅਵਤਾਰ ਰੂਪ। ਉਹਨਾਂ ਅਵਤਾਰਵਾਦ ਦਾ ਖੰਡਨ ਕੀਤਾ। ਉਹਨਾਂ ਸ਼ਬਦ ਵਿਚ ਪ੍ਰਾਪਤ ਗਿਆਨ ਨੂੰ ਪ੍ਰਮਾਤਮਾਂ ਵਲੋਂ ਦਿੱਤਾ ਗਿਆਨ ਕਿਹਾ। ਗੁਰੁ ਸਾਹਿਬਾਨਾਂ ਨੂੰ ਸਤਿ ਦਾ ਇਲਹਾਮ ਹੋਇਆ। ਗੁਰੂਆਂ ਦਾ ਇਹ ਸਤਿ ਦਾ ਰਹੱਸਾਤਮਕ ਅਨੁਭਵ ਉਹਨਾਂ ਦੀ ਆਪਣੀ ਭਾਸ਼ਾ ਵਿਚ ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਪੇਸ਼ ਹੈ। ਇਸ ਅਨੁਭਵ ਦੇ ਸੰਕੇਤ ਬਾਣੀ ਤੋਂ ਇਲਾਵਾ ਜਨਮ-ਸਾਖੀਆਂ ਅਤੇ ਭਾਈ ਗੁਰਦਾਸ ਜੀ ਦੀ ਰਚਨਾਂ ਵਿਚ ਮਿਲ ਜਾਂਦੇ ਹਨ। ਇਸ ਸੰਦਰਭ ਵਿਚ 'ਵੇਈਂ ਨਦੀ ਪ੍ਰਵੇਸ਼' ਸਾਖੀ ਨੂੰ ਬਿਆਨ ਕੀਤਾ ਜਾ ਸਕਦਾ ਹੈ। ਇਸ ਸਾਖੀ ਵਿਚ ਦਸਿਆ ਗਿਆ ਹੈ ਕਿ ਗੁਰੁ ਨਾਨਕ ਦੇਵ ਜੀ ਨਦੀ ਵਿਚ ਤਿੰਨ ਦਿਨ ਸਮਾਧੀ ਸਥਿਤੀ ਵਿਚ ਅਪ੍ਰਤੱਖ ਰਹੇ ਅਤੇ ਮੰਨਿਆ ਜਾਂਦਾ ਹੈ ਕਿ ਗੁਰੁ ਜੀ ਦੀ ਪਰਮਸਤਿ ਤੱਕ ਪਹੁੰਚ ਸਦਕਾ ਅਕਾਲ ਪੁਰਖ ਦੇ ਦਰਸ਼ਨ ਹੋਏ। ਜਦੋਂ ਉਹ ਤੀਸਰੇ ਦਿਨ ਦਰਿਆ ਤੋਂ ਬਾਹਰ ਆਏ ਤਾਂ ਉਹਨਾਂ ਨੇ ਆਪਣਾ ਪਹਿਲਾ ਆਦੇਸ਼ ਦਿੱਤਾ "ਨ ਕੋ ਹਿੰਦੂ, ਨ ਮੁਸਲਮਾਨ।" ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਇਸ ਰਹੱਸਾਤਮਕ ਅਨੁਭਵ ਦਾ ਜ਼ਿਕਰ ਮਿਲਦਾ ਹੈ।

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ।।
ਰੇਤੁ ਅੱਕ ਆਹਾਰੁ ਕਰਿ, ਰੋੜਾ ਕੀ ਗੁਰ ਕੀਅ ਵਿਛਾਈ।।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।।
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।।1/24
ਗੁਰੁ ਗ੍ਰੰਥ ਸਾਹਿਬ ਵਿਚ ਵੀ ਇਹ ਅਦਭੁਤ ਅਨੁਭਵ ਦਰਜ਼ ਹੈ।
ਵਾਰ ਮਾਝ ਕੀ ਤਥਾ ਸਲੋਕ ਮਹਲਾ ਮਹਲਾ।
ਹਉ ਢਾਢੀ ਵੇਕਾਰੁ ਕਾਰੈ ਲਾਇਆ
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ
ਢਾਢ ਸਚੈ ਮਹਲਿ ਖਸਮਿ ਬੁਲਾਇਆ।।
ਸਚੀ ਸਿਫਿਤ ਸਾਲਾਹ ਕਪੜਾ ਪਾਇਆ
ਸਚਾ ਅੰਮ੍ਰਿਤ ਨਾਮੁ ਭੁਜਨੁ ਆਇਆ।।
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।।
ਢਾਢੀ ਕਰੇ ਪਸਾਉ ਸਬਦੁ ਵਜਾਇਆ।।
ਨਾਨਕ ਸਚੁ ਸਾਲਾਹਿ ਪੂਰਾ ਪਾਇਆ। (ਸ੍ਰੀ ਗੁਰੁ ਗ੍ਰੰਥ ਸਾਹਿਬ,ਪੰਨਾ 150)

ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਮੌਜੂਦ ਕੁਝ ਸ਼ਬਦ ਜਿਵੇਂ ਕਿ ਸਬਦਿ,ਗੁਰਬਾਣੀ, ਬਾਣੀ, ਦਰਿਸਟੁ,ਪਰਗਟ, ਪਰਗਾਸ, ਦਿਖਾਲਿਆ, ਕਹਣ, ਕਹਾਇ, ਜੋਤਿ, ਗਿਆਨ, ਬ੍ਰਹਮ-ਗਿਆਨ ਆਦਿ

ਗੁਰੂ ਜੀ ਦਾ ਹਰ ਮਨੁੱਖ ਲਈ ਇਹ ਫ਼ਰਮਾਨ ਹੈ ਕਿ ਸਤਿਗੁਰੂ ਦਾ ਸ਼ਬਦ ਹੀ ਅਟੱਲ ਸੱਚ ਹੈ। ਇਹ ਸ਼ਬਦ ਅਕਾਲ ਪੁਰਖ ਆਪ ਉਚਾਰਦਾ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ

ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।। (ਸ੍ਰੀ ਗੁਰੁ ਗ੍ਰੰਥ ਸਾਹਿਬ, ਪੰਨਾ 308) ਤੱਥ ਗੁਰੂ ਦੀ ਬਾਣੀ 'ਵਾਹੁ ਵਾਹੁ' ਹੈ। ਪਰਮ ਸਤਿ ਹੈ ਕਿਉਂਕਿ ਇਹ ਪੂਰੇ ਗੁਰੂ ਦੇ ਮੂੰਹੋਂ ਨਿਕਲਦੀ ਹੋਈ ਪਰਮ ਸਤਿ ਵਿਚ ਸਮਾ ਜਾਂਦੀ ਹੈ। ਪੂਰਨ ਗੁਰੂ ਅਕਾਲ ਪੁਰਖ ਵਲੋਂ ਸ਼ਬਦ ਦੀਆਂ ਬਖ਼ਸਮਰ ਸ਼ਿਸ਼ਾਂ ਨਿਵਾਜ਼ੀ ਅਤੇ ਸੰਵਾਰੀ ਸ਼ਖ਼ਸੀਅਤ ਹੈ। ਗੁਰੂ ਦੇ ਮੁਖਾਰਬਿੰਦ ਚੋਂ ਇਹ ਧੁਰੋਂ ਪ੍ਰਕਾਸ਼ ਹੋਈ ਬਾਣੀ ਵਿਚ ਅਜਿਹੀ ਸ਼ਕਤੀ ਹੈ ਜੋ ਸਭ ਤਰ੍ਹਾਂ ਦੀਆਂ ਚਿੰਤਾਵਾਂ ਤੋਂ ਛੁਟਕਾਰਾ ਦਵਉਂਦੀ ਹੈ। ਇਸ ਜ਼ਰੀਏ ਅਕਾਲ ਪੁਰਖ ਸਭਨਾਂ ਤੇ ਮਿਹਰ ਕਰਦਾ ਹੈ।

ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ। (ਸ੍ਰੀ ਗੁਰੁ ਗ੍ਰੰਥ ਸਾਹਿਬ,ਪੰਨਾ 628)

ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ। (ਸ੍ਰੀ ਗੁਰੁ ਗ੍ਰੰਥ ਸਾਹਿਬ, ਪੰਨਾ 628)

ਇਲਹਾਮ ਦਾ ਅਮਲ ਸਿੱਖ ਧਰਮ ਵਿਚ ਤਿੰਨ ਤਰ੍ਹਾਂ ਨਾਲ ਵਾਪਰਦਾ ਹੈ। ਪਹਿਲਾ ਕਿ ਗੁਰੁ ਸਾਹਿਬ ਨੂੰ ਪਰਮਸਤਿ (ਸ਼ਬਦ) ਦੇ ਪ੍ਰਗਟਾਅ ਦਾ ਰਹਸਾਤਮਕ ਅਨੁਭਵ ਬ੍ਰਹਮ ਨਾਲ ਸਿੱਧੇ

ਸੰਪਰਕ ਵਿਚ ਹੁੰਦਾ ਹੈ ਫਿਰ ਗੁਰੁ ਸਾਹਿਬ ਇਸ ਸ਼ਬਦ ਦਾ ਸੰਚਾਰ ਸਿੱਖ ਨੂੰ ਕਰਦਾ ਹੈ। ਇਹ ਆਮ ਇਲਹਾਮ ਹੈ। ਫਿਰ ਗੁਰਮੁਖ ਜਾਂ ਬ੍ਰਹਮ ਗਿਆਨੀ ਨੂੰ ਇਹ ਅਲੌਕਿਕ ਅਨੁਭਵ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾਂਦਾ ਹੈ। ਪਰਮਸਤਿ ਦਾ ਇਹ ਅਨੁਭਵ ਗੁਰੁ ਦੀ ਕਿਰਪਾ ਨਾਲ ਸੰਭਵ ਹੁੰਦਾ ਹੈ ਪਰਮਾਤਮਾ ਅਤੇ ਬ੍ਰਹਮ ਗਿਆਨੀ ਦੇ ਅਭੇਦ ਮੇਲ ਤੋਂ ਬਾਅਦ ਗੁਰੂ ਇਹਨਾਂ ਵਿਚਕਾਰ ਨਹੀਂ ਰਹਿੰਦਾ। ਬ੍ਰਹਮ ਗਿਆਨੀ ਆਪ ਹੀ ਸ਼ਬਦ ਦਾ ਅਨੁਭਵ ਕਰਦਾ ਹੈ ਜਿਸ ਪਰਮਸਤਿ ਜਾਂ ਸ਼ਬਦ ਦਾ ਸੰਚਾਰ ਗੁਰੂ ਸਾਹਿਬ ਨੂੰ ਪਰਮਾਤਮਾ ਵਲੋਂ ਹੋਇਆ ਅਤੇ ਉਹਨਾਂ ਨੇ ਅਗੋਂ ਗੁਰਸਿੱਖਾਂ ਨੂੰ ਸੁਣਾਇਆ ਇਸ ਦੇ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ।

ਜੈਸੀ ਮੈ ਆਵੇ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨੁ ਵੇ ਲਾਲੋ । (ਸ੍ਰੀ ਗੁਰੁ ਗ੍ਰੰਥ ਸਾਹਿਬ,ਪੰਨਾ 722)

ਗੁਰੂ ਜੀ ਫਰਮਾਉਂਦੇ ਹਨ ਕਿ ਉਹਨਾਂ ਨੇ ਆਪਣੇ ਕੋਲੋਂ ਕੁਝ ਨਹੀਂ ਕਿਹਾ ਜੋ ਕੁਝ ਪ੍ਰਾਪਤ ਹੋਇਆ ਹੈ ਉਹ ਪਾਰਬ੍ਰਹਮ ਦੇ ਹੁਕਮ ਅੰਦਰ ਹੈ।

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ

ਸਭੁ ਹੁਕਮਾਉ ਜੀਉ।। (ਸ੍ਰੀ ਗੁਰੁ ਗ੍ਰੰਥ ਸਾਹਿਬ,ਪੰਨਾ 763)
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ। (ਸ੍ਰੀ ਗੁਰੁ ਗ੍ਰੰਥ ਸਾਹਿਬ,ਪੰਨਾ 420)

**ਸਿੱਖ ਚਿੰਤਨ ਵਿਚ ਇਲਹਾਮ ਦਾ ਪ੍ਰਭਾਵ**

ਸਿੱਖ ਧਰਮ ਚਿੰਤਨ ਵਿਚ ਬਾਣੀ ਪਰਮਾਤਮਾ ਦਾ ਇਲਹਾਮ ਹੈ। ਪਰਮਾਤਮਾ ਦੇ ਪ੍ਰਗਟਾਵੇ ਦੀ ਜੁਗਤ ਹੈ। ਜਪੁਜੀ ਸਾਹਿਬ ਵਿਚ ਖੰਡਾਂ ਦੀਆਂ ਪਉੜੀਆਂ ਵਿਚ ਮਨੱਖ ਦੀ ਅਧਿਆਤਮਕ ਉਨਤੀ ਲਈ ਪੜਾਵਾਂ ਦਾ ਜ਼ਿਕਰ ਹੈ। ਸਰਮਖੰਡ ਪ੍ਰਮਾਤਮਾ ਦੇ ਇਲਹਾਮ ਦੀ ਜੁਗਤ ਹੈ। ਕਰਮਖੰਡ ਵਿਚ ਪ੍ਰਮਾਤਮਾ ਆਪਣੇ ਆਪ ਨੂੰ ਸ਼ਕਤੀ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਜਿਥੇ ਉਸ ਤੋਂ ਬਿਨ੍ਹਾਂ ਕੋਈ ਹੋਰ ਨਜ਼ਰ ਨਹੀਂ ਆਉਂਦਾ। ਉਹ ਜਗਿਆਸੂ ਨੂੰ ਪੂਰਨਤਾ ਵਿਚ ਪਰਗਟ ਹੁੰਦਾ ਹੈ ਅਤੇ ਉਸ ਅੰਦਰੋਂ ਅਗਿਆਨਤਾ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ ਅਤੇ ਸਾਰੇ ਭਰਮ ਮਿਟ ਜਾਂਦੇ ਹਨ। ਮਨੁੱਖ ਸੰਸਾਰਕ ਵਾਸ਼ਨਾਵਾਂ ਦੀ ਸਥਿਤੀ ਵਿਚ ਵੀ ਅਕਾਲ ਪੁਰਖ ਦੀ ਸਰਬਵਿਆਪਕਤਾ ਨੂੰ ਅਨੁਭਵ ਕਰਦਾ ਹੈ ਇਸ ਅਵਸਥਾ ਵਿਚ ਅਪਰਗਟ ਵੀ ਪਰਗਟ ਹੋ ਜਾਂਦਾ ਹੈ।

ਸਿੱਖ ਧਰਮ ਚਿੰਤਨ ਅਨੁਸਾਰ ਭਾਰਤੀ ਪੁਰਾਣਿਕ ਵੇਦ ਗ੍ਰੰਥਾਂ ਵਿਚ ਜੋ ਊਚ-ਨੀਚ, ਜਾਤ-ਪਾਤ, ਛੂਤ -ਛਾਤ, ਵਰਗ ਵੰਡ ਅਧਾਰਿਤ ਕਰਮ, ਧਰਮ, ਨਰਕ-ਸੁਅਰਗ ਦੇ ਸੰਕਲਪ ਨਿਸ਼ਚਿਤ ਸਨ। ਉਹਨਾਂ ਮਾਨਵਵਿਰੋਧੀ ਸੰਕਲਪਾਂ ਅਤੇ ਸਿਧਾਂਤਾਂ ਨੂੰ ਗੁਰਬਾਣੀ ਰਾਹੀਂ ਨਿਖੇਦਿਆ ਗਿਆ ਅਤੇ ਕੁਲ ਲੋਕਾਈ ਨੂੰ ਬਰਾਬਰਤਾ,ਨਿਰਸਵਾਰਥ ਮਾਨਵ ਸੇਵਾ ਦੇ ਨਾਲ-ਨਾਲ, ਸ਼ਰਧਾ, ਦਿਆਲਤਾ ਆਪਸੀ ਪ੍ਰੇਮ ਭਾਵ, ਏਕਤਾ ਅਤੇ ਅਨੁਸ਼ਾਸਨ ਬਣਾਈ ਰੱਖਣ ਦਾ ਸੁਨੇਹਾ ਦਿੱਤਾ। ਗਿਆਨ ਅਤੇ ਸਹੀ ਦਿਸ਼ਾ ਮਨੁੱਖ ਦੇ ਚਾਲ-ਚਲਣ ਨੂੰ ਰੂਪ ਦਿੰਦੇ ਹਨ। ਪ੍ਰਮਾਤਮਾ ਵਲੋਂ ਸਤਿ

ਦੇ ਸੰਚਾਰ ਪ੍ਰਤੀ ਵਚਨਬੱਧ ਜੀਵਨ ਜਿਉਣ ਲਈ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ-ਨਾਲ ਤਰਕਸ਼ੀਲ ਸਮਝ ਵੀ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਲਹਾਮ ਅਤੇ ਤਰਕਸ਼ੀਲਤਾ ਦੀ ਸਹਿ ਮੌਜੂਦਗੀ ਇਸ ਨੂੰ ਵਿਗਿਆਨਕ ਰੂਪ ਦਿੰਦੀ ਹੈ।

**ਇਲਹਾਮ ਤੋਂ ਪ੍ਰਾਪਤ ਸ਼ਬਦ ਦਾ ਉਦੇਸ਼:**

ਸਿੱਖ ਧਰਮ ਇਕ ਵਿਹਾਰਿਕ ਧਰਮ ਹੈ ਜੋ ਕਰਮ ਅਧਾਰਿਤ ਹੈ ਅਤੇ ਆਪਣੇ ਵਿਸ਼ਵਾਸੀਆਂ ਨੂੰ ਸਿਰਫ਼ ਸ਼ਬਦ ,ਪੂਜਾ, ਆਸਥਾ ਭਾਵਨਾਵਾਂ ਨਾਲ ਹੀ ਨਹੀਂ ਜੋੜਦਾ ਹੈ ਸਗੋਂ ਨਿਰਸਵਾਰਥ ਸੇਵਾ ਦੇ ਕੰਮਾਂ ਦੁਆਰਾ ਵੀ ਪ੍ਰਮਾਤਮਾ ਦੇ ਨਾਮ ਚਿੰਤਨ ਵੱਲ ਵੀ ਉਤਸ਼ਾਹਿਤ ਕਰਦਾ ਹੈ। ਇਹ ਚਿੰਤਨਸ਼ੀਲ ਕਿਰਿਆਸ਼ੀਲ ਅਧਿਅਤਮਕਤਾ ਨਾਲ ਜੋੜਦਾ ਹੈ ਅਤੇ ਦ੍ਰਿੜਤਾ ਨਾਲ ਦਾਅਵਾ ਕਰਦਾ ਹੈ ਕਿ ਪ੍ਰਮਾਤਮਾ ਰੂਪੀ ਸੱਚ ਸਭ ਵਿਚ ਵਸਦਾ ਹੈ। ਇਸ ਲਈ ਹਰ ਕਿਰਿਆ ਹਰ ਸਿਰਜਨਾ ਪਵਿੱਤਰ ਹੈ। ਸਿੱਖ ਧਰਮ ਦੀਆਂ ਕਿਰਿਆਵਾਂ ਅਤੇ ਵਿਸ਼ਵਾਸ ਗੁਰੂ ਨਾਨਕ ਦੁਆਰਾ ਅਤੇ ਪਿਛਲੇਰੇ ਗੁਰੂਆਂ ਦੀ ਸਖ਼ਤ ਮਿਹਨਤ ਦੁਆਰਾ ਅਨੁਭਵ ਕੀਤੇ ਇਲਹਾਮ ਦਾ ਫ਼ਲ ਹਨ ਜੋ ਨਾ ਸਿਰਫ਼ ਧਰਮ ਗ੍ਰੰਥ ਵਿਚ ਦਰਜ਼ ਹਨ ਸਗੋਂ ਸਿੱਖ ਸਭਿਆਚਾਰ ਵਿੱਚ ਵਿਹਾਰਕ ਪੱਧਰ'ਤੇ ਸ਼ਾਮਿਲ ਹਨ ਸਿੱਖ ਧਰਮ ਦੇ ਇਹ ਤਿੰਨ ਬੁਨਿਆਦੀ ਸਿਧਾਂਤ ਹੇਠ ਲਿਖੇ ਹਨ।

ਨਾਮ ਜਪਣਾ: ਸਿਮਰਨ ਦੁਆਰਾ ਪ੍ਰਮਾਤਮਾ ਨੂੰ ਯਾਦ ਕਰਨਾ
ਕਿਰਤ ਕਰੋ: ਇਕ ਇਮਾਨਦਾਰ ਜੀਵਨ ਕਮਾਉਣਾ

ਵੰਡ ਛਕੋ: ਨਿਰਸਵਾਰਥ ਦੁਸਰਿਆਂ ਦੀ ਸੇਵਾ ਕਰਨਾ ਅਤੇ ਆਮਦਨੀ ਦੇ ਸਰੋਤ ਸਾਂਝੇ ਕਰਨੇ

ਸਿੱਖ ਧਰਮ ਚਿੰਤਨ ਅਵਤਾਰਵਾਦ ਦਾ ਖੰਡਨ ਕਰਦਾ ਹੈ। ਪ੍ਰਮਾਤਮਾ ਕਿਸੇ ਪ੍ਰੱਤਖ ਜਾਮੇ ਵਿਚ ਅਵਤਾਰ ਨਹੀਂ ਧਾਰਦਾ ।ਉਹ ਦੇਹ ਰਹਿਤ, ਅਕਾਲ, ਅਜੂਨੀ, ਅਸੀਮ ਅਤੇ ਅਬਿਨਾਸੀ ਹੈ।

ਪ੍ਰਮਾਤਮਾ ਨੇ ਆਪਣੇ ਆਪੇ ਤੋਂ ਬ੍ਰਹਿਮੰਡ ਦੀ ਰਚਨਾ ਕੀਤੀ ਹੈ।ਅਕਾਲ ਪੁਰਖ ਆਪਣੇ ਹੁਕਮਾਂ ਰਾਹੀਂ ਆਪਣੇ ਆਪੇ ਨੂੰ ਕੁਦਰਤ ਵਿਚ ਪ੍ਰਗਟ ਕਰਦਾ ਹੈ।ਇਸ ਸੰਸਾਰ ਵਿਚ ਉਹ ਸ਼ਬਦ ਰੂਪ ਹੋ ਕੇ ਸਮਾਇਆ ਹੈ ਭਾਵ ਇਸ ਸੰਸਾਰ ਦਾ ਉਹ ਆਪ ਸਿਰਜਨਹਾਰ ਹੈ। ਇਸ ਲਈ ਗੁਰਬਾਣੀ ਮਨੁੱਖ ਨੂੰ ਸੰਸਾਰ ਦਾ ਤਿਆਗ ਕਰਨ ਤੋਂ ਵਰਜਦੀ ਹੈ ਅਤੇ ਸੰਸਾਰੀ ਰਹਿ ਕੇ ਭਗਤੀ ਵਿਚ ਲੀਨ ਰਹਿਣ ਦਾ ਸੰਦੇਸ਼ ਦਿੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਸਿੱਖ ਧਰਮ ਚਿੰਤਨ ਵਿਚ ਇਲਹਾਮ ਦਾ ਸੰਕਲਪ ਅਤੇ ਸਿਧਾਂਤ ਬਿਲਕੁਲ ਵਿਲੱਖਣ ਹੈ ਜਿਸਦਾ ਮੰਤਵ ਸਰਬੱਤ ਦੇ ਭਲੇ ਲਈ ਵਿਚਰਨਾ ਹੈ। ਆਪ ਤਰਨਾ ਅਤੇ ਦੂਜਿਆਂ ਨੂੰ ਤਾਰਨਾ ਹੈ। ਇਹ ਕਠਿਨ ਸਤਿ ਹੈ ਜਿਸ ਤੱਕ ਪਹੁੰਚਣ ਲਈ ਮਨੁੱਖ ਨੂੰ ਨਿਰੰਤਰ ਉੱਦਮ ਕਰਨਾ ਪੈਂਦਾ ਹੈ।

## ਪੁਸਤਕਾਂ

1. S. Radhakrishanan, An Idealist View of Life, George Allen and Urvin, Bombay, 1976 p. 105
2. ਡਾ. ਰਤਨ ਸਿੰਘ ਜੱਗੀ (ਸੰਪਾਦਕ) ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
3. Degobert D. Runes, The Dictionary of Philosophy, Bombay 1, Jaico Publishing House, 1957, p. 271
4. Dr. Gopal Singh, Siri Guru Grant'h Sahib into English 1960. Volume-Two The 'International Edition' published by the World Sikh University Press , 1978
5. Dr.Gurnam Kaur, Reasons and Revelation in Sikhism, Cosmo Publications, Daryaganj, Delhi. Pg. 10

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਪੀਸੀਐੱਮ ਐੱਸ.ਡੀ. ਕਾਲਜ ਫ਼ਾਰ ਵੂਮੈਨ,
ਜਲੰਧਰ।

# ਜੰਮੂ ਕਸ਼ਮੀਰ ਦਾ ਪੌਣ ਪਾਣੀ

**❑ ਹਰਜੀਤ ਸਿੰਘ ਉੱਪਲ**

ਸਾਡੀ ਧਰਤੀ, ਪੂਰੇ ਸੂਰਜ ਮੰਡਲ ਵਿੱਚ ਇੱਕ ਬੇਹੱਦ ਖ਼ੂਬਸੂਰਤ ਗ੍ਰਹਿ ਹੈ। ਜਿੱਥੇ ਜੀਵਨ ਆਪਣੇ ਭਰਪੂਰ ਜੋਬਨ ਤੇ ਖਿੜਦਾ ਹੈ। ਸਾਡੀ ਧਰਤੀ ਦੇ ਚੁਗਿਰਦ ਲਗਭੱਗ ਦਸ ਕਿਲੋਮੀਟਰ ਤਕ ਫੈਲਿਆ ਹੋਇਆ ਵਾਯੂਮੰਡਲ ਜਾਂ ਭੂਮੰਡਲ ਹੈ। ਇਹ ਵਾਯੂਮੰਡਲ ਸਮੁੱਚੇ ਤੌਰ ਤੇ ਗੈਸਾਂ ਦਾ ਮਿਸ਼ਰਣ (ਆਕਸੀਜਨ, ਨਾਈਟਰੋਜਨ, ਹੀਲੀਅਮ ਅਤੇ ਨੀਓਨ ), ਪਾਣੀ ਦੀ ਨਮੀ ਅਤੇ ਮਿੱਟੀ ਦੇ ਛੋਟੇ ਛੋਟੇ ਕਣਾਂ ਦਾ ਬਣਿਆ ਹੋਇਆ ਹੈ। ਸੂਰਜ ਦੀਆਂ ਘਾਤਕ ਕਿਰਨਾਂ ਤੋਂ ਵੀ ਇਹੀ ਵਾਯੂਮੰਡਲ ਸਾਨੂੰ ਬਚਾਉਂਦਾ ਹੈ। ਬੱਦਲਾਂ ਦੀ ਗੜਗੜਾਹਟ ਅਤੇ ਬਿਜਲੀ ਦੀਆਂ ਚਮਕਾਰਾਂ ਵੀ ਅਸੀਂ ਇਸੇ ਵਾਯੂਮੰਡਲ ਕਰਕੇ ਵੇਖ ਪਾਉਂਦੇ ਹਾਂ। ਸਾਡੇ ਆਲੇ ਦੁਆਲੇ ਫੈਲੇ ਇਸ ਵਾਯੂਮੰਡਲ ਵਿੱਚ ਧਰਤੀ, ਹਵਾ ਅਤੇ ਪਾਣੀ ਦੇ ਜੀਵਨ-ਦਾਇਕ ਸੁਮੇਲ ਕਰਕੇ ਹੀ ਸਾਡੀ ਧਰਤੀ ਇੰਨੀ ਹਰੀ ਭਰੀ, ਖ਼ੂਬਸੂਰਤ ਅਤੇ ਜੀਵਨਯੋਗ ਹੈ ਅਤੇ ਇਸ ਉੱਤੇ ਜੀਵ ਜੰਤੂ, ਬਨਸਪਤੀ ਅਤੇ ਸਮੁੰਦਰੀ ਜੀਵਨ ਆਪਣੇ ਭਰਪੂਰ ਜੋਬਨ ਤੇ ਖਿੜਦੇ ਹਨ। ਧਰਤੀ, ਹਵਾ ਅਤੇ ਪਾਣੀ ਦੇ ਇਸੇ ਜੀਵਨ ਦੇ

ਇਕ ਸੁਮੇਲ ਦਾ ਹਵਾਲਾ ਬਾਬਾ ਨਾਨਕ ਇਉਂ ਦਿੰਦੇ ਹਨ:
"ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ"
ਅਤੇ ਕੁਦਰਤ ਦੇ ਇਸੇ ਜੀਵੰਤ ਰੂਪ ਵਿੱਚ ਪ੍ਰਭੂ ਆਪ ਵਿਦਮਾਨ ਹੈ:
"ਬਲਿਹਾਰੀ ਕੁਦਰਤਿ ਵਸਿਆ"

ਧਰਤੀ ਦੇ ਚਹੁੰ ਪਾਸੀਂ ਫੈਲੇ ਇਸ ਵਾਯੂਮੰਡਲ ਦੇ ਅੰਦਰ ਅਤੇ ਧਰਤੀ ਮਾਂ ਦੀ ਹਿੱਕ ਤੇ ਸਥਿੱਤ ਵੱਖੋ ਵੱਖ ਸਥਾਨਾਂ ਦੇ ਪੌਣਪਾਣੀ ਜਾਂ ਜਲਵਾਯੂ ਭਿੰਨ ਭਿੰਨ ਹਨ। ਮੌਸਮਾਂ ਦੀ ਇਹ ਭਿੰਨਤਾ, ਸਥਾਨਾਂ ਦੀ ਭੁਗੋਲਿਕ ਸਥਿੱਤੀ ਅਤੇ ਧਰਤੀ ਦੀ ਉਪਰਲੀ ਸਤਹ ਦਾ ਮੈਦਾਨੀ, ਪਹਾੜੀ ਜਾਂ ਨੀਮ ਪਹਾੜੀ ਹੋਣ ਤੇ ਨਿਰਭਰ ਕਰਦੀ ਹੈ। ਪ੍ਰਿਥਵੀ ਤੇ ਵੱਸਦੇ ਦੇਸ਼ਾਂ, ਦੇਸ਼ਾਂ ਵਿੱਚ ਸਥਿੱਤ ਪ੍ਰਾਤਾਂ, ਸਮੁੰਦਰਾਂ ਅਤੇ ਸਮੁੰਦਰਾਂ ਵਿੱਚ ਲਹਿਲਹਾਉਂਦੇ ਟਾਪੂਆਂ ਆਦਿ ਉੱਤੇ ਬਦਲਦੀਆਂ ਰੁੱਤਾਂ ਅਤੇ ਮੌਸਮਾਂ ਨੂੰ ਹੀ ਉਨ੍ਹਾਂ ਸਥਾਨਾਂ ਦਾ ਪੌਣਪਾਣੀ ਜਾਂ ਜਲਵਾਯੂ ਕਿਹਾ ਜਾਂਦਾ ਹੈ।

ਉਪ੍ਰੋਕਤ ਜਾਣਕਾਰੀ ਤੋਂ ਬਾਅਦ, ਅੱਜ ਅਸੀਂ, ਆਪਣੇ ਦੇਸ਼ ਭਾਰਤਵਰਸ਼ ਦੇ ਉੱਤਰ ਵਿੱਚ ਸਥਿੱਤ ਕੇਂਦਰੀ-ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਦੇ ਪੌਣਪਾਣੀ ਜਾਂ ਜਲਵਾਯੂ ਦਾ ਵਿਸਤਾਰ

ਪੂਰਵਕ ਵਰਨਣ ਕਰਾਂਗੇ। ਜਿਵੇਂ ਕਿ ਅਸੀਂ ਉੱਪਰ ਇਹ ਪੜ੍ਹ ਚੁੱਕੇ ਹਾਂ ਕਿ ਪ੍ਰਿਥਵੀ ਤੇ ਕਿਸੇ ਵੀ ਜਗ੍ਹਾ ਦਾ ਜਲਵਾਯੂ ਉਸ ਜਗ੍ਹਾ ਦੀ ਸਮੁੰਦਰ ਤੋਂ ਉਚਾਈ ਅਤੇ ਉਸ ਸਥਾਨ ਦੀ ਉਪਰਲੀ ਸਤਹ ਦੀ ਕਿਸਮ ( ਮੈਦਾਨੀ, ਪਹਾੜੀ ਜਾਂ ਨੀਮ ਪਹਾੜੀ ) ਸਫਾ-2

ਅਤੇ ਝੀਲਾਂ, ਦਰਿਆਵਾਂ, ਨਦੀਆਂ ਅਤੇ ਕੱਸੀਆਂ ਕੂਲਾਂ ਦੀ ਹੋਂਦ ਜਾਂ ਅਣਹੋਂਦ ਤੇ ਨਿਰਭਰ ਕਰਦਾ ਹੈ। ਇਸ ਲਈ ਸਾਨੂੰ ਜੰਮੂ ਕਸ਼ਮੀਰ ਦੇ ਜਲਵਾਯੂ ਦਾ ਵਿਸਤਾਰ ਪੂਰਵਕ ਅਧਿਅਨ ਕਰਨ ਲਈ ਉੱਪਰ ਦੱਸੇ ਸਾਰੇ ਮਾਪਦੰਡਾਂ ਨੂੰ ਮੁੱਖ ਰੱਖ ਕੇ ਜੰਮੂ ਕਸ਼ਮੀਰ ਜਿਹੇ ਪਹਾੜੀ ਅਤੇ ਨੀਮ ਪਹਾੜੀ ਖੇਤਰ ਨੂੰ ਪਰਖਣਾ ਹੋਵੇਗਾ।

ਜੰਮੂ ਕਸ਼ਮੀਰ ਨੂੰ ਭਾਰਤ ਦਾ ਸਿਰਤਾਜ ਕਿਹਾ ਜਾਂਦਾ ਹੈ। ਇਹ ਰੁਤਬਾ ਇਸ ਨੂੰ ਇਸ ਦੀ ਭੁਗੋਲਿਕ ਸਥਿੱਤੀ ਕਰਕੇ ਪ੍ਰਾਪਤ ਹੈ ਕਿਉਂਕਿ ਇਹ ਕੇਂਦਰੀ ਸ਼ਾਸਤ ਪ੍ਰਦੇਸ਼ ਭਾਰਤ ਦੇ ਸਿਖਰ ਉੱਪਰ, ਉੱਤਰ ਦਿਸ਼ਾ ਵਿੱਚ ਸੁਭਾਏਮਾਨ ਹੈ। ਪੰਜ ਅਗਸਤ 2019 ਤੋਂ ਪਹਿਲਾਂ ਜੰਮੂ ਕਸ਼ਮੀਰ ਇੱਕ ਪੂਰਨ ਰਾਜ ( ਪ੍ਰਾਂਤ) ਸੀ ਅਤੇ ਇਸ ਵਿੱਚ ਤਿੰਨ ਡਿਵੀਜਨਾਂ (ਸੂਬੇ) ਸਨ: ਪਹਿਲਾ ਜੰਮੂ, ਦੂਜਾ ਕਸ਼ਮੀਰ ਅਤੇ ਤੀਜਾ ਲੱਦਾਖ। ਹੁਣ ਇਹ ਇੱਕ ਕੇਂਦਰੀ ਸ਼ਾਸਤ ਪ੍ਰਦੇਸ਼ ਹੈ ਜਿਸ ਵਿੱਚ ਦੋ ਸੂਬੇ ਜੰਮੂ ਅਤੇ ਕਸ਼ਮੀਰ ਹਨ। ਜੰਮੂ ਕਸ਼ਮੀਰ ਯੂਨੀਅਨ ਟੈਰੀਟੋਰੀ ਆਪਣੀ ਵਿਲੱਖਣ ਭੁਗੋਲਿਕ ਸਥਿਤੀ ਕਰਕੇ ਆਪਣੀ ਨਵੇਕਲੀ ਪਛਾਣ ਰੱਖਦੀ ਹੈ। ਇਸ ਦੇ ਉੱਤਰ ਵਿੱਚ ਚੀਨ ਹੈ, ਪੂਰਬ ਵਿੱਚ ਤਿੱਬਤ ਦਾ ਪਠਾਰ ਹੈ, ਦੱਖਣ ਵਿੱਚ ਸਾਡੇ ਦੇਸ਼ ਦੇ ਦੋ ਪ੍ਰਾਂਤ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਹਨ ਅਤੇ ਪੱਛਮ ਵਾਲੇ ਪਾਸੇ ਸਾਡਾ ਗੁਆਂਢੀ ਮੁਲਕ ਪਾਕਿਸਤਾਨ ਹੈ।

ਜੰਮੂ ਕਸ਼ਮੀਰ ਵਿੱਚ ਬਹੁਤ ਖ਼ੂਬਸੂਰਤ ਅਤੇ ਮਨਮੋਹਕ ਵਾਦੀਆਂ ਹਨ ਜੋ ਇਸ ਖਿੱਤੇ ਨੂੰ ਇੱਕ ਖ਼ਾਸ ਦਰਜੇ ਨਾਲ ਨਿਵਾਜ਼ਦੀਆਂ ਹਨ। ਜਿਵੇਂ ਕਿ:

1. ਜੰਮੂ ਵਿੱਚ ਤਵੀ ਵਾਦੀ
2. ਡੋਡਾ, ਭਦਰਵਾਹ ਵਿੱਚ ਚਨਾਬ ਵਾਦੀ
3. ਪੁੰਛ ਵਾਦੀ
4. ਲਿੱਦੜਵਾਦੀ ਪਹਿਲਗਾਮ ਅਤੇ
5. ਕਸ਼ਮੀਰ ਵਾਦੀ

ਜੰਮੂ ਕਸ਼ਮੀਰ ਦਰਿਆਵਾਂ, ਝੀਲਾਂ ਅਤੇ ਝਰਨਿਆਂ ਨਾਲ ਸਰਸ਼ਾਰ ਇਲਾਕਾ ਹੈ। ਹੇਠ ਲਿਖੇ ਮੁੱਖ ਦਰਿਆ ਇਸ ਦੀ ਜ਼ਮੀਨ ਨੂੰ ਆਪਣੇ ਸ਼ੀਤਲ ਪਾਣੀਆਂ ਨਾਲ ਸਿੰਜਦੇ ਹੋਏ ਇਸ ਦੇ ਵਿੱਚੋਂ ਹੋ ਕੇ ਗ਼ੁਜ਼ਰਦੇ ਹਨ:

1. ਦਰਿਆ ਜਿਹਲਮ

ਇਹ ਦਰਿਆ ਕਸ਼ਮੀਰ ਵਾਦੀ ਦਾ ਮੁੱਖ ਦਰਿਆ ਹੈ ਕਸ਼ਮੀਰ ਵਾਦੀ ਦੀ ਸੁੰਦਰਤਾ ਅਤੇ ਇਥੇ ਦੇ ਪੌਣਪਾਣੀ ਨੂੰ ਸੁਹਾਵਨਾ ਬਣਾਉਂਦਾ ਹੈ। ਜਿਹਲਮ ਸ੍ਰੀਨਗਰ ਸ਼ਹਿਰ ਦੇ ਵਿੱਚੋਂ ਹੋ ਕੇ ਨਿਕਲਦਾ ਹੈ ਅਤੇ ਇੱਥੇ ਆਉਣ ਵਾਲੇ ਸੈਲਾਨੀਆਂ ਲਈ ਆਕਰਸ਼ਣ ਦਾ ਮੁੱਖ ਕੇਂਦਰ ਹੈ।ਸਫਾ-3

2. ਦਰਿਆ ਸਿੰਧ

ਇਹ ਦਰਿਆ ਲੱਦਾਖ ਵਾਲੇ ਪਾਸਿਓਂ ਕਸ਼ਮੀਰ ਵਾਦੀ ਵਿੱਚ ਪ੍ਰਵੇਸ਼ ਕਰਦਾ ਹੈ।

3. ਦਰਿਆ ਚਨਾਬ

ਇਹ ਦਰਿਆ ਹਿਮਾਲਿਆ ਪਰਬਤਾਂ ਚੋਂ ਉਤਰਦਾ ਹੋਇਆ ਜੰਮੂ ਸੂਬੇ ਵਿੱਚੋਂ ਹੁੰਦਿਆਂ ਕਿਸ਼ਤਵਾੜ, ਡੋਡਾ, ਬਟੋਤ ਅਤੇ ਰਿਆਸੀ ਵਲੋਂ ਹੋ ਗੁਜ਼ਰਦਾ ਹੈ ਅਤੇ ਜੰਮੂ ਦੇ ਬਹੁਤੇਰੇ ਜ਼ਿਲ੍ਹਿਆਂ ਦੇ ਪੌਣਪਾਣੀ ਤੇ ਅਸਰ ਕਰਦਾ ਹੈ।

4. ਦਰਿਆ ਤਵੀ

ਤਵੀ ਦਰਿਆ ਜੰਮੂ ਸ਼ਹਿਰ ਵਿੱਚੋਂ ਵਗਦਾ ਹੋਇਆ ਜੰਮੂ ਦੇ ਮੈਦਾਨੀ ਇਲਾਕਿਆਂ ਨੂੰ ਸਿੰਜਦਾ, ਜੰਮੂ ਸ਼ਹਿਰ ਦੀ ਰੌਣਕ ਵਧਾਉਂਦਾ ਹੋਇਆ ਪਾਕਿਸਤਾਨ ਵੱਲ ਚਲਾ ਜਾਂਦਾ ਹੈ। ਜੰਮੂ ਕਸ਼ਮੀਰ ਜਿੱਥੇ ਦਰਿਆਵਾਂ, ਨਦੀਆਂ ਅਤੇ ਝਰਨਿਆਂ ਨਾਲ ਮਾਲਾਮਾਲ ਖਿੱਤਾ ਹੈ ਉੱਥੇ ਹੀ ਇੱਥੇ ਨਿਮਨਲਿਖਤ ਝੀਲਾਂ ਇਸ ਦੀ ਮਨਮੋਹਕਤਾ ਨੂੰ ਹੋਰ ਚਾਰ ਚੰਨ ਲਗਾਉਂਦੀਆਂ ਹਨ:

1. ਡਲ ਝੀਲ

ਇਹ ਸ੍ਰੀਨਗਰ ਸ਼ਹਿਰ ਵਿੱਚ ਸਥਿੱਤ ਤਾਜੇ ਪਾਣੀ ਦੀ ਵਿਸ਼ਾਲ ਝੀਲ ਹੈ ਅਤੇ ਜਿਹਲਮ ਦਰਿਆ ਨਾਲ ਮਿਲ ਕੇ ਬਹੁਤ ਰਮਣੀਕ ਨਜ਼ਾਰਾ ਪੇਸ਼ ਕਰਦੀ ਹੈ। ਸੈਲਾਨੀਆਂ ਲਈ ਇਹ ਖਿੱਚ ਦਾ ਮੁੱਖ ਕੇਂਦਰ ਹੈ ਅਤੇ ਸ੍ਰੀਨਗਰ ਦੇ ਪੌਣਪਾਣੀ ਤੇ ਵਿਸ਼ੇਸ਼ ਪ੍ਰਭਾਵ ਪਾਉਂਦੀ ਹੈ।

2. ਵੁੱਲਰ ਝੀਲ

ਇਹ ਝੀਲ ਕਸ਼ਮੀਰ ਵਾਦੀ ਦੇ ਜ਼ਿਲ੍ਹਾ ਬਾਂਦੀਪੋਰ ਵਿੱਚ ਸ਼ੋਭਨੀਕ ਹੈ ਅਤੇ ਸਾਡੇ ਭਾਰਤ ਦੇਸ਼ ਦੀ ਸੱਭ ਤੋਂ ਵੱਡੀ ਤਾਜ਼ੇ ਪਾਣੀ ਦੀ ਝੀਲ ਹੈ। ਇਹ ਭਿੰਨ ਭਿੰਨ ਜਾਤੀਆਂ ਦੇ ਖ਼ੂਬਸੂਰਤ ਪੰਛੀਆਂ ਨੂੰ ਨਿਹਾਰਨ ਲਈ ਵੀ ਜਾਣੀ ਜਾਂਦੀ ਹੈ। ਕਸ਼ਮੀਰ ਵਾਦੀ ਦੇ ਜਲਵਾਯੂ ਤੇ ਇਹ ਝੀਲ ਆਪਣੀ ਵਿਸ਼ਾਲਤਾ ਸਦਕਾ ਬਹੁਤ ਅਸਰ ਕਰਦੀ ਹੈ।

3. ਮਨਸਾਬਲ ਝੀਲ

ਇਹ ਝੀਲ ਕਸ਼ਮੀਰ ਡਿਵੀਜ਼ਨ ਦੇ ਗਾਂਦਰਬਲ ਜ਼ਿਲ੍ਹੇ ਵਿੱਚ ਸਥਿੱਤ ਹੈ ਅਤੇ ਇਸ ਨੂੰ ਕਸ਼ਮੀਰ ਦੀਆਂ ਸਮੁੱਚੀਆਂ ਝੀਲਾਂ ਵਿੱਚ ਸੱਭ ਤੋਂ ਵਧੀਆ ਨਗੀਨੇ ਦੀ ਤਰ੍ਹਾਂ ਜਾਣਿਆ ਜਾਂਦਾ ਹੈ।

ਜੰਮੂ ਕਸ਼ਮੀਰ ਦੇ ਪ੍ਰਮੁੱਖ ਦਰਿਆਵਾਂ ਅਤੇ ਝੀਲਾਂ ਦੀ ਜਾਣਕਾਰੀ ਤੋਂ ਬਾਅਦ ਇੱਥੇ ਦੇ ਜਲਵਾਯੂ ਨੂੰ ਬਿਲਕੁਲ ਸਟੀਕ ਢੰਗ ਨਾਲ ਸਮਝਣ ਅਤੇ ਜਾਣਨ ਲਈ ਇਸ ਖੇਤਰ ਦੇ ਭੂ- ਖੋਲ ਨੂੰ ਜਾਣਨਾ ਅਤੀ ਸਫਾ-4

ਜ਼ਰੂਰੀ ਹੈ। ਜੰਮੂ ਕਸ਼ਮੀਰ ਦਾ ਸਮੁੱਚੇ ਖੇਤਰ ਨੂੰ ਇੱਥੋਂ ਦੇ ਭੂ-ਖਗੋਲ (Topography) ਪੱਖੋਂ ਪਰਖੀਏ ਤਾਂ ਇਹ ਮੁੱਖ ਤੌਰ ਤੇ ਚਾਰ ਅਲੱਗ ਅਲੱਗ ਭਾਗਾਂ ਵਿੱਚ ਵੰਡਿਆ ਹੋਇਆ ਹੈ:

1. ਪਰਬਤੀ ਭਾਗ

2. ਘੱਟ ਪਰਬਤੀ ਭਾਗ (ਕੰਡੀ ਦਾ ਖੇਤਰ) ਸ਼ਿਵਾਲਿਕ ਦੀਆਂ ਪਹਾੜੀਆਂ ਸਮੇਤ

3. ਕਸ਼ਮੀਰ ਵਾਦੀ ਦਾ ਪਰਬਤੀ ਇਲਾਕਾ ਅਤੇ

4. ਪੀਰ ਪੰਜਾਲ ਪਰਬਤ ਮਾਲਾ ਨਾਲ ਲੱਗਦੇ ਇਲਾਕੇ

ਪਹਾੜ ਅਤੇ ਕਈ ਕਿਸਮ ਦੀਆਂ ਪਰਬਤ ਮਾਲਾਵਾਂ ਦੀ ਹੋਂਦ ਕਾਰਨ ਜੰਮੂ ਕਸ਼ਮੀਰ ਦੇ ਅਲੱਗ ਅਲੱਗ ਸਥਾਨਾਂ ਦਾ ਪੌਣਪਾਣੀ ਵੀ ਇੱਕ ਦੂਜੇ ਤੋਂ ਵੱਖਰਾ ਹੈ। ਆਉ ਇਨ੍ਹਾਂ ਪਰਬਤਾਂ ਅਤੇ ਉਨ੍ਹਾਂ ਦੀਆਂ ਮਾਲਾਵਾਂ ( Ranges ) ਬਾਰੇ ਸਮਝਣ ਦਾ ਯਤਨ ਕਰੀਏ। ਪ੍ਰਮੁੱਖ ਪਰਬਤੀ ਸਿਲਸਿਲੇ ਜੋ ਜੰਮੂ ਕਸ਼ਮੀਰ ਵਿੱਚ ਮੌਜੂਦ ਹਨ ਉਨ੍ਹਾਂ ਦੀ ਵਿਸਤਰਿਤ ਜਾਣਕਾਰੀ ਇਸ ਪ੍ਰਕਾਰ ਹੈ:

1. ਕਾਰਾਕੋਰਮ ਪਰਬਤ ਮਾਲਾਵਾਂ ਦਾ ਸਿਲਸਿਲਾ - ਇਹ ਪਰਬਤ ਸਿਲਸਿਲਾ ਅਤੇ ਇਸ ਦੇ ਨਾਲ ਹੀ ਕਿਯੁਨਲੁਨ ਪਰਬਤ ਮਾਲਾ ਦੇ ਪਹਾੜ ਉੱਤਰ ਅਤੇ ਉੱਤਰੀ-ਪੂਰਬ ਵਿੱਚ ਹਨ। ਇਨ੍ਹਾਂ ਦੀ ਉਚਾਈ 8615.17 ਮੀਟਰ ਤਕ ਹੈ। ਇਹ ਪਰਬਤ ਜੰਮੂ ਕਸ਼ਮੀਰ ਨੂੰ ਤੁਰਕਿਸਤਾਨ ਅਤੇ ਤਿੱਬਤ ਤੋਂ ਅਲੱਗ ਕਰਦੇ ਹਨ।

2. ਜੰਸਕਰ ਪਰਬਤੀ ਸਿਲਸਿਲਾ: ਇਹ ਪਹਾੜੀ ਸਿਲਸਿਲਾ ਸਮੁੰਦਰ ਤਲ ਤੋਂ 600 ਮੀਟਰ ਦੀ ਉਚਾਈ ਤੇ ਹੈ ਅਤੇ ਕਸ਼ਮੀਰ ਵਾਦੀ ਨੂੰ ਸਿੰਧ ਵਾਦੀ ਤੋਂ ਅਲੱਗ ਕਰਦਾ ਹੈ। ਇਹ ਪਹਾੜ ਦੱਖਣ - ਪੱਛਮ ਤੋਂ ਆਉਂਦੀਆਂ ਬਰਫਾਨੀ ਹਵਾਵਾਂ ਨੂੰ ਕਸ਼ਮੀਰ ਵਾਦੀ ਵਿੱਚ ਆਉਣ ਤੋਂ ਰੋਕਦੀਆਂ ਹਨ। ਇਹ ਪਹਾੜੀ ਸਿਲਸਿਲਾ ਕਸ਼ਮੀਰ ਵਾਦੀ ਨੂੰ ਲੱਦਾਖ ਤੋਂ ਜ਼ੋਜਿਲਾ ਦੱਰੇ ਤੇ ਵੱਖ ਕਰਦੀਆਂ ਹਨ।

3. ਤੋਸ਼ਾਮੈਦਾਨ: ਹਿਮਾਲਿਆ ਪਰਬਤ ਦੇ ਅੰਦਰਵਾਰ ਖੜੇ ਇਹ ਪਹਾੜ 4270 ਮੀਟਰ ਤੱਕ ਉੱਚੇ ਹਨ। ਸਾਰਾ ਸਾਲ ਬਰਫ਼ ਨਾਲ ਢਕੇ ਰਹਿੰਦੇ ਹਨ ਅਤੇ ਗਰਮੀਆਂ ਦੀ ਰੁੱਤ ਵਿੱਚ ਪਾਣੀ ਜਿਹਲਮ ਦਰਿਆ ਵਿੱਚ ਆ ਮਿਲਦਾ ਹੈ

4. ਪੀਰਪੰਜਾਲ ਪਰਬਤ ਮਾਲਾ: ਇਹ ਪਰਬਤ (ਉਚਾਈ 2832 ਮੀਟਰ) ਕਸ਼ਮੀਰ ਵਾਦੀ ਨੂੰ ਹਿਮਾਲਿਆ ਪਰਬਤੀ ਸਿਲਸਿਲੇ ਤੋਂ ਅਲੱਗ ਕਰਦੇ ਹਨ। ਇਨ੍ਹਾਂ ਦੀ ਲੰਬਾਈ ਲਗਭੱਗ 2621 ਕਿਲੋਮੀਟਰ ਹੈ ਅਤੇ 50 ਕਿਲੋਮੀਟਰ ਚੌੜੇ ਹਨ। ਸਰਦੀਆਂ ਵਿੱਚ ਇਹ ਪਹਾੜ ਬਰਫ਼ਾਂ ਨਾਲ ਲੱਦੇ ਰਹਿੰਦੇ ਹਨ। ਸਫਾ-5

ਭੂ-ਖਗੋਲ ਕਰਨ ਤੇ ਅਸੀਂ ਜਾਣ ਸਕੇ ਹਾਂ ਕਿ ਜੰਮੂ ਕਸ਼ਮੀਰ ਦੇ ਉੱਤਰ ਵਿੱਚ ਹਿਮਾਲਿਆ ਆਪਣੀਆਂ ਪਰਬਤੀ ਮਾਲਾਵਾਂ ਨਾਲ ਹਿੱਕ ਤਾਣੀ ਖੜਾ ਹੈ। ਹਿਮਾਲਿਆ ਕਸ਼ਮੀਰ ਵਾਦੀ ਨੂੰ ਤਿਬਤੀ ਪਠਾਰ ਤੋਂ ਦੀਵਾਰ ਬਣ ਕੇ ਅਲੱਗ ਕਰਦਾ ਹੈ। ਕਸ਼ਮੀਰ ਵਾਦੀ ਬਾਰਾਮੂਲੇ ਦੇ ਇੱਕ ਤੰਗ ਦੱਰੇ ਨੂੰ ਛੱਡ ਕੇ ਪੂਰੀ ਦੀ ਪੂਰੀ ਉੱਚੀਆਂ ਉੱਚੀਆਂ ਬਰਫ਼ ਦੀਆਂ ਚੋਟੀਆਂ ਨਾਲ ਘਿਰੀ ਹੋਈ ਹੈ। ਹਿਮਾਲਿਆ ਪਰਬਤੀ ਸਿਲਸਿਲੇ ਦੇ ਸਮਾਨੰਤਰ ਪੀਰਪੰਜਾਲ ਦੇ ਬਰਫਾਂ ਨਾਲ ਲੱਦੇ ਪਹਾੜ ਇੱਕ ਤਰ੍ਹਾਂ ਕਸ਼ਮੀਰ ਵਾਦੀ ਨੂੰ ਆਪਣੀ ਪਨਾਹ ਵਿੱਚ ਲੈ ਲੈਂਦੇ ਹਨ। ਪੀਰਪੰਜਾਲ ਦੇ ਪਰਬਤਾਂ ਦੀ ਲੰਬਾਈ 2621 ਕਿਲੋਮੀਟਰ ਹੋਣ ਕਰਕੇ ਇਹ ਕਸ਼ਮੀਰ ਵਾਦੀ ਨੂੰ ਜੰਮੂ ਸੂਬੇ ਤੋਂ ਵੀ ਅਲੱਗ ਕਰਦੀ ਹੈ। ਜਿਵੇਂ ਕਿ ਅਸੀਂ ਇਹ ਵੀ ਜਾਣ ਚੁੱਕੇ ਹਾਂ ਜੰਮੂ ਕਸ਼ਮੀਰ ਦੇ ਦੱਖਣ ਵਿੱਚ ਸ਼ਿਵਾਲਿਕ ਪਹਾੜੀਆਂ ਹਨ ਜੋ ਕੇ ਜੰਮੂ ਸੂਬੇ ਦੇ ਜਲਵਾਯੂ ਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ।

ਜੰਮੂ ਕਸ਼ਮੀਰ ਦੇ ਪਹਾੜੀ ਇਲਾਕਿਆਂ ਦਾ ਜਲਵਾਯੂ ਨਿਸਬਤ ਜੰਮੂ ਦੇ ਮੈਦਾਨੀ ਇਲਾਕਿਆਂ ਦੇ ਬਿਲਕੁਲ ਵੱਖਰਾ ਹੈ। ਉੱਗੜ-ਦੁੱਗੜ ਭੂ-ਖੋਲ ( Rough Topography) ਅਤੇ ਬਰਫ਼ ਨਾਲ ਢਕੀਆਂ ਪਰਬਤੀ ਨਿਵਾਣਾਂ ਇਥੇ ਦੇ ਜਲਵਾਯੂ ਤੇ ਸਿੱਧਾ ਅਸਰ ਕਰਦੀਆਂ ਹਨ। ਜੰਮੂ ਸੂਬੇ ਦਾ ਜਲਵਾਯੂ ਉਪ-ਉਸ਼ਣ ਮਿਹਿਰ (Sub Tropical) ਅਤੇ ਉਸ਼ਣ ਮਿਹਿਰ ( Tropical) ਹੈ ਅਤੇ ਕਸ਼ਮੀਰ ਸੂਬੇ ਦਾ ਪੌਣਪਾਣੀ ਮਿਹਿਰ ਮੈਦਾਨ ( Temperate ) ਹੈ। ਜੰਮੂ ਕਸ਼ਮੀਰ ਕਿਉਂਕਿ ਪਰਬਤ ਮਾਲਾਵਾਂ ਨਾਲ ਘਿਰਿਆ ਹੋਇਆ ਹੈ ਅਤੇ ਇਹ ਸਾਰੇ ਪਹਾੜੀ ਸਿਲਸਿਲੇ ਅਤੇ ਇੱਥੇ ਦਾ ਭੂਖੋਲ ਇੱਥੇ ਦੀਆਂ ਰੁੱਤਾਂ ਅਤੇ ਮੌਸਮਾਂ ਤੇ ਗਹਿਰਾ ਅਸਰ ਕਰਦੇ ਹਨ। ਇਹ ਬਰਫ਼ ਨਾਲ ਲੱਦੇ ਪਹਾੜ ਅਤੇ ਪਾਣੀਆਂ ਦੇ ਸੋਮੇ ਇੱਥੇ ਦੇ ਪਾਰੇ ਨੂੰ ਕਾਫੀ ਹੇਠਾਂ ਲੈ ਆਉਂਦੇ ਹਨ। ਉੱਚੇ ਨੀਵੇਂ ਭੂਖੋਲ (Topograph ) ਕਰਕੇ ਵੀ ਦੋਨਾਂ ਸੂਬਿਆਂ ਦੇ ਪੌਣਪਾਣੀ ਵਿੱਚ ਚੌਖਾ ਅੰਤਰ ਵੇਖਣ ਨੂੰ ਮਿਲਦਾ ਹੈ।

ਜੰਮੂ ਸੂਬੇ ਵਿੱਚ ਸਥਿੱਤ ਇਲਾਕਿਆਂ ਦਾ ਪੌਣਪਾਣੀ : ਜੰਮੂ ਕਸ਼ਮੀਰ ਦੇ ਪਹਾੜੀ ਖੇਤਰਾਂ ਦਾ ਜਲਵਾਯੂ ਇੱਥੋਂ ਦੇ ਮੈਦਾਨੀ ਇਲਾਕਿਆਂ ਤੋਂ ਬਿਲਕੁਲ ਹੀ ਭਿੰਨ ਹੈ। ਉੱਚੀ ਨੀਵੀਂ ਭੂਖੋਲ ( ਉਪਰਲੀ ਸਤਹ ), ਲਹਿੰਦੇ ਹਿਮਾਲਿਆ ਦੇ ਪੀਰ ਪੰਜਾਲ ਦੇ ਪਰਬਤਾਂ ਦੀਆਂ ਢਲਾਨਾਂ ਅਤੇ ਨਾਲ ਹੀ ਮਹਾਨ ਹਿਮਾਲਿਆ ਦੀਆਂ ਬਰਫ਼ ਨਾਲ ਲੱਦੀਆਂ ਚੋਟੀਆਂ ਇਸ ਖਿੱਤੇ ਦੇ ਪਾਰੇ ਦੇ ਉਤਰਾਅ ਚੜਾਅ, ਬਾਰਸ਼ਾਂ ਅਤੇ ਬਰਫ਼ਬਾਰੀ ਤੇ ਡੂੰਘਾ ਅਸਰ ਕਰਦੀਆਂ ਹਨ। ਜੰਮੂ ਸੂਬਾ ਉਪ-ਉਸ਼ਣ (Sub tropical ) ਹੈ।

ਸਾਰਾ ਸਾਲ ਇੱਥੇ ਦੇ ਵੱਖੋ ਵੱਖਰੇ ਸਥਾਨਾਂ ਦਾ ਪੌਣਪਾਣੀ ਬਦਲਦਾ ਰਹਿੰਦਾ ਹੈ। ਜੰਮੂ ਸੂਬੇ ਵਿੱਚ ਨਿਮਨਲਿਖਤ ਜ਼ਿਲ੍ਹੇ ਪੈਂਦੇ ਹਨ:

1. ਕਠੂਆ
2. ਸਾਂਬਾ ਸਫਾ-6
3. ਜੰਮੂ
4. ਉਧਮਪੁਰ
5. ਰਿਆਸੀ
6. ਰਜੌਰੀ
7. ਪੁੰਛ
8. ਡੋਡਾ
9.ਰਾਮਬਨ

ਦੱਖਣੀ ਮੈਦਾਨੀ ਖੇਤਰਾਂ ਦਾ ਪੌਣਪਾਣੀ ਪੰਜਾਬ ਦੇ ਜਲਵਾਯੂ ਨਾਲ ਮਿਲਦਾ ਜੁਲਦਾ ਹੈ। ਗਰਮੀਆਂ ਦੀ ਰੁੱਤੇ ਖ਼ੂਬ ਗਰਮੀ ਅਤੇ ਜ਼ਬਰਦਸਤ ਬਾਰਸ਼ਾਂ ਹੁੰਦੀਆਂ ਹਨ। ਸਰਦੀਆਂ ਤਾਂ ਹਨ ਪਰ ਇੰਨੀਆਂ ਜ਼ਿਆਦਾ ਨਹੀਂ ਹਾਂ ਦਸੰਬਰ ਅਤੇ ਜਨਵਰੀ ਦੇ ਮਹੀਨੇ ਪਾਰਾ ਕਾਫੀ ਹੇਠਾਂ ਚਲਾ ਜਾਂਦਾ ਹੈ। ਜੰਮੂ ਜ਼ਿਲ੍ਹੇ ਦਾ ਪੌਣਪਾਣੀ ਉਪ-ਉਸ਼ਣ ਹੈ। ਗਰਮੀਆਂ ( ਅਪ੍ਰੈਲ ਤੋਂ ਜੂਨ ) ਖੁਸ਼ਕ ਅਤੇ ਗਰਮ ਹੁੰਦੀਆਂ ਹਨ ਅਤੇ ਪਾਰਾ 45 ਡਿਗਰੀ ਨੂੰ ਛੂਹ ਜਾਂਦਾ ਹੈ। ਸਰਦੀਆਂ ( ਦਸੰਬਰ ਤੋਂ ਫਰਵਰੀ) ਘਟ ਠੰਢੀਆਂ ਹੁੰਦੀਆਂ ਹਨ ਅਤੇ ਪਾਰਾ 7 ਡਿਗਰੀ ਤੋਂ ਲੈ ਕੇ 20 ਡਿਗਰੀ ਤੱਕ ਰਹਿੰਦਾ ਹੈ। ਜੰਮੂ ਦਾ ਇਲਾਕਾ ਜਨਵਰੀ ਵਿੱਚ ਬਹੁਤ ਠੰਢਾ ਹੋ ਜਾਂਦਾ ਹੈ ਅਤੇ ਪਾਰਾ ਔਸਤਨ 13 ਡਿਗਰੀ ਤੱਕ ਹੇਠਾਂ ਆ ਜਾਂਦਾ ਹੈ। ਦੱਖਣੀ ਦਿਸ਼ਾ ਵਿੱਚ ਵੱਸਦੇ ਜ਼ਿਲਿਆਂ ਵਿੱਚ ਸਵੇਰ ਦੇ ਸਮੇਂ ਸਰਦੀਆਂ ਵਿੱਚ ਦਸੰਬਰ, ਜਨਵਰੀ ਅਤੇ ਫਰਵਰੀ ਮਹੀਨਿਆਂ ਵਿੱਚ ਕੋਹਰਾ ਅਤੇ ਧੁੰਦ ਆਮ ਕਰਕੇ ਪੈਂਦੇ ਹਨ। ਉੱਤਰੀ ਪਾਸੇ ਵੱਲ ਸਥਿੱਤ ਸ਼ਿਵਾਲਕ ਪਹਾੜੀਆਂ, ਦੱਖਣ ਵਿੱਚ ਪੈਂਦੇ ਇਲਾਕਿਆਂ ਨੂੰ ਉੱਤਰ ਵਲੋਂ ਵਹਿੰਦੀਆਂ ਬਰਫਾਨੀ ਅਤੇ ਖੁਸ਼ਕ ਹਵਾਵਾਂ ਤੋਂ ਬਚਾਉਂਦੀਆਂ ਹਨ। ਜੰਮੂ ਸੂਬੇ ਦੇ ਪਹਾੜੀ ਖੇਤਰਾਂ ਦਾ ਪੌਣਪਾਣੀ ਕਸ਼ਮੀਰ ਵਰਗਾ ਹੀ ਹੈ। ਇਨ੍ਹਾਂ ਇਲਾਕਿਆਂ ਵਿੱਚ ਬਰਫ਼ਬਾਰੀ ਹੁੰਦੀ ਹੈ ਕਸ਼ਮੀਰ ਦੀ ਤਰ੍ਹਾਂ ਹੀ ਹੁੰਦੀ ਹੈ। ਮੈਡਿਟੇਰੇਨੀਅਨ ਸਾਗਰ (ਮੱਧ ਸਾਗਰ) ਤੋਂ ਆਉਂਦੀਆਂ ਹਵਾਵਾਂ ਵੀ ਜੰਮੂ ਸੂਬੇ ਦੇ ਇਲਾਕਿਆਂ ਅਤੇ ਇੱਥੇ ਦੇ ਜਲਵਾਯੂ ਤੇ ਅਸਰ ਕਰਦੀਆਂ ਹਨ। ਬਰਸਾਤ ਦੇ ਮੌਸਮ ਵਿੱਚ ਪਾਰਾ ਡਿਗ ਪੈਂਦਾ ਹੈ ਪਰ ਹਵਾ ਵਿੱਚ ਪਾਣੀ ਦੀ ਨਮੀ ਬਰਕਰਾਰ ਰਹਿੰਦੀ ਹੈ। ਦੋਨਾਂ ਸੂਬਿਆਂ ਮਤਲਬ ਜੰਮੂ ਤੇ ਕਸ਼ਮੀਰ ਵਿੱਚੋਂ ਜੰਮੂ ਸੂਬਾ ਬਹੁਤ ਗਰਮ ਹੁੰਦਾ ਹੈ। ਪਾਰਾ 38-40 ਡਿਗਰੀ ਨੂੰ ਛੂਹ ਜਾਂਦਾ ਹੈ।

ਜੰਮੂ ਸੂਬੇ ਨੂੰ ਪੌਣਪਾਣੀ ਦੇ ਹਵਾਲੇ ਤੋਂ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

1. ਸ਼ਿਵਾਲਕ ਪਹਾੜ ਅਤੇ ਉਨ੍ਹਾਂ ਨਾਲ ਲੱਗਦੇ ਦੱਖਣੀ ਮੈਦਾਨ ਜਿਨ੍ਹਾਂ ਵਿੱਚ ਜ਼ਿਲ੍ਹਾ ਜੰਮੂ, ਕਠੂਆ, ਸਾਂਬਾ ਅਤੇ ਰਿਆਸੀ ਦੇ ਕੁੱਝ ਹਿੱਸੇ ਪੈਂਦੇ ਹਨ। ਅਤੇ ਸਫਾ-7

2. ਡੋਡਾ, ਰਜੌਰੀ, ਪੁੰਛ ਅਤੇ ਉਧਮਪੁਰ ਆਦਿ ਜ਼ਿਲ੍ਹਿਆਂ ਦਾ ਪਰਬਤੀ ਖੇਤਰ ਜਿਹੜਾ ਕਿ ਹਿਮਾਲਿਆ ਪਰਬਤ ਮਾਲਾਵਾਂ ਤੇ ਵੱਸਦੇ ਹਨ।

ਦੱਖਣੀ ਮੈਦਾਨੀ ਇਲਾਕਿਆਂ ਦਾ ਮੌਸਮ ਬਦਲਾਵ ਦੀ ਕਰਵਟ ਲੈਣ ਲੱਗਦਾ ਹੈ ਜਦੋਂ ਦੱਖਣ-ਪੱਛਮ ਅਤੇ ਉੱਤਰ-ਪੂਰਬ ਦੇ ਮਾਨਸੂਨ ਦੀ ਹਵਾਵਾਂ ਘੁੰਮਦੀਆਂ ਹਨ ਅਤੇ ਲਹਿੰਦੇ ਹਿਮਾਲਿਆ ਅਤੇ ਪੀਰ ਪੰਜਾਲ ਦੇ ਵੱਸਦੇ ਖੇਤਰ ਵੀ ਮਾਨਸੂਨ ਨਾਲ ਪ੍ਰਭਾਵਿਤ ਹੋਣ ਲੱਗਦੇ ਹਨ। ਮਾਰਚ ਦੇ ਮਹੀਨੇ ਤੋਂ ਗਰਮੀਆਂ ਦੀ ਰੁੱਤ ਦਾ ਆਗਮਨ ਹੋ ਜਾਂਦਾ ਹੈ ਅਤੇ ਵਿਚਕਾਰਲੇ ਹਿਮਾਲਿਆ ਦੇ ਇਲਾਕਿਆਂ ਵਿੱਚ ਅਤੇ ਦੱਖਣੀ ਮੈਦਾਨੀ ਖੇਤਰਾਂ ਵਿੱਚ ਸ਼ਿਵਾਲਕ ਦੀਆਂ ਪਹਾੜੀਆਂ ਤੋਂ ਆਈ ਠੰਢੀ ਤਾਜ਼ਾ ਹਵਾ ਰੁਮਕਣ ਲੱਗਦੀ ਹੈ। ਜੰਮੂ ਸ਼ਹਿਰ ਅਤੇ ਨਾਲ ਲਗਦਿਆਂ ਖਿੱਤਿਆਂ ਵਿੱਚ ਇਹ ਮਨਮੋਹਨੀ ਹਵਾ ਰਾਤਾਂ ਨੂੰ ਸਪਰਸ਼ ਕਰਕੇ ਜਦੋਂ ਰੁਮਕਦੀ ਹੈ ਤਾਂ ਇੱਕ ਵਾਰੀ ਤਾਂ ਗਰਮੀਆਂ ਦੀ ਤਪਸ਼ ਭੁੱਲ ਜਾਂਦੀ ਹੈ।

ਗਰਮੀਆਂ ਦੀਆਂ ਇਹ ਹਵਾਵਾਂ ਜਿਹੜੀਆਂ ਕੇ ਲਗਾਤਾਰ ਪੱਛਮ ਤੋਂ ਪੂਰਬ ਵੱਲ ਨੂੰ ਵਗਦੀਆਂ ਹਨ, ਹੌਲੇ ਹੌਲੇ ਆਪਣੀ ਠੰਢਕ ਦੱਸ ਵਜੇ ਤੱਕ ਗਵਾ ਕੇ ਗਰਮ ਹੋਣ ਲਗਦੀਆਂ ਹਨ ਅਤੇ ਦੁਪਹਿਰ ਤੱਕ ਇਨ੍ਹਾਂ ਦੀ ਤਪਸ਼ ਅੰਤਾਂ ਦੀ ਹੋ ਜਾਂਦੀ ਹੈ। ਇਸ ਅਸਹਿ ਤਪਸ਼ ਵਾਲੀ ਵਹਿੰਦੀ ਸਥਾਨਕ ਹਵਾ ਨੂੰ ਦੱਖਣੀ ਜੰਮੂ ਸੂਬੇ ਦੇ ਵਾਸੀ "ਲੂਅ" ਕਹਿੰਦੇ ਹਨ। ਇਹ ਅਤੀ ਗਰਮ ਹਵਾ ਦੇ ਵਗਣ ਦੇ ਸਿੱਟੇ ਵਜੋਂ ਹਰੀਆਂ ਸਬਜੀਆਂ ਅਤੇ ਬਾਕੀ ਸਥਾਨਕ ਫਸਲਾਂ ਦੇ ਪੱਤੇ ਮੁਰਝਾ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਚਾਉਣ ਕਿਸਾਨਾਂ ਨੂੰ ਲਗਾਤਾਰ ਸੰਚਾਈ ਕਰਨੀ ਪੈਂਦੀ ਹੈ।

ਜੰਮੂ ਦੇ ਮੈਦਾਨੀ ਇਲਾਕੇ ਜਨਵਰੀ ਮਹੀਨੇ ਵਿੱਚ ਅੱਤ ਦਰਜੇ ਦੇ ਠੰਢੇ ਹੁੰਦੇ ਹਨ ਅਤੇ ਪਾਰਾ ਔਸਤਨ 12-13 ਡਿਗਰੀ ਤੱਕਆ ਜਾਂਦਾ ਹੈ। ਦਸੰਬਰ, ਜਨਵਰੀ ਅਤੇ ਫਰਵਰੀ ਦੇ ਮਹੀਨਿਆਂ ਦੌਰਾਨ ਇਨ੍ਹਾਂ ਮੈਦਾਨੀ ਖੇਤਰਾਂ ਵਿੱਚ ਕੋਹਰਾ ਅਤੇ ਧੁੰਦ ਆਮ ਵੇਖਣ ਨੂੰ ਮਿਲਦੀ ਹੈ। ਸ਼ਿਵਾਲਕ ਦੀਆਂ ਪਹਾੜੀਆਂ ਦੱਖਣੀ ਜੰਮੂ ਦੇ ਮੈਦਾਨੀ ਇਲਾਕਿਆਂ ਨੂੰ ਉੱਤਰ ਦਿਸ਼ਾ ਤੋਂ ਆਉਂਦੀਆਂ ਜੱਖ ਠੰਢੀਆਂ ਹਵਾਵਾਂ ਤੋਂ ਬਚਾਉਂਦੀਆਂ ਹਨ। ਜੰਮੂ ਸੂਬੇ ਦੀਆਂ ਵਾਦੀਆਂ ਦੀ ਭੂਗੋਲਿਕ ਤਰਤੀਬ ਵੀ ਇਸ ਸੂਬੇ ਦੇ ਜਲਵਾਯੂ ਤੇ ਆਮ ਕਰਕੇ ਅਸਰਦਾਇਕ ਹੈ। ਰਾਮਬਨ ਜ਼ਿਲ੍ਹੇ ਦੇ ਇਲਾਕੇ ਚਨਾਬ ਦਰਿਆ ਦੇ ਸੱਜੇ ਪਾਸੇ ਸਥਿੱਤ ਹਨ। ਇਨ੍ਹਾਂ ਖੇਤਰਾਂ ਵਿੱਚ ਸਖਤ ਕਾਲੇ ਰੰਗ ਦੀਆਂ ਚੱਟਾਨਾਂ ਪਾਰੇ ਨੂੰ ਉਛਾਲਦੀਆਂ ਹਨ। ਇੱਥੇ ਦੇ ਪਹਾੜੀ ਇਲਾਕਿਆਂ ਵਿੱਚ ਮਾਨਸੂਨ ਬਾਰਸ਼ਾਂ ਲਗਭਗ ਹਰ ਮਹੀਨੇ ਹੁੰਦੀਆਂ ਹਨ ਅਤੇ ਜੁਲਾਈ ਅਤੇ ਅਗਸਤ ਦੇ ਮਹੀਨੇ ਭਰਪੂਰ ਬਰਸਾਤੀ ਝੜੀਆਂ ਲੱਗਦੀਆਂ ਹਨ।

ਜੰਮੂ ਕਸ਼ਮੀਰ ਦਾ ਪੌਣ-ਪਾਣੀ ਸਫਾ-8

ਸਰਦੀਆਂ ਦੇ ਮੌਸਮ ਵਿੱਚ ਕੋਹਰਾ, ਅਤੇ ਧੁੰਦ ਆਮ ਕਰਕੇ ਵੇਖੀ ਜਾ ਸਕਦੀ ਹੈ ਖ਼ਾਸ ਕਰਕੇ ਜਨਵਰੀ ਦੇ ਅਤੀ ਠੰਢੇ ਮਹੀਨੇ ਵਿੱਚ ਤਾਂ ਇਹ ਆਮ ਹੁੰਦੇ ਹਨ। ਭੂਮੱਧ ਸਾਗਰ ਤੋਂ ਵਹਿੰਦੀਆਂ ਹਵਾਵਾਂ ਜੋਕੇ ਪੱਛਮ ਦਿਸ਼ਾਵਾਂ ਵਲੋਂ ਆਉਂਦੀਆਂ ਹਨ ਅਤੇ ਇਹ ਚਕਰਵਾਤੀ ਹਵਾਵਾਂ ਸਰਦੀਆਂ ਦੀ ਰੁੱਤ ਵਿੱਚ ਬਾਰਸ਼ਾਂ ਵਰ੍ਹਾਉਣ ਦਾ ਸਬੱਬ ਬਣਦੀਆਂ ਹਨ।

ਗਰਮੀਆਂ ਵਿੱਚ ਜੰਮੂ ਸੂਬੇ ਦੇ ਇਲਾਕਿਆਂ ਦੀ ਗਰਮੀ ਮਾਰਚ ਤੋਂ ਸ਼ੁਰੂ ਹੋ ਕੇ ਜੂਨ ਤੱਕ ਆਪਣੀ ਅਖੀਰ ਤੱਕ ਪਹੁੰਚ ਜਾਂਦੀ ਹੈ ਅਤੇ ਪਾਰਾ 38-40 ਡਿਗਰੀ ਤੱਕ ਪਹੁੰਚ ਜਾਂਦਾ ਹੈ। ਇਸ ਮੌਸਮ ਵਿੱਚ ਤੁਫਾਨ ਅਤੇ ਧੂੜ, ਮਿੱਟੀ ਨਾਲ ਭਰੇ ਝੱਖੜ ਵੀ ਆਮ ਚਲਦੇ ਹਨ ਅਤੇ ਹਲਕੀ ਹਲਕੀ ਬੂੰਦਾਬੂੰਦੀ ਦਾ ਕਾਰਨ ਬਣਦੇ ਹਨ। ਬਰਸਾਤ ਦਾ ਮੌਸਮ ਜੂਨ ਮਹੀਨੇ ਦੇ ਦੂਸਰੇ ਅੱਧ ਤੋਂ ਆਰੰਭ ਹੋ ਜਾਂਦਾ ਹੈ ਅਤੇ ਪਾਰਾ ਹੇਠਾਂ ਵੱਲ ਨੂੰ ਡਿਗਣਾ ਸ਼ੁਰੂ ਕਰ ਦਿੰਦਾ ਹੈ ਪਰ ਹਵਾ ਵਿੱਚ ਨਮੀ ਅਤੇ ਸਲਾਬ ਬਰਕਰਾਰ ਰਹਿੰਦੇ ਹਨ।

ਜਿਲ੍ਹਾ ਜੰਮੂ, ਸਾਂਬਾ ਅਤੇ ਕਠੂਆ ਦਾ ਪੌਣਪਾਣੀ ਉਪ-ਉਸ਼ਣ ਹੈ ਅਤੇ ਗਰਮੀਆਂ ਵਿੱਚ ਬਹੁਤ ਗਰਮੀ ਅਤੇ ਸਰਦੀਆਂ ਜਨਵਰੀ ਮਹੀਨੇ ਨੂੰ ਛੱਡ ਕੇ ਇੰਨੀਆਂ ਠੰਢੀਆਂ ਨਹੀਂ ਹਨ। ਉਧਮਪੁਰ, ਰਾਮਬਨ, ਰਿਆਸੀ ਅਤੇ ਰਾਜੌਰੀ ਜ਼ਿਲ੍ਹਿਆਂ ਦੇ ਇਲਾਕੇ ਬਦਲਦੇ ਮੌਸਮਾਂ, ਉਪ-ਉਸ਼ਣ ਤੋਂ ਮਿਹਿਰ ਮੈਦਾਨ ਕਿਸਮ ਦੇ ਜਲਵਾਯੂ ਵਾਲੇ ਹਨ।

ਕਸ਼ਮੀਰ ਸੂਬੇ ਦਾ ਪੌਣ ਪਾਣੀ

ਇਸ ਸੂਬੇ ਦਾ ਪੌਣ-ਪਾਣੀ ਬਹੁਤ ਸੁਹਾਵਨਾ ਹੈ। ਇਸ ਦਾ ਮੁੱਖ ਕਾਰਨ ਜਿਵੇਂ ਕਿ ਉੱਪਰ ਲਿਖਿਆ ਹੈ ਕਿ ਕਸ਼ਮੀਰ ਵਾਦੀ ਦੇ ਇਰਦ-ਗਿਰਦ ਫੈਲੇ ਪਰਬਤ ਹਨ। ਵਾਦੀ ਇਨ੍ਹਾਂ ਪਰਬਤ ਮਾਲਾਵਾਂ ਦੀ ਪਨਾਹ ਵਿੱਚ ਅਨੋਖੇ ਢੰਗ ਨਾਲ ਸੁਭਾਏਮਾਨ ਹੈ। ਇਹੀ ਸਥਾਨਕ ਹੋਂਦ ਇਸ ਨੂੰ ਦੁਨੀਆ ਦਾ ਸੱਭ ਤੋਂ ਖ਼ੂਬਸੂਰਤ ਅਤੇ ਮਨਮੋਹਕ ਸਵਰਗ ਹੋਣ ਦਾ ਰੁਤਬਾ ਪ੍ਰਦਾਨ ਕਰਦੀ ਹੈ। ਜੰਮੂ ਕਸ਼ਮੀਰ ਦੇ ਕਸ਼ਮੀਰ ਸੂਬੇ ਵਿੱਚ ਨਿਮਨਲਿਖਤ ਜ਼ਿਲ੍ਹੇ ਹਨ:

1. ਸ੍ਰੀਨਗਰ
2. ਅਨੰਤਨਾਗ
3. ਬਾਂਦੀਪੋਰ
4. ਬਾਰਾਮੂਲਾ
5. ਬਡਗਾਮ

ਸਫਾ-9

6. ਕੁਲਗਾਮ
7. ਪੁਲਵਾਮਾ
8. ਸ਼ੋਪੀਆਂ
9. ਗਾਂਦਰਬਲ ਅਤੇ
10.ਕੁਪਵਾੜਾ

ਹਿਮਾਲਿਆ ਦੇ ਪਰਬਤ ਅਤੇ ਨਾਲ ਲੱਗਦੇ ਦੂਜੇ ਪਹਾੜ, ਪਾਣੀਆਂ ਦੇ ਭਰਵੇਂ ਦਰਿਆ, ਆਬਸ਼ਾਰ, ਝਰਨੇ, ਕੂਲਾਂ, ਕੱਸੀਆਂ ਅਤੇ ਵਿਸ਼ਾਲ ਰੂਪ ਵਿੱਚ ਫੈਲੀਆਂ ਝੀਲਾਂ ਇਨ੍ਹਾਂ ਵਾਦੀ ਵਿੱਚ ਸਥਿੱਤ ਇਲਾਕਿਆਂ ਦੇ ਮੌਸਮਾਂ ਅਤੇ ਰੁੱਤਾਂ ਤੇ ਬੜਾ ਡੂੰਘਾ ਅਸਰ ਕਰਦੀਆਂ ਹਨ। ਹਰ ਮੌਸਮ ਦਰਮਿਆਨਾ ਅਤੇ ਰੂਹ-ਮਹਿਕਾਉਣਾ ਹੋ ਨਿਭੜਦਾ ਹੈ। ਉੱਤਰ ਦਿਸ਼ਾ ਵੱਲ ਖੜੇ ਕਾਰਾਕੋਰਮ ਦੇ ਵਿਰਾਟ ਪਰਬਤਾਂ ਦੇ ਸਿਲਸਿਲੇ, ਦੱਖਣੀ ਅਤੇ ਪੱਛਮੀ ਪਾਸੇ ਪੀਰ ਪੰਜਾਲ ਦੇ ਬਰਫ਼ਾਨੀ ਪਹਾੜ ਅਤੇ ਪੂਰਬ ਦੀ ਬਾਹੀ ਵੱਲ ਜੰਸਕਾਰ ਪਰਬਤ ਮਾਲਾ, ਕਸ਼ਮੀਰ ਵਾਦੀ ਨੂੰ ਆਪਣੀ ਪਨਾਹ ਜਾਂ ਕਹੀਏ ਕਿ ਗੋਦ ਵਿੱਚ ਲਈ ਬੈਠੇ ਹਨ। ਇੱਥੇ ਇਹ ਦੱਸਣਾ ਵੀ ਅੱਤ ਜ਼ਰੂਰੀ ਹੈ ਕਿ ਵਾਦੀ ਸਮੁੰਦਰ ਤਲ ਤੋ 6070 ਫੁਟ ਦੀ ਉਚਾਈ ਤੇ ਹੈ ਜਦ ਕਿ ਪੀਰ ਪੰਜਾਲ ਦੇ ਦੂਸਰੇ ਪਾਸੇ ਦੇ ਇਲਾਕੇ ਸਮੁੰਦਰ ਤਲ ਤੋਂ 10000 ਫੁਟ ਤੇ ਹਨ। ਇਸ ਪਨਾਹਯੁਕਤ ਸਥਿਤੀ ਕਰਕੇ ਕਸ਼ਮੀਰ ਵਾਦੀ ਦਾ ਜਲਵਾਯੂ ਮਿਹਿਰ ਮੈਦਾਨ ( Temperate) ਹੈ ਮਤਲਬ ਕਿ ਸੱਭ ਤੋਂ ਠੰਢੇ ਮਹੀਨੇ ਦਸੰਬਰ ਅਤੇ ਜਨਵਰੀ ਵਿੱਚ ਪਾਰਾ -15 ਡਿਗਰੀ ਅਤੇ ਵੱਧ ਤੋਂ ਵੱਧ ਸਿਫਰ ਡਿਗਰੀ ਤੱਕ ਅਪੜਦਾ ਹੈ। ਆਮ ਕਰਕੇ ਮੌਸਮ-ਬਹਾਰ ਵਿੱਚ ਮੱਠੀ ਮੱਠੀ ਠੰਢ ਹੁੰਦੀ ਹੈ, ਫਿਰ ਗਰਮੀਆਂ ਥੋੜਾ ਗਰਮ ਹੋ ਜਾਂਦੀਆਂ ਹਨ ਅਤੇ ਪਾਰਾ 32 ਡਿਗਰੀ ਨੂੰ ਛੂਹ ਜਾਂਦਾ ਹੈ ਅਤੇ ਸਰਦੀਆਂ ਜੰਮ ਕੇ ਜੱਖ ਠੰਢੀਆਂ ਹੋ ਜਾਂਦੀਆਂ ਹਨ ਅਤੇ ਪਾਰਾ 0 ਡਿਗਰੀ ਤੱਕ ਲੁੜਕ ਜਾਂਦਾ ਹੈ।

ਵਾਦੀ ਵਿੱਚ ਦੋ ਪ੍ਰਕਾਰ ਦੇ ਖਿੱਤੇ ਹਨ। ਪਹਿਲੇ ਜੋ ਦੂਰ ਪਰਬਤਾਂ ਅਤੇ ਉਨ੍ਹਾਂ ਦੀਆਂ ਢਲਾਨਾਂ ਤੇ ਹਨ ਅਤੇ ਦੂਜੇ ਵਿਸ਼ਾਲ ਵਾਦੀ ਜਿਹੜੀ ਕਿ 13878 ਵਰਗ ਕਿ.ਮੀ. ਵਿੱਚ ਫੈਲੀ ਹੋਈ ਹੈ, ਤੇ ਸਥਿੱਤ ਹਨ। ਕਸ਼ਮੀਰ ਵਾਦੀ ਦੇ ਉਪ੍ਰੋਕਤ ਸਾਰੇ ਜ਼ਿਲ੍ਹੇ ਇਨ੍ਹਾਂ ਸਥਾਨਾਂ ਤੇ ਵੱਸੇ ਹਨ। ਪਹਾੜੀ ਸਥਾਨਾਂ ਤੇ ਵੱਸਦੇ ਇਲਾਕਿਆਂ ਵਿੱਚ ਸਰਦੀਆਂ ਦਾ ਪਾਰਾ —15 ਡਾਗਰੀ ਤੱਕ ਗਿਰ ਜਾਂਦਾ ਹੈ ਜਦੋਂ ਕਿ ਵਾਦੀ ਦੇ ਮੈਦਾਨਾਂ ਵਿੱਚ ਪਾਰੇ ਦੀ ਸਥਿਤੀ —5 ਤੋਂ —8 ਡਿਗਰੀ ਤੱਕ ਹੋ ਕੇ ਮੌਸਮ ਨੂੰ ਮਜ਼ੇਦਾਰ ਬਣਾ ਦਿੰਦੀ ਹੈ। ਬੇਸ਼ਕ ਵਾਦੀ ਦਾ ਜਲਵਾਯੂ ਮਿਹਿਰ ਮੈਦਾਨੀ ( Temprate) ਹੈ ਪਰ ਇੱਥੇ ਦਾ ਮੌਸਮ ਕਦੀ ਵੀ ਬੜੀ ਤੇਜੀ ਨਾਲ ਬਦਲ ਸਕਦਾ ਹੈ। ਜੁਲਾਈ ਦਾ ਮਹੀਨਾ ਸੱਭ ਜ਼ਿਆਦਾ ਗਰਮ ਹੁੰਦਾ ਹੈ ਜਦੋਂ ਕਿ ਮੈਦਾਨੀ ਵਾਦੀ ਦੇ ਖੇਤਰਾਂ ਦਾ ਪਾਰਾ 30 ਡਿਗਰੀ

ਜੰਮੂ ਕਸ਼ਮੀਰ ਦਾ ਪੌਣ-ਪਾਣੀ ਸਫਾ-10

ਤੱਕ ਚਲਾ ਜਾਂਦਾ ਹੈ ਅਤੇ ਪਹਾੜੀ ਇਲਾਕਿਆਂ ਵਿੱਚ ਮੌਸਮ ਠੰਢਾ ਅਤੇ ਸੁਹਾਵਨਾ ਰਹਿੰਦਾ ਹੈ। ਚਿਨਾਰ ਦੇ ਬਿਰਖ ਵਾਦੀ ਵਿੱਚ ਹਰ ਜਗ੍ਹਾ ਮੌਜੂਦ ਹਨ ਅਤੇ ਜਿੱਥੇ ਇਹ ਦਰਖਤ ਵਾਦੀ ਦੀ ਰੌਣਕ ਨੂੰ ਲੁਭਾਵਣਾ ਬਣਾਉਂਦੇ ਹਨ ਉਥੇ ਗਰਮੀਆਂ ਦੀ ਤਪਸ਼ ਨੂੰ ਘਟਾਉਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਬਹਾਰ ਅਤੇ ਪਤਝੜ ਦੇ ਮੌਸਮਾਂ ਦੀ ਪਛਾਣ ਗਰਮ ਦਿਹਾੜੇ ਅਤੇ ਜੱਖ ਠੰਢੀਆਂ ਰਾਤਾਂ ਹੁੰਦੀਆਂ ਹਨ। ਮੌਸਮ ਬਹਾਰ ਵਿੱਚ ਅੰਬਰਾਂ ਤੋਂ ਪਾਣੀ ਵਾਦੀ ਦੀ ਧਰਤੀ ਨੂੰ ਆਪਣੇ ਵੱਖਰੇ ਵੱਖਰੇ ਰੂਪਾਂ ਜਿਵੇਂ ਕਿ ਮੀਂਹ, ਬਰਫ਼ ਆਦਿ ਨਾਲ ਠੰਢਿਆਂ ਰੱਖਦਾ ਹੈ।ਐਲਬਰੂਨੀ ਇੱਕ ਪ੍ਰਸਿੱਧ ਭੂਗੋਲਿਕ ਸ਼ਾਸਤਰੀ ਹੋਇਆ ਹੈ। ਉਸਨੇ ਵਾਦੀ ਦੇ ਪੌਣਪਾਣੀ ਬਾਬਤ ਦਰੁੱਸਤ ਕਿਹਾ ਸੀ ਕਿ ਕਾਲੇ ਘਣੇ ਬੱਦਲ ਜਦੋਂ ਦੱਖਣੀ ਪਹਾੜੀ ਪਾਸਿਓਂ ਕਸ਼ਮੀਰ ਨੂੰ ਆਉਂਦੇ ਹਨ ਤਾਂ ਉੱਚੇ ਉੱਚੇ ਖੜੇ ਬਲਵਾਨ ਪਰਬਤਾਂ ਨਾਲ ਟਕਰਾ ਕਿ ਪਿਛਾਂ ਮੁੜਦੇ ਹੋਏ ਮੂਸਲੇਧਾਰ ਵਰਖਾ ਕਰਦੇ ਹਨ ਅਤੇ ਬੱਦਲਾਂ ਨੂੰ ਹੇਠਾਂ ਵੱਲ ਨੂੰ ਇੰਜ ਧਕੇਲਦੇ ਹਨ ਕਿ ਜਿਵੇਂ ਜੈਤੂਨ ਤੇ ਜਾਂ ਫਿਰ ਅੰਗੂਰਾਂ ਦੀ ਵਰਖਾ ਹੋ ਰਹੀ ਹੋਵੇ। ਵਾਦੀ ਦੇ ਪਹਾੜਾਂ ਵਿੱਚ ਵਰਖਾ ਨਾਂਹ ਦੇ ਬਰਾਬਰ ਹੁੰਦੀ ਹੈ ਇਥੇ ਬਰਫਬਾਰੀ ਹੁੰਦੀ ਰਹਿੰਦੀ ਹੈ। ਬਾਰਿਸ਼ ਦਾ ਮੌਸਮ ਦੋ ਤੋਂ ਢਾਈ ਮਹੀਨੇ ਦੀ ਬਰਫ਼ਬਾਰੀ ਵਿੱਚ ਬਦਲ ਜਾਂਦਾ ਹੈ।

ਬਹਾਰ ਦਾ ਮੌਸਮ ਮਾਰਚ, ਅਪ੍ਰੈਲ ਅਤੇ ਮਈ ( ਚੇਤਰ, ਵੈਸਾਖ ਅਤੇ ਜੇਠ ) ਬੜਾ ਸੁਹਾਵਨਾ ਹੁੰਦਾ ਹੈ ਅਤੇ ਤਾਜ਼ੀ ਅਤੇ ਸਿਹਤ ਵਰਧਕ ਮਿੱਠੀ ਮਿੱਠੀ ਹਵਾ ਰੁਮਕਦੀ ਹੈ। ਇਸ ਮੌਸਮ ਵਿੱਚ ਵਰਖਾ ਵੀ ਵਰ੍ਹਦੀ ਹੈ ਤੇ ਸਾਰੀ ਵਾਦੀ ਭਾਂਤੀ ਭਾਂਤੀ ਦੇ ਫੁੱਲਾਂ ਨਾਲ ਮਹਿਕ ਉੱਠਦੀ ਹੈ ਤੇ ਸੱਭ ਪਾਸੇ ਹਰਿਆਵਲ ਆਪਣੇ ਮਨਭਾਉਂਦੇ ਰੰਗ ਵਿਛਾ ਦਿੰਦੀ ਹੈ।

ਗਰਮੀਆਂ ਦੀ ਰੁੱਤ ਜੂਨ, ਜੁਲਾਈ ਅਤੇ ਅਗਸਤ ਮਹੀਨਿਆਂ ( ਹਾੜ, ਸਾਵਨ ਅਤੇ ਭਾਦੋਂ ) ਵਿੱਚ ਆਉਂਦੀ ਹੈ ਅਤੇ ਕਸ਼ਮੀਰ ਵਿੱਚ ਗਰਮੀ ਇਨ੍ਹਾਂ ਮਹੀਨਿਆਂ ਵਿਚ ਸੱਭ ਤੋਂ ਵੱਧ ਹੁੰਦੀ ਹੈ। ਪਾਰਾ 36 ਡਿਗਰੀ ਤੱਕ ਪਹੁੰਚ ਜਾਂਦਾ ਹੈ। ਦਿਨ ਛੋਟੇ ਅਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ। ਹੌਲੇ ਹੌਲੇ ਗਰਮੀਆਂ ਦੀ ਤਪਸ਼ ਘਟਣ ਲੱਗਦੀ ਹੈ ਅਤੇ ਵਰਖਾ ਦੇ ਨਾਲ ਨਾਲ ਔਲੇ ਵੀ ਪੈਂਦੇ ਹਨ। ਰਾਤਾਂ ਨਾਲੋਂ ਦਿਨ, ਇਨ੍ਹਾਂ ਮਹੀਨਿਆਂ ਵਿੱਚ ਲੰਬੇ ਹੋ ਜਾਂਦੇ ਹਨ।

ਸਤੰਬਰ, ਅਕਤੂਬਰ ਅਤੇ ਨਵੰਬਰ ( ਅੱਸੂ, ਕੱਤਕ ਅਤੇ ਮੱਘਰ ) ਦੇ ਮਹੀਨੇ ਪਤਝੜ ਦੀ ਰੁੱਤ ਲੈ ਕੈ ਆਉਂਦੇ ਹਨ। ਫ਼ਸਲਾਂ ਦੀ ਕਟਾਈ ਇਨ੍ਹਾਂ ਮਹੀਨਿਆਂ ਵਿੱਚ ਕੀਤੀ ਜਾਂਦੀ ਹੈ। ਹਵਾ ਖੁਸ਼ਕ ਹੋਣ ਲਗਦੀ ਹੈ, ਫੱਲ ਅਤੇ ਫਸਲਾਂ ਪੱਕਣ ਲਗਦੀਆਂ ਹਨ। ਵਾਦੀ ਵਿੱਚ ਪਤਝੜ ਦਾ ਮੌਸਮ ਖ਼ੂਬਸੂਰਤ ਨਜ਼ਾਰਾ ਪੇਸ਼ ਕਰਦਾ ਹੈ ਜਦੋਂ ਚਿਨਾਰ ਦੇ ਪੱਤੇ ਝੜ ਝੜ ਕੇ ਵਾਦੀ ਦੀ ਧਰਤੀ ਨੂੰ ਰੰਗੀਨ ਬਣਾ ਦਿੰਦੇ ਹਨ।

ਜੰਮੂ ਕਸ਼ਮੀਰ ਦਾ ਪੌਣ-ਪਾਣੀ ਸਫਾ-11

ਦਸੰਬਰ, ਜਨਵਰੀ ਅਤੇ ਫਰਵਰੀ ( ਪੋਹ, ਮਾਘ ਅਤੇ ਫੱਗਣ )

ਸਰਦੀਆਂ ਦੇ ਮਹੀਨੇ ਹਨ ਅਤੇ ਸਾਰੀ ਵਾਦੀ ਨੂੰ ਜੰਮਾ ਦਿੰਦੇ ਹਨ, ਝੀਲਾਂ ਤੇ ਨਦੀਆਂ ਨਾਲਿਆਂ ਦਾ ਪਾਣੀ ਜੱਖ ਠੰਢਾ ਹੋਕੇ ਜੰਮ ਜਾਂਦਾ ਹੈ। ਘਰਾਂ ਦੀਆਂ ਛੱਤਾਂ ਬਨੇਰਿਆਂ ਤੋਂ ਜੰਮੀ ਬਰਫ਼ ਦੇ ਤਿੱਖੇ ਸਖਤ ਟੁੱਕੜੇ ਆਮ ਨਜ਼ਰ ਆਉਂਦੇ ਹਨ। ਇਸ ਹਡਕੜਕਾਉਂਦੀ ਠੰਢ ਤੋਂ ਬਚਣ ਲਈ ਸਥਾਨਕ ਕਸ਼ਮੀਰੀ ਲੋਕ ਗਰਮ ਕਪੜੇ ਦੇ ਬਣੇ ਹੋਏ ਲੰਬੇ ਲਿਬਾਸ ਜਿਨ੍ਹਾਂ ਨੂੰ ਕਸ਼ਮੀਰੀ ਬੋਲੀ ਵਿੱਚ 'ਫਿਰਨ' ਕਿਹਾ ਜਾਂਦਾ ਹੈ, ਪਹਿਨਦੇ ਹਨ। ਇੱਕ ਚਲਦੀ ਫਿਰਦੀ ਗਰਮ ਅੰਗੀਠੀ ਜਿਸ ਨੂੰ ਇਹ ਲੋਕ 'ਕਾਂਗੜੀ' ਕਹਿੰਦੇ ਹਨ, ਆਮ ਕਰਕੇ ਵਰਤੋਂ ਵਿੱਚ ਲਿਆਈ ਜਾਂਦੀ ਹੈ।

ਚਾਰੇ ਪਾਸਿਓਂ ਘਿਰੀ ਕਸ਼ਮੀਰ ਵਾਦੀ ਦੇ ਮੌਸਮਾਂ ਵਿੱਚ ਅਚਾਨਕ ਬਦਲਾਵ ਆਉਂਦੇ ਹਨ ਅਤੇ ਵਾਦੀ ਬਰਫ਼ ਨਾਲ ਲੱਦੀਆਂ ਪਹਾੜੀ ਚੋਟੀਆਂ ਵਿੱਚ ਬੈਠੀ ਇਨ੍ਹਾਂ ਨਿੱਤ ਬਦਲਦੇ ਮੌਸਮਾਂ ਨੂੰ ਆਪਣੇ ਪਿੰਡੇ ਤੇ ਹੰਢਾਉਂਦੀ ਹੈ। ਦੱਖਣ-ਪੱਛਮ ਵਲ ਖੜ੍ਹੋਤੀ ਪੀਰ ਪੰਜਾਲ ਪਰਬਤ ਮਾਲਾ ਇਸ ਵਾਦੀ ਦੀ ਸਰਹੱਦ ਤਰ੍ਹਾਂ ਹੈ ਅਤੇ ਦੱਖਣ- ਪੱਛਮ ਦੇ ਮਾਨਸੂਨ ਨੂੰ ਵਾਦੀ ਵਿੱਚ ਪ੍ਰਵੇਸ਼ ਕਰਨ ਤੋਂ ਰੋਕਦੀ ਹੈ। ਦਸੰਬਰ 22 ਤੋਂ ਫਰਵਰੀ 28 ਤੱਕ ਦੇ ਪੂਰੇ 70 ਦਿਨ ਦਬਵੀਂ ਸਰਦੀ ਹੁੰਦੀ ਹੈ। ਦਸੰਬਰ 21 ਤੋਂ ਜਨਵਰੀ 31 ਤੱਕ ਦੇ 40 ਦਿਨਾਂ ਨੂੰ 'ਚਿੱਲੇ ਕਲਾਂ' ਕਿਹਾ ਜਾਂਦਾ ਹੈ ਜਦੋਂ ਕਾ ਸਰਦੀ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਇਸ ਤੋਂ ਬਾਅਦ ਇੱਕ ਫਰਵਰੀ ਤੋਂ ਲੈ ਕੇ ਵੀਹ ਫਰਵਰੀ ਤੱਕ 'ਚਿੱਲੇ ਖੁਰਦ' ਦੇ ਵੀਹ ਦਿਨ ਹੁੰਦੇ ਹਨ ਅਤੇ ਫਰਵਰੀ ਦੇ ਅਖੀਰਲੇ ਦੱਸ ਦਿਨ ' ਚਿੱਲੇ ਬਚਾ' ਦੇ ਕਿਹੇ ਜਾਂਦੇ ਹਨ।

ਜੰਮੂ ਕਸ਼ਮੀਰ ਵਿੱਚ ਜਿੱਥੇ ਭਾਂਤੀ ਭਾਂਤੀ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਕਈ ਕਿਸਮਾਂ ਦੇ ਵੱਖ ਵੱਖ ਪਹਿਰਾਵੇ ਵਾਲੇ ਲੋਕ ਹਨ, ਉਥੇ ਹੀ ਇੱਥੇ ਦੇ ਭਿੰਨਤਾ ਲਬਰੇਜ਼ ਮੌਸਮ, ਇੱਥੋਂ ਦੇ ਉੱਚੇ ਨੀਵੇਂ ਭੂਖੋਲ ਕਾਰਨ ਵੱਖੋ ਵੱਖਰੇ ਇਲਾਕਿਆਂ ਦੇ ਬਿਲਕੁਲ ਅਲੱਗ ਅਲੱਗ ਹਨ। ਜੰਮੂ ਕਸ਼ਮੀਰ ਦੀਆਂ ਨਿਰਮਲ ਝੀਲਾਂ ਅਤੇ ਨਦੀਆਂ ਦਰਿਆਵਾਂ ਦੇ ਸ਼ੀਤਲ ਕਲਕਲ ਵਹਿੰਦੇ ਪਾਣੀਆਂ ਦੀ ਛਰਛਰਾਹਟ ਅਤੇ ਵਾਦੀਆਂ ਦੀਆਂ ਰੁਮਕਦੀਆਂ ਠੰਢੀਆਂ, ਨਿੱਘੀਆਂ ਅਤੇ ਕਿਤੇ ਕਿਤੇ ਗਰਮ ਹਵਾਵਾਂ, ਜੰਮੂ ਕਸ਼ਮੀਰ ਨੂੰ ਸਚਮੁੱਚ ਹੀ ਸਾਡੇ ਵਿਸ਼ਾਲ ਭਾਰਤ ਦੇਸ਼ ਦਾ ਸਾਰਤਾਜ ਹੋਣ ਦਾ ਰੁਤਬਾ ਪ੍ਰਦਾਨ ਕਰਦੀਆਂ ਹਨ। ਕਿਸੇ ਇੱਕੋ ਪ੍ਰਦੇਸ਼ ਦੇ ਦੋ ਸੂਬਿਆਂ ਦਾ ਇਸ ਕਦਰ ਵੱਖੋ ਵੱਖਰਾ ਮੌਸਮ ਅਤੇ ਹਰ ਸੂਬੇ ਦੇ ਅੰਦਰ ਦੇ ਇਲਾਕਿਆਂ ਵਿੱਚ ਵੀ ਮੌਸਮਾਂ ਦੀ ਇਸ ਦਰਜੇ ਦੀ ਭਿੰਨਤਾ ਹੋਣਾ ਸਚਮੁੱਚ ਹੀ ਇਸ ਪ੍ਰਦੇਸ਼ ਨੂੰ ਕੁਦਰਤ ਦਾ ਬਖਸ਼ਿਆ ਹੋਇਆ ਇੱਕ ਅਨਮੋਲ ਤੋਹਫਾ ਹੈ।

ਅੱਲਾਮਾ ਇਕਬਾਲ ਨੇ ਸੱਚ ਹੀ ਇੱਕ ਵੇਰਾਂ ਠੀਕ ਕਿਹਾ ਸੀ, "ਕੋਈ ਸੜਿਆ ਭੁੱਜਿਆ, ਪਰਿੰਦਾ-ਜਾਤ ਜੇ ਕਿਤੇ ਕਸ਼ਮੀਰ ਵੜ ਜਾਵੇ ਤਾਂ ਉਸਦੇ ਖੰਭ ਉੱਗ ਪੈਣਗੇ ਤੇ ਉਹ ਇੱਕ ਨਰੋਆ ਪੰਛੀ ਬਣ ਉੱਡ ਪਵੇਗਾ।"

ਮਿਰਜ਼ਾ ਹੈਦਰ ਦੁਗਲਤ ਕਸ਼ਮੀਰ ਦੀ ਸਰਾਹਨਾ ਕਰਦਿਆਂ ਲਿਖਦਾ ਹੈ, "ਮੈਂ ਨਾ ਕਦੇ ਐਸੀ ਜਗ੍ਹਾ ਬਾਰੇ ਸੁਣਿਆ ਹੈ ਅਤੇ ਨਾ ਹੀ ਗਿਆ ਹਾਂ ਜਿਹੜੀ ਕਸ਼ਮੀਰ ਵਰਗੀ ਹੋਵੇ ਅਤੇ ਜਿੱਥੇ ਐਹੋ ਜਿਹੇ ਚਾਰੋਂ ਮੌਸਮ ਵੇਖਣ ਨੂੰ ਮਿਲਦੇ ਹੋਣ।"

ਅਮੀਰ ਖੁਸਰੋ ਦੇ ਬੋਲਾਂ ਬਿਨਾਂ ਇੱਥੋਂ ਦੇ ਪੌਣਪਾਣੀ ਨਾਲ ਅਸੀਂ ਇਨਸਾਫ ਨਹੀਂ ਕਰ ਸਕਾਂਗੇ। ਉਹ ਲਿਖਦੇ ਹਨ :

"ਗ਼ਰ ਬਰ-ਰੂ-ਏ ਜ਼ਮੀ ਅਸਤ, ਹਮੀਂ ਅਸਤ, ਹਮੀਂ ਅਸਤ, ਹਮੀਂ ਅਸਤ"
(ਇਸ ਧਰਤੀ ਤੇ ਜੇ ਕਿਤੇ ਸਵਰਗ ਹੈ ਤਾਂ ਉਹ ਇਹੀ ਹੈ, ਇਹੀ ਹੈ, ਇਹੀ ਹੈ )

**ਸੀਨੀਅਰ ਮੈਨੇਜਰ, ਇੰਡੀਅਨ ਓਵਰਸੀਜ਼ ਬੈਂਕ ( ਰਿਟਾਇਰਡ) ਬੀਐਸਸੀ, ਐਮਏ ( ਇੰਗਲਿਸ਼) ਸੀਏਆਈਆਈਬੀ (ਮੁੰਬਈ)**

# ਆਧੁਨਿਕ ਕਾਵਿ ਵਿੱਚ ਚਾਰ ਸਾਹਿਬਜ਼ਾਂਦਿਆਂ ਦੀ ਅਦੁੱਤੀ ਸ਼ਹਾਦਤ ਦਾ ਅਕਸ

❑ ਡਾ. ਸ਼ਰਨਜੀਤ ਕੌਰ

ਪੰਜਾਬ ਦੀ ਜ਼ਰਖ਼ੇਜ਼ ਸਰਜ਼ਮੀਨ ਨੂੰ ਜਿੱਥੇ ਸਤ ਦਰਿਆਵਾਂ ਨੇ ਆਪਣੇ ਪਾਣੀਆਂ ਨਾਲ ਸਿੰਜ ਕੇ ਖੁਸ਼ਹਾਲੀ ਤੇ ਹਰਿਆਲੀ ਬਖ਼ਸ਼ੀ, ਉੱਥੇ ਸਿੱਖ ਧਰਮ ਨੇ ਇਸ ਦੀ ਰੂਹ ਨੂੰ ਰੂਹਾਨੀ ਖੁਰਾਕ ਬਖ਼ਸ਼ਣ ਦੇ ਨਾਲ–ਨਾਲ ਸ਼ਹੀਦਾਂ ਨੇ ਪੰਜਾਬ ਦੀ ਪਾਵਨ ਪਵਿੱਤਰ ਧਰਤੀ ਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਇਸਦੀ ਨਿਰਾਲੀ ਪਹਿਚਾਣ ਨੂੰ ਬਰਕਰਾਰ ਰੱਖਿਆ। ਪੰਜਾਬ ਦੀ ਧਰਤੀ ’ਤੇ ਸਿੱਖ ਧਰਮ ਵਿਚ ਸ਼ਹਾਦਤ ਦਾ ਬੂਟਾ ਲਗਾਉਣ ਵਾਲੇ, ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦਾ ਨਾਂ ਸਿੱਖ ਇਤਿਹਾਸ ਦੇ ਪੰਨਿਆਂ ਉੱਤੇ ਰਹਿੰਦੀ ਦੁਨੀਆਂ ਤੱਕ ਸੁਨਹਿਰੀ ਅੱਖਰਾਂ ਵਿਚ ਦਰਜ ਰਹੇਗਾ। ਜਿੰਨ੍ਹਾਂ ਉੱਤੇ ਬਾਦਸ਼ਾਹੀ ਜ਼ਰਵਾਣਿਆਂ ਨੇ ਆਪਣੇ ਤਖ਼ਤੋਂ ਤਾਜ ਅਤੇ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਣ ਲਈ ਜ਼ੁਲਮਾਂ ਦੇ ਅੰਬਾਰ ਬਰਸਾਏ। ਮਾਨਵਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਮਾਨਵੀ ਸਰੋਕਾਰਾਂ ਦੀ ਬਹਾਲੀ ਲਈ ਅਕਹਿ ਜ਼ੁਲਮੀ ਕਹਿਰਾ ਨੂੰ ਸਹਿੰਦੇ ਹੋਏ ਸਿਰਧੜ ਦੀ ਬਾਜ਼ੀ ਲਗਾ ਗਏ ਪ੍ਰੰਤੂ ਜ਼ੁਲਮਾਂ ਅੱਗੇ ਸਿਰ ਨਹੀਂ ਝੁਕਾਇਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਲੋਕਾਈ ਨੂੰ ਸਰਬਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਆਪਣੇ ਧਰਮ ਤੋਂ ਉਪਰ ਉੱਠ ਕੇ ਦੂਜੇ ਧਰਮ ਲਈ ਆਪਣੀ ਜਾਨ ਕੁਰਬਾਨ ਕਰਕੇ ਸ਼ਹਾਦਤ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਰੱਖਿਆ ਸੀ। ਜਿਸਦੀ ਮਿਸਾਲ ਦੁਨੀਆ ਵਿਚ ਹੋਰ ਕਿਧਰੇ ਨਹੀਂ ਮਿਲਦੀ। ਸਾਹਿਬਜ਼ਾਦਿਆਂ ਨੂੰ ਸ਼ਹਾਦਤ ਦੀ ਗੁੜਤੀ ਵਿਰਸੇ ਵਿਚੋਂ ਪ੍ਰਾਪਤ ਹੋਈ ਸੀ। ਦਾਦੇ ਦੇ ਪਾਏ ਪੂਰਨਿਆਂ ’ਤੇ ਚੱਲਦੇ ਹੋਏ ਨਿੱਕੀ ਉਮਰੇ ਸ਼ਹਾਦਤ ਦਾ ਵੱਡਾ ਮੁਕਾਮ ਹਾਸਿਲ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੁੱਤਰਾਂ ਨੂੰ ਚਾਰ ਸਾਹਿਬਜ਼ਾਦਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿੰਨ੍ਹਾਂ ਨੇ ਉਮਰੋਂ ਨਿੱਕੇ ਹੋਣ ਦੇ ਬਾਵਜੂਦ ਸ਼ਹੀਦੀ ਦੇ ਵਡੇਰੇ ਪੰਧ ਸਰ ਕੀਤੇ। ਸਿੱਖ ਪੰਥ ਦੇ ਗੌਰਵ ਨੂੰ ਹੋਰ ਵੀ ਉੱਚਾ ਕੀਤਾ।

ਸਭ ਤੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਹੋਇਆ। ਬਾਬਾ ਅਜੀਤ ਸਿੰਘ ਦਾ ਜਨਮ 23 ਮਾਘ ਸੰਮਤ 1743 ਦਾ ਸੀ।1 ਗੁਰੂ ਗੋਬਿੰਦ ਸਿੰਘ ਜੀ ਦੀ ਭੰਗਾਣੀ ਦੇ ਯੁੱਧ ਵਿਚ ਜਿੱਤ ਦੇ ਕਾਰਨ ਬਾਲਕ ਦਾ ਨਾਂ ਅਜੀਤ ਸਿੰਘ ਰੱਖਿਆ ਗਿਆ। ਬਚਪਨ ਗੁਰੂ ਗੋਬਿੰਦ ਸਿੰਘ ਦੀ ਛੱਤਰ ਛਾਇਆ ਵਿਚ ਬੀਤਿਆ। ਸੈਨਿਕ ਤੇ ਸ਼ਾਸਤਰ ਵਿਦਿਆ ਵਿਚ

ਨਿਪੁੰਨ ਹੋਏ। ਮੁਗਲਾਂ ‘ਤੇ ਵਿਸ਼ਵਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲਾ 5, 6 ਦਸੰਬਰ ਨੂੰ ਛੱਡਿਆ ਤਾਂ ਉਸ ਸਮੇਂ ਮੁਗਲ ਆਪਣੇ ਵਚਨਾ ਨੂੰ ਤੋੜਦੇ ਹੋਏ ਪਿੱਛੋਂ ਸਿੱਖ ਫੌਜਾਂ ਉੱਤੇ ਧਾਵਾ ਬੋਲ ਦਿੱਤਾ। ਇਸਦਾ ਜ਼ਿਕਰ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਜੀ ਨੇ ਇੰਞ ਕੀਤਾ ਹੈ:—

ਕੌਮ ਜਗ ਹੁਣ ਦੂਜੇ ਪਾਸੇ ਝਾਤ ਮਾਰੀਏ
ਅਰ ਭਾਰਤ ਦੇ ਪ੍ਰਤਿਪਾਨ ਗੁਰੂ ਦੇ ਮੁਖ ਨਿਹਾਰੀਏ
ਆਨੰਦਪੁਰੋਂ ਪਰਵਾਰ ਸਣੇ ਜਦ ਸਤਿਗੁਰ ਚੱਲੇ
ਤੁਰਕਾਂ ਤੋੜ ਸੁਗੰਧ ਮਗਰ ਕਰ ਦਿੱਤੇ ਹੱਲੇ।[2]

ਉਸ ਸਮੇਂ ਸਿੱਖ ਫੌਜ ਦੀ ਅਗਵਾਈ ਪਿਛਲੇ ਪਾਸੇ ਬਾਬਾ ਅਜੀਤ ਸਿੰਘ ਜੀ ਕਰ ਰਹੇ ਸਨ ਤੇ ਸ਼ਾਹੀ ਟਿੱਬੀ ਦੇ ਅਸਥਾਨ ਤੇ ਮੁਗਲਾਂ ਤੇ ਸਿੱਖਾਂ ਵਿਚਕਾਰ ਲੜਾਈ ਹੋਈ। ਅਜੀਤ ਸਿੰਘ ਤੇ ਸਿੱਖ ਫੌਜਾਂ ਠਾਠਾਂ ਮਾਰਦੀ ਸਰਸਾ ਨਦੀ ਨੂੰ ਪਾਰ ਕਰਨ ਵਿਚ ਸਫ਼ਲ ਹੋ ਗਏ। ਗੁਰੂ ਦੀਆਂ ਫੌਜਾਂ ਵਿਚੋਂ ਬਹੁਤੇ ਸਿੰਘ ਸ਼ਹੀਦ ਹੋ ਗਏ ਤੇ ਚਾਲੀ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਜਾਂ ਪਹੁੰਚੇ ਜਿਸਦਾ ਜ਼ਿਕਰ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਇੰਞ ਕੀਤਾ ਹੈ,

ਅਰ ਡੋਲੇ ਭੇਜ ਦਿੱਤੇ ਹੋਰਨੀਂ ਪਿੰਡੀ ਥਾਈਂ।
ਹੁਣ ਨਾਲ ਰਹਿ ਗਏ ਕੁਲ ਗੁਰੂ ਦੇ ਸੂਰੇ ‘ਚਾਲੀ’
ਬਾਕੀ ਦੇ ਹੋਏ ਸ਼ਹੀਦ ਦੇਸ਼ ਦੀ ਰੱਖ ਵਿਖਾਲੀ।
ਚਾਲੀ ਬੀਰਾਂ ਦੇ ਨਾਲ, ਸਤਿਗੁਰੂ ਤੁਰੇ ਅਗੇਰੇ
ਅਰ ਹੱਲਾਂ ਕਰ ਚਮਕੌਰ ਜਾਇ ਕੇ ਪਾਏ ਡੇਰੇ
ਇਕ ਉੱਚੀ ਗੜ੍ਹੀ ਸੰਭਾਲ ਦਿਆਂ ਗੁਰਾ ਡੇਰਾ ਲਾਈ।
ਕਰ ਪ੍ਰਬੰਧ ਤਤਕਾਲ ਛੇੜ ਦਈ ਤੁਰਤ ਲੜਾਈ।[3]

ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਮੁਗਲਾਂ ਦਾ ਮੁਕਾਬਲਾ ਕੀਤਾ ਗਿਆ 33 ਸਿੰਘ ਜਦੋਂ ਸ਼ਹੀਦ ਹੋ ਗਏ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਨਾਜ਼ੁਕ ਹਲਾਤਾ ਨੂੰ ਵੇਖਦੇ ਹੋਏ ਖ਼ੁਦ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਲੜਾਈ ਦੇ ਮੈਦਾਨ ਵਿਚ ਜਾਣ ਦੀ ਆਗਿਆ ਮੰਗੀ। ਜਿਸਦਾ ਜ਼ਿਕਰ ਕਵੀ ਬਲਵੰਤ ਤੇਗ ਨੇ ਇੰਞ ਕੀਤਾ ਹੈ,

ਤੇਤੀ ਸਿੰਘ ਸ਼ਹੀਦੀਆਂ ਜਦੋਂ ਪਾ ਗਏ,
ਖਾਧਾ ਦਿਲੋਂ ਉਬਾਲਾ ਅਜੀਤ ਸਿੰਘ ਨੇ।
ਹੱਥ ਜ਼ੋੜ ਕੇ ਪਿਤਾ ਨੂੰ ਅਰਜ਼ ਕੀਤੀ ,
ਬੜੀ ਨਿਮਰਤਾ ਨਾਲ ਅਜੀਤ ਸਿੰਘ ਨੇ।

ਬੇਸ਼ੱਕ ਵਾਰੀ ਜਾਏ ਨਿਕੀ ਜਹੀ ਜਿੰਦ ਮੇਰੀ।
ਐ ਪਰ ਪੰਥ ਪਿਆਰੇ ਦੀ ਸ਼ਾਨ ਰਹਿ ਜਾਏ।[4]

ਗੁਰੂ ਪਿਤਾ ਦਾ ਅਸ਼ੀਰਵਾਦ ਨਾਲ ਬਾਬਾ ਅਜੀਤ ਸਿੰਘ ਜੀ ਦੁਸ਼ਮਣ ਦੀਆਂ ਫੌਜਾਂ ਦੇ ਛੱਕੇ ਛਡਾਉਂਦਾ ਰਿਹਾ ਜਿਸ ਨੂੰ ਵੇਖ ਕੇ ਮੁਗਲ ਫੌਜਾਂ ਦੰਗ ਰਹਿ ਗਈਆਂ ਤੇ ਇਕੱਲਾ ਸਿੰਘ ਹਜ਼ਾਰਾ ’ਤੇ ਭਾਰੂ ਪੈ ਗਿਆ ਜਿਸਦਾ ਜ਼ਿਕਰ ਪ੍ਰਸਿੱਧ ਕਵੀ ਕਲਿਆਣ ਸਿੰਘ ਪੰਛੀ ਨੇ ਇੰਝ ਕੀਤਾ ਹੈ,

ਮੌਤ ਨਾਲ ਅਟਖੇਲੀਆ ਕਰੀ ਜਾਂਦਾ,
ਜਿਹੜਾ ਵੇਖਦਾ ਆਖਦਾ ਮਰੇ ਅਸੀਂ
ਇਹ ਤਾਂ ਕੋਹਾਂ ਤੋਂ ਮਾਰ ਮੁਕਾਈ ਜਾਂਦੈ।
ਕਿਵੇ ਛੁਪੀਏ ਹੋਈਏ ਪਰੇ ਅਸੀਂ।
ਸਾਨੂੰ ਮੁਗਲ ਪਠਾਣੀਆਂ ਜੰਮਿਆ ਏ।
ਮੌਤ ਕੋਲ ਨਾ ਅਜ ਤਕ ਡਰੇ ਅਸੀਂ।[5]

ਅਜੀਤ ਸਿੰਘ ਦੀ ਬਹਾਦਰੀ ਦਾ ਚਿਤਰਣ ਪ੍ਰਸਿੱਧ ਕਵੀ ਮਹਿੰਦਰ ਸਿੰਘ ਬਾਵਾ ਨੇ ਇੰਝ ਕੀਤਾ ਹੈ,

ਅਲੀ ਮਦਦ ਪੁਕਾਰਦੇ ਮੁਗਲ ਭਜੇ
ਐਸੀ ਤੇਗ ਸੀ ਵਾਹੀ ਅਜੀਤ ਸਿੰਘ ਨੇ
ਸੀਨੇ ਚੀਰ ਦਿੱਤੇ ਨੇਜਾ ਮਾਰ ਕੇ ਤੇ
ਪਾ ਦਿੱਤੀ ਦੁਹਾਈ ਅਜੀਤ ਸਿੰਘ ਨੇ
ਲੜੀਆ ਜੰਗ ਘਸਮਾਣ ਦਾ ਸਾਹਿਬਜ਼ਾਦੇ।
ਨਾਨੀ ਯਾਦ ਕਰਾਈ ਅਜੀਤ ਸਿੰਘ ਨੇ। [6]

ਅੰਤਿਮ ਸਵਾਸਾ ਤੱਕ ਬਹਾਦਰ ਸੂਰਬੀਰ ਮੁਗਲਾਂ ਦਾ ਡੱਟ ਕੇ ਸਾਹਮਣਾ ਕਰਦਾ ਰਿਹਾ ਤੇ ਆਖਰ ਵੈਰੀ ਦੇ ਵਾਰ ਨਾਲ ਸ਼ਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦੀ ਪਾ ਗਿਆ। ਜਿਸਦਾ ਜਿਕਰ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਇੰਝ ਕੀਤਾ ਹੈ:—

ਛਾ ਗਿਆ ਬਦਲਾਂ ਘੁੰਡ, ਚੰਦ ਦੇ ਚਾਰ ਚੁਫੇਰੇ
ਕੱਲਾ ਕਰਦਾ ਵਾਰ ਅਨੇਕਾਂ ਵਾਰਾ ਅੱਗੇ।
ਹੋ ਗਿਆ ਬੀਰ ਕੁਰਬਾਨ ਦੇਸ਼ ਦੀ ਰਖਸਾ ਕਰਦਾ
ਗੁਰੂ ਗੋਬਿੰਦ ਦਾ ਲਾਲ ਟੁਰ ਗਿਆ, ਲੜਦਾ—ਲੜਦਾ।[7]

ਸਾਹਿਬਜ਼ਾਦਾ ਅਜੀਤ ਸਿੰਘ ਸ਼ਹੀਦੀ ਪ੍ਰਾਪਤ ਕਰ ਗਿਆ। ਬਹਾਦਰ ਸੂਰਬੀਰ ਦੀ ਸ਼ਹੀਦੀ ਦੀ ਮਿਤੀ ਨੂੰ ਲੈ ਕੇ ਵਿਦਵਾਨਾਂ ਵਿਚ ਮੱਤ ਭੇਦ ਹਨ ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਲਾਲ ਸਿੰਘ ਜੀ ਇਹ ਮਿਤੀ 8 ਪੋਹ 1762 ਬਿਸ ਸੰਮਤ ਦੱਸੀ ਹੈ।[8]

ਕੁਇਰ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀ ਵੀ ਇਹੀ ਤਰੀਕ ਦਿੱਤੀ ਹੈ। ਸ੍ਰੋਮਣੀ ਸ਼ਹੀਦ ਦੇ ਲੇਖਕ ਡਾ. ਗੁਰਚਰਨ ਸਿੰਘ ਔਲਖ ਨੇ ਵੀ ਇਹੀ ਤਾਰੀਖ ਸਹੀ ਦੱਸੀ ਹੈ। ਪਿਆਰਾ ਸਿੰਘ ਪਦਮ ਨੇ 17 ਮੱਘਰ 1762 ਬਿਸ ਸੰਮਤ ਦੱਸੀ ਹੈ ਭਾਈ ਗੁਲਾਬ ਸਿੰਘ ਜੀ ਤੇ ਭਾਈ ਕੇਸਰ ਸਿੰਘ ਛਿੱਬਰ ਜੀ 17 ਪੋਹ ਦੱਸੀ ਹੈ। ਪ੍ਰੰਤੂ 8 ਪੋਹ 1762 ਬਿ ਸੰਮਤ, 7 ਦਸੰਬਰ 1705 ਈ ਨੂੰ ਅਜੀਤ ਸਿੰਘ ਜੀ ਸ਼ਹੀਦੀ ਪ੍ਰਾਪਤ ਕੀਤੀ ਤੱਥਾ ਦੀ ਪੜਤੋਲ ਤੋ ਇਹੀ ਮਿਤੀ ਸਹੀ ਜਾਪਦੀ ਹੈ। ਇਸ ਪਾਸੇ ਅਜੇ ਹੋਰ ਵੀ ਪੜਚੋਲ ਦੀ ਲੋੜ ਹੈ। ਬੰਸਾਵਲੀ ਨਾਮਾ ਵਿਚ ਕੇਸਰ ਸਿੰਘ ਜੀ ਨੇ ਸਾਹਿਬਜ਼ਾਦਿਆਂ ਦੇ ਸੰਸਕਾਰ ਗੱਲ ਇੰਞ ਦੱਸੀ ਹੈ:—

ਜੀਤ ਸਿੰਘ ਜੀ ਭੀ ਸੁਰਗ ਸਿਧਾਏ,
ਲੱਖਾ ਨਾਲਿ ਕੀ ਕੀਤਾ ਜਾਏ
ਤਿਨਾ ਦਾ ਭੀ ਕੀਤਾ ਸਿਸਕਾਰੁ।
ਨਾਲ ਉਪਲਿਆ ਗਹੀਰਿਆ ਮਛਾਰ।[9]

ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਚੇਤ 1747 ਸੰਮਤ ਵਿਚ ਹੋਇਆ। ਜੁਝਾਰ ਸਿੰਘ ਦੀ ਦੇਖ ਰੇਖ ਗੁਰੂ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਤਨਦੇਹੀ ਨਾਲ ਕਰਵਾਈ ਤੇ ਉਨ੍ਹਾਂ ਨੂੰ ਘੋੜਸਵਾਰੀ ਤੀਰ ਅੰਦਾਜੀ ਤੇ ਸੈਨਿਕ ਗਤੀਵਿਧੀਆਂ ਦੀ ਸਿਖਲਾਈ ਵੀ ਵੱਡੇ ਪੁੱਤਰ ਅਜੀਤ ਸਿੰਘ ਵਾਂਗ ਹੀ ਦਿੱਤੀ ਗਈ। ਜਦੋਂ ਗੁਰੂ ਗੋਬਿੰਦ ਸਿੰਘ ਆਨੰਦਪੁਰ ਨੂੰ ਛੱਡ ਕੇ ਚਮਕੌਰ ਦੀ ਗੜ੍ਹੀ ਵਿਚ ਓਟ ਲਈ ਤਾਂ ਉਸ ਸਮੇਂ 40 ਸਿੰਘਾਂ ਦੇ ਨਾਲ ਸਾਹਿਬਜ਼ਾਦਾ ਜੂਝਾਰ ਸਿੰਘ ਵੀ ਪਿਤਾ ਨਾਲ ਹੀ ਸੀ ਪੰਜਾਂ— ਪੰਜਾਂ ਸਿੰਘਾਂ ਦੇ ਜਥੇ ਬਣਾ ਕੇ ਮੁਗਲਾਂ ਨਾਲ ਲੜਨ ਲਈ ਜਾਂਦੇ ਸਨ। ਉਸ ਸਮੇਂ ਮੌਕੇ ਦੀ ਨਜਾਕਤ ਨੂੰ ਸਮਝਦੇ ਹੋਏ ਸਾਹਿਬਜ਼ਾਦਾ ਅਜੀਤ ਸਿੰਘ ਨੇ ਲੜਾਈ ਦੇ ਮੈਦਾਨ ਵਿਚ ਜਾ ਕੇ ਸ਼ਹੀਦੀ ਪਾਈ ਤਾਂ ਬਾਲਕ ਜੁਝਾਰ ਸਿੰਘ ਘਬਰਾਇਆ ਨਹੀਂ ਸਗੋਂ ਲੜਾਈ ਦੇ ਮੈਦਾਨ ਵਿਚ ਵੈਰੀ ਦੇ ਦੰਦ ਖੱਟੇ ਕਰਨ ਲਈ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਯੁੱਧ ਦੇ ਮੈਦਾਨ ਵਿਚ ਜਾਣ ਦੀ ਆਗਿਆ ਮੰਗੀ। ਜਿਸਦਾ ਜਿਕਰ ਪ੍ਰਸਿੱਧ ਕਵੀ ਲਾਲ ਧਨੀ ਰਾਮ ਚਾਤ੍ਰਿਕ ਨੇ ਇੰਞ ਕੀਤਾ ਹੈ:—

ਸ੍ਰੀ ਗੁਰੂ ਸਾਹਿਬ ਜੁਝਾਰ ਦੇਖਣ ਲੱਗੇ
ਇਤਨੇ ਤਾਈ ਹੱਥ ਜ਼ੋੜ ਖੜੋਤੇ ਓ ਆ ਅੱਗੇ
ਕੀਤੀ ਨਿਉਂ ਕੇ ਅਰਦਾਸ ਪਿਤਾ ਪਹਿ ਪ੍ਰੇਮੀ ਹਿਰਦੇ

.........................................................

ਮੈ ਬਾਲਕ ਹਾਂ, ਪਰ ਯੁੱਧ ਵਿਚ ਨਹਿੰ ਮੂਲ ਡਰਾਂਗਾਂ।
ਇਹ ਬਰਛੀ ਵਾਰ ਕੇ ਕਈਆ ਦਾ ਸੰਘਾਰ ਕਰਾਂਗਾ।[10]

ਗੁਰੂ ਪਿਤਾ ਨੇ 14 ਸਾਲਾ ਸਾਹਿਬਜ਼ਾਦਾਂ ਜੁਝਾਰ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ। ਯੁੱਧ ਵਿਚ ਜਾਣ ਦੀ ਆਗਿਆ ਦੇ ਦਿੱਤੀ ਉਮਰੋਂ ਨਿੱਕੇ ਬਾਲਕ ਨੇ ਵੱਡੇ—ਵੱਡੇ ਯੋਧਿਆਂ ਦੀਆਂ ਹਵਾਈਆ ਉਡਾਂ ਦਿੱਤੀਆਂ। ਉਮਰੋਂ ਨਿੱਕਾ ਯੋਧਾ ਕਈਆਂ ਤੇ ਭਾਰੂ ਪਿਆ, ਜਿਸਦਾ ਜ਼ਿਕਰ ਪ੍ਰਸਿੱਧ ਕਵੀ ਕਲਿਆਣ ਸਿੰਘ ਪੰਛੀ ਨੇ ਇੰਝ ਕੀਤਾ ਹੈ:—

ਦੰਦ ਕਰੀਚਦਾ ਗੁੱਸੇ ਦੇ ਨਾਲ ਕਹਿੰਦੇ,
ਕਾਵੜ ਵਟ ਕੇ ਜਦੋ ਜੁਝਾਰ ਸਿੰਘ ਚਲਿਆ।
ਹਰ ਸੂ ਆਖਦੇ ਨੇਰੀਆ ਝੁਲ ਪਈਆ,
ਪਾਦਾ ਹਰ ਪਾਸੇ ਹਾ —ਹਾ ਕਾਰ ਚਲਿਆ।
ਸਿਰ ਤੇ ਕਲਗੀ ਤੇ ਸ਼ਾਸਤਰ ਨੇ ਪਾਏ ਐਸੇ।
ਜਿਵੇ ਕੌਮ ਦਾ ਸਿਪਾ ਸਲਾਰ ਚਲਿਆ।
ਵੈਰੀ ਦਲਾ ਦੇ ਡੱਕਰੇ ਕਰੀ ਜਾਵੇ ਉਹ,
ਉਹਦੀ ਤੇਗ਼ ਦਾ ਇਕੋ ਹੀ ਵਾਰ ਚੱਲਿਆ।[11]

ਜ਼ਾਲਮ ਮੁਗਲਾਂ ਨਾਲ ਦੋ ਹੱਥ ਕਰਦਾ ਸਾਹਿਬਜ਼ਾਂਦਾ ਜੁਝਾਰ ਸਿੰਘ ਕਿਸਤਰ੍ਹਾਂ ਸ਼ਹੀਦੀ ਪਾ੍ਰਪਤ ਕਰ ਗਿਆ। ਇਸਦਾ ਜ਼ਿਕਰ ਪ੍ਰਸਿੱਧ ਕਵੀ ਭਾਈ ਦਇਆ ਸਿੰਘ ਦਿਲਬਰ ਨੇ ਇੰਝ ਕੀਤਾ ਹੈ:—

ਐਸੇ ਜੰਗ ਅੰਦਰ ਸੀ ਸ਼ਾਸਤਰ ਓ।
ਵੇਖ ਕੇ ਵੈਰੀ ਵੀ ਕਹਿ ਬੱਲੇ ਬੱਲੇ ਓ।
ਲੜਦਿਆਂ ਅੱਧ ਵਿਚੋ ਟੁੱਟ ਗਈ ਕਿਰਪਾਨ ਜਦੋਂ।
ਖਾਲੀ ਹੱਥ ਰਹਿ ਗਿਆ ਯੋਧਾ ਬਲਵਾਨ ਜਦੋਂ
ਛੋਟਾ ਲਾਡਲਾ, ਡਾਹ ਛਾਤੀ ਖੜ੍ਹਿਆ ਈ ਓ।
ਆਖਰ ਮੁਗਲ ਕਿਸੇ, ਜੇ ਵਾਰ ਚਲਾਇਆ ਸੀ।
ਸਿਰ ਤੋਂ ਚੀਰਦਾ ਧਰਤੀ ਵੱਲ ਆਇਆ ਸੀ।
ਛੱਡਿਆ ਯੋਧੇ ਲੇ ਗੱਜ ਕੇ ਜੈਕਾਰਾ ਓ।[12]

ਇਸ ਤਰ੍ਹਾਂ ਬਹਾਦਰੀ ਨਾਲ ਲੜਦਾ ਹੋਇਆ ਸੂਰਬੀਰ ਜੁਝਾਰ ਸਿੰਘ 8 ਪੋਹ ਸੰਮਤ 1762 ਨੂੰ ਸ਼ਹੀਦੀ ਪ੍ਰਾਪਤ ਕਰ ਗਿਆ। ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆ ਕੀ ਵਿਚ ਕੇਸਰ ਸਿੰਘ ਛਿੰਧਰ ਨੇ ਸ਼ਹਾਦਤ ਤੋਂ ਮਗਰੋਂ ਸੰਸਕਾਰ ਕਰਨ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:—

ਮੁੜਿਆ, ਉਪਰਿ ਰਾਜੇ ਆਏ ਪਏ।
ਸਿੱਖ ਲੜੇ ਪਰ ਜੁਝਾਰ ਸਿੰਘ ਜੀ, ਸੁਰਗ ਨੂੰ ਗਏ।
ਪੰਦਰਾ ਸਿੰਘ ਲਾਸ ਲੈ ਕੇ ਰਣ ਵਿਚੋਂ ਆਏ,
ਸੋ ਕੀਤਾ ਸਿੱਖ ਸੰਸਕਾਰ ਚਮਕਾਉੜ ਵਿਚ ਜਾਏ।[13]

ਚਮਕੌਰ ਸਾਹਿਬ ਦੀ ਲੜਾਈ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੇ ਨਾਲ ਨਾਲ ਚਾਲੀ ਸਿੰਘ ਵੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਛੋਟੇ ਸਾਹਿਬਜ਼ਾਦੇ : ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਸਾਹਿਬਜ਼ਾਦੇ ਜ਼ੋਰਾਵਰ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ 1753 ਬ੍ਰਿ: ਸੰਮਤ ਵਿੱਚ ਹੋਇਆ। ਫ਼ਤਹਿ ਸਿੰਘ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਬ੍ਰਿ ਸੰਮਤ 1755 ਨੂੰ ਹੋਇਆ। ਗੁਰੂ ਜੀ ਦੁਆਰਾ ਆਨੰਦਪੁਰ ਸਾਹਿਬ ਦਾ ਕਿਲ੍ਹਾਂ ਛੱਡਣ ਤੋਂ ਮਗਰੋਂ ਮੁਗਲਾਂ ਨੇ ਮਕਾਰੀ ਕਾਰਨ ਪਿਛੋਂ ਧਾਵਾ ਬੋਲ ਦਿੱਤਾ। ਉਸ ਸਮੇਂ ਕੁਦਰਤ ਦਾ ਕਹਿਰ ਵੀ ਗੁਰੂ ਪਰਿਵਾਰ ਉੱਤੇ ਐਸਾ ਠਿੱਲ ਪਿਆ ਕੇ ਸਾਰਾ ਪਰਿਵਾਰ ਹੀ ਖੇਰੂ ਖੇਰੂ ਹੋ ਗਿਆ। ਠਾਠਾ ਮਾਰਦੀ ਸਰਸਾ ਨਦੀ ਨੂੰ ਪਾਰ ਕਰਦੇ ਸਮੇਂ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ, ਗੁਰੂ ਗੋਬਿੰਦ ਸਿੰਘ ਤੋਂ ਵਿੱਛੜ ਗਏ। ਉਸ ਸਮੇਂ ਮਾਤਾ ਜੀ ਨਾਲ ਗੰਗੂ ਰਸੋਈਆਂ ਵੀ ਸੀ ਜਿਸਦਾ ਜ਼ਿਕਰ ਪ੍ਰਸਿੱਧ ਕਵੀ ਸੋਹਣ ਸਿੰਘ ਸੀਤਲ ਨੇ ਇੰਝ ਕੀਤਾ ਹੈ:—

ਗੁਰੂ ਸਾਹਿਬ ਜੀ ਛੱਡ ਆਨੰਦਪੁਰ ਨੂੰ
ਜਦੋਂ ਵੱਲ ਮਾਲਵੇ ਵੱਲ ਸਿਧਾਏ ਭਾਈ
ਛੋਟੇ ਸਾਹਿਬਜ਼ਾਦੇ ਨਾਲ ਮਾਤਾ ਗੁਜਰੀ
ਵਿਛੱੜ ਕੇ ਸਾਥ ਤੋਜ਼ ਦੁੱਖ ਉਠਾਏ ਭਾਈ
ਗੰਗੂ ਘਰ ਲਿਆਇਕੇ ਦ਼ਗਾ ਕੀਤਾ।[14]

ਉਨ੍ਹਾਂ ਨੂੰ ਆਪਣੇ ਨਾਲ ਆਪਣੇ ਪਿੰਡ ਸੇਹੜੀ ਲੈ ਆਇਆ। ਜਿਸਦਾ ਜ਼ਿਕਰ ਪ੍ਰਸਿੱਧ ਕਵੀ ਲਾਲ ਧਨੀ ਰਾਮ ਚਾਤ੍ਰਿਕ ਨੇ ਇੰਝ ਕੀਤਾ ਹੈ :—

ਵਿਚਾਰੀ ਮਾਤਾ ਵੇਖ, ਬਿਨੇ ਏ ਗੰਗੂ ਕੀਤੀ।
ਮਾਤਾ ਜੀ ਕਰੋ ਨਾ ਸੋਚ, ਡੌਲ ਮੈਂ ਗਿਣ ਲੀਤੀ।

ਨੇੜੇ ਹੈ ਮੇਰਾ ਪਿੰਡ, ਆਪਣੇ ਘਰ ਚਲ ਬਹੀਏ।
ਅਰ ਜਦ ਤਕ ਸਤਿਗੁਰ ਆਣ ਓਸ ਥਾਂ ਲੁਕ ਕੇ ਰਹੀਏ।
ਸੁਣ ਕੇ ਗੰਗੂ ਦੀ ਅਰਜ਼ ਬ੍ਰਿਧ ਮਾਤਾ ਨੇ ਮੰਨੀ।
ਹੋ ਖੱਚਰ ਪਰ ਅਸਵਾਰ ਤੁਰੇ ਸੇਹੜੀ ਵੰਨੀ।[15]

ਮਾਤਾ ਜੀ ਤੇ ਬੱਚਿਆਂ ਨੂੰ ਘਰ ਲਿਆ ਕੇ ਗੰਗੂ ਰਸੋਈਏ ਦੇ ਮਨ ਵਿੱਚ ਲੋਭ ਦਾ ਫੁਰਨਾ ਫੁਰਿਆਂ ਤੇ ਲਾਲਚ ਵਿਚ ਆ ਕੇ ਉਸਨੇ ਮਾਤਾ ਗੁਜਰੀ ਜੀ ਦੀ ਧਨ ਵਾਲੀ ਪੋਟਲੀ ਚੁਰਾ ਲਈ ਤੇ ਫਿਰ ਚੋਰ—ਚੋਰ ਕਹਿ ਕੇ ਰੌਲਾ ਪਾ ਦਿੱਤਾ ਮਾਤਾ ਗੁਜਰੀ ਜੀ ਨੂੰ ਪਤਾ ਸੀ ਇਹ ਪੋਟਲੀ ਗੰਗੂ ਤੇ ਚੁਰਾਈ ਹੈ। ਇਸ ਵਾਰਤਾਲਾਪ ਨੂੰ ਪ੍ਰਸਿੱਧ ਕਵੀ ਗੁਲਜ਼ਾਰ ਸਿੰਘ ਸ਼ੌਕੀ ਨੇ ਇੰਝ ਪੇਸ਼ ਕੀਤਾ ਹੈ:—

ਗੰਗੂ ਪੰਡਤ—ਚੋਰ ਲੈ ਗਏ ਚੋਰੀ ਕਰਕੇ
ਸਾਰੇ ਮਾਲ ਦਾ ਉਹ ਕਰ ਗਏ ਸਫਾਇਆ
ਨਾ ਕੌਲੀ ਛੱਡੀ ਪਾਣੀ ਪੀਣ ਨੂੰ
ਲੈ ਗਏ ਜੋ ਵੀ ਉਹਨਾਂ ਦੇ ਹੱਥ ਆਇਆ।
ਮਾਤਾ ਗੁਜਰੀ ਜੀ- ਚੋਰ ਕਦੋਂ ਆਏ ਗੰਗਿਆ,
ਸਾਰੀ ਰਾਤ ਜਾਗ ਨੈਣਾਂ 'ਚ ਲੰਘਾਈ।
ਮਾਇਆ ਪਿੱਛੇ ਝੂਠ ਬੋਲਦੈ,
ਤੈਨੂੰ ਰਤਾ ਵੀ ਸ਼ਰਮ ਨਾ ਆਈ। [16]

ਗੰਗੂ ਨੂੰ ਜਦੋਂ ਇਸ ਗੱਲ ਦਾ ਲੱਗ ਗਿਆ ਕਿ ਮਾਤਾ ਜੀ ਸਭ ਕੁਝ ਜਾਣ ਗਏ ਹਨ ਤਾਂ ਉਸਨੇ ਆਪਣੇ ਆਪ ਨੂੰ ਛੁਪਾਉਣ ਦੇ ਲਈ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਜਿਸਦਾ ਜਿਕਰ ਪ੍ਰਸਿੱਧ ਕਵੀ ਲਾਲ ਧਨੀ ਰਾਮ ਚਾਤ੍ਰਿਕ ਨੇ ਇੰਝ ਕੀਤਾ ਹੈ :—

ਘਰ ਵਿੱਚ ਹੋਈ ਚੁਪ—ਚਾਪ, ਪਾਪ ਦਾ ਮਨ ਅਕੁਲਾਯਾ
ਅਰ ਨਗਰ ਦੇ ਇਕ ਤੁਰਕ ਪੈ ਦੇ ਘਰ ਚਲ ਆਯਾ।
ਭਾਂਡਾ ਸਭ ਦਿੱਤਾ ਫੋੜ ਉਸ ਨੂੰ ਪਾਸ ਬਿਠਾ ਕੇ।
ਪੈਰਾਂ ਪਰ ਮਾਰੀ ਕਹੀ ਨੀਚ ਨੇ ਹੱਥੀ ਜਾ ਕੇ।
ਅਰ ਕਿਹਾ ਕਿ ਤੜਕੇ ਤੁਸਾ ਆਣ ਕੇ ਫੜ ਲੈ ਜਾਣਾ
ਮੈਨੂੰ ਭੀ ਕੁਝ ਇਨਾਮ ਪਾਤਸ਼ਾਹ ਤੋਂ ਦਿਲਵਾਣਾ। [17]

ਮੋਰਿੰਡੇ ਦੇ ਹਾਕਮ ਨੇ ਗ੍ਰਿਫਤਾਰ ਕਰਕੇ ਸਰਹੰਦ ਦੇ ਨਵਾਬ ਨੂੰ ਇਤਲਾਹ ਕਰ ਦਿੱਤੀ ਤੇ ਸਰਹੰਦ ਦੇ ਨਵਾਬ ਨੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ 23—24 ਦਸੰਬਰ 1704

ਈ: ਨੂੰ ਠੰਢੇ ਬੁਰਜ ਵਿਚ ਕੈਦ ਕਰ ਕੇ ਰੱਖਿਆਂ। ਅੱਤ ਦੀਆਂ ਠੰਢੀਆਂ ਸਰਦ ਰਾਤਾਂ ਸਨ,ਉੱਤੋਂ ਠੰਢੇ ਬੁਰਜ ਦੇ ਤਸੀਹੇ ਸਨ। ਜਿਸਦਾ ਜ਼ਿਕਰ ਪ੍ਰਸਿੱਧ ਕਵੀ ਵਿਧਾਤਾ ਸਿੰਘ ਤੀਰ ਨੇ ਇੰਝ ਕੀਤਾ ਹੈ :—

ਪਾਲਾ ਪੋਹ ਦਾ ਕੱਕਰੀ ਰਾਤ ਕਹਿਰੀ
ਨਕਰੀ ਅੱਗ ਨੂੰ ਪਈ ਠਾਰਦੀ ਸੀ
ਆਵੇ ਮਗਦੇ ਹੋ ਗਏ ਬਰਫ਼ ਠੰਢੇ
ਠੰਢੀ ਜਾਨ ਹੋ ਰਹੀ ਅੰਗਿਆਰ ਦੀ ਸੀ।
ਐਸੀ ਠੰਢ ਵਿੱਚ ਠੰਢ ਦਸ਼ਮੇਸ ਜੀ
ਠੰਢੇ ਬੁਰਜ ਵਿਚ ਸਮਾਂ ਗੁਜਾਰਦੀ ਸੀ। [18]

4 ਦਸੰਬਰ 1704 ਈ: ਨੂੰ ਗੁਰੂ ਜੀ ਦੇ ਨਿੱਕੇ ਲਾਲਾਂ ਨੂੰ ਸੂਬਾ ਸਰਹੰਦ ਦੀ ਕਚਹਿਰੀ ਵਿੱਚ ਪਹਿਲੀ ਵਾਰ ਪੇਸ਼ ਕੀਤਾ ਗਿਆ। ਜਿੱਥੇ ਬੱਚਿਆਂ ਨੂੰ ਧਰਮ ਤੋਂ ਡੁਲਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਗਈ ਪਰ ਸਿੱਖੀ ਸਿੱਦਕ ਬੜੇ ਪੱਕੇ ਬਾਲ ਵਜ਼ੀਰ ਖਾਂ ਦੀ ਹਰ ਪੇਸ਼ਕਸ਼ ਨੂੰ ਬੜੀ ਦਲੇਰੀ ਨਾਲ ਠੁਕਰਾਉਂਦੇ ਰਹੇ। ਜਿਸਦਾ ਜ਼ਿਕਰ ਪ੍ਰਸਿੱਧ ਕਵੀ ਮਹਿੰਦਰ ਸਿੰਘ ਬਾਵਾ ਨੇ ਇੰਝ ਕੀਤਾ ਹੈ:—

ਸੂਬੇ ਅਸੀਂ ਇਸਲਾਮ 'ਚ ਆਵਨਾ ਕੀ
ਅਸੀਂ ਤੇਗ ਬਹਾਦਰ ਜੀ ਦੇ ਪੋਤਰੇ ਹਾਂ
ਲਾੜੀ ਮੌਤ ਵਿਆਹਤਾ ਜਾਣਦੇ ਹਾਂ
ਲੋੜ ਪਵੇ ਤਾਂ ਧਰਮ ਦੀ ਰੱਖਿਆਂ ਲਈ
ਬੰਦ—ਬੰਦ ਕਟਵਾਵਨਾ ਜਾਣਦੇ ਹਾਂ।[19]

ਜਦੋਂ ਬੱਚਿਆਂ ਨੇ ਦੀਨ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਦੀਵਾਨ ਸੁੱਚਾ ਨੰਦ ਨੇ ਭਰੀ ਕਚਹਿਰੀ ਨਿੱਕੇ ਬਾਲਾ ਨੂੰ ਸੱਪ ਦੇ ਬੱਚੇ ਕਹਿ ਕੇ ਨਾ ਬਖ਼ਸ਼ਣ ਲਈ ਕਿਹਾ। ਦੂਜੇ ਪਾਸੇ ਮਲੇਰਕੋਟਲੇ ਦੇ ਨਵਾਬ ਨੇ ਮਾਸੂਸ ਬੱਚਿਆਂ ਤੋਂ ਨਾ ਬਦਲਾ ਲੈਣ ਦੀ ਹਾਮੀ ਭਰੀ ਪ੍ਰੰਤੂ ਸਰਹੰਦ ਦਾ ਨਵਾਬ ਵਜ਼ੀਰ ਖਾਂ ਬਦਲੇ ਦੀ ਅੱਗ ਵਿੱਚ ਇੰਨਾਂ ਸੜ ਚੁੱਕਿਆਂ ਸੀ ਕਿ ਉਸਨੂੰ ਚੰਗੇ —ਬੁਰੇ ਦੀ ਕੋਈ ਹੋਸ਼ ਨਹੀਂ ਰਹੀ ਸੀ। ਸੂਬਾ ਸਰਹੰਦ ਵਜ਼ੀਰ ਖਾਂ ਨੇ ਬੱਚਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣੇ ਜਾਣ ਦਾ ਸ਼ਾਹੀ ਫ਼ਰਮਾਨ ਸੁਣਾ ਦਿੱਤਾ। ਜਿਸਦਾ ਜ਼ਿਕਰ ਕਵੀ ਭਗਵਾਨ ਸਿੰਘ ਦੀਪਕ ਨੇ ਇੰਝ ਕੀਤਾ ਹੈ :—

ਬੱਚਿਆਂ ਦੀ ਹੁਕਮ ਅਦੂਲੀ ਨੇ,
ਉਹਦਾ ਹੋਰ ਲਹੂ ਗਰਮਾ ਦਿੱਤਾ।

ਦੋਹਾਂ ਨੂੰ ਚਿਣ ਦਓ ਕੰਧਾਂ ਵਿੱਚ
ਆਖਿਰ ਇਹ ਹੁਕਮ ਸੁਣਾ ਦਿੱਤਾ।[20]

ਆਖਰ ਉਹ ਕਲਿਹਣਾ ਵਕਤ ਆ ਹੀ ਗਿਆ ਤੇ ਸ਼ਾਹੀ ਫ਼ਰਮਾਨ ਅਮਲੀ ਜਾਮਾ ਪਹਿਣਾਉਣ ਲਈ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਿਆਂ ਜਾਣ ਲੱਗਾ। ਜਿਸਦਾ ਜ਼ਿਕਰ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਜੀ ਨੇ ਦਿਨ ਨੂੰ ਹਲੂਣ ਕੇ ਰੱਖ ਦੇਣ ਵਾਲਾ ਚਿਤਰਣ ਇੰਝ ਪੇਸ਼ ਕੀਤਾ ਹੈ :—

ਨੀਂਹ ਉੱਪਰ ਫੜ ਜਲਾਦ, ਗੁਰੂ ਦੇ ਲਾਲ ਖਲਾਰਨ
ਉਸਰਦੀ ਜਾਵੇ ਕੰਧ, ਵਿੱਚ ਇਹ ਧੱਸਦੇ ਜਾਵਣ।
ਪਰ ਬੀਰ ਹਿੰਦ, ਇਸ ਕਸ਼ਟ ਵਿਖੇ ਇਹ ਧੱਸਦੇ ਜਾਵਣ।
ਦੁੱਖ ਦੇਣਾ ਸੀ, ਇਸ ਲਈ ਰਾਜ ਕਸਾਈ।
ਇੱਟਾਂ ਨੂੰ ਤੇਸੀ ਨਾਲ ਬਦਨ ਵਿੱਚ ਜਾਇ ਧਸਾਈ
ਛਿੱਲੀਦੇ ਜਾਵਣ ਅੰਗ, ਹੱਡੀਆਂ ਖਾਣ ਕੜਾਕੇ।
ਪਰ ਬਾਲ ਜੋ ਹਿਰਦੇ ਬੀਰ ਨਾ ਦੇਖਣ ਅੱਖ ਉਡਾ ਕੇ
ਹਿਰਦੇ ਵਿੱਚ ਹਰਿ ਧਯਾਨ, ਮੁੱਖ ਵਿੱਚ ਹੈ ਗੁਰਬਾਣੀ।
ਅੱਖਾਂ ਵਿੱਚ ਪ੍ਰੇਮ ਖੁਮਾਰ, ਚਿੱਤ ਵਿੱਚ ਖੁਸ਼ੀ ਮਹਾਨੀ। [21]

13 ਪੋਹ ਸੰਮਤ 1761 ਦਾ ਦਿਲ ਮੁਗਲਾਂ ਇਤਿਹਾਸ ਵਿੱਚ ਕਾਲਾ ਧੱਬਾ ਬਣ ਕੇ ਰਹਿ ਗਿਆ ਹੈ। ਜਦਕਿ ਸਿੱਖਾਂ ਨੂੰ ਪ੍ਰੇਰਨਾ ਦੀ ਅਜਿਹੀ ਮਿਸਾਲ ਮਿਲ ਗਈ ਸੀ ਜਿਸਨੂੰ ਕਦੇ ਦੇਖਿਆ ਜਾ ਸੁਣਿਆਂ ਨਹੀਂ ਸੀ। ਵਿਦਵਾਨਾਂ ਵਿੱਚ ਇਸ ਗੱਲ ਵਿੱਚ ਮਤਭੇਦ ਸਨ ਕੇ ਛੋਟੇ ਸਹਿਬਜ਼ਾਦਿਆਂ ਦੀ ਸ਼ਹਾਦਤ ਦੀਵਾਰ ਵਿੱਚ ਦਮ ਘੁੱਟਣ ਕਾਰਨ ਹੋਈ ਹੈ ਜਾਂ ਫਿਰ ਜਾਂ ਫਿਰ ਉਨ੍ਹਾਂ ਦਾ ਸਿਰ ਕਲਮ ਕੀਤਾ ਗਿਆ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿਰ ਤਲਵਾਰ ਨਾਲ ਕਲਮ ਕਾਰਨ ਹੀ ਹੋਈ ਹੈ ਜਿਸਦੀ ਪੁਸ਼ਟੀ ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਵੀ ਕੀਤੀ ਹੈ ਤੇ ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਵਿੱਚ ਲਿਖਦੇ ਹਨ:

ਅਧਮ ਤਬੈ ਛਲਵਾਰ ਚਾਲਈ, ਸਿਰ ਜ਼ੋਰਾਵਰ ਦਸੋ ਗਿਰਾਈ।
ਬਹੁਤ ਦੂਸਰੇ ਪ੍ਰਹਾਰਾ ਫ਼ਤੇ ਸਿੰਘ ਕੇ ਸੀਸ ਉਤਾਰਾਂ।[22]

ਆਧੁਨਿਕ ਕਵੀ ਲਾਲ ਧਨੀ ਰਾਮ ਚਾਤ੍ਰਿਕ ਨੇ ਇੰਝ ਜਿਕਰ ਕੀਤਾ ਹੈ:—

ਪੱਥਰ ਦਾ ਦਿਲ ਜਲਾਦ, ਖੜਾ ਸੀ ਇੱਕ ਕਿਨਾਰੇ
ਨੇੜੇ ਆ ਧੂਹ ਤਲਵਾਰ ਦੂਹਾਂ ਦਾ ਸੀਸ ਉਤਾਰੇ

ਇਹ ਜ਼ੁਲਮ ਦੇਖ ਮਹਾਨ ਧਰਤ ਦੀ ਧੀਰ ਬਹਿ ਗਈ।
ਕੰਧਣ ਲੱਗੀ, ਦੱਖ ਨਾਲ, ਪਾਪ ਦੀ ਕੰਧ ਢਹਿ ਗਈ।[23]

ਇਹ ਕਹਿਰ 13 ਪੋਹ 1761 ਬ੍ਰਿ: ਸੰਮਤ ਨੂੰ ਵਾਪਰਿਆ ਕਈ ਥਾਵਾਂ ਤੇ 3 ਪੋਹ ਦੱਸਿਆ ਗਿਆ ਅਸਲੀ ਤਰੀਕ 13 ਪੋਹ ਹੀ ਹੈ। ਬਹਾਦਰ ਯੋਧਿਆਂ ਨੂੰ ਨਮਨ ਕਰਨ ਲਈ ਹਰ ਸਾਲ 11,12,13 ਪੋਹ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ। ਦੀਵਾਨ ਟੋਡਰ ਮੱਲ ਨੇ ਉਸ ਜ਼ਮੀਨ ਦਾ ਮੁੱਲ ਅਸ਼ਰਫੀਆਂ ਵਿਛਾ ਕੇ ਤਾਰਿਆ ਸੀ ਜਿੱਥੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਦੇਹ ਸੰਸਕਾਰ ਕੀਤਾ ਗਿਆ ਸੀ। ਇਸ ਲਈ ਪੰਥ ਸਦਾ ਉਨ੍ਹਾਂ ਦਾ ਸਦਾ ਰਿਣੀ ਰਹੇਗਾ। ਸੂਬਾ ਸਰਹੰਦ ਵਜ਼ੀਰ ਖਾਂ ਨੇ ਧਰਮ ਪਰਿਵਰਤਨ ਕਰਵਾਉਣ ਲਈ ਕਹਿਰੀ ਭਾਣਾ ਵਰਤਾਇਆ ਜਿਸਨੂੰ ਵੇਖ ਸੁਣ ਕੇ ਸ਼ਾਇਦ ਪੱਥਰ ਵੀ ਡੋਲ ਜਾਵੇ ਪ੍ਰੰਤੂ ਗੁਰੂ ਦੇ ਲਾਡਲੇ ਫਰਜੰਦ ਜਰ੍ਹਾਂ ਜਿੰਨੀ ਸੀ ਨਹੀਂ ਕੀਤੀ ਸਗੋਂ ਆਪਣੇ ਫੈਸਲੇ 'ਤੇ ਅਟਲ ਰਹਿੰਦੇ ਹੋਏ ਜ਼ੁਲਮ ਦੇ ਅੱਗੇ ਜਰ੍ਹਾ ਵੀ ਘਬਰਾਏ ਨਹੀਂ ਸਗੋਂ ਆਖਰੀ ਦਮ ਤੱਕ ਡਟੇ ਰਹੇ। ਇਤਿਹਾਸ ਇਸ ਗਲ ਦੀ ਸਾਖੀ ਭਰਦਾ ਹੈ। ਛੋਟੇ ਸਾਹਿਬਜ਼ਾਦਿਆਂ ਨੇ ਜਿਸ ਦਲੇਰੀ ਤੇ ਸਾਹਸ ਨਾਲ ਸ਼ਹੀਦੀ ਦਿੱਤੀ ਉਹ ਕੋਈ ਹੋਰ ਨਹੀਂ ਦੇ ਸਕਦਾ। ਇਸ ਤਰ੍ਹਾਂ ਗੁਰੂ ਗੋਬਿੰਦ ਦੇ ਲਾਲਾਂ ਨੇ ਸਿੱਖ ਕੌਮ ਦਾ ਸਿਰ ਸਦਾ ਲਈ ਉੱਚਾ ਕਰ ਦਿੱਤਾ ਕਰ ਦਿੱਤਾ।

## ਹਵਾਲੇ


1. ਗਿਆਨੀ ਲਾਲ ਸਿੰਘ ਜੀ, ਤਵਾਰੀਖ ਗੁਰੂ ਖਾਲਸਾ ਪੰਥ ਭਾਗ—ਤੀਜਾ, ਲਾਹੌਰ ਬੁੱਕ ਸ਼ਾਪ, ਲਾਹੌਰ, ਪੰਨਾ-656.
2. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 525
3. ਉਹੀ, ਚਾਤ੍ਰਿਕ ਰਚਨਾਵਲੀ, ਪੰਨਾ 525
4. ਬਲਵੰਤ ਸਿੰਘ ਤੇਗ, ਧਾਰਮਿਕ ਕਵਿਤਾਵਾਂ ਤੇਗਾਂ ਦੀ ਛਾਵੇ, ਭਾ: ਚਤਰ ਸਿੰਘ ਜੀਵਨ ਸਿੰਘ ਪ੍ਰਕਾਸ਼ਨ, ਮਾਈ ਸੇਵਾਂ ਬਜ਼ਾਰ, ਅੰਮ੍ਰਿਤਸਰ, ਦਸੰਬਰ 2004, ਪੰਨਾ—69.
5. ਕਲਿਆਣ ਸਿੰਘ ਪੰਛੀ, ਲਹੂ ਭਿੱਜੀ ਦਾਸਤਾਂ, ਸੈਂਟਰਲ ਪਬਲਿਸ਼ਰਜ, ਲੁਧਿਆਣਾ, 1982, ਪੰਨਾ 33.
6. ਮਹਿੰਦਰ ਸਿੰਘ ਬਾਵਾ, ਇਹਿ ਦਾਤਿ ਤੇਰੀ ਦਾਤਾਰ, ਮਨਪ੍ਰੀਤ ਪ੍ਰਕਾਸ਼ਨ ਦਿੱਲੀ ਜਲੰਧਰ, 2009, ਪੰਨਾ 88
7. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 527.
8. ਗਿਆਨੀ ਲਾਲ ਸਿੰਘ ਜੀ, ਤਵਾਰੀਖ ਗੁਰੂ ਖਾਲਸਾ ਪੰਥ ਭਾਗ ਤੀਸਰਾ, ਲਾਹੌਰ ਪੰਨਾ, ਪੰਨਾ 656
9. ਪਿਆਰਾ ਸਿੰਘ ਪਦਮ ਸੰਪਾਦਕ, ਬੰ ਸਾਵਲੀ ਨਾਮਾ ਕ੍ਰਿਤ ਕੇਸਰ ਸਿੰਘ ਛਿੰਬਰ, ਪੰਨਾ 88
10. ਚਾਤ੍ਰਿਕ ਰਚਨਾਵਲੀ, ਪੰਨਾ 528, 29.

11. ਕਲਿਆਣ ਸਿੰਘ ਪੰਛੀ, ਲਹੂ ਭਿੱਜੀ ਦਾਸਤਾ, ਸੈਟਰਲ ਪਬਲਿਸ਼ਰਜ, ਲੁਧਿਆਣਾ, 1982, ਪੰਨਾ 33
12. ਗਿਆਨੀ ਦਇਆ ਸਿੰਘ, 'ਦਿਲਬਰ' ਢਾਡੀ ਗਿਆਨੀ ਦਇਆ ਸਿੰਘ 'ਦਿਲਬਰ' ਦੀਆਂ ਧਾਰਮਿਕ ਕਵਿਤਾਵਾਂ ਭਾਗ ਪਹਿਲਾ ਭਾ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2006 , ਪੰਨਾ 376
13. ਪਿਆਰਾ ਸਿੰਘ ਪਦਮ (ਸੰਪਾ:) ਬੰਸਾਵਲੀ ਨਾਮਾ ਦਸਾਂ ਪਤਾਸ਼ਾਹੀਆਂ ਕਾ, ਕ੍ਰਿਤ ਕੇਸਰ ਸਿੰਘ ਛਿੰਬਰ, ਪੰਨਾ 177
14. ਸੋਹਣ ਸਿੰਘ ਸੀਤਲ, ਸੀਤਲ ਸੁਨੇਹੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007, ਪੰਨਾ—3.
15. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 509.
16. ਗੁਲਜਾਰ ਸਿੰਘ ਸ਼ੌਕੀ, ਸਾਡਾ ਵਿਰਸਾ, ਲਿਟਰੇਚਰ ਹਾਊਸ ਪੁਤਲੀ ਘਰ, ਅੰਮ੍ਰਿਤਸਰ, 1992, ਪੰਨਾ—80
17. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 511
18. ਵਿਧਾਤਾ ਸਿੰਘ ਤੀਰ, ਭਿੰਨੀ ਰੈਨੜੀਏ ਸਿੰਘ ਬ੍ਰਦਰਜ਼, ਮਾਈ ਸੇਵਾ ਬਾਜ਼ਾਰ, ਅੰਮ੍ਰਿਤਸਰ, 1970, ਪੰਨਾ—162.
19. ਮਹਿੰਦਰ ਸਿੰਘ ਬਾਵਾ, ਇਹਿ ਭਿ ਦਾਤਿ ਤੇਰੀ ਦਾਤਾਰ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਜਲੰਧਰ, 2002, ਪੰਨਾ—91.
20. ਭਗਵਾਨ ਸਿੰਘ ਦੀਪਕ, ਸਤਿਗੁਰ ਮੇਰਾ ਬਖਸ਼ਣਹਾਰ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ, 2014, ਪੰਨਾ 131.
21. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 520
22. ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼
23. ਸ.ਸ. ਅਮੋਲ, (ਸੰਪਾ) ਚਾਤ੍ਰਿਕ ਰਚਨਾਵਲੀ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 522.

**ਸਹਾਇਕ ਪ੍ਰੋਫ਼ੈਸਰ, ਐਜੂਕੇਸ਼ਨ ਵਿਭਾਗ,**
**ਗੁਰੂ ਕਾਸ਼ੀ ਯੂਨੀਵਰਸਿਟੀ,**
**ਤਲਵੰਡੀ ਸਾਬੋ**

# ਬਲਜੀਤ ਸਿੰਘ ਰੈਨਾ ਦੀ ਕਹਾਣੀ 'ਸਰਕਸ' ਦਾ ਚਿਹਨ ਵਿਗਿਆਨਕ ਅਧਿਐਨ

❑ ਡਾ. ਸਤਪ੍ਰੀਤ ਸਿੰਘ ਜੱਸਲ

ਮਨੁੱਖ ਜਾਤੀ ਦੇ ਵਿਕਾਸ ਦਾ ਸਫ਼ਰ ਜੰਗਲੀ ਪੜਾਅ ਤੋਂ ਸ਼ੁਰੂ ਹੁੰਦਾ ਹੈ। ਇਸ ਪੜਾਅ ਤੋਂ ਸ਼ੁਰੂ ਕਰ ਕੇ ਹੌਲੀ-ਹੌਲੀ ਅਨੁਭਵ ਤੇ ਗਿਆਨ ਹਾਸਿਲ ਕਰਦਿਆਂ ਸਭਿਅਤਾ ਤੱਕ ਪਹੁੰਚਣ ਦਾ ਮਨੁੱਖ ਨੇ ਲੰਮਾ ਸਫਰ ਤੈਅ ਕੀਤਾ ਹੈ। ਮੁੱਢਲੇ ਪੜਾਅ ਉੱਤੇ ਮਨੁੱਖੀ ਜੀਵਨ ਬਹੁਤ ਹੀ ਰੁੱਖਾ ਤੇ ਔਖਾ ਸੀ, ਫਿਰ ਹੌਲੀ-ਹੌਲੀ ਸੰਘਰਸ਼ ਕਰਦਿਆਂ ਮਨੁੱਖ ਸਭਿਆਚਾਰ ਤੱਕ ਪਹੁੰਚਿਆ। ਵਰਤਮਾਨ ਤੋਂ ਜਦੋਂ ਅਸੀਂ ਮਨੁੱਖੀ ਵਿਕਾਸ ਦੇ ਪੜਾਅ ਤੱਕ ਪਿੱਛਲਝਾਤ ਮਾਰਦੇ ਹਾਂ ਤਾਂ ਇਕ ਪਾਸੇ ਸਾਨੂੰ ਵਿਭਿੰਨ ਲੱਭਤਾਂ ਤੇ ਖੋਜਾਂ ਦਾ ਲੰਮਾ ਇਤਿਹਾਸ ਨਜ਼ਰ ਆਉਂਦਾ ਹੈ ਤੇ ਦੂਜੇ ਪਾਸੇ ਵੱਖ-ਵੱਖ ਸੰਗਠਨ ਤੇ ਸੰਸਥਾਵਾਂ ਚਲਦੀਆਂ ਦਿੱਸਦੀਆਂ ਹਨ। ਲੱਭਤਾਂ ਤੇ ਖੋਜਾਂ ਜਿੱਥੇ ਆਪਣੇ ਵਿਕਾਸ ਕ੍ਰਮ ਵਿਚ ਜੁੜੀਆਂ ਹੋਈਆਂ ਹਨ, ਉੱਥੇ ਸੰਗਠਨ ਤੇ ਸੰਸਥਾਵਾਂ ਪਰਤ ਦਰ ਪਰਤ ਮਨੁੱਖੀ ਰਿਸ਼ਤਿਆਂ ਨੂੰ ਉਜਾਗਰ ਕਰਦੀਆਂ ਹਨ। ਇਸ ਤਰ੍ਹਾਂ ਆਧੁਨਿਕ ਸੰਸਥਾਵਾਂ ਦੀਆਂ ਜੜਾਂ ਬਰਬਰਤਾ ਦੇ ਦੌਰ ਵਿਚ ਜਾ ਪੁੱਜਦੀਆਂ ਹਨ, ਜਿੱਥੇ ਉਹ ਮੂਲ ਰੂਪ ਵਿਚ ਜੰਗਲੀ ਪੜਾਅ ਵਿਚੋਂ ਪ੍ਰਵੇਸ਼ ਕੀਤੀਆਂ ਹਨ। ਵਿਚਾਰਧਾਰਕ ਵਿਕਾਸ ਦਾ ਇਹ ਸਿਲਸਿਲਾ ਵਿਭਿੰਨ ਦੌਰਾਂ ਵਿਚੋਂ ਲੰਘਦਾ ਅਨੁਭਵ ਨਾਲ ਨਿਰੰਤਰ ਸਮਰਿੱਧ ਹੁੰਦਾ ਗਿਆ ਅਤੇ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਰਾਹੀਂ ਅੱਗੇ ਚਲਦਾ ਰਿਹਾ। ਇਉਂ ਮਾਨਵ ਇਤਿਹਾਸ ਦੇ ਵਿਕਾਸ ਦੀ ਕਹਾਣੀ ਦਰਅਸਲ ਉਸ ਦੇ ਪ੍ਰਕਿਰਤੀ ਨਾਲ ਸੰਘਰਸ਼ ਦੀ ਦਾਸਤਾਨ ਹੈ। ਇਹ ਇੱਕ ਅਜਿਹੀ ਅਮਲ ਪ੍ਰਕਿਰਿਆ ਹੈ ਜਿਸ ਵਿਚੋਂ ਦੁਨੀਆਂ ਦੀਆਂ ਸਾਰੀਆਂ ਸਭਿਅਤਾਵਾਂ ਲੰਘੀਆਂ ਹਨ। ਵਿਭਿੰਨ ਭੂਗੋਲਿਕ ਚੌਗਿਰਦਿਆਂ ਅੰਦਰ ਵੱਖ-ਵੱਖ ਮਨੁੱਖੀ ਸਮੂਹਾਂ ਨੇ ਆਪੋ-ਆਪਣੇ ਯਥਾਰਥ ਬੋਧ ਰਾਹੀਂ ਕੁਦਰਤੀ ਦੁਨੀਆਂ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਇੱਕ ਇਤਿਹਾਸਕ ਸੱਚ ਹੈ ਕਿ ਹਰੇਕ ਭੂਗੋਲਿਕ ਖਿੱਤੇ ਵਿਚ ਵਸਦੇ ਮਨੁੱਖੀ ਭਾਈਚਾਰੇ ਦੇ ਸਮਾਜਿਕ-ਸਭਿਆਚਾਰ ਸੰਗਠਨ, ਉਸ ਸਮੂਹ ਦਾ ਹੀ ਪ੍ਰਗਟਾਵਾ ਹੁੰਦੇ ਹਨ।

ਇਉਂ ਮਨੁੱਖ ਸ਼ੁਰੂ ਤੋਂ ਹੀ ਸਮਾਜ ਸਭਿਆਚਾਰ ਸਿਰਜਦਾ ਆਇਆ ਹੈ ਅਤੇ ਨਾਲੋ-ਨਾਲ ਉਸ ਨੂੰ ਸਮਝਦਾ ਤੇ ਵਿਸਤਾਰਦਾ ਵੀ ਆਇਆ ਹੈ। ਸਮਝਣ, ਸਿਰਜਣ ਅਤੇ ਇਸ ਅਮਲ ਵਿਚ ਪੈ ਕੇ, ਮਨੁੱਖ ਬਾਹਰੀ ਯਥਾਰਥ ਦੇ ਗਤੀਸ਼ੀਲ ਸੁਭਾਅ ਨੂੰ ਸਮਝਣ ਲਈ ਨਵੀਆਂ ਪਹੁੰਚ ਵਿਧੀਆਂ ਵੀ ਸਿਰਜਦਾ ਆਇਆ ਹੈ। ਇਸ ਤਰ੍ਹਾਂ ਮਨੁੱਖ ਪ੍ਰਕਿਰਤੀ ਦੇ ਅਮੂਰਤ ਨਿਯਮਾਂ ਦੀ ਵਿਉਂਤ ਨੂੰ ਆਪਣੀ ਸਮਰੱਥਾ ਮੁਤਾਬਿਕ ਸਮਝ ਕੇ ਆਪਣੇ ਸਮਾਜਿਕ-ਸਭਿਆਚਾਰਕ ਜੀਵਨ ਦੀ ਉਸਾਰੀ ਤੇ ਫਿਰ ਮੁੜ ਉਸਾਰੀ ਕਰਦਾ ਆਇਆ ਹੈ। ਇੰਜ ਇਸ ਦੁਨੀਆਂ ਵਿਚ ਰਹਿ ਰਹੇ ਅਤੇ ਇਤਿਹਾਸਕ ਵਿਕਾਸ ਦੀ ਪ੍ਰਕ੍ਰਿਆ ਵਿਚ ਵਿਕਸਿਤ ਹੋ ਰਹੇ ਮਨੁੱਖ ਦੀ ਹੋਂਦ ਦੀ ਸਾਰਥਕਤਾ ਉਸਦੇ ਆਲੇ-ਦੁਆਲੇ ਦੇ ਸੰਦਰਭ ਵਿਚ ਹੀ ਹੁੰਦੀ ਆਈ ਹੈ ਜੋ ਕਿ ਅੱਗੋਂ ਚਿਹਨ ਪ੍ਰਬੰਧਾਂ ਦੇ ਸਿਸਟਮ ਵਿਚ ਬੱਝਾ ਹੋਇਆ ਹੈ। ਚਿਹਨ ਪ੍ਰਬੰਧਾਂ ਦੇ ਇਸ ਸਿਸਟਮ ਦੇ ਸੰਬੰਧਾਂ ਦੀ ਸੰਰਚਨਾ ਹੀ ਮਨੁੱਖੀ ਜੀਵਨ ਦਾ ਆਧਾਰ ਹੁੰਦੀ ਹੈ। ਮਨੁੱਖ ਨੇ ਆਪਣੀ ਚੇਤਨਾ ਰਾਹੀਂ ਜੋ ਕੁਝ ਹਾਸਿਲ ਕੀਤਾ ਹੈ ਉਹ ਚਿਹਨਾਂ ਰਾਹੀਂ ਹੀ ਹਾਸਿਲ ਕੀਤਾ ਹੈ ਅਰਥਾਤ ਮਨੁੱਖ ਦਾ ਸਮੂਹ ਹਾਸਿਲ ਚਿਹਨ

ਵਿਗਿਆਨਕ ਹੋਂਦਾਂ ਦਾ ਧਾਰਨੀ ਹੈ। ਵਾਸਤਵ ਵਿਚ ਮਨੁੱਖ ਆਪਣੀ ਜੈਵਿਕ ਵੱਖਰਤਾ ਕਾਰਨ ਬੋਲ ਸਮਰੱਥਾ ਰੱਖਦਾ ਹੈ। ਪ੍ਰਕ੍ਰਿਤੀ ਨਾਲ ਸੰਘਰਸ਼ ਕਰਦਿਆਂ ਉਹ ਆਪਣੀਆਂ ਲੋੜਾਂ ਨੂੰ ਸੁਨਿਯਮਿਤ ਕਰਦਾ ਹੋਇਆ ਆਪਣਾ ਦੁਜੈਲ ਸਭਿਆਚਾਰ ਸੰਸਾਰ ਸਿਰਜਦਾ ਹੈ। ਇਸ ਦੁਜੈਲ ਸੰਸਾਰ ਵਿਚ ਮਨੁੱਖ ਦੀ ਮੁੱਖ ਸਿਰਜਨਾ ਭਾਸ਼ਾ ਹੈ। ਅੱਗ ਤੇ ਪਹੀਏ ਤੋਂ ਬਾਅਦ ਭਾਸ਼ਾ ਮਨੁੱਖ ਦੀ ਤੀਜੀ ਵੱਡੀ ਲੱਭਤ ਹੈ। ਭਾਸ਼ਾ ਦੀ ਲੱਭਤ ਮਨੁੱਖੀ ਇਤਿਹਾਸ ਵਿਚ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ, ਵਿਚਾਰਾਂ ਤੇ ਹੋਰ ਅਕਾਂਖਿਆਵਾਂ ਨੂੰ ਪ੍ਰਗਟ ਕਰਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮਨੁੱਖ ਦਾ ਸਮੁੱਚਾ ਕਾਰ-ਵਿਹਾਰ ਤੇ ਜੀਵਨ ਤੋਰ ਭਾਸ਼ਾ ਰਾਹੀਂ ਹੀ ਚਲਦੀ ਹੈ। ਭਾਸ਼ਾ ਰਾਹੀਂ ਮਨੁੱਖ ਆਪਣੀ ਸਭਿਅਤਾ ਤੇ ਆਰੰਭ ਬਿੰਦੂ ਤੋਂ ਆਪਣੇ ਰੋਜ਼ਾਨਾ ਜੀਵਨ ਦੀਆਂ ਅਤਿ ਸਧਾਰਨ ਅਤੇ ਅਤਿ ਅਹਿਮ ਕਿਰਿਆਵਾਂ ਦਾ ਸੰਦੇਸ਼ ਦੂਜਿਆਂ ਤੱਕ ਸੰਚਾਰਦਾ ਹੈ। ਮਨੁੱਖ ਸਿਰਜਿਤ ਇਹ ਸੁਨੇਹਾ ਚਿਹਨ ਪ੍ਰਬੰਧ ਦੇ ਸਿਸਟਮ ਵਿਚ ਬੱਝ ਕੇ ਹੀ ਸੰਚਾਰਿਤ ਹੁੰਦਾ ਹੈ। ਇਸ ਲਈ ਚਿਹਨ ਵਿਗਿਆਨਕ ਵਿਧੀ ਦਾ ਸੰਕਲਪ ਸਿਰਜਣ ਵਾਲਿਆਂ ਨੇ ਮਨੁੱਖ ਦੀ ਸਭਿਆਚਾਰਕ ਦੁਨੀਆਂ ਦੇ ਸਮੂਹ ਹਾਸਿਲਾਂ ਨੂੰ 'ਚਿਹਨ' ਮੰਨ ਕੇ ਅਧਿਐਨ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ।

ਸੁਖਮਨ (੧੯੭੭:੧੩੫) ਨੇ ਇਹ ਧਾਰਨਾ ਪੇਸ਼ ਕੀਤੀ ਕਿ ਸਾਰੀਆਂ ਕਲਾਵਾਂ ਸੰਚਾਰ ਧਰਮੀ ਹੁੰਦੀਆਂ ਹਨ ਕਿਉਂਕਿ ਕਲਾ ਦਾ ਪ੍ਰਾਥਮਿਕ ਅਤੇ ਪ੍ਰਮੁੱਖ ਕਾਰਜ ਸੰਚਾਰ ਕਰਨਾ ਹੀ ਹੁੰਦਾ ਹੈ ਅਰਥਾਤ ਮਨੁੱਖ ਸਿਰਜਤ ਸਭਿਆਚਾਰਾਂ ਦੀਆਂ ਸਮੂਹ ਕਲਾਵਾਂ ਸੰਚਾਰਮੁੱਖ ਹੁੰਦੀਆਂ ਹਨ ਅਤੇ ਇਸ ਨੂੰ ਸੰਚਾਰਮੁੱਖ ਹੋਣ ਲਈ ਚਿਹਨ ਸੰਸਾਰ ਦਾ ਸਿਸਟਮੀ ਹੋਣਾ ਜ਼ਰੂਰੀ ਹੈ। ਇਸ ਤੱਥ ਨੂੰ ਆਧਾਰ ਬਣਾ ਕੇ ਵਿਭਿੰਨ ਦਾਰਸ਼ਨਿਕਾਂ ਅਤੇ ਚਿੰਤਕਾਂ ਨੇ ਇਹ ਸਿੱਟਾ ਕੱਢਿਆ ਕਿ ਇਹ ਮਨੁੱਖੀ ਜ਼ਿੰਦਗੀ ਚਿਹਨਾਂ ਦਾ ਸਮੁੱਚ ਹੈ। ਹਰੇਕ ਚਿਹਨ ਪ੍ਰਬੰਧ ਮਨੁੱਖ ਦੇ ਪ੍ਰਤੱਖਣ ਸਿਧਾਂਤ (Theory of Preception) ਵਿਚ ਆਪਣੀਆਂ ਤੰਦਾਂ ਫੈਲਾਈ ਬੈਠਾ ਹੈ। ਅਚੇਤ ਜਾਂ ਸੁਚੇਤ ਪੱਧਰ ਉੱਤੇ ਮਨੁੱਖ ਚਿਹਨ ਪ੍ਰਬੰਧ ਦੀ ਸਿਰਜਨ ਪ੍ਰਕ੍ਰਿਆ ਵਿਚ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਨਵੇਂ ਚਿਹਨਾਂ ਦੀ ਆਮਦ ਮਨੁੱਖ ਦੀ ਸਮਾਜਿਕ ਜ਼ਿੰਦਗੀ ਵਿਚ ਪਦਾਰਥਕ ਤੌਰ ਤੇ ਹੋ ਰਹੀ ਗਿਣਾਤਮਕ ਤੇ ਗੁਣਾਤਮਕ ਤਬਦੀਲੀ ਕਾਰਨ ਹੁੰਦੀ ਹੈ। ਇਉਂ ਮਨੁੱਖ ਦੀ ਸੋਚ-ਵਿਧੀ ਉੱਤੇ ਬਹੁਪਸਾਰੀ ਪ੍ਰਭਾਵ ਪੈਣ ਕਾਰਨ, ਉਸ ਦੀ ਬੋਧ-ਪ੍ਰਕਿਰਿਆ ਵਿਚ ਤਬਦੀਲੀ ਵਾਪਰਨ ਸਦਕਾ, ਮਨੁੱਖ ਦੇ ਸਮਾਜੀ ਯਥਾਰਥ ਨੂੰ ਗ੍ਰਹਿਣ ਕਰਨ ਦੀ ਪਹੁੰਚ ਵਿਧੀ ਵਿਚ ਵੀ ਤਬਦੀਲੀ ਆਉਂਦੀ ਹੈ। ਕੋਈ ਵੀ ਵਿਚਾਰ ਉਦੋਂ ਤੱਕ ਸਾਰਥਕ ਨਹੀਂ ਹੋ ਸਕਦਾ ਜਦੋਂ ਤੱਕ ਉਸਦਾ ਸਿਰਜਕ ਉਸ ਨੂੰ ਚਿਹਨ ਪ੍ਰਬੰਧ ਵਿਚ ਨਹੀਂ ਬੰਨ੍ਹ ਲੈਂਦਾ। ਚਿਹਨ ਪ੍ਰਬੰਧ ਵਿਚ ਬੰਨਣ ਦਾ ਭਾਵ ਭਾਸ਼ਾ ਸੰਰਚਨਾ ਵਿਚ ਢਾਲਣਾ ਹੈ। ਕਿਉਂਕਿ ਸੰਸਾਰ ਦਾ ਗਿਆਨ ਭਾਸ਼ਾ ਬਿਨ੍ਹਾਂ ਇਕੱਠਾ ਹੀ ਨਹੀਂ ਹੋ ਸਕਦਾ। ਭਾਸ਼ਾ ਨੂੰ ਭਾਸ਼ਾ ਵਿਗਿਆਨੀਆਂ ਨੇ ਚਿਹਨ ਪ੍ਰਬੰਧ ਮੰਨ ਕੇ, ਮਨੁੱਖ ਸਿਰਜਤ ਵਰਤਾਰਿਆਂ ਨੂੰ ਚਿਹਨ ਪ੍ਰਬੰਧ ਦੇ ਵਿਸ਼ਾਲ ਘੇਰੇ ਵਿਚ ਲੈ ਆਂਦਾ ਹੈ ਕਿਉਂਕਿ ਸਭਿਆਚਾਰਕ ਸੰਸਾਰ ਦੇ ਵਰਤਾਰਿਆਂ ਦੀ ਕਾਰਜ ਭੂਮੀ ਵਿਚ ਜੋ ਵੀ ਵਸਤੂ ਅਰਥ ਧਾਰਨ ਕਰ ਕੇ ਪ੍ਰਵੇਸ਼ ਕਰਦੀ ਹੈ, ਉਹ ਚਿਹਨੀਕਰਨ ਦੀ ਪ੍ਰਕ੍ਰਿਆ ਵਿਚੋਂ ਲੰਘ ਕੇ ਹੀ ਕਰਦੀ ਹੈ। ਮਨੁੱਖ ਜਾਤੀ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖ ਦੇ ਸਭਿਆਚਾਰਕ ਜੀਵਨ ਦੀ ਸਿਰਜਨ ਪ੍ਰਕਿਰਿਆ ਵਿਚ

ਚਿਹਨਾਂ ਅਤੇ ਚਿਹਨੀਕਰਨ ਦਾ ਬੜਾ ਗੁੰਝਲਦਾਰ ਕਾਰਜ ਹੁੰਦਾ ਹੈ। ਮਨੁੱਖ ਆਪਣੀ ਗ੍ਰਹਿਣ ਸ਼ਕਤੀ ਰਾਹੀਂ ਆਪਣੇ ਚੌਗਿਰਦੇ ਵਿਚੋਂ ਬਹੁਤ ਕੁਝ ਹਾਸਲ ਕਰ ਕੇ ਆਪਣੇ ਸਭਿਆਚਾਰਕ ਜੀਵਨ ਦਾ ਨਿਰਮਾਤਾ ਬਣਦਾ ਹੈ। ਮਨੁੱਖ ਪੂਰਵ ਪ੍ਰਾਪਤ-ਸਮੱਗਰੀ ਨੂੰ ਨਾਲ ਲੈ ਕੇ ਅਤੇ ਸਮੇਂ ਦੀ ਲੋੜ ਅਨੁਸਾਰ ਉਸ ਨੂੰ ਢਾਲ ਕੇ, ਸਮਾਜਿਕ ਇਤਿਹਾਸਕ ਯਥਾਰਥ ਨੂੰ ਗ੍ਰਹਿਣ ਕਰਨ ਵਿਚ ਨਵੀਆਂ ਵਿਧੀਆਂ ਰਾਹੀਂ ਚਿਹਨੀਕਰਨ ਦੀ ਪ੍ਰਕ੍ਰਿਆ ਰਾਹੀਂ ਸੰਚਾਰ ਸਿਧਾਂਤ ਨੂੰ ਹੋਰ ਸਮਰੱਥਾਵਾਨ ਬਣਾਉਂਦਾ ਹੈ। ਚਿਹਨ ਅਤੇ ਚਿਹਨੀਕਰਨ ਸੰਚਾਰ ਸਿਧਾਂਤ ਦੀ ਲਾਜ਼ਮੀ ਸ਼ਰਤ ਹੈ। Coward and Ellis (1977:09) ਨੇ ਇਹ ਵਿਚਾਰ ਦਿੱਤਾ ਹੈ ਕਿ ਚਿਹਨ ਸਮਾਜਿਕ ਯਥਾਰਥ ਦੀ ਉਪਜ ਹੁੰਦੇ ਹਨ ਅਤੇ ਇਤਿਹਾਸ ਬਣਾਉਣ ਵਿਚ ਆਮ ਲੋਕਾਂ ਦੀ ਸ਼ਕਤੀ ਦੀ ਫੈਸਲਾਕੁਨ ਭੂਮਿਕਾ ਹੁੰਦੀ ਹੈ। ਸੰਸਕ੍ਰਿਤੀ ਦੇ ਵਿਭਿੰਨ ਅੰਗਾਂ ਦੀ ਅੰਤਰ ਨਿਰਭਰਤਾ, ਪਰਸਪਰ-ਸਬੰਧਤਾ ਤੇ ਪਰਸਪਰ-ਵਿਰੋਧਤਾ ਅਤੇ ਵੱਖਰਤਾ ਨੂੰ ਸਮਝਣ ਲਈ ਚਿਹਨਾਂ ਦੇ ਵਿਗਿਆਨ ਨੇ ਮੁੱਢਲਾ ਬਹੁਪਸਾਰੀ ਅਤੇ ਵਿਗਿਆਨਕ ਕਾਰਜ ਕੀਤਾ ਹੈ।

ਚਿਹਨ ਵਿਗਿਆਨ ਕਿਉਂਕਿ ਚਿਹਨਾਂ ਦੇ ਅਧਿਐਨ ਦੇ ਵਿਗਿਆਨ ਦਾ ਨਾਮ ਹੈ ਅਤੇ ਮਨੁੱਖ ਦਾ ਹਰ ਹਾਸਿਲ ਚਿਹਨਾਂ ਰਾਹੀਂ ਹੀ ਸਮਾਜ ਵਿਚ ਸੰਚਾਰਿਤ ਹੁੰਦਾ ਹੈ, ਇਸ ਲਈ ਸਾਰੇ ਮਨੁੱਖੀ ਵਰਤਾਰੇ ਚਿਹਨਕੀ ਹੋਂਦ ਦੇ ਧਾਰਨੀ ਹੁੰਦੇ ਹਨ। ਅੱਜ ਤੱਕ ਕੋਈ ਵੀ ਦਾਰਸ਼ਨਿਕ ਚਿੰਤਕ ਜਾਂ ਵਿਦਵਾਨ ਚਿਹਨਾਂ ਦੇ ਸਮਾਜਿਕ ਜੀਵਨ ਦੇ ਕਾਰ ਵਿਹਾਰ ਵਿਚ ਕੀਤੇ ਅਹਿਮ ਕਾਰਜ ਤੋਂ ਮੁਨਕਰ ਨਹੀਂ ਹੋਇਆ। ਇਹਨਾਂ ਦੇ ਮਹੱਤਵ ਅਤੇ ਸਾਰਥਕਤਾ ਨੂੰ ਅਰਸਤੂ ਅਤੇ ਗ੍ਰੀਕ ਦੇ ਹੋਰ ਦਾਰਸ਼ਨਿਕਾਂ ਨੇ ਆਪਣੇ ਪ੍ਰਵਚਨਾਂ ਵਿਚ ਕਬੂਲ ਕੀਤਾ ਹੈ, ਜੋ ਕਿ ਮਨੁੱਖ ਦੇ ਚਿੰਤਨ-ਵਿਕਾਸ ਦੇ ਪਹਿਲੇ ਪੜਾਅ ਨਾਲ ਜਾ ਜੁੜਦਾ ਹੈ। ਇਉਂ ਮਨੁੱਖੀ ਸੋਚ ਦੇ ਵੱਖ-ਵੱਖ ਪੜਾਵਾਂ ਉੱਤੇ ਚਿਹਨਾਂ ਦਾ ਖਾਸ ਸਥਾਨ ਰਿਹਾ ਹੈ।

## ਕਹਾਣੀ ਸਰਕਸ ਦਾ ਵਿਨਿਆਸਕ੍ਰਮ

ਕਹਾਣੀਕਾਰ ਨੇ ਕਹਾਣੀ ਦੇ ਵਿਨਿਆਸਕ੍ਰਮ ਨੂੰ ਤੋਰਦਿਆਂ ਕਹਾਣੀ ਦੇ ਆਰੰਭ ਵਿਚ ਸਰਕਸ ਵਿਚ ਕੰਮ ਕਰਦੇ ਬੰਦੇ ਨੂੰ ਆਪਣੇ ਦੋਸਤਾਂ ਨਾਲ ਆਪਣੀ ਪਹਿਲੀ ਫਿਲਮ ਦੇ ਸ਼ੋਅ ਨੂੰ ਦੇਖ ਕੇ ਬਾਹਰ ਆਉਂਦੇ ਦਿਖਾਇਆ ਹੈ। ਉਹ ਜ਼ਿਆਦਾ ਖੁਸ਼ ਸਰਕਸ ਵਿਚ ਆਪਣੇ ਕਰਤਬ ਦਿਖਾ ਕੇ ਲੋਕਾਂ ਦੀਆਂ ਤਾੜੀਆਂ ਸੁਣ ਕੇ ਹੁੰਦਾ ਸੀ। ਉਸਦੀਆਂ ਤਿੰਨ ਪੀੜ੍ਹੀਆਂ ਲਗਾਤਾਰ ਸਰਕਸ ਵਿਚ ਕੰਮ ਕਰਦੀਆਂ ਆ ਰਹੀਆਂ ਸਨ। ਉਸਦਾ ਦਾਦਾ ਉੱਚੇ ਝੂਲਿਆਂ ਤੇ ਸਿੱਧਾ ਪੁੱਠਾ ਲਟਕ ਕੇ ਜ਼ੋਖ਼ਮ ਵਾਲੇ ਕਰਤਬ ਦਿਖਾਉਂਦਾ ਹੁੰਦਾ ਸੀ ਅਤੇ ਖ਼ਾਸ ਕਰਕੇ ਉਹ ਉਸ ਵੇਲੇ ਖੁਸ਼ ਹੁੰਦਾ ਸੀ ਜਦੋਂ ਆਪਣੇ ਦਾਦੇ ਵੱਲੋਂ ਦਿਖਾਏ ਜਾਂਦੇ ਕਰਤਬਾਂ ਤੋਂ ਅੱਗੇ ਵਧਕੇ ਜਿਹੜਾ ਜਾਲ ਬਚਾਅ ਲਈ ਤਾਣਿਆ ਹੁੰਦਾ ਉਸਨੂੰ ਹਟਾ ਕੇ ਆਪਣੇ ਕਰਤਬ ਦਿਖਾਉਂਦਾ। ਉਸਦੇ ਕਰਤਬਾਂ ਨੂੰ ਦੇਖ ਕੇ ਲੋਕਾਂ ਦੇ ਸਾਹ ਸੂਤੇ ਜਾਂਦੇ ਤੇ ਉਸਨੂੰ ਦਿਲੋਂ ਖੁਸ਼ੀ ਹੁੰਦੀ। ਉਸਦਾ ਪਿਉ ਆਪਣੇ ਪਿਤਾ ਤੋਂ ਇਕ ਕਦਮ ਅੱਗੇ ਵਾਲੇ ਖੇਡ ਦਿਖਾਉਂਦਾ ਸੀ। ਉਹ ਖ਼ਤਰਨਾਕ ਝੁਲੇ ਤੋਂ ਇਲਾਵਾ ਤੋਪ ਵਿਚੋਂ ਫ਼ਾਇਰ ਦੀ ਆਵਾਜ਼ ਦੇ ਨਾਲ ਹੀ ਨਿਕਲ ਕੇ ਸਾਹਮਣੇ ਜਾਲ ਉੱਤੇ ਜਾ ਡਿੱਗਦਾ ਸੀ ਤੇ ਉਸੇ ਵੇਲੇ ਖੜ੍ਹਾ ਹੋ ਕੇ ਉਹ ਲੋਕਾਂ ਨੂੰ ਸਲਾਮ ਕਰਦਾ ਤੇ ਸਾਰੇ ਪੰਡਾਲ ਵਿਚ ਘੁੰਮਦਾ। ਉਹਨੇ ਆਪਣੇ ਪਿਤਾ ਤੇ

ਦਾਦੇ ਦੇ ਕਾਰਨਾਮਿਆਂ ਤੋਂ ਬਿਨਾਂ ਮੋਟਰ ਸਾਇਕਲ ਅਤੇ ਜੀਪ ਦੇ ਉੱਚੇ ਤੇ ਲੰਮੇ ਸਟੰਟ ਕਰਨੇ ਵੀ ਸਿੱਖੇ ਸਨ।

ਉਹਦੇ ਦਾਦੇ ਨੇ ਮਾਰਸ਼ਲ ਆਰਟ ਟ੍ਰੇਨਰ ਅਤੇ ਜਿਮਨਾਸਟਿਕ ਕੀਲੇਰੀ ਤੋਂ ਸਰਕਸ ਦੇ ਹੁਨਰ ਸਿੱਖੇ ਸਨ। ਇਸ ਤੋਂ ਅੱਗੇ ਉਸਦੇ ਪਿਉ ਨੇ ਤੇ ਫਿਰ ਉਸਨੇ ਦੋਹਾਂ ਤੋਂ ਇਸ ਕਲਾ ਦੀਆਂ ਬਾਰੀਕੀਆਂ ਸਿੱਖੀਆਂ ਸਨ। ਉਸਦਾ ਪਿਤਾ ਦੱਸਦਾ ਹੁੰਦਾ ਸੀ ਕਿ ਭਾਰਤ ਵਿਚ ਪਹਿਲਾਂ ਸਾਡੇ ਤਿੰਨ ਸੌ ਤੋਂ ਵੱਧ ਸਰਕਸ ਕੰਪਨੀਆਂ ਸਨ ਪਰ ਅੱਜ ਕੱਲ੍ਹ ਮਸਾਂ ਹੀ ਪੰਦਰਾਂ ਦੇ ਲਗਭਗ ਹੀ ਰਹਿ ਗਈਆਂ ਹਨ। ਮਨੋਰੰਜਨ ਦੇ ਨਵੇਂ ਸਾਧਨਾ ਨੇ ਸਰਕਸ ਨੂੰ ਮਾਰ ਪਾਈ ਹੈ। ਉਸਨੂੰ ਉਹ ਵੇਲਾ ਵੀ ਯਾਦ ਹੈ ਜਦੋਂ ਉਸਦਾ ਪਿਤਾ ਤੇ ਦਾਦਾ ਸਰਕਸ ਵਿਚ ਕੰਮ ਕਰਦੇ ਤੇ ਲੋਕਾਂ ਦੀ ਬਹੁਤ ਭੀੜ ਹੁੰਦੀ ਸੀ। ਉਸ ਵੇਲੇ ਸਰਕਸ ਪਿੰਡਾ ਜਾਂ ਕਸਬਿਆਂ ਵਿਚ ਨਹੀਂ ਵੱਡੇ-ਵੱਡੇ ਸ਼ਹਿਰਾਂ ਤੇ ਮਹਾਨਗਰਾਂ ਵਿਚ ਲੱਗਦੀ ਸੀ। ਉਹ ਕਹਿੰਦਾ ਹੈ ਕਿ ਕਿਸੇ ਵੇਲੇ ਸਰਕਸ ਦੇ ਕਲਾਕਾਰਾਂ ਦੀ ਜ਼ਿੰਦਗੀ ਉਹਨਾਂ ਲਈ ਫੈਨਟੈਸੀ ਅਤੇ ਰੋਮਾਂਚ ਨਾਲ ਭਰੀ ਹੁੰਦੀ ਸੀ ਪਰ ਹੁਣ ਦੀ ਪੀੜ੍ਹੀ ਕੋਲ ਐਨਾ ਸਮਾਂ ਹੀ ਨਹੀਂ ਹੈ ਕਿ ਉਹ ਇਸ ਨੂੰ ਮਾਣ ਸਕਣ। ਕਈ ਐਨ.ਜੀ.ਓ. ਤੇ ਸਰਕਾਰੀ ਸੰਸਥਾਵਾਂ ਬੱਚਿਆਂ ਅਤੇ ਜਾਨਵਰਾਂ ਨੂੰ ਸਰਕਸ ਵਿਚ ਕੰਮ ਕਰਨ ਤੋਂ ਰੋਕਦੇ ਹਨ ਕਿ ਸਰਕਸ ਵਾਲੇ ਉਹਨਾਂ ਦਾ ਸ਼ੋਸ਼ਣ ਕਰਦੇ ਹਨ। ਇਸ ਨਾਲ ਸਰਕਸ ਵਾਲਿਆਂ ਲਈ ਬਹੁਤ ਪਰੇਸ਼ਾਨੀਆਂ ਖੜ੍ਹੀਆਂ ਹੋ ਰਹੀਆਂ ਹਨ।

ਉਸਨੂੰ ਯਾਦ ਆਉਂਦਾ ਹੈ ਕਿ ਇਕ ਵਾਰ ਸਰਕਸ ਦਾ ਮਾਲਿਕ ਸਰਕਸ ਦੀ ਮਾੜੀ ਹਾਲਤ ਅਤੇ ਉਸਦੇ ਵਿਚ ਕੰਮ ਕਰਦੇ ਕਲਾਕਾਰਾਂ ਦੀ ਗਿਣਤੀ ਘੱਟ ਹੋਣ ਬਾਰੇ ਪੱਤਰਕਾਰਾਂ ਨਾਲ ਗੱਲ ਕਰਦਾ ਕਹਿੰਦਾ ਹੈ ਕਿ:-

*ਸਰਕਾਰ ਵੱਲੋਂ ਸਰਕਸ ਵਾਲਿਆਂ ਦੀ ਮਦਦ ਤਾਂ ਇਕ ਪਾਸੇ ਰਹੀ, ਉਲਟਾ ਸਾਡੇ 'ਤੇ ਨੇਮ-ਕਾਨੂੰਨ ਐਨੇ ਥੋਪ ਦਿੱਤੇ ਗਏ ਹਨ ਕਿ ਕੰਮ ਕਰਨਾ ਕਾਫ਼ੀ ਔਖਾ ਹੋ ਗਿਆ ਹੈ। ਬੱਚਿਆ ਤੋਂ ਅਸੀਂ ਕੰਮ ਕਰਾ ਨਹੀਂ ਸਕਦੇ, ਜਦ ਕਿ ਹਕੀਕਤ ਇਹ ਹੈ ਛੋਟੀ ਉਮਰ ਦੇ ਬੱਚੇ ਹੀ ਚੰਗੇ ਜਿਮਨਾਸਟਕ ਬਣ ਸਕਦੇ ਹਨ। ਚੌਦਾਂ ਵਰ੍ਹੇ ਤੋਂ ਬਾਅਦ ਤਾਂ ਬੱਚੇ ਦਾ ਸਰੀਰ ਏਨਾ ਪੱਕਾ ਹੋ ਜਾਂਦਾ ਹੈ ਕਿ ਉਸਨੂੰ ਲੋੜੀਂਦੇ ਕਰਤਬਾਂ ਲਈ ਲਚੀਲਾ ਬਣਾਉਣਾਂ ਹੀ ਸੰਭਵ ਨਹੀਂ ਰਹਿੰਦਾ। ਜਾਨਵਰਾਂ ਦੇ ਕਰਤਬਾਂ ਤੇ ਵੀ ਰੋਕ ਲਗਾ ਦਿੱਤੀ ਹੈ, ਸਰਕਸ ਜਿਸ ਕਲਾਕਾਰੀ ਅਤੇ ਕਰਤਬਾਂ ਲਈ ਜਾਣੀ ਜਾਂਦੀ ਹੈ ਉਸ 'ਤੇ ਰੋਕ ਲਗਾ ਦਿੱਤੀ ਜਾਵੇਗੀ ਤਾਂ ਇਹ ਕਲਾ ਕਿਵੇਂ ਵੱਧ ਫੁੱਲ ਸਕੇਗੀ?' (ਪੰਨਾ-੬੧)*

ਮਾਲਕ ਦੀਆਂ ਇਹ ਗੱਲਾਂ ਸੋਚਦੇ ਹੋਏ ਉਹ ਵੀ ਇਸ ਗੱਲ ਉੱਤੇ ਹਾਮੀ ਭਰਦਾ ਹੈ ਕਿ ਹੁਣ ਲੋਕਾਂ ਦਾ ਰਹਿਣ-ਸਹਿਣ ਬਦਲ ਗਿਆ ਹੈ। ਉਹ ਸੋਚਦਾ ਹੈ ਕਿ ਜਦੋਂ ਉਹ ਛੋਟਾ ਸੀ ਤਾਂ ਸਰਕਸ ਵਿਚ ਹਾਥੀ, ਘੋੜੇ, ਸ਼ੇਰ, ਚੀਤੇ ਕਈ ਜਾਨਵਰਾਂ ਦੇ ਨਾਲ-ਨਾਲ ਤੋਤੇ, ਮੋਰ, ਕਬੂਤਰ ਕਈ ਪੰਛੀ ਵੀ ਸਰਕਸ ਵਿਚ ਆਪਣੇ ਕਰਤਬ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ। ਇਹਨਾਂ ਸਾਰੇ ਪੰਛੀਆਂ ਤੇ ਜਾਨਵਰਾਂ ਦੀ ਸੰਭਾਲ ਲਈ ਕਿੰਨੇ ਹੀ ਬੰਦੇ ਵੀ ਸਰਕਸ ਦਾ ਹਿੱਸਾ ਸਨ। ਪਰ ਹੁਣ ਨਾ ਤਾਂ ਜਾਨਵਰ ਤੇ ਪੰਛੀ ਨੇ ਤੇ ਨਾ ਹੀ ਬੱਚੇ ਹਨ। ਉਹਨਾਂ ਸਾਰਿਆ ਲਈ

ਸਰਕਸ ਤੋਂ ਬਾਹਰਲੀ ਜ਼ਿੰਦਗੀ ਮੌਤ ਵਰਗੀ ਹੁੰਦੀ ਸੀ। ਉਸਦੇ ਪਿਤਾ ਨੇ ਉਸਦੀ ਵੱਡੀ ਭੈਣ ਦਾ ਵਿਆਹ ਸਰਕਸ ਤੋਂ ਬਾਹਰਲੇ ਮੁੰਡੇ ਨਾਲ ਕਰਨ ਦਾ ਇਰਾਦਾ ਕੀਤਾ ਤਾਂ ਉਸਨੇ ਬਹੁਤ ਭਰੇ ਮਨ ਨਾਲ ਕਿਹਾ ਸੀ ਕਿ

*'ਮੈਂ ਭਾਵੇਂ ਆਪਣੀ ਪੂਰੀ ਜ਼ਿੰਦਗੀ ਸਰਕਸ ਦੇ ਲੇਖੇ ਲਾ ਦਿੱਤੀ, ਪਰ ਆਪਣੀ ਬੇਟੀ ਨੂੰ ਇੱਥੇ ਖੱਜਲ ਹੋਣ ਲਈ ਨਹੀਂ ਰੱਖ ਸਕਦਾ। ਇਕ ਅਨਿਸ਼ਚਿਤ ਭਵਿੱਖ ਲਈ ਮੈਂ ਨਹੀਂ ਚਾਹੁੰਦਾ ਕਿ ਮੇਰੇ ਬੱਚੇ ਇਨ੍ਹਾਂ ਤੰਬੂਆਂ 'ਚ ਕੈਦ ਹੋ ਕੇ ਰਹਿ ਜਾਣ।' (ਪੰਨਾ-੬੨)*

ਸਰਕਸ ਦੀ ਅਜਿਹੀ ਹਾਲਤ ਹੁੰਦੀ ਦੇਖ ਕੇ ਉਸਦੇ ਪਿਤਾ ਨੇ ਆਪਣੀ ਧੀ ਦਾ ਵਿਆਹ ਸਰਕਸ ਵਿਚ ਕੰਮ ਨਾ ਕਰਦੇ, ਕਿਸੇ ਦੂਸਰੇ ਕਿੱਤੇ ਨਾਲ ਸਬੰਧਿਤ, ਮੁੰਡੇ ਨਾਲ ਕਰ ਦਿੱਤਾ। ਸਮਾਂ ਬੀਤਦਾ ਗਿਆ। ਜਦੋਂ ਉਸ ਵੱਡੀ ਭੈਣ ਦਾ ਇਕਲੌਤਾ ਮੁੰਡਾ ਆਪਣੀ ਬਾਰ੍ਹਵੀਂ ਕਰ ਕੇ ਮਲਟੀ ਮੀਡਿਆ ਦਾ ਕੋਰਸ ਕਰ ਰਿਹਾ ਸੀ ਤਾਂ ਇਕ ਦਿਨ ਉਸਦਾ ਬਾਪੂ ਕਹਿੰਦਾ ਹੈ ਕਿ:-

*'ਮੈਂ ਨਹੀਂ ਚਾਹੁੰਦਾ ਤੂੰ ਵੀ ਮੇਰੇ ਵਰਗੀ ਖਾਨਾ ਬਦੋਸ਼ ਜ਼ਿੰਦਗੀ ਜੀਵੇਂ। ਅੱਜ ਵਕਤ ਬਦਲ ਗਿਆ ਹੈ, ਲੋੜਾਂ ਬਦਲ ਗਈਆਂ ਹਨ। ਇਸ ਸਰਕਸ ਵਿਚ ਰਹਿ ਕੇ ਹੁਣ ਬਹੁਤਾ ਕੁੱਝ ਹਾਸਿਲ ਨਹੀਂ ਕੀਤਾ ਜਾ ਸਕਦਾ। ਇਸ ਮਰ ਰਹੀ ਕਲਾ ਦਾ ਹੱਥ ਫੜ੍ਹ ਕੇ ਕੋਈ ਹਮੇਸ਼ਾ ਲਈ ਜ਼ਿੰਦਾ ਰਹਿਣ ਦੀ ਆਖਿਰ ਸੋਚ ਵੀ ਕਿਵੇਂ ਸਕਦਾ ਹੈ।' (ਪੰਨਾ-੬੨)*

ਉਹ ਸੋਚਦਾ ਹੈ ਕਿ ਇਸ ਸਰਕਸ ਵਿਚ ਕੋਈ ਨਵਾਂ ਕਲਾਕਾਰ ਨਹੀਂ ਆਉਂਦਾ। ਜੇ ਆਉਂਦਾ ਵੀ ਹੈ ਤਾਂ ਉਹ ਇਸ ਕਲਾ ਨੂੰ ਸਿੱਖਣ ਲਈ ਤਿਆਰ ਨਹੀਂ। ਮਜਬੂਰੀ ਵੱਸ ਹੀ ਸਰਕਸ ਵਿਚ ਆਉਂਦਾ ਹੈ। ਆਪਣਾ ਢਿੱਡ ਭਰਨ ਲਈ, ਨਵੇਂ-ਨਵੇਂ ਕਾਰਨਾਮੇ ਦਿਖਾਉਣ ਲਈ ਨਹੀਂ। ਉਸ ਨੂੰ ਆਪਣੇ ਪਿਉ ਦਾਦੇ ਦੇ ਬਹੁਤ ਸਾਰੇ ਕਿੱਸੇ ਯਾਦ ਆਉਂਦੇ ਹਨ ਜਿਹੜੇ ਕਿ ਆਪਣੇ ਰੱਬ ਵਰਗੇ ਦਰਸ਼ਕਾਂ ਲਈ ਆਪਣੀ ਜ਼ਿੰਦਗੀ ਦੇ ਹਨ੍ਹੇਰਿਆਂ ਦੇ ਦਰਦ ਨੂੰ ਲੁਕਾ ਕੇ ਆਪਣੇ ਚਿਹਰਿਆਂ ਉੱਤੇ ਹਮੇਸ਼ਾ ਹਾਸੇ ਨੂੰ ਰੱਖਦੇ ਸਨ। ਦਰਸ਼ਕ ਵੀ ਉਹਨਾਂ ਦੇ ਉਪਰਲੇ ਚਿਹਰਿਆਂ ਦੇ ਹਾਸੇ ਨੂੰ ਦੇਖਦੇ ਹਨ ਉਹਨਾਂ ਦੇ ਪਿੱਛੇ ਲੁਕੇ ਦਰਦ ਨੂੰ ਨਹੀਂ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਇਹੀ ਕਾਰਨ ਸੀ ਕਿ ਕੰਮ ਘਟਣ ਕਰਕੇ ਉਹਨਾਂ ਦੇ ਕਲਾਕਾਰ ਵੀ ਘੱਟ ਗਏ ਉਹਨਾਂ ਦੀਆਂ ਤਨਖ਼ਾਹਾਂ ਵੀ ਘੱਟ ਗਈਆਂ। ਜੇਕਰ ਤਨਖ਼ਾਹ ਮਿਲਦੀ ਵੀ ਸੀ ਤਾਂ ਉਹ ਵੀ ਅੱਧੀ-ਪਚੱਦੀ। ਉਸਦੇ ਜੀਜੇ ਨੇ ਵੀ ਉਸ ਨੂੰ ਕਈ ਵਾਰ ਕਿਹਾ ਸੀ ਕਿ ਉਹ ਸਰਕਸ ਦੇ ਸਟੰਟ ਛੱਡ ਕੇ ਫ਼ਿਲਮਾਂ ਵਿਚ ਕੰਮ ਕਰੇ। ਪਰ ਉਹ ਆਪਣੇ ਜੀਜੇ ਨੂੰ ਵੀ ਟਾਲਦਾ ਰਿਹਾ। ਹੱਦ ਤਾਂ ਉਸ ਵੇਲੇ ਹੋਈ ਜਦੋਂ ਉਹਦੀ ਭੈਣ ਉਸਨੂੰ ਮਿਲਣ ਲਈ ਆਈ ਤੇ ਉਸ ਵੇਲੇ ਉਸ ਕੋਲੋਂ ਆਓ ਭਗਤ ਲਈ ਘਰ ਵਿਚ ਸਾਮਾਨ ਵੀ ਨਹੀਂ ਸੀ। ਤਾਂ ਉਸ ਨੇ ਫੈਸਲਾ ਕੀਤਾ ਕਿ ਉਹ ਸਰਕਸ ਛੱਡ ਦੇਵੇਗਾ।

ਉਸਦੇ ਜੀਜੇ ਨੇ ਉਸਨੂੰ ਇਕ ਫ਼ਿਲਮ ਨਿਰਮਾਤਾ ਨਾਲ ਮਿਲਾਇਆ ਜਿਹੜਾ ਕਿ ਮਹਿੰਗੇ ਸਟੰਟਮੈਨ ਤੋਂ ਕੰਮ ਨਹੀਂ ਕਰਵਾ ਸਕਦਾ ਸੀ। ਉਸਨੂੰ ਘੱਟ ਪੈਸੇ ਲੈ ਕੇ ਸਟੰਟ ਕਰਨ ਵਾਲਾ ਸਟੰਟਮੈਨ ਚਾਹੀਦਾ ਸੀ। ਉਸਨੇ ਹੀਰੋ ਦੀ ਬ੍ਰੇਕ ਫੇਲ ਹੋਈ ਕਾਰ ਨੂੰ ਵੀਹ ਫੁੱਟ ਉੱਚਾਈ ਤੋਂ ਦਰਿਆ ਸੁੱਟਣਾ ਸੀ। ਅਜਿਹੇ ਸਟੰਟ ਉਸ ਨੇ ਕੀਤੇ ਤਾਂ ਸੀ ਪਰ ਦਰਿਆ ਵਿਚ ਡਿੱਗਣ ਵਾਲੇ

ਨਹੀਂ ਸਨ ਕੀਤੇ ਪਰ ਉਹ ਇਸ ਵਿਚ ਕਾਮਯਾਬ ਹੋ ਗਿਆ। ਇਸ ਤੋਂ ਬਾਅਦ ਉਸ ਨੂੰ 'ਸਟੰਟਮੈਨ' ਯੂਨੀਅਨ ਵੱਲੋਂ ਬਿਨਾਂ ਮੈਂਬਰਸ਼ਿਪ ਲਏ ਇਸ ਤਰ੍ਹਾਂ ਦਾ ਕੰਮ ਕਰਨ ਲਈ ਧਮਕੀਆਂ ਵੀ ਮਿਲਣ ਲੱਗੀਆਂ। ਫਿਲਮ ਨਿਰਮਾਤਾ ਨੇ ਤਾਂ ਉਸਨੂੰ ਉਸਦੀ ਬਣਦੀ ਰਕਮ ਵੀ ਪੂਰੀ ਨਹੀਂ ਦਿੱਤੀ ਤੇ ਕਹਿੰਦਾ ਹੈ ਕਿ:

*'ਅੱਜ-ਕੱਲ ਤਾਂ ਅਜੇਹੇ ਸਟੰਟ ਸੀਨ ਤਾਂ ਕੰਪਿਊਟਰ ਗ੍ਰਾਫਿਕਸ ਨਾਲ ਤਿਆਰ ਕਰ ਲਏ ਜਾਂਦੇ ਹਨ ਪਰ ਸਿਰਫ਼ ਉਹਨੂੰ ਆਪਣਾ ਹੁਨਰ ਵਖਾਉਣ ਦਾ ਮੌਕਾ ਦੇਣ ਲਈ ਹੀ ਉਸ ਤੋਂ ਸਟੰਟ ਕਰਵਾਇਆ ਗਿਆ ਹੈ।'(ਪੰਨਾ-੬੩)*

ਇਸ ਤਰ੍ਹਾਂ ਉਸ ਨੂੰ ਹਰੇਕ ਬੰਦਾ ਇਹੀ 'ਜਤਾਅ' ਰਿਹਾ ਸੀ ਕਿ ਉਸਨੂੰ ਕੰਮ ਦੁਆ ਕੇ ਉਸ 'ਤੇ ਅਹਿਸਾਨ ਕੀਤਾ ਹੈ। ਜੀਜਾ ਵੀ ਉਸਨੂ ਬਾਰ-ਬਾਰ ਇਹੋ ਕਹਿ ਰਿਹਾ ਸੀ। ਨਿਰਮਾਤਾ ਵੀ ਜਿਸ ਨੇ ਉਸ ਨੂੰ ਪੱਚੀ ਹਜ਼ਾਰ ਰੁਪਏ ਦੇਣੇ ਸਨ ਤੇ ਪੰਦਰਾਂ ਹਜ਼ਾਰ ਰੁਪਏ ਵਿਚ ਹੀ ਉਸਨੂੰ ਟਰਕਾ ਦਿੱਤਾ। ਅੱਜ ਜਦੋਂ ਉਹ ਸ਼ੋਅ ਦੇਖ ਕੇ ਬਾਹਰ ਆਇਆ ਸੀ ਤਾਂ ਉਹ ਅੰਦਰੋਂ ਕਿਤੋਂ-ਕਿਤੋਂ ਬੁੱਝਿਆ ਹੋਇਆ ਸੀ। ਉਹ ਇਹੋ ਸੋਚ ਰਿਹਾ ਸੀ ਕਿ ਕਾਰ ਨੂੰ ਉਸ ਨੇ ਦਰਿਆ ਵਿਚ ਐਨੀ ਉੱਚੀ ਤੋਂ ਹੇਠਾਂ ਡਿੱਗਣ ਦਾ ਸੀਨ ਕੀਤਾ। ਦਰਸ਼ਕਾਂ ਸਾਹਮਣੇ ਤਾਂ ਹੀਰੋ ਨੇ ਇਹ ਸਾਰਾ ਕੁੱਝ ਕੀਤਾ ਪਰ ਅਸਲੀਅਤ ਇਸ ਪਿੱਛੇ ਕੁੱਝ ਹੋਰ ਸੀ। ਫਿਰ ਉਸ ਨੂੰ ਸਰਕਸ ਵਿਚ ਕੀਤੇ ਸਟੰਟ ਯਾਦ ਆ ਰਹੇ ਸਨ ਜਿਸ ਵਿਚ ਉਹ ਆਪ ਸਾਰੇ ਸਟੰਟ ਕਰਦਾ ਸੀ ਤੇ ਦਰਸ਼ਕਾਂ ਸਾਹਮਣੇ ਵੀ ਆਪ ਹੁੰਦਾ ਸੀ ਤੇ ਸਾਰੀਆਂ ਤਾੜੀਆਂ ਵੀ ਉਸੇ ਲਈ ਹੀ ਵੱਜਦੀਆਂ ਸਨ। ਉਹੀ ਸਾਰਿਆਂ ਲਈ ਹੀਰੋ ਹੁੰਦਾ ਸੀ।

ਕਹਾਣੀ ਦੇ ਅਗਲੇ ਵਿਨਿਆਸਕ੍ਰਮ ਵਿਚ ਜਦੋਂ ਉਸਦਾ ਜੀਜਾ ਉਸਨੂੰ ਸਟੰਟਮੈਨ ਯੂਨੀਅਨ ਦਾ ਫ਼ਾਰਮ ਭਰਨ ਲਈ ਕਹਿੰਦਾ ਹੈ ਤਾਂ ਉਹ ਇਸ ਗੱਲ ਨੂੰ ਟਾਲ ਕੇ ਰੇਲ ਦੀ ਟਿਕਟ ਕਟਾ ਕੇ ਆਪਣੇ ਪਿਤਾ ਨੂੰ ਫੋਨ ਕਰ ਦਿੰਦਾ ਹੈ ਕਿ ਉਹ ਫਿਲਮਾਂ ਵਿਚ ਹੋਰ ਕੰਮ ਨਹੀਂ ਕਰੇਗਾ ਉਹ ਸਰਕਸ ਵਿਚ ਵਾਪਸ ਆ ਰਿਹਾ ਹੈ। ਇਹੋ ਜਿਹੀਆਂ ਵਿਚਾਰਾਂ ਉਸਦੇ ਦਿਮਾਗ ਵਿਚ ਚੱਲ ਰਹੀਆਂ ਸਨ। ਉਸੇ ਵੇਲੇ ਉਹ ਆਪਣੇ ਕੋਲੇ ਖੜ੍ਹੇ ਭਾਣਜੇ ਨੂੰ ਕਹਿੰਦਾ ਹੈ ਕਿ ਤੂੰ ਕਿਹੜੀਆਂ ਗ੍ਰਾਫਿਕਸ ਮਸ਼ੀਨਾਂ ਦੀ ਗੱਲ ਕਰ ਰਿਹਾ ਸੀ ਤਾਂ ਉਹ ਕਹਿੰਦਾ ਹੈ ਮਸ਼ੀਨਾਂ ਨਹੀਂ ਹੁੰਦੀਆਂ ਉਹ ਤਾਂ ਮਲਟੀ ਮੀਡੀਆ ਕੰਪਿਊਟਰ ਸੈਟਅੱਪ ਇਕ ਵਾਰ ਇਹ ਕੰਮ ਸਿੱਖ ਲਵੋ ਫਿਰ ਜਿਹੜਾ ਮਰਜ਼ੀ ਸਟੰਟ ਇਸ ਨਾਲ ਤਿਆਰ ਕਰ ਲਵੋ। ਉਹ ਪ੍ਰੋਡਿਊਸਰ ਵੱਲੋਂ ਮਿਲੇ ਪੈਸਿਆਂ ਨਾਲ ਇਸ ਕੰਮ ਨੂੰ ਤੋਰਨ ਲਈ ਕਹਿੰਦਾ ਹੈ ਤਾਂ ਉਸਦਾ ਭਾਣਜਾ ਕਹਿੰਦਾ ਹੈ ਇਸ ਪੈਸਿਆਂ ਨਾਲ ਨਹੀਂ ਹੋਣਾ ਇਹ ਕੰਮ, ਪਰ ਚਿੰਤਾ ਨਾ ਕਰੋ ਮੈਂ ਛੇ ਮਹੀਨੇ ਦਾ ਕੰਮ ਦੋ ਮਹੀਨੇ ਵਿਚ ਹੀ ਸਿਖਾ ਦੇਵਾਂਗਾ। ਭਾਣਜੇ ਦੀ ਇਹ ਗੱਲ ਸੁਣਕੇ ਉਹ ਸੁਪਨਿਆਂ ਦੇ ਸੰਸਾਰ ਵਿਚ ਉੱਤਰ ਰਿਹਾ ਸੀ ਤੇ ਉਹ ਖ਼ਤਰਨਾਕ ਸਟੰਟ ਫ਼ਿਲਮ ਵਿਚ ਦਿਖਾਉਣ ਲਈ ਕੰਪਿਊਟਰ ਤੇ ਤੇਜੀ ਨਾਲ ਉਂਗਲਾਂ ਚਲਾ ਰਿਹਾ ਸੀ ਤੇ ਇੱਥੋਂ ਹੀ ਉਸਦੀ ਨਵੀਂ ਸ਼ੁਰੂਆਤ ਹੋ ਰਹੀ ਸੀ।

## ਕਹਾਣੀ 'ਸਰਕਸ' ਦੀਆਂ ਸਹਿਚਾਰੀ ਅਰਥ ਇਕਾਈਆਂ

ਕਹਾਣੀ ਦਾ ਸਿਰਲੇਖ ਹੀ ਮਾਨਵੀ ਜੀਵਨ ਦੇ ਚਿਹਨ ਦੀ ਅਭਿਵਿਅਕਤੀ ਹੈ। ਜਿਸ ਤਰ੍ਹਾਂ ਸਰਕਸ ਦਾ ਭਾਵ 'ਗੋਲ ਅਖਾੜਾ' ਹੈ। ਇਸੇ ਤਰ੍ਹਾਂ ਕਹਾਣੀ ਵੀ ਮਾਨਵੀ ਜੀਵਨ ਦੇ ਗੁੰਝਲਦਾਰ ਜੀਵਨ ਦੀ ਪੇਸ਼ਕਾਰੀ ਨੂੰ ਸਮੋਈ ਬੈਠੀ ਹੈ। ਕਹਾਣੀਕਾਰ ਕਹਾਣੀ ਰਾਹੀਂ ਇਹ ਦੱਸਦਾ ਹੈ ਕਿ ਸਰਕਸ ਦੇ ਗੋਲ ਅਖਾੜੇ ਵਿਚ ਜਿਹੜਾ ਵਿਅਕਤੀ ਨਿੱਕੀ ਉਮਰ ਵਿਚ ਆ ਜਾਂਦਾ ਹੈ ਉਸ ਨੂੰ ਪਕੇਰੀ ਉਮਰ ਵਿਚ ਵੀ ਇੱਥੇ ਹੀ ਕੰਮ ਕਰਨਾ ਪੈਂਦਾ ਹੈ ਕਿਉਂਕਿ ਸਰਕਸ ਵਿਚ ਜਿਸ ਤਰ੍ਹਾਂ ਦੇ ਕਾਰਜ ਕਰਨੇ ਪੈਂਦੇ ਹਨ ਉਹ ਅਨੁਭਵ ਛੋਟੀ ਉਮਰ ਵਿਚ ਹੀ ਗ੍ਰਹਿਣ ਕਰਨੇ ਪੈਂਦੇ ਹਨ ਤਾਂ ਜੋ ਸਰੀਰ ਦੀ ਲਚਕ ਬਣੀ ਰਹੇ। ਇਸ ਤਰ੍ਹਾਂ ਕਹਾਣੀਕਾਰ ਇਸ ਚਿਹਨ ਰਾਹੀਂ ਇਹ ਦਰਸਾਉਂਦਾ ਹੈ ਜਿਹੜਾ ਮਨੁੱਖ ਸਰਕਸ ਦੀ ਗੁੰਝਲ ਵਿਚ ਜਕੜਿਆ ਜਾਂਦਾ ਹੈ। ਉਹ ਨਿਰੰਤਰ ਇਸ ਦਾ ਹਿੱਸਾ ਬਣਕੇ ਰਹਿ ਜਾਂਦਾ ਹੈ।

ਕਹਾਣੀਕਾਰ ਇਸ ਗੱਲ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਕਲਾਕਾਰਾਂ ਦੀ ਜ਼ਿੰਦਗੀ 'ਖਾਨਾਬਦੋਸ਼ ਜ਼ਿੰਦਗੀ' ਬਣ ਕੇ ਰਹਿ ਜਾਂਦੀ ਹੈ। ਖਾਨਾਬਦੋਸ਼ ਜ਼ਿੰਦਗੀ ਤੋਂ ਕਹਾਣੀਕਾਰ ਬਹੁਪਸਾਰੀ ਅਰਥ ਸਿਰਜਦਾ ਹੈ। ਜਿਸ ਤਰ੍ਹਾਂ ਕਿ ਸਰਕਸ ਦੇ ਕਲਾਕਾਰ, ਸਰਕਸ ਦੇ ਮਾਲਕਾਂ ਦੇ 'ਵਸਤ' ਬਣ ਕੇ ਰਹਿ ਜਾਂਦੇ ਹਨ ਅਤੇ ਮਾਲਕ ਉਹਨਾਂ ਰਾਹੀਂ ਪੂਰਨ ਮੁਨਾਫਾ ਖੱਟਦਾ ਹੈ। ਇਹ ਮੁਨਾਫਾ ਕਲਾਕਾਰਾਂ ਦੇ 'ਸੋਸ਼ਣ' ਨਾਲ ਜੁੜਦਾ ਹੈ। ਕਹਾਣੀ ਅਨੁਸਾਰ 'ਕਲਾਕਾਰ ਤਾਂ ਆਪਣੀ ਸਾਰੀ ਜ਼ਿੰਦਗੀ ਸਰਕਸ ਦੇ ਲੇਖੇ ਲਾ ਦਿੰਦੇ ਹਨ। ਸਰਕਸ ਤੋਂ ਬਾਹਰਲੀ ਜ਼ਿੰਦਗੀ ਦੀ ਖਾਹਿਸ਼ ਮੌਤ ਵਰਗੀ ਹੁੰਦੀ ਹੈ। 'ਜਿਸ ਦਾ ਅਰਥ ਹੈ ਕਿ ਕਲਾਕਾਰਾਂ ਦੀ ਜ਼ਿੰਦਗੀ ਸਵੈ ਦੀ ਹੋਂਦ ਦੀ ਥਾਂ ਮਾਲਕ ਦੀ ਮਰਜ਼ੀ 'ਤੇ ਨਿਰਭਰ ਹੋ ਜਾਂਦੀ ਹੈ। ਕਹਾਣੀ ਵਿਚ ਕਹਾਣੀਕਾਰ ਨੇ ਕਹਾਣੀ ਦੀਆਂ ਸਥਿਤੀਆਂ ਵਿਚੋਂ ਇਹ ਗੱਲ ਵੀ ਉਭਾਰੀ ਹੈ ਕਿ ਜਿਸ ਤਰ੍ਹਾਂ ਦੀ ਸੱਤਾ ਦੀ ਕਾਨੂੰਨ ਵਿਵਸਥਾ ਹੈ ਉਸ ਅਨੁਸਾਰ ਸਰਕਸ ਦਾ ਰੂਪ ਬਦਲ ਗਿਆ ਹੈ। ਕਹਾਣੀ ਵਿਚ ਜਿਸ ਤਰ੍ਹਾਂ ਦੇ ਵੇਰਵੇ ਹਨ ਉਸ ਤੋਂ ਸਪੱਸ਼ਟ ਹੈ ਕਿ ਸਰਕਸ ਦੇ ਮਾਲਕ ਦੀ ਨਜ਼ਰ ਵਿਚ ਸਰਕਸ ਦਾ ਹਰ ਜੀਵ ਸਰਕਸ ਦੇ ਮਾਲਕ ਲਈ ਮੁਨਾਫਾ ਪੈਦਾ ਕਰਨ ਵਾਲੀ ਇਕਾਈ ਰਿਹਾ ਹੈ। ਜਿਸ ਅਧੀਨ ਮਾਨਵੀ ਹੋਂਦ ਦਾ ਆਪਣਾ ਕੋਈ ਸੁਤੰਤਰ ਵਜੂਦ ਨਹੀਂ ਸੀ। ਕਾਨੂੰਨ ਨੇ ਜਾਨਵਰਾਂ ਦੀ ਬੰਦਿਸ਼ 'ਤੇ ਰੋਕ ਲਾਈ, ਇਸ ਰੋਕ ਦਾ ਅਹਿਸਾਸ ਸਰਕਸ ਦੇ ਕਲਾਕਾਰ ਵੀ ਕਰਦੇ ਹਨ। ਕਹਾਣੀਕਾਰ ਨੇ ਕਹਾਣੀ ਵਿਚਲੇ ਵਿਭਿੰਨ ਵੇਰਵਿਆਂ ਰਾਹੀਂ ਇਹ ਵੀ ਅੰਕਿਤ ਕੀਤਾ ਹੈ ਕਿ ਸਰਕਸ ਦੇ ਕਿੱਤੇ ਦੇ ਮੁਕਾਬਲੇ ਦੂਸਰੇ ਕਿੱਤੇ ਵਧੇਰੇ ਖਿੱਚ ਭਰਪੂਰ ਹਨ। ਜੇਕਰ ਵਿਅਕਤੀ ਨੇ ਜ਼ੋਖ਼ਮ ਵਾਲੀ ਹੀ ਵਤੀਤ ਕਰਨੀ ਹੈ ਤਾਂ ਉਸ ਨੂੰ ਜ਼ੋਖ਼ਮ ਚੁੱਕਣ ਦਾ ਮੁੱਲ ਦੂਸਰੇ ਹੋਰ ਕਿੱਤਿਆਂ ਵਿਚ ਵਧੇਰੇ ਮਿਲ ਸਕਦਾ ਹੈ। ਕਹਾਣੀ ਵਿਚ 'ਝੂਲੇ', 'ਤੋਪ', 'ਜਾਲ' ਆਦਿ ਅਜਿਹੇ ਚਿਹਨ ਹਨ ਜਿਹੜੇ ਕਿ ਆਪਣੇ ਆਪ ਵਿਚ ਗਹਿਨ ਅਰਥ ਸਮੋਈ ਬੈਠੇ ਹਨ। ਕਹਾਣੀ ਦਾ ਅੰਤ ਵੀ ਅਜਿਹੇ ਚਿਹਨ ਨੂੰ ਪੇਸ਼ ਕਰਦਾ ਹੈ ਕਿ ਮੌਜੂਦਾ ਸਥਿਤੀਆਂ ਹੁਣ ਮਨੁੱਖ ਨੂੰ ਬੰਦਿਸ਼ ਦੀ ਜ਼ਿੰਦਗੀ ਜਿਉਣ ਦੀ ਥਾਂ ਸੁਤੰਤਰ ਜ਼ਿੰਦਗੀ ਦੇ ਸੰਘਰਸ਼ ਵੱਲ ਅਗਰਸਰ ਹੋਣਾ ਵਧੇਰੇ ਮੁੱਲਵਾਨ ਹੋ ਸਕਦਾ ਹੈ। ਕਹਾਣੀਕਾਰ ਬਲਜੀਤ ਸਿੰਘ ਰੈਨਾ ਨੇ

ਕਹਾਣੀ ਵਿਚਲੀਆਂ ਨਿੱਕੀਆਂ-ਨਿੱਕੀਆਂ ਇਕਾਈਆਂ ਰਾਹੀਂ ਗਹਿਨ, ਗੰਭੀਰ ਪਾਸਾਰਾਂ ਨੂੰ ਪੇਸ਼ ਕਰਕੇ ਕਹਾਣੀ ਜਗਤ ਵਿਚ ਵਿਲੱਖਣ ਪਛਾਣ ਬਣਾਈ ਹੈ।

## ਪੁਸਤਕ ਸੂਚੀ

1. Coward, Rosalind and Ellis, **Language and Materialism**, Routledge and Kegan Paul, London, 1977
2. Sukhman, Ann, **Litterature and Semiotics**, The Peter De Ridder Press, Nether Lands, 1975
3. ਬਲਜੀਤ ਸਿੰਘ ਰੈਨਾ, **ਕਲਾਸ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ੨੦੨੧

**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**
**ਭਾਸ਼ਾਵਾਂ, ਸਾਹਿਤ ਅਤੇ ਸਭਿਆਚਾਰ ਸਕੂਲ,**
**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ, ਪੰਜਾਬ** (੧੫੧੪੦੧)

# ਮਨਮੋਹਨ ਰਚਿਤ ਨਾਵਲ ਸਹਿਜ ਗੁਫਾ ਮਹਿ ਆਸਣੁ: ਪਾਰ-ਪਾਠਾਤਮਕ ਅਧਿਐਨ

❑ ਸੁਖਮਨਪ੍ਰੀਤ ਕੌਰ[1] ਅਤੇ ਡਾ. ਰਮਨਪ੍ਰੀਤ ਕੌਰ[2]

ਪੰਜਾਬੀ ਸਾਹਿਤ ਦੇ ਅੰਤਰਗਤ ਮਨਮੋਹਨ ਦੁਆਰਾ ਰਚਿਤ ਨਾਵਲੀ-ਪਾਠ, *ਸਹਿਜ ਗੁਫਾ ਮਹਿ ਆਸਣੁ* ਰਚਨਾ (Texture) ਅਤੇ ਸੰਰਚਨਾ (Structure) ਪੱਖੋਂ ਵਿਲੱਖਣ ਭਾਂਤ ਦੀ ਕਿਰਤ ਹੈ। ਇਸ ਵਿਚਲੀ ਸਮੁੱਚੀ ਬਿਰਤਾਂਤ-ਸਿਰਜਣਾ ਭਾਰਤੀ ਗਿਆਨ ਪਰੰਪਰਾ ਨਾਲ ਸੰਬੰਧਤ ਪ੍ਰਸਿੱਧ ਸੰਸਕ੍ਰਿਤ ਵਿਦਵਾਨ, ਭਾਸ਼ਾ ਦਾਰਸ਼ਨਿਕ ਅਤੇ ਕਵੀ ਭਰਥਰੀ ਹਰੀ (ਭਰਤ੍ਰਹਰਿ) ਸੰਬੰਧੀ ਸਿਰਜਕ ਦੀ ਡੂੰਘੀ ਖੋਜ-ਸਾਧਨਾ ਦਾ ਸਿਰਜਣਾਤਮਕ ਅਭਿਵਿਅਕਤੀਕਰਨ ਹੈ। ਇਸ ਸਾਹਿਤਕ ਸਿਰਜਣਾ ਦੁਆਰਾ ਪੰਜਾਬੀ ਸਾਹਿਤ-ਚੇਤਨਾ ਦਾ ਸੰਬੰਧ ਇਸਦੀ ਮੂਲ ਵਿਰਾਸਤ ਨਾਲ ਜੁੜਦਾ ਹੈ। ਇਸ ਨਾਵਲ ਦਾ ਸਿਰਲੇਖ ਸਹਿਜ ਗੁਫਾ ਮਹਿ ਆਸਣੁ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੩੭੦ ਉਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਪਦੇ "ਸਹਿਜ ਗੁਫਾ ਮਹਿ ਆਸਣੁ ਬਾਧਿਆ, ਜੋਤਿ ਸਰੂਪ ਅਨਾਹਦ ਵਾਜਿਆ॥" ਦਾ ਹਿੱਸਾ ਹੈ। ਇਥੇ ਅੰਕਿਤ ਇਹ ਮਨੁੱਖੀ ਮਨ ਦੀ ਇਕ ਸੰਤੁਲਿਤ ਅਤੇ ਅਡੋਲ ਅਵਸਥਾ ਦਾ ਸੂਚਕ ਹੈ। ਇਸ ਪਾਠ ਦੀ ਹੀ ਅਗਲੀ ਤੁਕ 'ਮਹਾ ਆਨੰਦ ਗੁਰ ਸ਼ਬਦ ਵਿਚਾਰਿਆ' ਵਿਚ ਇਸ ਅਵਸਥਾ ਤੱਕ ਪਹੁੰਚਣ ਦਾ ਮਾਰਗ ਸ਼ਬਦ-ਸਾਧਨਾ ਨੂੰ ਦਰਸਾਇਆ ਗਿਆ ਹੈ। ਜੇ ਦੇਖਿਆ ਜਾਵੇ ਤਾਂ ਇਹ ਪਾਠ ਅਸਲ ਵਿਚ ਤਿੰਨ ਪ੍ਰਮੁੱਖ ਸਮਿਆਂ ਅਤੇ ਸਥਿਤੀਆਂ ਦਾ ਅੰਤਰ-ਸੰਬੰਧ ਸਿਰਜਦਾ ਹੈ। ਪਹਿਲਾ ਉਹ ਕਾਲ-ਬਿੰਦੂ ਹੈ, ਜਿਸ ਤੇ ਖੜ੍ਹ ਕੇ ਸਿਰਜਕ ਨੇ ਸਿਰਜਣਾ ਕੀਤੀ ਹੈ ਅਤੇ ਇਹ ਗਿਆਨ ਵਿਹੂਣੀ ਜਗਿਆਸਾ ਦੇ ਪਤਨ ਦੇ ਦੌਰ ਵਜੋਂ ਰੂਪਮਾਨ ਹੋਇਆ ਹੈ। ਇਸ ਵੱਲ ਇਸ਼ਾਰਾ ਨਾਵਲਕਾਰ ਨਾਵਲ ਦੇ ਪਹਿਲੇ ਕਾਂਡ ਵਿਚ ਹੀ ਕਰ ਦਿੰਦਾ ਹੈ। ਦੂਜਾ ਸਮਾਂ ਉਹ ਹੈ, ਜਿਸ ਵਿਚੋਂ ਉਹ ਆਪਣੇ ਨਾਇਕ ਭਰਥਰੀ ਦੀ ਚੋਣ ਕਰਦਾ ਹੈ। ਗੁਰਬਾਣੀ ਵਿਚੋਂ ਲਿਆ ਗਿਆ ਇਸ ਨਾਵਲ ਦਾ ਸਿਰਲੇਖ ਸਹਿਜੇ ਹੀ ਇਸ ਦਾ ਸੰਬੰਧ ਗੁਰੂ ਨਾਲ ਸੰਬੰਧਤ ਕਰ ਦਿੰਦਾ ਹੈ। ਇਹ ਇਸ ਪੱਖ ਵੱਲ ਸੰਕੇਤ ਹੈ ਕਿ ਜਿਸ ਸ਼ਬਦ-ਸਾਧਨਾ ਦੀ ਉਹ ਕਥਾ ਸੁਣਾ ਰਿਹਾ ਹੈ, ਉਸਦਾ ਸੰਬੰਧ ਉਸ ਸਮੇਂ ਨਾਲ ਵੀ ਹੈ। ਇਸ ਸੰਦਰਭ ਵਿਚ ਡਾ. ਹਰਿਭਜਨ ਸਿੰਘ ਦਾ ਇਹ ਕਥਨ ਬਿਲਕੁਲ ਢੁੱਕਵਾਂ ਜਾਪਦਾ ਹੈ ਕਿ, "ਸਾਹਿਤ ਪਾਠਾਂ ਦਾ ਬਣਿਆ ਹੁੰਦਾ ਹੈ ਕਿਸੇ ਦੇ ਆਸਾ-ਮਨਸਾ ਦਾ ਨਹੀਂ ਅਤੇ ਪਾਠ ਭਾਸ਼ਾ ਦੇ ਬਣੇ ਹੁੰਦੇ ਹਨ ਵਸਤਾਂ ਜਾਂ ਵਿਚਾਰਾਂ ਦੇ ਨਹੀਂ। ਅਨੇਕ ਪਾਠ ਸਮੇਂ ਵਿਚ ਫੈਲ ਕੇ ਇਕ ਇਤਿਹਾਸ ਬਣ ਜਾਂਦੇ ਹਨ। ਸਾਹਿਤ-ਇਤਿਹਾਸ ਦਾ ਪ੍ਰਾਥਮਿਕ ਆਧਾਰ ਪਾਠਾਂ ਦਾ ਸਮੇਂ ਵਿਚ ਫੈਲਾਓ ਹੀ ਹੈ।"[1]

ਪ੍ਰਤੱਖ ਜਾਂ ਪਰੋਖ ਰੂਪ ਵਿਚ ਇਹਨਾਂ ਤਿੰਨਾਂ ਸਮਿਆਂ ਤੇ ਸਥਿਤੀਆਂ ਦਾ ਆਪਸ ਵਿਚ ਅੰਤਰ-ਸੰਬੰਧ ਹੈ। ਪ੍ਰਸਤੁਤ ਬਿਰਤਾਂਤ ਅਨੁਸਾਰ ਸ਼ਬਦ-ਸਾਧਨਾ ਦੇ ਮਾਰਗ ਦਾ ਆਰੰਭ ਛੇਵੀ-ਸਤਵੀਂ ਸਦੀ ਵਿਚ ਹੁੰਦਾ ਹੈ, ਜਿਹੜਾ ਵਿਸਤ੍ਰਿਤ ਹੁੰਦਾ ਹੋਇਆ ਪੰਦਰਵੀਂ ਸਦੀ ਵਿਚ ਗੁਰਮਤਿ ਚਿੰਤਨ ਦੇ ਰੂਪ ਵਿਚ ਪੂਰਨ ਪ੍ਰਫੁੱਲਤਾ ਹਾਸਲ ਕਰਦਾ ਹੈ। ਵਰਤਮਾਨ ਸਮੇਂ ਜਿਸ ਸਮੇਂ ਤੇ ਸਥਿਤੀ ਵਿਚ ਸਿਰਜਕ ਖੜ੍ਹਾ ਹੈ, ਉਸ ਸਮੇਂ ਨੂੰ ਇਸ ਸ਼ਬਦ-ਸਾਧਨਾ ਦੀ ਅਹਿਮ ਲੋੜ ਹੈ। ਪਰ ਮਸਲਾ ਇਹ ਹੈ ਕਿ ਵਰਤਮਾਨ ਸਮੇਂ ਦੇ ਉਪਭੋਗੀ ਮਨੁੱਖ ਅੰਦਰੋਂ ਜਗਿਆਸਾ ਹੀ ਮੁੱਕ ਚੁੱਕੀ ਹੈ ਜੋ ਇਸ ਨਾਵਲ ਦਾ ਪ੍ਰਮੁੱਖ ਸਮੱਸਿਆਕਾਰ ਹੈ। ਇਸ ਸਮੱਸਿਆਕਾਰ ਦੇ ਸੰਭਾਵੀ ਹੱਲ ਲਈ ਨਾਵਲਕਾਰ ਨਾਇਕ ਵਜੋਂ ਭਰਥਰੀ ਦਾ ਮੈਟਾਫਰ ਸਿਰਜਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਪਾਠ-ਸਿਰਜਣਾ ਅਸਲ ਵਿਚ ਸਿਰਜਕ ਦੇ ਅਵਚੇਤਨ ਵਿਚਲੀ ਖੋਜ-ਸਾਧਨਾ ਦਾ ਸਮੂਰਤ ਪ੍ਰਗਟਾਵਾ ਹੈ। ਅਮੂਰਤੀਕਰਨ ਦੇ ਇਸ ਸਮੂਰਤੀਕਰਨ ਲਈ ਉਹ ਨਾਵਲੀ ਵਿਧਾ ਨੂੰ ਇਕ ਮਾਧਿਅਮ ਵਜੋਂ ਵਰਤਦਾ ਹੈ। ਨਾਵਲ ਸੰਬੰਧੀ ਜੂਲੀਆ ਕ੍ਰਿਸਤੇਵਾ ਦਾ ਇਹ ਕਥਨ ਪੂਰੀ ਤਰ੍ਹਾਂ ਢੁੱਕਦਾ ਹੈ ਕਿ, "ਸਹਿਤਕ ਵਿਧਾਵਾਂ ਦੀ ਵਿਉਤਪੱਤੀ ਅਸਲ ਵਿਚ ਵਿਲੱਖਣ ਪੱਧਰ ਤੇ ਭਾਸ਼ਾਈ ਸੰਰਚਨਾਵਾਂ ਦਾ ਅਵਚੇਤਨੀ ਅਭਿਵਿਅਕਤੀਕਰਨ ਹੁੰਦਾ ਹੈ ਅਤੇ ਨਾਵਲ ਵਿਸ਼ੇਸ਼ ਰੂਪ ਵਿਚ ਅਭਿਵਿਅਕਤ ਸੰਵਾਦ ਹੈ"।[2] ਇਸ ਸੰਦਰਭ ਵਿਚ ਨਾਵਲ ਦੀਆਂ ਦੋ ਪ੍ਰਮੁੱਖ ਪਰਤਾਂ ਰੂਪਮਾਨ ਹੁੰਦੀਆਂ ਹਨ। ਇਨ੍ਹਾਂ ਵਿਚੋਂ ਇਕ ਪਰਤ ਭਰਥਰੀ ਦੀ ਰਾਜੇ, ਭੋਗੀ ਅਤੇ ਜੋਗੀ ਦੇ ਰੂਪ ਵਿਚ ਉਸਾਰੀ ਕਰਦੀ ਹੈ, ਜਦਕਿ ਦੂਜੀ ਪਰਤ ਇਸ ਉਸਾਰੀ ਦੀ ਤੈਅ ਹੇਠ ਮੌਜੂਦ ਨਾਵਲਕਾਰ ਦੇ ਚਿੰਤਨ ਅਤੇ ਚੇਤਨਾ ਨੂੰ ਦਰਸਾਉਂਦੀ ਹੈ। ਇਹ ਦੂਜੀ ਪਰਤ ਸਮਕਾਲੀ ਦੌਰ ਵਿਚ ਜਗਿਆਸਾ ਤੋਂ ਵਿਹੂਣੀ ਬੌਧਿਕ ਚੇਤਨਾ ਦੇ ਸਹਿਜ ਤੱਕ ਪਹੁੰਚਣ ਦੀ ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਦੀ ਹੈ। ਇਸ ਤਰ੍ਹਾਂ ਸਾਡੇ ਸਾਹਮਣੇ ਇਹ ਨਾਵਲੀ-ਪਾਠ ਇਕ ਪਾਠ ਹੋਣ ਦੇ ਨਾਲ-ਨਾਲ ਇਕ ਪਾਰ-ਪਾਠ (Meta-Textuality) ਵਜੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਮੈਟਾ-ਪਾਠ ਦੀ ਤੈਹ ਹੇਠ ਮੌਜੂਦ ਚੇਤਨਾ ਨੂੰ ਉਜਾਗਰ ਕਰਨ ਲਈ ਅਸੀਂ ਅੰਤਰਪਾਠਾਤਮਕ ਅਧਿਐਨ ਦੀ ਇਕ ਪਹੁੰਚ-ਵਿਧੀ ਪਾਰ-ਪਾਠਾਤਮਕਤਾ( Metatextuality) ਨੂੰ ਆਧਾਰ ਬਣਾਇਆ ਹੈ।

'ਪਾਰ-ਪਾਠਾਤਮਕਤਾ' ਦਾ ਸਿਧਾਂਤ ਮੂਲ ਰੂਪ ਵਿਚ ਜੀਰਾਂਦ-ਜੀਨੈਟ ਨੇ ਅੰਤਰਪਾਠਾਤਮਕ ਅਧਿਐਨ ਦੇ ਅੰਤਰਗਤ ਪ੍ਰਸਤੁਤ ਕੀਤੇ ਗਏ ਸਿਧਾਂਤਾਂ ਦੇ ਸੰਦਰਭ ਵਿਚ ਦਿੱਤਾ ਹੈ। ਇਸ ਅਨੁਸਾਰ ਉਹ ਪਾਠ ਦੀ ਸਮੁੱਚਤਾ ਨੂੰ ਪਰਾ-ਪਾਠਾਤਮਕਤਾ (Trans-Textuality) ਮੰਨਦਾ ਹੋਇਆ ਅੱਗੋਂ ਇਸ ਦੇ ਪੰਜ ਵੱਖ-ਵੱਖ ਉਪ-ਸਿਧਾਂਤ: ਅੰਤਰਾ-ਪਾਠਾਤਮਕਤਾ (Intra-Textuality), ਪਾਰ-ਪਾਠਾਤਮਕਤਾ (Meta-Textuality), ਅਤਿ-ਪਾਠਾਤਮਕਤਾ (hyper-Textuality), ਪੁਰਾਤੱਤਵੀ-ਪਾਠਾਤਮਕਤਾ (Arche-Textuality), ਪਰਾ-ਪਾਠਾਤਮਕਤਾ (Paratextuality) ਸਿਰਜਦਾ ਹੈ। ਇਸ ਖੋਜ ਪੱਤਰ ਲਈ ਇਹਨਾਂ ਵਿਚੋਂ ਕੇਵਲ ਇਕ ਸਿਧਾਂਤ ਪਾਰ-ਪਾਠਾਤਮਕਤਾ (Meta-Textuality) ਨੂੰ ਅੰਤਰ-ਦ੍ਰਿਸ਼ਟੀ ਵਜੋਂ ਲਿਆ ਹੈ। ਪਾਰ-ਪਾਠ(Meta-Text), ਅਸਲ ਵਿਚ ਸਾਹਿਤ ਆਲੋਚਨਾ ਦੇ ਖੇਤਰ ਵਿਚ ਅੰਤਰਪਾਠਾਤਮਕ

ਵਿਧੀ ਨਾਲ ਸੰਬੰਧਤ ਸੰਕਲਪ ਹੈ, ਜਿਸਦਾ ਭਾਵ ਹੈ 'ਪਾਠ ਸੰਬੰਧੀ ਪਾਠ'। ਇਸਦਾ ਸੰਬੰਧ ਕਿਸੇ ਰਚਨਾ ਵਿਚ ਮੌਜੂਦ ਉਨ੍ਹਾਂ ਪਾਠਾਤਮਕ ਪਰਤਾਂ ਨਾਲ ਹੈ, ਜਿਹੜੀਆਂ ਪਾਠ ਉਪਰ ਸਿਰਜੇ ਪਾਰ-ਪਾਠਾਂ ਜਾਂ ਪ੍ਰਵਚਨਾਂ ਵੱਲ ਸੰਕੇਤ ਕਰਦੀਆਂ ਹਨ। ਇਹਨਾਂ ਨੂੰ ਹੀ ਪਾਰ-ਪਾਠ ਕਿਹਾ ਜਾਂਦਾ ਹੈ। ਦੇਖਿਆ ਜਾਵੇ ਤਾਂ ਪਾਰ-ਪਾਠਾਤਮਕਤਾ ਦਾ ਸਿਧਾਂਤ 'ਪਾਰ-ਭਾਸ਼ਾ' ਦੇ ਸਿਧਾਂਤ ਉਪਰ ਹੀ ਵਿਕਸਤ ਹੋਇਆ ਹੈ। ਇਹਨਾਂ ਦੋਹਾਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਬੋਜੇਨਾ ਵਿਟੋਜ਼ ਦੇ ਅਨੁਸਾਰ, "ਪਾਰ-ਪਾਠ, ਪਾਰ-ਭਾਸ਼ਾ ਮਦ ਦੇ ਆਧਾਰ ਉਪਰ ਸਿਰਜੀ ਜਾਂਦੀ ਹੈ। ਇਸਦੀ ਹੋਂਦ ਤਰਕ-ਸ਼ਾਸ਼ਤਰ ਅਤੇ ਭਾਸ਼ਾ-ਵਿਗਿਆਨ ਵਿਚ ਮੌਜੂਦ ਹੈ"।[3] ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ 'ਪਾਰ-ਪਾਠ' ਪਾਠ ਅੰਦਰ ਮੌਜੂਦ ਉਹ ਪਾਠ ਹਨ, ਜੋ ਪਾਠ ਅੰਦਰ ਪ੍ਰਤੱਖ ਜਾਂ ਪਰੋਖ ਰੂਪ ਵਿਚ ਸੂਚਕਾਂ ਦੇ ਰੂਪ ਵਿਚ ਸ਼ਾਮਿਲ ਹੁੰਦੇ ਹਨ ਅਤੇ ਇਹਨਾਂ ਸੂਚਕਾਂ ਦੀ ਨਿਸ਼ਾਨਦੇਹੀ ਕਰਕੇ ਹੀ ਪਾਠ ਦੀ ਪਾਰ-ਪਾਠਾਤਮਕਤਾ ਦੀ ਸਿਰਜਣਾ ਹੁੰਦੀ ਹੈ। ਨਾਵਲ ਸਹਿਜ ਗੁਫਾ ਮਹਿ ਆਸਣੁ ਆਪਣੇ ਆਪ ਵਿਚ ਇਕ ਪਾਠ ਹੋਣ ਦੇ ਨਾਲ-ਨਾਲ ਇਕ ਪਾਰ-ਪਾਠ ਵੀ ਹੈ। ਇਸ ਦਾ ਕਾਰਨ ਦਰਸ਼ਨ ਦਾ ਗਲਪੀਕਰਨ ਵੀ ਹੋ ਸਕਦਾ ਹੈ। ਕਿਉਂਕਿ ਨਾਵਲ ਜੀਵਨ ਦੀ ਸਮੁੱਚਤਾ ਸਹਿਤ ਪੇਸ਼ਕਾਰੀ ਕਰਨ ਵਾਲੀ ਵਿਧਾ ਹੈ ਅਤੇ ਜੇ ਇਸ ਵਿਚ ਜੀਵਨ ਯਥਾਰਥ ਦੀ ਪ੍ਰਸਤੁਤੀ ਦੇ ਨਾਲ-ਨਾਲ ਜੀਵਨ ਦਰਸ਼ਨ ਦੀ ਅਭਿਵਿਅਕਤੀ ਹੋਵੇਗੀ ਤਾਂ ਇਸ ਅੰਦਰ ਪਾਰ-ਪਾਠਾਤਮਕਤਾ ਦੀ ਸੰਭਾਵਨਾ ਆਪਣੇ ਆਪ ਪੈਦਾ ਹੋਵੇਗੀ। ਨਾਵਲ ਵਿਚ ਸਿਰਜਕ ਕਥਾਕਾਰ ਦੇ ਰੂਪ ਵਿਚ ਪਾਠਾਤਮਕਤਾ ਉਪਰ ਪਾਰ-ਪਾਠਾਤਮਕਤਾ ਦੀਆਂ ਪਰਤਾਂ ਵੱਲ ਅਚੇਤ ਰੂਪ ਵਿਚ ਹੀ ਇਸ਼ਾਰਾ ਕਰ ਦਿੰਦਾ ਹੈ ਜਦੋਂ ਉਹ ਕਹਿੰਦਾ ਹੈ, "ਵਿਚ ਵਿਚਾਲੇ ਅਰਥ ਕਰਾਂ। ਟੀਕਿਆਂ, ਟੂਕਾਂ ਨਾਲ ਸਮਝਾਵਾਂ। ਦ੍ਰਿਸ਼ਟਾਤਾਂ ਰਾਹੀ ਦ੍ਰਿਸ਼ ਉਸਾਰਾਂ...ਕਥਾਵਾਚਕ ਦਾ ਧਰਮ ਨਿਭਾਵਾਂ"।[4] ਇਸਦਾ ਅਗਲੀ ਬਿਰਤਾਂਤ ਉਸਾਰੀ ਵਿਚ ਪ੍ਰਤੱਖ ਰੂਪ ਵਿਚ ਪ੍ਰਮਾਣ ਮਿਲਦਾ ਹੈ ਜਦੋਂ ਕਥਾ ਦੌਰਾਨ ਇਹ ਸਾਰੀ ਸਮੱਗਰੀ ਲੇਖਕ ਪਾਠਕ ਨੂੰ ਪਾਠ ਦੇ ਰੂਪ ਵਿਚ ਹੀ ਪ੍ਰਦਾਨ ਕਰਦਾ ਹੈ। ਨਾਵਲ ਵਿਚ ਹਰ ਪਾਤਰ, ਸਮਾਂ, ਸਥਾਨ ਤੇ ਸਥਿਤੀ ਜਾਂ ਵਰਤਾਰੇ ਸੰਬੰਧੀ ਸਿਰਜਕ ਵਿਸਤ੍ਰਿਤ ਤੇ ਵਿਆਖਿਆਤਮਕ ਪ੍ਰਕਰਣ ਸਿਰਜਦਾ ਹੈ। ਇਸ ਤਰ੍ਹਾਂ ਜਦੋ ਅਸੀਂ ਨਾਵਲ ਸਹਿਜ ਗੁਫਾ ਮਹਿ ਆਸਣੁ ਦਾ ਇਕ ਪਾਰ-ਪਾਠ ਵਜੋਂ ਅਧਿਐਨ ਕਰਦੇ ਹਾਂ ਤਾਂ ਇਸ ਪੱਖ ਤੋਂ ਇਸਦੇ ਪਹਿਲੇ ਕਾਂਡ ਦਾ ਵਿਸ਼ੇਸ਼ ਮਹੱਤਵ ਹੈ।

ਨਾਵਲ ਦੇ ਆਰੰਭ ਵਿਚ ਹੀ ਇਸ ਖੋਜ-ਬਿਰਤੀ ਵਾਲੇ ਬਿਰਤਾਂਤ ਦੀ ਮੂਲ ਸਮੱਸਿਆ, ਸਿਰਜਣਾ ਦਾ ਮਹੱਤਵ, ਉਦੇਸ਼, ਸਮਕਾਲੀ ਪਾਠਕ ਤੇ ਸਿਰਜਕ ਦੀ ਸਥਿਤੀ ਅਤੇ ਸਮੱਸਿਆ ਦਾ ਸੰਭਾਵੀ ਸਮਾਧਾਨ ਆਦਿ ਪੱਖਾਂ ਨੂੰ ਬਿਲਕੁਲ ਸਪੱਸ਼ਟ ਕਰ ਦਿੱਤਾ ਗਿਆ ਹੈ। ਇਹ ਸਾਰੇ ਪੱਖ 'ਮਹਾ ਬਿਰਤਾਂਤ', 'ਕਥਾ ਰਾਜਯੋਗੀ ਦੀ', 'ਸੱਚ ਦੀ ਕਥਾ' ਆਦਿ ਚਿਹਨਕਾਂ ਦੁਆਰਾ ਪ੍ਰਤੀਬਿੰਬਤ ਹੁੰਦੇ ਹਨ। ਭਰਥਰੀ ਦੀ ਜੀਵਨ ਕਥਾ ਨੂੰ ਇਹਨਾਂ ਮੈਟਾਫਰਾਂ ਦੇ ਆਧਾਰ 'ਤੇ ਸਿਰਜਣਾ ਇਹ ਸਪੱਸ਼ਟ ਕਰਦਾ ਹੈ ਕਿ ਕਥਾਨਕ ਦਾ ਮੰਤਵ ਨਿਰੋਲ ਭਰਥਰੀ ਦੇ ਜੀਵਨ ਦਾ ਵਰਣਨ ਨਹੀਂ ਹੈ ਬਲਕਿ ਭਰਥਰੀ ਦਾ ਜੀਵਨ ਵਿਵਰਣ ਕਥਾ ਸਿਰਜਣਾ ਦੇ ਉਦੇਸ਼ ਦੇ ਸੰਚਾਰ ਲਈ ਇਕ ਸੰਚਾਰ ਜੁਗਤ ਬਣ ਜਾਂਦਾ ਹੈ।

ਇਸਦੇ ਹਵਾਲੇ ਨਾਲ ਨਾਵਲਕਾਰ ਸਮਕਾਲੀ ਯੁੱਗ ਵਿਚ ਪਾਠਕ ਦੀ ਜਗਿਆਸਾ ਦੇ ਪਤਨ ਦੀ ਸਮੱਸਿਆ ਨੂੰ ਸਮਝਣ-ਸਮਝਾਉਣ ਦਾ ਯਤਨ ਕਰਦਾ ਹੈ। ਦੂਜੇ ਸ਼ਬਦਾ ਵਿਚ ਇਸ ਨਾਵਲ ਦਾ ਮੂਲ ਪ੍ਰਵਚਨ ਭਰਥਰੀ ਦੇ ਹਵਾਲੇ ਨਾਲ ਸ਼ਬਦ-ਸਾਧਨਾ ਦੇ ਮਹੱਤਵ ਤੇ ਸਾਰਥਕਤਾ ਨੂੰ ਸੰਚਾਰਨ ਦਾ ਯਤਨ ਹੈ। ਇਸੇ ਲਈ ਹੀ ਇਸ ਵਿਚਲੀ ਕਥਾ ਨੂੰ ਸੱਚੀ ਤੇ ਸੁੱਚੀ ਸ਼ਬਦ-ਸਾਧਨਾ ਦੀ ਕਥਾ ਕਿਹਾ ਗਿਆ ਹੈ। ਇਹ ਉਸ ਸੱਚ ਦੀ ਕਥਾ ਦੀ ਤਰਜਮਾਨੀ ਕਰਦੀ ਹੈ ਜਿਹੜੀ ਅਗਾਂਹ ਗੁਰੂ ਕਾਲ ਤੱਕ ਆਪਣੇ ਸਿਖਰ ਨੂੰ ਛੂੰਹਦੀ ਹੋਈ ਅਮਰ ਹੋ ਜਾਂਦੀ ਹੈ। ਇਸ ਕਥਾ ਦੇ ਮਹੱਤਵ ਨੂੰ ਨਾਵਲ ਵਿਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ, "ਇਹ ਕਥਾ ਜੋ ਸੱਚ ਸੀ ਅਤੇ ਰਹਿੰਦੀ ਦੁਨੀਆਂ ਤੱਕ ਰਹੇਗੀ ਸੱਚੀ...ਸੁੱਚੀ। ਰਹਿਣਾ ਇਸ ਸਦਾ ਹੀ ਸੱਚ...ਭੀ ਸੱਚ ਹੋਸੀ"।[5] ਇਸ ਪ੍ਰਸ਼ਨ ਦੇ ਹਵਾਲੇ ਨਾਲ ਨਾਵਲ ਸਿਰਜਣਾ ਦੇ ਮੰਤਵ ਦੀ ਗੱਲ ਕਰੀਏ ਤਾਂ ਸਿਰਜਕ ਨੂੰ ਇਸ ਪਰੰਪਰਾ ਦੀ ਪੁਨਰ ਸਿਰਜਣਾ ਕਰਨ ਦੀ ਲੋੜ ਕਿਉਂ ਪਈ? ਇਸਦਾ ਵੱਡਾ ਕਾਰਨ ਸਿਰਜਕ ਦੁਆਰਾ ਵਰਤਮਾਨ ਸਮੇਂ ਦੀਆਂ ਸਥਿਤੀਆਂ ਦੌਰਾਨ ਪਾਠਕ ਵਰਗ ਵਿਚ ਜਗਿਆਸੂ ਬਿਰਤੀ ਦਾ ਘੱਟਣਾ ਹੈ। ਜਿਸ ਦਾ ਪ੍ਰਗਟਾਵਾ ਇਸ ਨਾਵਲੀ-ਪਾਠ ਦੇ ਪਹਿਲੇ ਵਾਕ ਤੋਂ ਹੀ ਸਪੱਸ਼ਟ ਰੂਪ ਵਿਚ ਹੋ ਜਾਂਦਾ ਹੈ, "ਹੈ ਜੋ ਕੋਈ ਭਰੇ ਹੁੰਗਾਰਾ। ਹੈ ਤਾਂ ਫਿਰ ਕਥਾ ਸੁਣਾਵਾਂ"।[6] ਇਸ ਕਥਨ ਨਾਲ ਬਿਰਤਾਂਤਕਾਰ ਇਸ ਬਿਰਤਾਂਤ ਦਾ ਪਾਠਕ-ਘੇਰਾ ਪਹਿਲਾਂ ਹੀ ਨਿਸ਼ਚਿਤ ਕਰ ਦਿੰਦਾ ਹੈ। ਉਹ ਇਸ ਪੱਖ ਤੋਂ ਸੁਚੇਤ ਹੈ ਕਿ ਇਸ ਕਥਾ ਦਾ ਪਾਠਕ ਕੇਵਲ ਜਗਿਆਸੂ ਬਿਰਤੀ ਦਾ ਧਾਰਨੀ ਹੀ ਹੋ ਸਕਦਾ ਹੈ। ਇਸੇ ਲਈ ਉਹ ਇਹ ਚਿੰਤਾ ਵੀ ਵਿਅਕਤ ਕਰਦਾ ਹੈ ਕਿ ਪਾਠਕ ਵਰਗ ਵਿਚੋਂ ਜਗਿਆਸਾ ਘੱਟ ਰਹੀ ਹੈ ਉਹ ਚਿੰਤਾ ਵਿਅਕਤ ਹੀ ਨਹੀਂ ਕਰਦਾ, ਸਗੋਂ ਇਸਦੇ ਕਾਰਨ ਵੀ ਤਲਾਸ਼ਦਾ ਹੈ ਅਤੇ ਉਸਦੇ ਅਨੁਸਾਰ ਇਸ ਘੱਟ ਰਹੀ ਜਗਿਆਸਾ ਦੇ ਵੱਡੇ ਕਾਰਨ ਈਰਖਾ, ਘੁਮੰਡ ਤੇ ਅਗਿਆਨਤਾ ਹਨ।

ਇਸ ਪ੍ਰਕਰਣ ਵਿਚ ਬਿਰਤਾਂਤਕਾਰ ਦੀ ਮਨੋ-ਦਸ਼ਾ ਵੀ ਪ੍ਰਤਿਬਿੰਬਤ ਹੁੰਦੀ ਹੈ, ਜੋ ਇਸ ਨਾਵਲੀ ਸਿਰਜਣਾ ਦੀ ਮੂਲ ਸਮੱਸਿਆ ਮੰਨੀ ਜਾ ਸਕਦੀ ਹੈ। ਨਾਵਲਕਾਰ ਦਾ ਇਹ ਕਥਨ ਕਿ, "ਕਥਾਕਾਰ ਸਰਾਪੇ ਮਨਾਂ, ਦੱਬੀਆਂ ਭਾਵਨਾਵਾਂ ਦੀ ਕੁੱਠ ਝੱਲਦਾ। ਪ੍ਰਗਟਾਵੇ ਦੀ ਪੀੜਾ ਸਹਿੰਦਾ"[7],ਇਸ ਸਮੱਸਿਆ ਦੀ ਸਪੱਸ਼ਟ ਨਿਸ਼ਾਨਦੇਹੀ ਕਰਦਾ ਪ੍ਰਤੀਤ ਹੁੰਦਾ ਹੈ ਜਿਸ ਵਿਚੋਂ ਉਹ ਲੇਖਕ ਗੁਜ਼ਰਦਾ ਹੈ ਕਿਉਂਕਿ ਉਸ ਦੇ ਪਾਠਕ ਅੰਦਰ ਉਸਦੀ ਰਚਨਾ ਨੂੰ ਪੜ੍ਹਨ ਦੀ ਜਗਿਆਸਾ ਹੀ ਨਹੀਂ ਰਹਿੰਦੀ ਭਾਵ ਉਸਦਾ ਸੰਵਾਦ ਅਧੂਰਾ ਰਹਿੰਦਾ ਹੈ। ਸਿਰਜਣਾ ਸੰਵਾਦਕੀ ਹੋਣ ਦੇ ਬਾਵਜੂਦ ਵੀ ਪਾਠਕ ਨਾਲ ਸੰਵਾਦ ਨਹੀਂ ਸਿਰਜ ਸਕਦੀ। ਇਥੇ ਸਥਿਤੀ ਇਹ ਪ੍ਰਗਟ ਹੁੰਦੀ ਹੈ ਕਿ ਸਿਰਜਕ ਨੂੰ ਸਿਰਜਣਾ ਦੇ ਪੱਧਰ ਦਾ ਪਾਠਕ ਵਰਗ ਨਾ ਮਿਲਣ ਕਾਰਨ ਉਸਦਾ ਸੰਚਾਰ ਅਧੂਰਾ ਰਹਿੰਦਾ ਹੈ। ਜਦੋਂ ਬੌਧਿਕ ਵਰਗ ਈਰਖਾ ਗ੍ਰਸਤ ਹੋ ਜਾਵੇ, ਸੱਤਾਧਾਰੀ ਵਰਗ ਘਮੰਡੀ ਬਣ ਜਾਵੇ ਤਾਂ ਸਧਾਰਨ ਮਨੁੱਖ ਅਗਿਆਨਤਾ ਵੱਸ ਜਗਿਆਸਾ-ਹੀਣ ਹੀ ਹੋਵੇਗਾ। ਇਹ ਅਜਿਹੀ ਸਥਿਤੀ ਦਾ ਚਿਤਰਨ ਹੈ, ਜਿਥੇ ਜਗਿਆਸਾ ਜਾਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਨਾਵਲ ਦਾ ਕੇਂਦਰੀ ਪਾਤਰ ਭਰਥਰੀ ਉਪਰੋਕਤ ਵਰਣਿਤ ਤਿੰਨੇ ਤਰ੍ਹਾਂ ਹੀ ਪ੍ਰਕਿਰਤੀ (ਬੁੱਧੀਜੀਵੀ, ਸੱਤਾਧਾਰੀ ਅਤੇ ਸਧਾਰਨ ਮਨੁੱਖ)ਨੂੰ ਪ੍ਰਤੀਬਿੰਬਤ ਕਰਦਾ ਹੈ। ਉਹ ਬਦਲਦੇ ਸਮੇਂ ਤੇ ਸਥਿਤੀਆਂ ਦੇ

ਅਨੁਸਾਰ ਉਹ ਇਹਨਾਂ ਤਿੰਨਾਂ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਜੀਵਨ ਸੰਘਰਸ਼ ਦੌਰਾਨ ਅੰਤ ਸ਼ਬਦ-ਸਾਧਨਾ ਦੁਆਰਾ ਸੱਚ ਦੀ ਪ੍ਰਾਪਤੀ ਕਰਦਾ ਹੈ। ਇਸ ਲਈ ਨਾਵਲਕਾਰ ਇਥੇ ਭਰਥਰੀ ਦੀ ਕਥਾ ਨੂੰ ਇਕ ਮਾਡਲ ਵਜੋਂ ਲੈਂਦਾ ਹੈ, ਜਿਸ ਦੁਆਰਾ ਉਹ ਸਮਕਾਲੀ ਸਮਾਜ ਵਿਚੋਂ ਵਿਸਰ ਚੁਕੀ ਵਿਰਾਸਤੀ ਪਰੰਪਰਾ ਦੇ ਪ੍ਰਵਚਨ ਨੂੰ ਸਿਰਜਦਾ ਹੋਇਆ ਵਰਤਮਾਨ ਸਮੇਂ ਇਸਦੇ ਮਹੱਤਵ ਨੂੰ ਦਰਸਾਉਂਦਾ ਹੈ:"ਜਗਤ ਐਸੇ ਵਿਚਿੱਤਰ ਪ੍ਰਾਣੀਆਂ ਨਾਲ ਭਰਿਆ ਪਿਆ ਜੋ ਸਦਾ ਰਹਿੰਦੇ ਵਿਅਸਤ ਅਜਬ ਅਜਬ ਕਾਰ ਵਿਹਾਰ ਚ। ਸ਼ਾਇਦ ਜਾਣਦੇ ਕਿ ਮਨੁੱਖ ਉਹ ਹੈ ਨਹੀਂ, ਜੋ ਉਹ ਹੋਣਾ ਚਾਹੁੰਦਾ। ਜਿਸ ਤਰ੍ਹਾਂ ਦਾ ਉਸਨੂੰ ਹੋਣਾ ਚਾਹੀਦਾ। ਕੁਝ ਮਨੁੱਖ ਹੁੰਦੇ ਨੇ ਜਿਨ੍ਹਾਂ ਦੀ ਸੱਚ ਨੂੰ ਜਾਣਨ ਦੀ ਅਕਾਂਖਿਆ ਹੁੰਦੀ ਬੜੀ ਪ੍ਰਬਲ। ਸੱਚ ਦੀ ਜਗਿਆਸਾ ਚ ਕਰ ਲੈਣ ਆਪ ਨੂੰ ਵਿਲੀਨ। ਅਜਿਹਾ ਹੀ ਮਨੁੱਖ ਮੇਰੀ ਕਥਾ ਦਾ ਨਾਇਕ"।[8] ਇਸ ਤਰ੍ਹਾਂ ਸੱਚ ਦੀ ਜਗਿਆਸਾ ਮਨੁੱਖੀ ਜੀਵਨ ਦਾ ਪ੍ਰਮੁੱਖ ਮੰਤਵ ਹੈ ਅਤੇ ਜਿਹੜਾ ਮਨੁੱਖ ਇਸ ਜੀਵਨ-ਮੰਤਵ ਨੂੰ ਜਾਣ ਲੈਂਦਾ ਹੈ ਉਹ ਆਪਣਾ ਜੀਵਨ ਇਸ ਪ੍ਰਤੀ ਸਮਰਪਿਤ ਕਰ ਦਿੰਦਾ ਹੈ। ਸੱਚ ਦੀ ਜਗਿਆਸਾ ਰੱਖਣ ਵਾਲਾ 'ਭਰਥਰੀ' ਸ਼ਬਦ-ਸਾਧਨਾ ਦੇ ਮਾਰਗ ਰਾਹੀਂ ਇਸ ਦੀ ਪ੍ਰਾਪਤੀ ਕਰਦਾ ਹੈ। ਉਸਦਾ ਇਹ ਗਿਆਨ ਮਾਰਗ ਨੀਤੀ ਸ਼ਤਕ, ਸ਼ਿੰਗਾਰ ਸ਼ਤਕ ਤੇ ਵੈਰਾਗ ਸ਼ਤਕ ਰਾਹੀਂ ਸਿਰਜਣਾਤਮਕ ਸਰੂਪ ਗ੍ਰਹਿਣ ਕਰਦਾ ਹੈ, ਜਿਸ ਨੂੰ ਨਾਵਲਕਾਰ ਨੇ ਆਪਣੀ ਸੂਝ ਦੁਆਰਾ ਰੇਖਾਂਕਿਤ ਕਰਦੇ ਹੋਏ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਇਹ ਇਸ ਪਾਠ ਦੀ ਪਾਰ-ਪਾਠਾਤਮਕਤਾ ਰਾਹੀਂ ਪ੍ਰਗਟ ਹੁੰਦਾ ਹੈ।

ਇਥੇ ਨਾਵਲਕਾਰ ਭਰਥਰੀ ਨੂੰ ਉਸ ਦੀਆਂ ਰਚਨਾਵਾਂ ਦੇ ਪ੍ਰਿਜ਼ਮ ਰਾਹੀਂ ਦੇਖਦਾ ਹੈ। ਇਸ ਆਧਾਰ 'ਤੇ ਮਨੁੱਖੀ ਮਨ ਅਤੇ ਜੀਵਨ ਦੇ ਤਿੰਨ ਪੱਖ ਨੈਤਿਕਤਾ, ਸ਼ਿੰਗਾਰ ਤੇ ਵੈਰਾਗ ਰੂਪਮਾਨ ਹੁੰਦੇ ਹਨ ਜਿੰਨ੍ਹਾਂ ਵਿਚੋਂ ਜੀਵਨ ਗੁਜ਼ਰਦਾ ਹੈ। ਇਨ੍ਹਾਂ ਵਿਚੋਂ ਨੈਤਿਕਤਾ ਦਾ ਸੰਬੰਧ ਵਿਚਾਰ-ਜਗਤ ਨਾਲ ਹੁੰਦਾ ਹੈ, ਸ਼ਿੰਗਾਰ ਦਾ ਸੰਬੰਧ ਸਿਰਜਣਾ ਨਾਲ ਅਤੇ ਵੈਰਾਗ ਦਾ ਸੰਬੰਧ ਮੁਕਤੀ ਨਾਲ। ਇਹ ਉਹ ਮੁਕਤੀ ਵੱਲ ਇਸ਼ਾਰਾ ਹੈ ਜੋ ਜੀਵਨ ਦੇ ਵਿਹਾਰਕ ਧਰਾਤਲ ਨਾਲ ਜੁੜੀ ਹੋਈ ਹੈ। ਇਸ ਤਰ੍ਹਾਂ ਇਥੇ ਵਿਚਾਰ, ਸਿਰਜਣਾ ਤੇ ਵਿਹਾਰ ਤਿੰਨੇ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਮਨੁੱਖੀ ਚੇਤਨਾ ਇਹਨਾਂ ਵਿਚਕਾਰ ਹੀ ਸਫ਼ਰ ਕਰਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਇਹ ਸ਼ਬਦ ਸਾਧਨਾ ਦੇ ਤਿੰਨ ਪੱਧਰ ਜਾਂ ਪਾਸਾਰ ਹਨ। ਪਹਿਲਾਂ ਵਿਚਾਰ ਦੀ ਸਿਰਜਣਾ ਹੁੰਦੀ ਹੈ; ਫਿਰ ਵਿਚਾਰ ਸਮੂਰਤ ਰੂਪ ਵਿਚ ਸਿਰਜਣਾ ਦਾ ਰੂਪ ਧਾਰਨ ਕਰਦਾ ਹੈ ਅਤੇ ਅਖੀਰ ਵਿਚ ਸਿਰਜਣਾ ਵਿਹਾਰ ਦਾ ਅੰਗ ਬਣ ਜਾਂਦੀ ਹੈ। ਇਨ੍ਹਾਂ ਨੂੰ ਜੇਕਰ ਮਨੁੱਖੀ ਜੀਵਨ ਦੇ ਸਮਾਨਾਂਤਰਨ ਰੱਖ ਕੇ ਦੇਖਿਆ ਜਾਵੇ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਮਨੁੱਖੀ ਜੀਵਨ ਵੀ ਤਿੰਨ ਵਿਕਾਸ ਪੜਾਵਾਂ ਜਿਵੇਂ ਬਾਲਪਨ, ਜਵਾਨੀ ਤੇ ਬੁਢਾਪਾ ਵਿਚ ਪ੍ਰਵਾਨ ਚੜ੍ਹਦਾ ਹੈ। ਜੀਵਨ ਦੇ ਤਿੰਨ ਪੜਾਅ ਮਨੋ-ਅਵਸਥਾ ਦੇ ਤਿੰਨ ਪੜਾਵਾਂ ਨੈਤਿਕਤਾ, ਸ਼ਿੰਗਾਰ ਤੇ ਵੈਰਾਗ ਨਾਲ ਸੰਬੰਧਤ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਜੀਵਨ ਤੇ ਮਨ ਨਿਰੰਤਰ ਧਾਰਾ ਵਿਚ ਵਹਿੰਦੇ ਹਨ ਪਰੰਤੂ ਇਹਨਾਂ ਦਾ ਆਪਸ ਵਿਚ ਸਮਤੋਲ ਨਹੀਂ ਬਣਦਾ। ਕਿਉਂਕਿ, ਮਨੁੱਖੀ ਚੇਤਨਾ ਜਦੋਂ ਜੀਵਨ ਵਿਚ ਉਲਝ ਜਾਂਦੀ ਹੈ ਤੇ ਮਨ ਦਾ ਵਹਾਅ ਰੁਕ ਜਾਂਦਾ ਹੈ। ਇਸ ਤਰ੍ਹਾਂ ਜੀਵਨ ਤੇ ਮਨ ਦੇ ਸੰਤੁਲਿਤ ਰੂਪ ਵਿਚ

ਨਿਰੰਤਰ ਵਹਾਅ ਨੂੰ ਸਥਾਪਿਤ ਕਰਨ ਲਈ ਸ਼ਬਦ-ਸਾਧਨਾ ਦਾ ਵਿਸ਼ੇਸ਼ ਮਹੱਤਵ ਹੈ। ਭਰਥਰੀ ਦੇ ਦਾਰਸ਼ਨਿਕ ਚਿੰਤਨ ਵਿਚ ਜੀਵਨ ਦੇ ਤਿੰਨ ਪੱਖਾਂ ਨੈਤਿਕਤਾ, ਸ਼ਿੰਗਾਰ ਤੇ ਵੈਰਾਗ ਵਿਚੋਂ ਵੈਰਾਗ ਸਭ ਤੋਂ ਮਹੱਤਵਪੂਰਨ ਹੈ ਪਰੰਤੂ ਉਸ ਦੇ ਵੈਰਾਗ ਵਿਚੋਂ ਨੈਤਿਕਤਾ ਤੇ ਸ਼ਿੰਗਾਰ ਮਨਫੀ ਨਹੀਂ ਹੈ ਬਲਕਿ ਇਸੇ ਵਿਚ ਸ਼ਾਮਿਲ ਹਨ। ਉਹ ਸੁੰਦਰਤਾ ਨੂੰ ਤਿਆਗ ਕੇ ਮੁਕਤ ਨਹੀਂ ਹੋ ਸਕਿਆ ਸਗੋਂ ਆਪਣੀ ਭੋਗੀ ਬਿਰਤੀ ਨੂੰ ਤਿਆਗ ਕੇ ਮੁਕਤ ਹੁੰਦਾ ਹੈ।

ਜੀਵਨ ਤੇ ਮਨ ਬੇਸ਼ੱਕ ਨਿਰੰਤਰਤਾ ਵਿਚ ਵਿਗਸਦੇ ਰਹਿੰਦੇ ਹਨ ਪਰੰਤੂ ਇਹਨਾਂ ਪਿੱਛੇ ਇਕ ਅਤਿਅੰਤ ਸ਼ਕਤੀਸ਼ਾਲੀ ਸੱਤਾ ਕਾਰਜ ਕਰਦੀ ਹੈ। ਇਸ ਸੱਤਾ 'ਕਾਲ' ਵਜੋਂ ਕ੍ਰਿਆਸ਼ੀਲ ਹੈ । ਇਹ ਕਾਲ ਹੀ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਚਲਾਉਣ ਵਾਲਾ ਹੈ ਅਤੇ ਇਸੇ ਲਈ ਨਾਵਲਕਾਰ ਇਸ ਨੂੰ ਸਭ ਤੋਂ ਵੱਡਾ ਕਰਮੀ ਆਖਦਾ ਹੈ। ਉਸਦੇ ਅਨੁਸਾਰ, "ਕਾਲ, ਜਾਂ ਮੌਤ...? ਇਹੀ ਸ਼ਕਤੀ ਜਿਸ ਮੂਹਰੇ ਵੱਡੇ ਮਹਾਨ ਯੋਧਾ ਵੀ ਨਹੀਂ ਟਿਕੇ। ਕਾਲ ਵੱਡਾ ਕਰਮੀ ਸਭ ਤੋਂ। ਰਾਤ ਦਿਨ ਇਸਦੇ ਦੋ ਪਾਸੇ। ਉਹ ਸੁੱਟਦਾ ਜਾਵੇ ਸਾਨੂੰ ਵਾਂਗ ਗੋਟੀਆਂ ਚੌਸਰ ਦੀਆਂ..."।[9] 'ਕਾਲ' ਜੀਵਨ ਦੇ ਅੰਤਰਗਤ ਤਿੰਨਾਂ ਅਵਸਥਾਵਾਂ ਨੂੰ ਪਾਰ ਕਰਕੇ ਸਹਿਜ-ਆਨੰਦ ਦੀ ਪ੍ਰਾਪਤੀ ਲਈ ਮਿਲਿਆ ਹੋਇਆ ਅਜਿਹਾ ਅਵਸਰ ਹੈ। ਜਿਸ ਨੂੰ ਮਾਨਵੀ ਚੇਤਨਾ ਕੇਵਲ ਸ਼ਬਦ-ਸਾਧਨਾ ਦੁਆਰਾ ਪਾਰ ਕਰ ਸਕਦੀ ਹੈ। 'ਸ਼ਬਦ' ਹੀ ਹੈ ਜੋ ਚੇਤਨਾ ਨੂੰ ਵਿਚਾਰ(ਚਿੰਤਨ) ਤੋਂ ਅਧਿਆਤਮ(ਚੇਤੰਨਤਾ) ਤੱਕ ਲੈ ਕੇ ਜਾ ਸਕਦਾ ਹੈ। ਇਸ ਲਈ ਸ਼ਬਦ-ਸਿਧੀ ਅਰਥਾਤ ਸ਼ਬਦ-ਸਾਧਨਾ ਹੀ ਮਨੁੱਖ ਜੀਵਨ ਦਾ ਉਹ ਵਿਸ਼ੇਸ਼ ਮਨੋਰਥ ਹੈ, ਜਿਸ ਨੂੰ ਨਾਵਲ ਦਾ ਮੁਖ ਪਾਤਰ ਭਰਥਰੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ। ਇਸੇ ਲਈ ਹੀ ਸਿਰਜਕ ਕਥਾ ਵਿਚ ਭਰਥਰੀ ਨੂੰ ਇਸ ਸੰਦਰਭ ਵਿਚ ਪ੍ਰਸਤੁਤ ਕਰਦੇ ਹੋਏ ਲਿਖਦਾ ਹੈ, "ਮੇਰੇ ਨਾਇਕ ਬਾਰੇ ਇਹ ਗੱਲ ਬਿਲਕੁਲ ਸਪੱਸ਼ਟ ਤੇ ਸਾਫ। ਉਸ ਸਿਖ ਲਿਐ ਅਧਿਆਤਮ ਤੇ ਭੌਤਿਕ ਭਾਵਾਂ ਨਾਲ ਲੜਨਾ ਜਾਂ ਮਰਨਾ। ਉਹ ਰਾਜਾ ਏ ਜਾਂ ਯੋਗੀ। ਇਸਦਾ ਨਹੀਂ ਕੋਈ ਵਿਸ਼ੇਸ਼ ਮਹੱਤਵ। ਜੇ ਕੁਝ ਮਹੱਤਵਪੂਰਨ ਹੈ ਤਾਂ ਉਹ ਹੈ ਸ਼ਬਦ। ਸ਼ਬਦ ਸਾਧਨਾ। ਸ਼ਬਦ ਬਾਣੀ"।[10] ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਚੇਤ ਜਾਂ ਸੁਚੇਤ ਰੂਪ ਵਿਚ ਨਾਵਲਕਾਰ ਭਰਥਰੀ ਦੇ ਜੀਵਨ ਤੇ ਸ਼ਖਸ਼ੀਅਤ ਨੂੰ ਗੌਣ ਰੱਖਦਾ ਹੈ ਅਤੇ ਉਸਦੀ ਸ਼ਬਦ ਸਾਧਨਾ ਨੂੰ ਪ੍ਰਾਥਮਿਕਤਾ ਦਿੰਦਾ ਹੈ। ਇਹ ਸ਼ਬਦ ਸਾਧਨਾ ਇਸ ਨਾਵਲ ਵਿਚ ਇਕ ਜੀਵਨ ਮਾਰਗ ਦੇ ਰੂਪ ਵਿਚ ਚਿਹਨਤ ਹੁੰਦੀ ਹੈ। ਜਦੋਂ ਅਸੀ ਨਾਵਲਕਾਰ ਦੇ ਦੋਵੇਂ ਨਾਵਲੀ-ਪਾਠਾਂ (ਨਿਰਵਾਣ ਅਤੇ ਸਹਜ ਗੁਫਾ ਮਹਿ ਆਸਣੁ) ਨੂੰ ਅੰਤਰਸੰਬੰਧਿਤ ਕਰਕੇ ਵੇਖਦੇ ਹਾਂ ਤਾਂ ਉਹ ਆਪਣੇ ਪਹਿਲੇ ਨਾਵਲ ਨਿਰਵਾਣ ਵਿਚ ਬੋਧ ਦਰਸ਼ਨ ਦੇ ਪਰਿਪੇਖ ਵਿਚ ਮੁਕਤੀ ਮਾਰਗ ਉਪਰ ਚਿੰਤਨ ਕਰਦਾ ਦਿਖਾਈ ਦਿੰਦਾ ਹੈ, ਜਦਕਿ ਸਹਿਜ ਗੁਫਾ ਮਹਿ ਆਸਣੁ ਵਿਚ ਇਸ ਚਿੰਤਨ ਅੰਦਰੋਂ 'ਚੇਤੰਨਤਾ' ਵਿਗਾਸ ਹੁੰਦਾ ਹੈ। ਇਸ ਤਰ੍ਹਾਂ ਉਹ ਸ਼ਬਦ-ਸਾਧਨਾ ਦੁਆਰਾ ਜੀਵੰਤ ਮੁਕਤੀ ਦੀ ਤਲਾਸ਼ ਤੱਕ ਪਹੁੰਚਦਾ ਹੈ। ਇਸ ਮੁਕਤੀ ਮਾਰਗ ਦੀ ਪੱਥ-ਪ੍ਰਦਰਸ਼ਕ ਭਗਤੀ ਪਰੰਪਰਾ ਵੀ ਬਣਦੀ ਹੈ ਅਤੇ ਇਸੇ ਸਿਧਾਂਤਕ ਆਧਾਰ ਨੂੰ ਗੁਰਮਤਿ ਪਰੰਪਰਾ ਜੀਵਨ ਮੁਕਤੀ ਦੁਆਰਾ ਸਿਖਰ ਪ੍ਰਦਾਨ ਕਰਦੀ ਹੈ। ਇਸ ਨਾਵਲੀ-ਪਾਠ ਦਾ ਸਿਰਲੇਖ ਸਹਿਜ ਗੁਫਾ ਮਹਿ ਆਸਣੁ ਵੀ ਇਕ ਸੰਕੇਤਕ

ਇਸ਼ਾਰਾ ਹੈ ਜੋ ਗੁਰਮਤਿ ਦੇ ਮੂਲ ਸੰਕਲਪ 'ਸ਼ਬਦ' ਦਾ ਪਿਛੋਕੜ ਛੇਵੀ-ਸੱਤਵੀ ਸਦੀ ਵਿਚ ਹੀ ਸਿੱਧ ਨਾਥ ਪਰੰਪਰਾ ਦਾ ਸਾਧਨਾ ਮਾਰਗ ਤੇ ਭਾਰਤੀ ਪਰੰਪਰਾ ਦਾ ਗਿਆਨ ਮਾਰਗ ਦੇ ਸੰਵਾਦਕੀ ਆਦਾਨ-ਪ੍ਰਦਾਨ ਦੁਆਰਾ ਬੀਜ ਰੂਪ ਵਿਚ ਆਪਣੀ ਹੋਂਦ ਲਈ ਆਧਾਰ ਸਿਰਜ ਰਿਹਾ ਸੀ।

ਇਸ ਪਾਠ ਦਾ ਕੇਂਦਰੀ ਧੁਰਾ ਅਮਰਫਲ ਦਾ ਮੈਟਾਫਰ ਹੈ ਜਿਸ ਦੇ ਆਲੇ-ਦੁਆਲੇ ਇਸ ਪਾਠ ਦੇ ਸਮੱਚੇ ਬਿਰਤਾਂਤ, ਚਿਹਨਾਤਮਕਤਾ ਅਤੇ ਪਾਠਾਤਮਕਤਾ ਦਾ ਤਾਣਾ-ਬਾਣਾ ਉਸਰਦਾ ਹੈ। ਇਥੇ 'ਅਮਰਫਲ' ਨੂੰ 'ਸਹਿਜ ਗੁਫਾ ਮਹਿ ਆਸਣੁ' ਨਾਲ ਦੁਵੱਲੇ ਜੁੱਟ (Binary-opposition) ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਸਾਧਨਾ ਕਈ ਪ੍ਰਕਾਰ ਦੀ ਹੋ ਸਕਦੀ ਹੈ ਅਤੇ ਇਸਦਾ ਦਾ ਫਲ ਸਾਧਨਾ ਦੇ ਮੰਤਵ ਉਪਰ ਨਿਰਭਰ ਕਰਦਾ ਹੈ। ਇਹ ਇੱਛਾ ਪੂਰਤੀ, ਖੁਸ਼ਹਾਲੀ ਮੁਕਤੀ, ਆਦਿ ਕਿਸੇ ਵੀ ਮੰਤਵ ਦੀ ਸਿਧੀ ਲਈ ਕੀਤੀ ਜਾ ਸਕਦੀ ਹੈ। ਪਰੰਤੂਸ਼ਬਦ ਸਾਧਨਾ ਸਹਿਜ ਆਤਮਿਕ ਅਡੋਲਤਾ ਦੀ ਸਥਿਤੀ ਵਿਚ ਆਨੰਦਮਈ ਜੀਵਨ ਜੀਣ ਦਾ ਮਾਰਗ ਹੈ। ਜਿਸ ਦਾ ਫਲ ਅਡੋਲ ਆਤਮਿਕ ਅਵਸਥਾ ਹੈ। ਇਸ ਦੀ ਪ੍ਰਾਪਤੀ ਤੋਂ ਮਗਰੋਂ ਕਿਸੇ ਵੀ ਹੋਰ ਇੱਛਾ ਦਾ ਕੋਈ ਵਜੂਦ ਬਾਕੀ ਨਹੀਂ ਰਹਿੰਦਾ। ਦੂਜੇ ਪਾਸੇ 'ਅਮਰਫਲ' ਦੇਵਤਿਆਂ ਦੁਆਰਾ ਸ਼ਿਵ ਭਗਤ ਸੋਮਨਾਥ ਨੂੰ ਦਿੱਤਾ ਗਿਆ ਉਹ ਵਰਦਾਨ ਹੈ ਜਿਸ ਦੀ ਉਸ ਨੂੰ ਇੱਛਾ ਹੀ ਨਹੀਂ ਰਹਿੰਦੀ। ਇਹ ਫਲ ਅਮਰਤਾ ਤੇ ਭੋਗਮਈ ਜੀਵਨ ਦਾ ਫਲ ਹੈ, ਜਿਸ ਦੀ ਕਾਮਨਾ ਹਰ ਮਨੁੱਖ ਕਰਦਾ ਤਾਂ ਹੈ ਪਰ ਇਸ ਨੂੰ ਗ੍ਰਹਿਣ ਨਹੀਂ ਕਰ ਸਕਦਾ ਕਿਉਂਕਿ ਇਹ ਮਨੁੱਖ ਦੀ ਅਚੇਤ ਤੇ ਸੁਚੇਤ ਮਨ ਦੀ ਵਿਰੋਧੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ। ਇਹ ਸਹਿਜ ਦੇ ਉਲਟ ਪ੍ਰਕਿਰਤੀ ਦਾ ਧਾਰਨੀ ਹੈ ਕਿਉਂਕਿ ਇਹ ਭੌਤਿਕ ਸੁਖ-ਸੁਵਿਧਾਵਾਂ ਤਾਂ ਪ੍ਰਦਾਨ ਕਰ ਸਕਦਾ ਹੈ ਪਰੰਤੂ ਆਤਮਿਕ ਆਨੰਦ ਦਾ ਅਨੁਭਵ ਨਹੀਂ ਦੇ ਸਕਦਾ।

ਇਨ੍ਹਾਂ ਅੰਤਰ-ਵਿਰੋਧੀ ਪ੍ਰਵਿਰਤੀਆਂ ਤੋਂ ਮਨੁੱਖੀ ਚੇਤਨਾ ਦਾ ਦਵੰਦ ਵੀ ਸਮਝ ਆਉਂਦਾ ਹੈ। ਜਿਸ ਚੇਤਨ ਰੂਪ ਵਿਚ ਮਨੁੱਖ ਪਦਾਰਥਕ ਭੋਗਾਂ ਦੀ ਕਾਮਨਾ ਕਰਦਾ ਹੈ ਅਚੇਤਨ ਪੱਧਰ 'ਤੇ ਉਹ ਇਨ੍ਹਾਂ ਤੋਂ ਦੁਖੀ ਹੀ ਮਹਿਸੂਸ ਕਰਦਾ ਹੈ ਇਸ ਤਰ੍ਹਾਂ ਉਸ ਦੀ ਅਸਲ ਬੁਨਿਆਦੀ ਲੋੜ ਆਪਣੀ ਹੀ ਚੇਤਨਾ ਨੂੰ ਭੌਤਿਕਤਾ ਦੇ ਪ੍ਰਭਾਵ ਤੋਂ ਮੁਕਤ ਕਰਨਾ ਹੈ। ਦੇਖਿਆ ਜਾਵੇ ਤਾਂ 'ਅਮਰਫਲ' ਅਸਲ ਵਿਚ ਖੁਸ਼ਹਾਲ ਜੀਵਨ ਜਿਉਣ ਦੀ ਮਨੁੱਖ ਦੀ ਆਦਰਸ਼ਕ ਕਾਮਨਾ ਵਾਲੀ ਮਨੋ-ਸਥਿਤੀ ਹੈ, ਜਿਹੜੀ ਜਿਥੇ ਉਸ ਨੂੰ ਸਦਾ ਜਿਉਂਦੇ ਰਹਿਣ ਦੀ ਲਾਲਸਾ ਦਾ ਪ੍ਰਗਟਾਵਾ ਕਰਦੀ ਹੈ ਉਥੇ ਜੀਵਨ ਦੌਰਾਨ ਪਦਾਰਥਕ ਭਰਪੂਰਤਾ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਨੂੰ ਸੇਵਨ ਕਰਨ ਵਾਲਾ ਮਨੁੱਖ ਮੌਤ ਤੋਂ ਮੁਕਤ ਹੋ ਕੇ ਪਦਾਰਥ ਨੂੰ ਭਰਪੂਰਤਾ ਨਾਲ ਭੋਗਦਾ ਹੋਇਆ ਸੁੱਖ ਪ੍ਰਾਪਤ ਕਰਦਾ ਹੈ। ਇਹ ਅਸਲ ਵਿਚ ਉਸ ਮੁਕਤੀ ਦਾ ਸੂਚਕ ਹੈ ਜਿਹੜੀ ਪਦਾਰਥਕ ਮੋਹ ਵਿਚ ਜਕੜੀ ਹੋਈ ਮਨੁੱਖੀ ਚੇਤਨਾ ਪ੍ਰਾਪਤ ਕਰਨ ਦੀ ਕਾਮਨਾ ਕਰਦੀ ਹੈ। ਇਹ ਭਰਮਮੂਲਕਤਾ ਹੀ ਦੁਬਿਧਾ ਪੈਦਾ ਕਰਦੀ ਹੈ। ਅਜਿਹੀ ਚੇਤਨਾ ਜੀਵਨ ਨੂੰ ਸੁਖਦਾਈ ਅਤੇ ਮੌਤ ਨੂੰ ਦੁਖਦਾਈ ਮੰਨਦੀ ਹੈ। ਸਤਹੀ ਪੱਧਰ ਤੇ ਦੇਖਿਆ ਜਾਵੇ ਤਾਂ ਅਮਰਫਲ ਮਨੁੱਖ ਨੂੰ ਮੁਕਤੀ ਦਾ ਸਾਧਨ ਜਾਪਦਾ ਹੈ, ਪਰੰਤੂ ਦੂਜੇ ਪਰਿਪੇਖ ਤੋਂ ਅਚੇਤ ਪੱਧਰ 'ਤੇ ਮਨੁੱਖੀ ਚੇਤਨਾ ਪਦਾਰਥਕ ਸੁਖ ਤੋਂ

ਅਕੇਵਾਂ ਅਨੁਭਵ ਕਰਦੀ ਹੈ। ਇਹੀ ਕਾਰਨ ਹੀ ਹੈ ਕਿ ਇਸ ਅਮਰਫਲ ਨੂੰ ਜਿਹੜਾ ਵੀ ਗ੍ਰਹਿਣ ਕਰਨ ਬਾਰੇ ਸੋਚਦਾ ਹੈ, ਉਹ ਦੁਬਿਧਾਗ੍ਰਸਤ ਹੋ ਜਾਂਦਾ ਹੈ। ਇਸ ਦੁਬਿਧਾ ਦਾ ਪੈਦਾ ਹੋਣਾ ਮਨੁੱਖ ਦੀ ਸੁਚੇਤ ਤੇ ਅਚੇਤ ਇੱਛਾ ਵਿਚਲਾ ਤਨਾਉ ਹੈ। ਚੇਤਨ-ਇੱਛਾ ਜੀਵਨ ਸੁਖ ਦੀ ਪ੍ਰਾਪਤੀ ਲਈ ਅਮਰਫਲ ਗ੍ਰਹਿਣ ਕਰਨਾ ਚਾਹੁੰਦੀ ਹੈ ਜਦਕਿ ਅਚੇਤ ਇੱਛਾ ਪਦਾਰਥਕ ਸੁਖ ਨੂੰ ਸਦੀਵੀ ਰੂਪ ਵਿਚ ਨਹੀਂ ਭੋਗਣਾ ਚਾਹੁੰਦੀ। ਇਥੇ ਇਕ ਹੋਰ ਗੁੱਥੀ ਉਲਝੀ ਹੋਈ ਹੈ ਉਹ ਇਹ ਕਿ ਇਹ ਅਮਰਫਲ ਮਨੁੱਖ ਖੁਦ ਤਾਂ ਨਹੀਂ ਗ੍ਰਹਿਣ ਕਰਦਾ ਪਰ ਅਗਾਂਹ ਉਸਨੂੰ ਦੇ ਦਿੰਦਾ ਹੈ ਜਿਸ ਨਾਲ ਉਸਦੀ ਮੋਹ ਰੂਪੀ ਪੀਢੀ ਭਾਵਨਾਤਮਕ ਸਾਂਝ ਹੈ। ਇਹ ਵੀ ਕਿਹੋ ਜਿਹੀ ਦਵੰਦਮਈ ਸਥਿਤੀ ਹੈ ਕਿ ਮਨੁੱਖ ਉਹਨਾਂ ਵਸਤਾਂ ਨੂੰ ਤਾਂ ਅਮਰ ਰੱਖਣਾ ਚਾਹੁੰਦਾ ਹੈ ਜੋ ਉਸਦੇ ਸੰਸਾਰਕ ਜੀਵਨ ਦਾ ਆਧਾਰ ਹਨ ਪਰੰਤੂ ਵਿਡੰਬਨਾ ਇਹ ਹੈ ਕਿ ਉਹ ਇਹਨਾਂ ਨੂੰ ਸਦੀਵੀ ਰੂਪ ਵਿਚ ਭੋਗਣਾ ਵੀ ਨਹੀਂ ਚਾਹੁੰਦਾ।

ਇਥੇ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਤੇ ਜੀਵਨ ਦਾ ਅਸਲ ਆਧਾਰ ਉਹ ਨਹੀਂ ਜੋ ਉਸ ਨੂੰ ਲੱਗਦਾ ਹੈ ਬਲਕਿ ਕੁਝ ਅਜਿਹਾ ਹੈ ਜੋ ਉਸਨੂੰ ਸਦੀਵੀ ਸੰਤੁਸ਼ਟੀ ਪ੍ਰਦਾਨ ਕਰ ਸਕਦਾ ਹੈ। ਇਸੇ ਕਰਕੇ ਇਸ ਨਾਵਲ ਵਿਚਲੇ ਪਾਤਰ ਇਕ ਸਧਾਰਨ ਸੰਸਾਰੀ ਮਨੁੱਖ ਦੀ ਤਰ੍ਹਾਂ ਅਸਪੱਸ਼ਟ ਮੁਦਰਾ ਵਿਚ ਕਾਰਜ ਕਰਦੇ ਹਨ। ਉਹ ਕਰ ਕੁਝ ਹੋਰ ਰਹੇ ਹਨ, ਕਹਿ ਕੁਝ ਹੋਰ ਰਹੇ ਹਨ, ਸੋਚ ਕੁਝ ਹੋਰ ਰਹੇ ਹਨ। ਇਹ ਮਨੁੱਖੀ ਜੀਵਨ ਦੀ ਅਸੰਤੁਲਿਤ ਪ੍ਰਕਿਰਤੀ ਨੂੰ ਰੂਪਮਾਨ ਕਰਦਾ ਹੈ। ਮਨੁੱਖ ਦੇ ਸਿਧਾਂਤ, ਵਿਹਾਰ ਤੇ ਵਿਵਹਾਰ ਵਿਚਲਾ ਤਾਲਮੇਲ ਟੁੱਟ ਚੁੱਕਾ ਹੈ। ਇਸ ਸੰਬੰਧੀ ਪਿੰਗਲਾ ਦੀ ਇਹ ਸਥਿਤੀ ਦੇਖੀ ਜਾ ਸਕਦੀ ਹੈ, ਜਿਥੇ ਇਕ ਪਾਸੇ ਤਾਂ ਉਹ ਕਹਿੰਦੀ ਹੈ,"ਰਾਣੀ ਬਣ ਉਜੈਨ ਦੇ ਰਾਜ ਭਵਨ...ਅੱਜ ਤੱਕ ਮਹਾਰਾਜ ਦੇ ਪ੍ਰੇਮ ਪਾਸ਼ ਚ ਬੱਝੀ ਰਹੀ।[11] ਸੁਚੇਤ ਪੱਧਰ 'ਤੇ ਪਿੰਗਲਾ ਜਿਸ ਪਤੀ ਪ੍ਰਤੀ ਪੂਰਨ ਸਮਰਪਣ ਦੀ ਭਾਵਨਾ ਵਿਅਕਤ ਕਰਦੀ ਹੈ, ਅਚੇਤ ਪੱਧਰ 'ਤੇ ਉਹ ਆਪਣੇ ਆਪ ਨੂੰ ਇਸ ਰਿਸਤੇ ਵਿਚ ਬੱਝਿਆ ਹੋਇਆ ਮਹਿਸੂਸ ਕਰਦੀ ਹੈ। ਉਸਦੀ ਇਸ ਅਚੇਤ ਸਥਿਤੀ ਦਾ ਪ੍ਰਗਟਾਵਾ ਉਸ ਸਮੇਂ ਹੁੰਦਾ ਹੈ ਜਦ ਉਹ ਆਪਣੇ ਆਪ ਨੂੰ ਤਿੱਤਲੀਆਂ ਵਾਂਗ ਚੰਚਲ ਮਨ ਵਿਅਕਤ ਕਰਦੀ ਹੈ, ਪਿੰਗਲਾ ਦਾ ਇਹ ਕਥਨ ਕਿ, "ਅੰਤਰਮਨ ਦੀ ਪੀੜ ਛੁਪਾ ਓਪਰਾ ਓਪਰਾ ਹੱਸਣਾ ਵਾਸ਼ਨਾ ਵੱਸ"।[12] ਇਕ ਤਰ੍ਹਾਂ ਨਾਲ ਅੰਤਰਮਨ ਦੀ ਮੁਕਤੀ ਦੇ ਹਵਾਲੇ ਨਾਲ ਅਸਲ ਮੁਕਤੀ ਵੱਲ ਇਸ਼ਾਰਾ ਹੈ। ਪਿੰਗਲਾ ਦਾ ਇਹ ਸੋਚਣਾ ਕਿ ਉਹ ਅਮਰਫਲ ਦਾ ਅਸਲ ਅਧਿਕਾਰੀ ਉਸਦਾ ਪਤੀ ਭਰਥਰੀ ਹੈ ਅਤੇ ਉਹ ਉਸਨੂੰ ਹੀ ਇਸਦਾ ਸੇਵਨ ਕਰਾਵੇਗੀ ਪਰੰਤੂ ਅਸਲੀ ਰੂਪ ਵਿਚ ਉਹ ਅਮਰਫਲ ਆਪਣੇ ਬਾਲ ਸਖਾ ਚੰਦ੍ਰਿਕਾਦਾਸ ਨੂੰ ਦੇ ਦਿੰਦੀ ਹੈ। ਇਸ ਤਰ੍ਹਾਂ ਕਹਿ ਕੁਝ ਰਹੀ ਹੈ, ਸੋਚ ਕੁਝ ਹੋਰ ਰਹੀ ਹੈ ਅਤੇ ਕਰ ਕੁਝ ਹੋਰ ਰਹੀ ਹੈ। ਉਸਦੀ ਇਹੋ ਸਥਿਤੀ ਵਿਚਾਰ, ਵਿਹਾਰ ਅਤੇ ਵਿਵਹਾਰ ਵਿਚ ਸੰਤੁਲਨ ਦੀ ਅਣਹੋਂਦ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।

ਨਾਵਲਕਾਰ ਇਸ ਨਾਵਲ ਵਿਚ 'ਚਿੰਤਨੀ ਪ੍ਰਤੀਕਰਮ' ਦੀ ਜੁਗਤ ਦੀ ਵਰਤੋਂ ਕਰਦਾ ਹੈ। ਜਿਥੇ ਵੀ ਕਿਤੇ ਉਹ ਪਾਠਕ ਨੂੰ ਆਪਣੇ ਚਿੰਤਨ ਨਾਲ ਜੋੜਨਾ ਚਾਹੁੰਦਾ ਹੈ ਤਾਂ ਉਹ ਸ਼ਪੱਸ਼ਟਤਾ ਲਈ ਇਸ ਚਿੰਤਨ-ਸਮੱਗਰੀ ਨੂੰ ਕਥਾਕਾਰ ਦੀ ਜੁਕਤ ਜਾਂ ਵਿਭਿੰਨ ਪਾਤਰਾਂ ਦੇ ਹਵਾਲੇ ਨਾਲ ਉਪਲੱਬਧ ਕਰਦਾ ਹੈ। ਉਸਦੀ ਬੌਧਿਕ ਯੋਗਤਾ ਵਿਚ ਭਾਰਤੀ

ਦਰਸ਼ਨ ਪਰੰਪਰਾ ਭਰਪੂਰ ਰੂਪ ਵਿਚ ਪਈ ਹੋਈ ਹੈ ਜੋ ਉਸਦੀ ਸਿਰਜਣ ਕਲਾ ਵਿਚੋਂ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸੇ ਲਈ ਨਾਵਲਕਾਰ ਜਦੋਂ ਪਿੰਗਲਾ ਦਾ ਪਾਤਰ ਸਿਰਜਦਾ ਹੈ ਤਾਂ ਉਸਦੇ ਬਾਹਰੀ ਤੇ ਅੰਦਰੂਨੀ ਵਿਅਕਤਿਤਵ ਦੀ ਪੇਸ਼ਕਾਰੀ ਉਸਦੇ ਸਵੈ ਪ੍ਰਗਟਾਵੇ ਦੁਆਰਾ ਹੀ ਕਰਵਾਉਂਦਾ ਹੈ। ਉਸਦੀ ਮਨੋਦਸ਼ਾ ਦੁਆਰਾ ਉਹ ਉਸਦੇ ਪਿਛੋਕੜ, ਗ੍ਰਹਿਸਥ ਜੀਵਨ, ਉਸਦੇ ਮਾਨਸਿਕ ਸੰਕਟ ਆਦਿ ਦੇ ਨਾਲ ਮਨੁੱਖੀ ਮਨ ਦੀ ਦਸ਼ਾ ਨੂੰ ਸਮਝਣ ਦੀ ਦ੍ਰਿਸ਼ਟੀ ਵੀ ਇਸ ਦੁਆਰਾ ਹੀ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਇਕ ਕਥਾ ਦਾ ਕਥਾਨਕ ਹੈ, ਫਿਰ ਉਸ ਵਿਚ ਕਥਾਕਾਰ ਦਾ ਚਿੰਤਨ ਹੈ ਅਤੇ ਇਸ ਚਿੰਤਨ ਦੇ ਨਾਲ-ਨਾਲ ਭਾਰਤੀ ਗਿਆਨ ਪਰੰਪਰਾ ਦੇ ਹਵਾਲੇ ਹਨ। ਇਸ ਪ੍ਰਕਾਰ ਦਰਸ਼ਨ, ਮਿਥਿਹਾਸ, ਇਤਿਹਾਸ ਅਤੇ ਚਿੰਤਨ ਦੇ ਨਾਲ-ਨਾਲ ਇਹ ਨਾਵਲ ਭਾਰਤੀ ਪਰੰਪਰਾ ਦਾ ਪੰਜਾਬੀ ਵਿਚ ਇਕ ਮਹੱਤਵਪੂਰਨ ਦਸਤਾਵੇਜ਼ ਵੀ ਬਣ ਜਾਂਦਾ ਹੈ। ਇਕ ਪਾਰ-ਪਾਠ ਵਜੋਂ ਮਿਥਹਾਸ-ਇਤਿਹਾਸ ਤੋਂ ਅਗਾਂਹ ਇਹ ਪਾਠ ਤਤਕਾਲੀ ਸਮਾਜ-ਸਭਿਆਚਾਰ, ਭੂਗੋਲਿਕਤਾ, ਆਰਥਿਕਤਾ ਅਤੇ ਰਾਜਨੀਤੀ ਬਾਰੇ ਭਰਪੂਰ ਜਾਣਕਾਰੀ ਵੀ ਮੁਹੱਈਆ ਕਰਦਾ ਹੈ। ਮਿਸਾਲ ਵਜੋਂ ਜਦੋਂ ਵੀ ਲੇਖਕ ਭਰਥਰੀ ਦੇ ਸਾਰਥੀ ਰੈਤਵਿਕ ਬਾਰੇ ਗੱਲ ਕਰਦਾ ਹੈ ਤਾਂ ਸਭ ਤੋਂ ਪਹਿਲਾ ਪੂਰੀ ਦੀ ਪੂਰੀ ਸਾਰਥ ਪਰੰਪਰਾ ਦੀ ਵਾਕਫ਼ੀਅਤ ਕਰਵਾਉਂਦਾ ਹੈ। ਇਸ ਵਿਚ ਸਾਰਥ ਪਰੰਪਰਾ ਦਾ ਪੂਰਾ ਇਤਿਹਾਸ ਜਿਵੇਂ ਕਿ ਸਾਰਥੀਆਂ ਉਹਨਾਂ ਦਾ ਜੀਵਨ, ਉਨ੍ਹਾਂ ਦੀ ਕਲਾ ਤੇ ਮਨੋਰੰਜਨ ਦੇ ਸਾਧਨ ਇਥੋਂ ਤੱਕ ਕੀ ਉਹ ਵਸਤੂਆਂ ਜਿੰਨ੍ਹਾਂ ਦਾ ਉਹ ਆਦਾਨ-ਪ੍ਰਦਾਨ ਕਰਦੇ ਸਨ ਉਹਨਾਂ ਬਾਰੇ ਵੀ ਗਹਿਨ ਪੱਧਰ ਤੇ ਜਾਣਕਾਰੀ ਸਾਂਝੀ ਕਰਦਾ ਹੈ। ਇਹ ਨਾਵਲਕਾਰ ਦੀ ਇਤਿਹਾਸਕ ਚੇਤਨਾ ਨੂੰ ਰੂਪਮਾਨ ਕਰਦਾ ਹੈ।

ਇਸ ਪਾਠ ਦੇ ਪ੍ਰਵਾਹ ਵਿਚ ਪ੍ਰਸਤੁਤ ਦੋ ਫਲ ਵਿਸ਼ੇਸ਼ ਮਹੱਤਵ ਦੇ ਲਖਾਇਕ ਹੋ ਨਿਬੜਦੇ ਹਨ। ਇਕ ਤਾਂ ਹੈ 'ਸਾਧਨਾ ਫਲ' ਅਤੇ ਦੂਜਾ ਹੈ ਸ਼ਬਦ-ਸਾਧਨਾ ਦਾ ਫਲ। ਇਨ੍ਹਾਂ ਵਿਚੋਂ ਇਕ ਫਲ ਨਾਲ ਜਿਥੇ ਕਥਾਨਕ ਦਾ ਆਰੰਭ ਹੁੰਦਾ ਹੈ, ਦੂਜੇ ਫਲ ਨਾਲ ਕਥਾਨਕ ਦਾ ਅੰਤ ਸੰਪੂਰਨਤਾ ਹਾਸਿਲ ਕਰ ਲੈਂਦਾ ਹੈ। ਸਿਵ ਸਾਧਨਾ ਦੇ ਫਲਸਰੂਪ ਜਦ ਸੋਮ ਭਗਤ ਨੂੰ ਅਮਰਫਲ ਮਿਲਦਾ ਹੈ ਤਾਂ ਉਸਦੀ ਪਤਨੀ ਦਾ ਇਹ ਕਹਿਣਾ ਕਿ ਸਾਨੂੰ ਸਹਿਜ ਭਾਵ ਨਾਲ ਰਹਿਣਾ ਚਾਹੀਦਾ ਹੈ ਉਸ ਵੱਲੋਂ ਅਮਰਫਲ ਨੂੰ ਗ੍ਰਹਿਣ ਕਰਨ ਤੋਂ ਇਨਕਾਰ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਉਨ੍ਹਾਂ ਨੂੰ ਅਮਰਫਲ ਦੀ ਜ਼ਰੂਰਤ ਇਸ ਲਈ ਨਹੀਂ ਹੈ ਕਿਉਂਕਿ ਉਹਨਾਂ ਕੋਲ ਸਹਿਜ ਫਲ ਹੈ। ਇਸ ਤਰ੍ਹਾਂ ਅਮਰਫਲ ਦੀ ਬਜਾਇ ਸਹਿਜ ਅਸਲ ਵਿਚ ਉਹ ਫਲ ਹੈ ਜਿਸ ਦੀ ਖੋਜ ਭਰਥਰੀ ਕਰਦਾ ਹੈ।ਅਸਤਿੱਤਵ ਦੇ ਇਸ ਵਿਭਾਜਿਤ ਸਰੂਪ ਨੂੰ ਵੀ ਵਰੁਚਿ ਅੱਗੇ ਚੱਲ ਕੇ ਅਵਿਭਾਜਿਤ ਘੋਸ਼ਿਤ ਕਰ ਦਿੰਦਾ ਹੈ। ਉਸਦੇ ਅਨੁਸਾਰ ਮਨੁੱਖੀ ਹੋਂਦ ਨੂੰ ਸੀਮਾਂਬੱਧ ਕਰਨ ਦਾ ਕੋਈ ਨਿਰਧਾਰਤ ਪੈਮਾਨਾ ਨਹੀਂ ਹੈ। ਇਸ ਤਰ੍ਹਾਂ ਕੁਝ ਵੀ ਸਵੈ-ਨਿਰਭਰ ਨਹੀਂ ਹੈ। ਹਰੇਕ ਵਰਤਾਰਾ ਇੱਕ ਦੂਜੇ ਨਾਲ ਜੁੜਿਆ ਹੋਇਆ ਅਤੇ ਅੰਤਰ-ਸੰਬੰਧਤ ਹੈ। ਭਰਥਰੀ ਇਸ ਵਿਚਾਰ ਦ੍ਰਿਸ਼ਟੀ ਤੋਂ ਪ੍ਰਭਾਵਿਤ ਹੁੰਦਾ ਹੋਇਆ ਆਪਣੇ ਸੰਨਿਆਸ ਲੈਣ ਦੇ ਨਿਰਣੈ 'ਤੇ ਪੁਨਰ-ਵਿਚਾਰ ਕਰਦਾ ਹੈ ਤਾਂ ਉਸਨੂੰ ਇਹ ਨਿਰਣਾ ਇੱਕ ਪਾਸੜ ਪ੍ਰਤੀਤ ਹੁੰਦਾ ਹੈ। ਇਸੇ ਲਈ ਉਹ ਇਕ ਵਾਰ ਫਿਰ ਗ੍ਰਹਿਸਥ ਮਾਰਗ ਵੱਲ਼ ਪਰਤਦਾ ਹੈ ਪਰੰਤੂ ਭਟਕਣਾ ਉਸਦੇ ਨਾਲ-ਨਾਲ ਚੱਲਦੀ

ਹੈ। ਇੱਕ ਪਾਸੇ ਉਹ ਜਗਿਆਸੂ ਬਿਰਤੀ ਦੇ ਅਨੁਸਾਰ ਕਾਰਜ ਕਰਦਾ ਹੈ ਦੂਜੇ ਪਾਸੇ ਮਾਨਸਿਕ ਭਟਕਣਾ ਉਸਦੇ ਵਿਚਾਰ ਨੂੰ ਸਥਿਰ ਨਹੀਂ ਰਹਿਣ ਦਿੰਦੀ ਸਗੋਂ ਉਸਨੂੰ ਆਪਣੇ ਅਨੁਸਾਰ ਢਾਲ ਲੈਂਦੀ ਹੈ। ਫ਼ਲਸਰੂਪ ਉਸਦੀ ਇਕਾਗਰਤਾ ਕਾਇਮ ਨਹੀਂ ਰਹਿੰਦੀ। ਜਦੋਂ ਵਰੁਚਿ ਦੁਆਰਾ ਪ੍ਰਾਪਤ ਚੇਤਨਾ ਤੋਂ ਮਗਰੋਂ ਉਹ ਪਿੰਗਲਾ ਵੱਲ ਵਾਪਸ ਪਰਤਦਾ ਹੋਇਆ ਉਸ ਬਾਰੇ ਵਿਚਾਰ ਕਰ ਰਿਹਾ ਹੁੰਦਾ ਹੈ ਤਾਂ ਅਚਾਨਕ ਪੁਸ਼ਪ ਵਾਟਿਕਾ ਕੋਲੋ ਲੰਘਦੇ ਹੋਏ ਉਸਦਾ ਮਨ ਪੁਸ਼ਪਗੰਧਾ ਬਾਰੇ ਸੋਚ ਕੇ ਭਟਕ ਜਾਂਦਾ ਹੈ ਅਤੇ ਉਹ ਸਭ ਭੁੱਲ ਕੇ ਉਸ ਕੋਲ ਚਲਾ ਜਾਂਦਾ ਹੈ। ਇਥੇ ਉਸਦੇ ਜੀਵਨ ਵਿਚ ਮਹੱਤਵਪੂਰਨ ਪਰਿਵਰਤਨ ਵਾਪਰਦਾ ਹੈ। ਕਿੱਥੇ ਤਾਂ ਉਹ ਸੰਨਿਆਸ ਨੂੰ ਇੱਕ ਪਾਸੜ ਮੰਨ ਕੇ ਗ੍ਰਹਿਸਥ ਵੱਲ ਪਰਤ ਰਿਹਾ ਹੁੰਦਾ ਹੈ, ਪਰੰਤੂ ਪੁਸਪਗੰਧਾ ਕੋਲੋਂ ਉਸਨੂੰ ਅਮਰਫਲ ਦਾ ਸੱਚ ਪਤਾ ਲੱਗਣ ਤੇ ਤਾਂ ਉਸਦਾ ਪਤਨੀ ਪ੍ਰਤੀ ਭਰਮ ਵੀ ਟੁੱਟ ਜਾਂਦਾ ਹੈ ਭਾਵ ਗ੍ਰਹਿਸਥ ਦਾ ਅਸਲ ਸੱਚ ਵੀ ਸਾਹਮਣੇ ਆ ਜਾਂਦਾ ਹੈ। ਇਥੇ ਸੰਨਿਆਸ ਅਤੇ ਗ੍ਰਹਿਸਥ ਦੋਵੇਂ ਇਕ ਤਰ੍ਹਾਂ ਕਟਿਹਰੇ ਵਿਚ ਖੜ੍ਹੇ ਹੋ ਜਾਂਦੇ ਹਨ ਅਤੇ ਇਥੋਂ ਹੀ ਉਸਦੇ ਵੈਰਾਗ ਦਾ ਸਫਰ ਸ਼ੁਰੂ ਹੁੰਦਾ ਹੈ। ਉਹ ਭੋਗ ਦਾ ਤਿਆਗ ਕਰਕੇ ਜੋਗ ਵੱਲ ਅਗਰਸਰ ਹੋ ਜਾਂਦਾ ਹੈ।

ਇਸ ਪ੍ਰਕਾਰ ਭਰਥਰੀ, ਭਰਮ ਦੇ ਯਥਾਰਥ ਨੂੰ ਜਾਣਨ ਮਗਰੋਂ ਸੰਸਾਰਕ ਜੀਵਨ ਦਾ ਤਿਆਗ ਕਰਕੇ ਸੱਚ ਦੀ ਤਲਾਸ਼ ਵੱਲ ਵੱਧਦਾ ਹੈ। ਇਥੇ ਪਹੁੰਚ ਕੇ ਉਸ ਨੂੰ ਇਹ ਤਾਂ ਸਮਝ ਲੱਗ ਜਾਂਦੀ ਹੈ ਕਿ ਉਸ ਦੀ ਅਸਲ ਹੋਂਦ ਉਹ ਨਹੀਂ ਜੋ ਉਹ ਹੁਣ ਤੱਕ ਮੰਨਦਾ ਆਇਆ ਹੈ ਪਰ ਅਸਲ ਮਸਲਾ ਇਹ ਹੈ ਕਿ ਜੇਕਰ ਉਹ ਉਸਦੀ ਹੋਂਦ ਨਹੀਂ ਤਾਂ ਉਸਦੀ ਹੋਂਦ ਹੈ ਕੀ? ਇਸ ਸੰਬੰਧੀ ਅਸਤਿੱਤਵਵਾਦ ਦੇ ਪ੍ਰਮੁੱਖ ਚਿੰਤਕ ਜੀਨ ਪਾਲ ਸਾਰਤਰ ਦਾ ਮੰਨਣਾ ਹੈ ਕਿ "ਅਸਤਿੱਤਵ ਅਸਲ ਵਿਚ ਦੋ ਤਰ੍ਹਾਂ ਦਾ ਹੈ: ਆਪਣੇ ਆਪ ਵਿਚ ਹੋਂਦ (Beings in themselves) ਅਤੇ ਆਪਣੇ ਆਪ ਲਈ ਹੋਂਦ (Beings for themselves)। ਪਹਿਲੀ ਅਣ-ਚੇਤੰਨ ਹੋਂਦ ਹੈ ਜੋ ਦੂਜਿਆਂ ਦੁਆਰਾ ਨਿਰਮਿਤ ਹੁੰਦੀ ਹੈ। ਦੂਜੀ ਚੇਤੰਨ ਹੋਂਦ ਹੈ ਜਿਸਦੀ ਚੇਤੰਨਤਾ ਹੀ ਉਸਨੂੰ ਬਾਕੀਆਂ ਨਾਲੋਂ ਵੱਖਰਤਾ ਪ੍ਰਦਾਨ ਕਰਦੀ ਹੈ"।[13] ਇਸ ਪੜਾਅ ਉਪਰ ਭਰਥਰੀ ਦੀ ਚੇਤੰਨਤਾ ਆਪਣੇ ਆਪ ਲਈ ਹੋਂਦ ਵਾਲੀ ਹੈ। ਇਥੇ ਨਥਿੰਗਨੈਸ ਦੀ ਸੋਝੀ ਤਾਂ ਹੈ ਪਰ ਅਨੁਭਵ ਨਹੀਂ ਹੈ। ਭਾਵ ਚੇਤਨਾ ਅਜੇ ਦਵੰਦ ਵਿਚ ਹੀ ਹੈ। ਜਦੋਂ ਮਛੰਦਰ ਨਾਥ ਦੇ ਚੇਲੇ ਦੂਧ ਨਾਥ ਦੁਆਰਾ ਭਰਥਰੀ ਨੂੰ ਉਸਦੀ ਪਹਿਚਾਣ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਸ ਦੁਆਰਾ ਦਿੱਤਾ ਗਿਆ ਪਰਿਚਯ ਉਸਦੀ ਇਸ ਮਨੋ ਅਵਸਥਾ ਨੂੰ ਬਾਖ਼ੂਬੀ ਬਿਆਨ ਕਰਦਾ ਹੈ, "ਔਝੜ ਤੇ ਉਲਝੇ ਰਾਹਾਂ ਦਾ ਭਟਕਿਆ ਪ੍ਰਾਣੀ। ਕਿਤੇ ਪਹੁੰਚਣਾ ਚਾਹੁੰਨਾ...ਪਰ ਕਿਥੇ ਪਹੁੰਚਣਾ...ਕੋਈ ਪਤਾ ਨਹੀਂ..."।[14]

ਹੋਂਦ ਅਤੇ ਅਣਹੋਂਦ ਵਿਚਲੀ ਚੇਤਨਾ ਪ੍ਰਾਪਤ ਕਰ ਮਗਰੋਂ ਮਸਲਾ ਹੁਣ ਇਹ ਹੈ ਕੀ ਇਹ ਵੱਖ-ਵੱਖ ਵਜੂਦ ਹਨ? ਜੇਕਰ ਵੱਖ-ਵੱਖ ਹਨ ਤਾਂ ਇਹਨਾਂ ਵਿਚੋਂ ਕਿਹੜਾ ਕਿਹੜਾ ਮਹੱਤਵਪੂਰਨ ਹੈ? ਇਸ ਮਸਲੇ ਨੂੰ ਇਸ ਪਾਠ ਵਿਚ ਮੱਧ ਮਾਰਗ ਦੇ ਹਵਾਲੇ ਨਾਲ ਸੁਲਝਾਉਣ ਦਾ ਯਤਨ ਕੀਤਾ ਗਿਆ ਹੈ। ਇਹ ਉਹ ਮਾਰਗ ਹੈ ਜਿਹੜਾ ਇਹਨਾਂ ਦੋਹਾਂ ਪ੍ਰਤੱਖ ਪਰੰਤੂ ਭਰਮਮੂਲਕ ਅਤੇ ਅਪ੍ਰਤੱਖ ਪਰ ਸੱਚ ਦੋ ਵਜੂਦਾਂ ਨੂੰ ਮਹੱਤਵਪੂਰਨ

ਮੰਨ ਕੇ ਇਹਨਾਂ ਦੀ ਸੰਬੰਧਤਾ ਵਿਚਲੇ ਪੱਖ ਨੂੰ ਤਲਾਸ਼ਦਾ ਹੈ ਜੋ ਇਹਨਾਂ ਦੋ ਵੱਖ-ਵੱਖ ਵਜੂਦਾਂ ਨੂੰ ਇੱਕ ਹੋਂਦ ਵਿਚ ਬਦਲ ਦਿੰਦਾ ਹੈ। ਕਿਉਂਕਿ ਨਾ ਤਾਂ ਸਵੈ ਹੋਂਦ ਨੂੰ ਤਿਆਗ ਕੇ ਸੰਸਾਰਿਕ ਹੋਂਦ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸੰਸਾਰਿਕ ਹੋਂਦ ਨੂੰ ਤਿਆਗ ਕੇ ਸਵੈ-ਹੋਂਦ ਨੂੰ ਤਲਾਸ਼ਿਆ ਜਾ ਸਕਦਾ ਹੈ। ਇਸ ਲਈ ਯੋਗ ਅਤੇ ਭੋਗ ਦੇ ਵਿਚਲਾ ਇੱਕ ਮਾਰਗ ਖੋਜਣ ਦੀ ਲੋੜ ਹੈ। ਇਹ ਮਾਰਗ ਹੈ ਸਹਿਜ ਮਾਰਗ ਜਿਸ ਦੁਆਰਾ ਸੱਚ ਤੱਕ ਪਹੁੰਚਿਆ ਜਾ ਸਕਦਾ ਹੈ। ਇਸ ਲਈ ਜਦੋਂ ਭਰਥਰੀ ਤਿਆਗੀ ਹੋਣ ਦਾ ਭਰਮ ਸਿਰਜ ਲੈਂਦਾ ਹੈ ਤਾਂ ਉਸ ਸਮੇਂ ਗ੍ਰਹਿਸਥਣਾਂ ਉਸਨੂੰ ਉਸਦੇ ਇਸ ਭਰਮ ਪ੍ਰਤੀ ਸੁਚੇਤ ਕਰਦੀਆਂ ਹਨ। ਇਸ ਸਮੇਂ ਉਸਨੂੰ ਵਰੁਚਿ ਦਾ ਕਥਨ ਯਾਦ ਆਉਂਦਾ ਹੈ, "ਯੋਗੀ ਉਹ ਨਹੀਂ ਹੁੰਦਾ ਜਿਹੜਾ ਵਸਤਾਂ ਦਾ ਤਿਆਗ ਕਰ ਦਿੰਦਾ ਤੇ ਮਨ 'ਚ ਭੋਗ ਦਾ ਲੋਭ ਵੀ ਪਾਈ ਰੱਖਦੈ। ਤਿਆਗ ਤੇ ਭੋਗ ਵਿਚਲਾ ਤਨਾਓ ਸੰਭਵ ਨਹੀਂ। ਜੀਵਨ ਇੱਕ ਤਰ੍ਹਾਂ ਦਾ ਸਾਜ ਹੀ ਤਾਂ ਏ। ਸਾਜ਼ ਦੇ ਤਾਰ ਨਾ ਬਹੁਤੇ ਕੱਸੇ ਹੋਣੇ ਚਾਹਿਦੇ ਨੇ ਤੇ ਨਾ ਹੀ ਢਿੱਲੇ। ਬਹੁਤੇ ਕੱਸੇ ਤਾਰ ਵੀ ਬੇਸੁਰੇ ਅਤੇ ਢਿਲੇ ਵੀ ਬੇਸੁਰ। ਇਸ ਲਈ ਜੀਵਨ 'ਚ ਸੰਤੁਲਨ ਜ਼ਰੂਰੀ ਹੈ"।[13] ਇਸ ਤਰ੍ਹਾਂ ਨਾ ਤਾਂ ਸਵੈ ਹੋਂਦ ਨੂੰ ਤਿਆਗ ਕੇ ਸੱਚ ਨੂੰ ਹਾਸਿਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸੰਸਾਰ ਵਿਚ ਰਹਿ ਕੇ ਸੱਚ ਨੂੰ ਪਹਿਚਾਣਿਆ ਜਾ ਸਕਦਾ ਹੈ। ਇਸਨੂੰ ਦਿੱਖਾਂ (Appearances) ਅਤੇ ਤੱਤ-ਸਾਰ (essence) ਦੇ ਸੰਕਲਪਾਂ ਰਾਹੀਂ ਸਮਝਿਆ ਜਾ ਸਕਦਾ ਹੈ। ਇੱਕ ਪਾਸੇ ਅਨੇਕਾਂ ਦਿੱਖਾਂ ਹਨ ਦੂਜੇ ਪਾਸੇ ਤੱਤ-ਸਾਰ ਹੈ ਜੋ ਇਹਨਾਂ ਅੰਦਰ ਵਿਦਮਾਨ ਹੈ। ਸਾਰਤਰ ਦੇ ਅਨੁਸਾਰ, "ਦਿੱਖਾਂ ਤੱਤ ਨੂੰ ਲੁਕਾਉਂਦੀਆਂ ਨਹੀਂ ਸਗੋਂ ਪ੍ਰਗਟ ਕਰਦੀਆਂ ਹਨ"।[14] ਇਸ ਤਰ੍ਹਾਂ ਸੱਚ ਨੂੰ ਪ੍ਰਤੱਖ ਅਤੇ ਅਪ੍ਰਤੱਖ ਦੋਹਾਂ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ। ਇਸੇ ਲਈ ਜੋਗ ਜਿਹੜਾ ਕਿ 'ਤੱਤ-ਸਾਰ' ਦੀ ਤਲਾਸ਼ ਦਾ ਮਾਰਗ ਹੈ ਅਤੇ ਭੋਗ ਜੋ ਸੰਸਾਰਕ ਭਰਮ੍ਰਿਤ ਦਿੱਖਾਂ ਦਾ ਮਾਰਗ ਹੈ, ਦੋਵੇਂ ਹੀ ਵੱਖੋ-ਵੱਖ ਹੋ ਕੇ ਸਫਲ ਨਹੀਂ ਹੋ ਸਕਦੇ। ਇਸ ਲਈ ਜੋਗ ਅਤੇ ਭੋਗ ਵਿਚਲਾ ਮਾਰਗ ਖੋਜਣ ਦੀ ਲੋੜ ਹੈ। ਉਹ ਮਾਰਗ ਸਹਿਜ ਮਾਰਗ ਹੈ, ਜਿਸ ਦੁਆਰਾ ਸੱਚ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਜੀਵਨ ਵਿਚਲੇ ਇਹਨਾਂ ਦੋ ਵਿਰੋਧਾਭਾਸ਼ੀ ਧੁਰਿਆਂ ਨੂੰ ਜੋੜਨ ਦਾ ਸਾਧਨ ਕੀ ਹੋ ਸਕਦਾ ਹੈ? ਇਸ ਪ੍ਰਸ਼ਨ ਦਾ ਜਵਾਬ ਅਗਲੇ ਕਾਂਡ ਵਿਚ ਉਦੋਂ ਮਿਲਦਾ ਹੈ ਜਦੋਂ ਭਰਥਰੀ 'ਭਾਸ਼ਾ' ਅਤੇ 'ਜੀਵਨ' ਦੇ ਅੰਤਰ-ਸੰਬੰਧ ਨੂੰ ਰੂਪਮਾਨ ਕਰਨ ਦਾ ਯਤਨ ਕਰਦਾ ਹੈ। ਭਾਸ਼ਾ ਦਾ ਮਨੁੱਖੀ ਮਨ ਅਤੇ ਵਿਵਹਾਰ ਨਾਲ ਬਹੁਤ ਗੂੜਾ ਸੰਬੰਧ ਹੈ। ਭਾਸ਼ਾ ਹੀ ਇੱਕ ਮਾਤਰ ਤੱਤ ਹੈ ਜਿਹੜਾ ਮਨੁੱਖ ਦੇ ਅੰਤਹਕਣ ਤੋਂ ਲੈ ਕੇ ਸਮੁੱਚੇ ਬ੍ਰਹਿਮੰਡ ਤੱਕ ਫੈਲਿਆ ਹੋਇਆ ਹੈ। ਜੋਗੀ ਵਜੋਂ ਭਰਥਰੀ ਨੂੰ ਸਿਰਸਿੱਕਾ ਨਗਰ ਵਿਚ ਭਿੱਖਿਆ ਮੰਗਦਿਆਂ ਜੋ ਖਿਆਲ ਆਉਂਦੇ ਹਨ, ਉਹ ਅਸਲ ਵਿਚ ਸ਼ਬਦ-ਸਾਧਨਾ ਦਾ ਆਧਾਰ ਬਣਦੇ ਹਨ। ਇਹ ਸ਼ਬਦ-ਸਾਧਨਾ ਦਾ ਸਫਰ ਸਵੈ-ਹੋਂਦ ਦੀ ਚੇਤਨਾ ਤੋਂ ਬਾਅਦ ਸ਼ੁਰੂ ਹੁੰਦਾ ਹੈ। ਪਾਠ-ਪ੍ਰਵਾਹ ਵਿਚ ਭਾਸ਼ਾ ਸੰਬੰਧੀ ਪ੍ਰਵਚਨ ਦਾ ਆਰੰਭ ਆਚਾਰੀਆ ਦੰਡੀ ਦੇ ਵਾਕ ਸੰਬੰਧੀ ਕਥਨ, "ਵਾਚਮੇਵ ਪ੍ਰਸ਼ਾਦੇਨ ਲੋਕ ਯਾਤ੍ਰਾ ਪ੍ਰਵਰਤੈ"[15] ਦੁਆਰਾ ਹੁੰਦਾ ਹੈ। ਇਸ ਦਾ ਭਾਵ ਹੈ ਕਿ ਲੋਕ ਦੀ ਯਾਤਰਾ ਵਾਕ ਦੁਆਰਾ ਹੀ ਪ੍ਰਾਰੰਭ ਹੁੰਦੀ ਹੈ। ਇਹ ਵਿਚਾਰ ਸ਼ਬਦ-ਸਾਧਨਾ ਅਤੇ

ਭਾਸ਼ਾ ਦੇ ਮਨੁੱਖੀ ਜੀਵਨ ਵਿਚ ਮਹੱਤਵ ਨੂੰ ਦਰਸਾਉਂਦਾ ਹੈ। ਮਨੁੱਖ ਦੀ ਸਰੀਰਕ, ਮਾਨਸਿਕ, ਬੌਧਿਕ ਅਤੇ ਅਧਿਆਤਮਕ ਯਾਤਰਾ ਭਾਸ਼ਾ ਤੋਂ ਬਿਨਾਂ ਸੰਭਵ ਨਹੀਂ ਹੈ।

ਇਥੇ ਭਾਸ਼ਾ ਸੰਬੰਧੀ ਵਿਚਾਰ ਚਰਚਾ ਦਾ ਬਹੁਤ ਦਿਲਚਸਪ ਪਹਿਲੂ ਇਹ ਹੈ ਕਿ ਭਰਥਰੀ ਭੁੱਖ, ਧੁਨੀ, ਵਿਚਾਰ ਤੇ ਸਫੋਟ ਚਾਰਾਂ ਅੰਤਰ-ਸੰਬੰਧਤ ਪੱਖਾਂ ਨੂੰ ਭਾਸ਼ਾ ਸਿਰਜਣਾ ਦਾ ਆਧਾਰ ਬਣਾਉਂਦਾ ਹੈ। ਵਕਤਾ, ਵਿਚਾਰ ਤੋਂ ਅਭਿਵਿਅਕਤੀਕਰਨ ਲਈ ਇਹਨਾਂ ਚਾਰਾਂ ਵਿਚੋਂ ਗੁਜ਼ਰਦਾ ਹੈ। ਇਨ੍ਹਾਂ ਵਿੱਚ ਪਹਿਲਾ ਜ਼ਰੂਰਤ ਭਾਵ ਕਾਰਨ, ਦੂਜਾ ਮਾਧਿਅਮ , ਤੀਜਾ ਸੰਦੇਸ਼ ਅਤੇ ਚੌਥਾ ਪ੍ਰਭਾਵ ਨਾਲ ਸੰਬੰਧਿਤ ਹੈ। ਭਰਥਰੀ ਦੇ ਵਿਚਾਰ ਅਨੁਸਾਰ ਇਹਨਾਂ ਵਿਚੋਂ ਧੁਨੀ ਸਭ ਤੋਂ ਮਹੱਤਵਪੂਰਨ ਅਤੇ ਮੂਲ ਤੱਤ ਹੈ। ਇਹ ਧੁਨੀ ਮਨੁੱਖ ਦੇ ਜਿਹਨ ਵਿਚ ਰਹਿੰਦੀ ਹੈ ਅਤੇ ਵਿਭਿੰਨ ਪ੍ਰਕਾਰ ਦੇ ਰੂਪ ਗ੍ਰਹਿਣ ਕਰਦੀ ਹੈ ਪਰੰਤੂ ਇਸਦਾ ਅਸਲ ਰੂਪ ਵਿਭਿੰਨ ਪ੍ਰਗਟ ਰੂਪਾਂ ਵਿਚ ਲੁਕਿਆ ਰਹਿੰਦਾ ਹੈ। ਮਨੁੱਖ ਦੀ ਹੋਂਦ ਦੀ ਤਰ੍ਹਾਂ ਨਾ ਤਾਂ ਇਸਦੇ ਵਿਭਿੰਨ ਪ੍ਰਗਟ ਰੂਪ ਸੱਚ ਹਨ ਅਤੇ ਨਾ ਹੀ ਇਹਨਾਂ ਦੀ ਵਿਭਿੰਨਤਾਮੂਲਕ ਪ੍ਰਕਿਰਤੀ ਵਾਸਤਵਿਕ ਹੈ। ਅਸਲ ਵਿਚ ਇਸਦੇ ਵਿਭਿੰਨ ਪ੍ਰਗਟ ਅਨੇਕ ਰੂਪ ਉਸ ਅਪ੍ਰਗਟ ਇੱਕ ਰੂਪ ਨਾਲ ਜੁੜੇ ਹੋਏ ਹਨ। ਇਸੇ ਲਈ ਇਹ ਅਨੇਕਤਾ ਵਿਚ ਇੱਕ ਹੈ ਅਤੇ ਇੱਕ ਵਿਚ ਅਨੇਕ ਵੀ ਹੈ। ਸਰੋਤੇ ਦੇ ਪੱਖ ਤੋਂ ਪਹਿਲਾਂ ਅਨੇਕਤਾ ਨਾਲ ਸਾਹਮਣਾ ਹੁੰਦਾ ਹੈ ਅਤੇ ਇਸ ਅਨੇਕਤਾ ਵਿਚ ਮੌਜੂਦ ਇੱਕ ਮੂਲ ਹੋਂਦ ਨੂੰ ਤਲਾਸ਼ਿਆ ਜਾ ਸਕਦਾ ਹੈ। ਇਸ ਮੂਲ ਧੁਨੀ ਦੀ ਤਲਾਸ਼ ਦਾ ਮਾਰਗ ਹੀ ਸ਼ਬਦ-ਸਾਧਨਾ ਹੈ, ਇਸ ਰਾਹੀਂ ਮਨੁੱਖ ਅਨੰਤ ਅਤੇ ਅਨੇਕ ਭਾਸ਼ਾਈ ਸੰਰਚਨਾਵਾਂ ਦੀ ਤਹਿ ਵਿਚਲੀ ਮੂਲ ਹੋਂਦ ਜਾਂ ਧੁਨੀ ਨੂੰ ਤਲਾਸ਼ ਕੇ ਭਾਸ਼ਾ ਦੀਆਂ ਸਤਹੀ ਦੀਵਾਰਾਂ ਤੋਂ ਪਾਰ ਦੇ ਭਾਸ਼ਾਈ ਪਾਸਾਰਾਂ ਨੂੰ ਅਨੁਭਵ ਕਰਨ ਦੇ ਯੋਗ ਹੁੰਦਾ ਹੈ। ਭਾਸ਼ਾ ਦੀ ਧੁਨੀ ਤੋਂ ਪਾਰ-ਭਾਸ਼ਕਤਾ ਤੱਕ ਦੀ ਯਾਤਰਾ ਨੂੰ ਨਾਵਲ ਵਿਚ ਇਸ ਤਰ੍ਹਾਂ ਪ੍ਰਸਤੁਤ ਕੀਤਾ ਗਿਆ ਹੈ: "ਉਹ ਸੋਚ ਰਿਹਾ ਸੀ ਕਿ ਭੁੱਖ ਤੇ ਭਾਸ਼ਾ ਦਾ ਕਿੰਨਾਂ ਗਹਿਨ ਸਬੰਧ। ਭਾਸ਼ਾ ਦਾ ਧੁਨੀ ਨਾਲ। ਧੁਨੀ ਦੇ ਨਾਲ ਹੀ ਵਿਚਾਰਾਂ ਦਾ ਸਫੋਟ ਹੁੰਦੈ। ਅਸਲ ਵਿਚ ਇਹ ਹੀ ਇੱਕੋ ਇੱਕ ਮੂਲ ਤੱਤ ਜੋ ਸਾਰਿਆਂ ਚ ਸਮਾਇਆ ਏ। ਇਹੋ ਆਪਣੇ ਅੰਦਰਲੇ ਸੁਭਾਅ ਨੂੰ ਗਵਾਏ ਬਿਨਾਂ ਕਿਸੇ ਦੂਸਰੀ ਸ਼ੈਅ ਵਿਚ ਪਰਿਵਰਤਿਤ ਹੋ ਜਾਂਦੈ ਤੇ ਅਨੰਤ ਵਨਸੁਵੰਨਤਾ ਦੀ ਸਿਰਜਣਾ ਕਰਦੈ ਪਰ ਇਹ ਸਾਰੇ ਵਿਚਾਰ ਤੇ ਰੂਪ ਪ੍ਰਤੱਖ ਰੂਪ ਚ ਪ੍ਰਗਟ ਹੋਣ ਦੇ ਬਾਵਜੂਦ ਵਾਸਤਵਿਕ ਨਹੀਂ ਨੇ ਤੇ ਨਾ ਹੀ ਉਨ੍ਹਾਂ ਦਾ ਵੱਖਰਾਪਨ ਹੀ ਅਸਲੀ ਪਰ ਸ਼੍ਰਵਣਹਾਰੇ ਲਈ ਇਹ ਸਾਰੀ ਪ੍ਰਕਿਰਿਆ ਉਲਟੀ ਵਾਪਰੇ। ਉਸਨੂੰ ਧੁਨੀਆਂ ਦੇ ਵੰਨਸੁਵੰਨੇ ਰੂਪ ਤੋਂ ਯਾਤਰਾ ਸ਼ੁਰੂ ਕਰਨੀ ਪੈਂਦੀ ਹੈ। ਉਨ੍ਹਾਂ ਅੰਦਰ ਸਮਾਏ ਸਫ਼ੋਟ ਦੇ ਇਕ ਅਖੰਡ ਤੱਤ ਤਾਈਂ ਪਹੁੰਚਣਾ ਪੈਂਦਾ। ਜਦੋਂ ਉਹ ਉਥੇ ਪਹੁੰਚਦੇ ਨੇ ਤਾਂ ਦੇਖਦੇ ਨੇ ਕਿ ਸਫ਼ੋਟ ਧੁਨੀਆਂ ਦੇ ਆਰ ਪਾਰ ਫੈਲਿਆ ਪਿਐ। ਇਹੋ ਵਿਵਰਤ ਅਤੇ ਸਫ਼ੋਟ ਏ। ਇਹੋ ਅਦਵੈਤ ਤੇ ਏਕੰਮਕਾਰ ਐ।"[16]

ਭਰਥਰੀ ਤਾਂ ਆਪਣੀ ਖੋਜ-ਸਾਧਨਾ ਦੁਆਰਾ ਸਾਧਨ ਤੱਕ ਤਾਂ ਪਹੁੰਚ ਜਾਂਦਾ ਹੈ ਪਰੰਤੂ ਪਿੰਗਲਾ ਦੀ ਦੁਚਿੱਤੀ ਇੱਕ ਹੋਰ ਮਸਲਾ ਪੈਦਾ ਕਰ ਦਿੰਦੀ ਹੈ। ਪਿੰਗਲਾ ਦਾ ਇਹ ਸੋਚਣਾ ਕਿ ਜੇਕਰ ਯੋਗੀ ਦਾ ਧਰਮ ਸੰਨਿਆਸ ਹੀ ਹੈ ਤਾਂ ਉਹ ਗ੍ਰਹਿਸਥ ਵਿਚ ਕਿਉਂ ਪੈਂਦਾ ਹੈ ਇਸ ਲਈ ਕੌਣ ਜਿੰਮੇਵਾਰ ਹੈ, ਕੀ ਔਰਤ ਜਿੰਮੇਵਾਰ ਹੈ ਜਾਂ ਮਰਦ। ਇਸ

ਸਵਾਲ ਨੂੰ ਸੁਲਝਾਉਣ ਲਈ ਇਥੇ ਕਾਲ ਦਾ ਸੰਕਲਪ ਸਾਹਮਣੇ ਆਉਂਦਾ ਹੈ। ਮਨੁੱਖ ਅਸਲ ਵਿਚ ਕਾਲ ਦੁਆਰਾ ਹੀ ਸੰਚਾਲਿਤ ਅਤੇ ਨਿਯੰਤਰਿਤ ਹੈ। ਉਸਨੂੰ ਕਾਲ ਅਧੀਨ ਹੀ ਆਪਣਾ ਜੀਵਨ ਬਤੀਤ ਕਰਨਾ ਪੈਂਦਾ ਹੈ। ਮਨੁੱਖ ਨਾਲ ਜਦੋਂ ਕੁਝ ਵਾਪਰਦਾ ਹੈ ਤਾਂ ਕਾਲ ਦੁਆਰਾ ਹੀ ਵਾਪਰਦਾ ਹੈ, ਇਸ ਲਈ ਕੋਈ ਵੀ ਹੋਰ ਧਿਰ ਜਿੰਮੇਵਾਰ ਨਹੀਂ। ਕਾਲ ਦੇ ਜੀਵਨ ਨਾਲ ਸੰਬੰਧ ਨੂੰ ਦਰਸਾਉਣ ਲਈ ਨਾਵਲਕਾਰ ਰਾਣੀ ਪਿੰਗਲਾ ਅਤੇ ਰਾਜ ਜੋਗੀ ਵਾਰਾਹਮਿਹਰ ਦਾ ਪ੍ਰਸੰਗ ਸਿਰਜਦਾ ਹੈ। ਵਾਰਾਹਮਿਹਰ, ਪਿੰਗਲਾ ਨੂੰ ਜੋਤਿਸ਼ ਵਿਦਿਆ ਨਾਲ ਸੰਬੰਧਤ ਗ੍ਰੰਥ "ਦੇਵਗਯ ਕੰਪ੍ਰਦੁਮ" ਦੇ ਹਵਾਲੇ ਨਾਲ ਕਾਲ ਦਾ ਮਹੱਤਵ ਸਮਝਾਉਂਦਾ ਹੋਇਆ ਕਹਿੰਦਾ ਹੈ, "ਸਾਰੇ ਕਾਲ ਦੇ ਵੱਸ ਚ ਨੇ। ਕਾਲ ਕਿਸੇ ਦੇ ਵੱਸ ਨਹੀਂ। ਇਸ ਲਈ ਧਿਆਨ ਨਾਲ ਸੁਣ...ਕਾਲ ਹੀ ਸਭ ਪ੍ਰਾਣੀਆਂ ਦਾ ਅਨੁਸ਼ਾਸ਼ਨ ਕਰਦੈ"।[17] ਇਸ ਤਰ੍ਹਾਂ ਸੰਪੂਰਨ ਸ੍ਰਿਸ਼ਟੀ ਕਾਲ ਦੁਆਰਾ ਬੰਨੀ ਹੋਈ ਹੈ ਅਤੇ ਕੋਈ ਵੀ ਵਰਤਾਰਾ ਇਸ ਤੋਂ ਬਾਹਰ ਹੋ ਹੀ ਨਹੀਂ ਸਕਦਾ। ਬਾਕੀ ਪ੍ਰਾਣੀਆਂ ਨਾਲੋਂ ਮਨੁੱਖ ਵਿਸ਼ੇਸ਼ ਚੇਤਨਾ ਸ਼ਕਤੀ ਦਾ ਮਾਲਕ ਹੋਣ ਕਰਕੇ ਕਾਲ ਨੂੰ ਆਪਣੇ ਅਧੀਨ ਕਰਨ ਦੇ ਯਤਨ ਤਾਂ ਕਰਦਾ ਹੈ ਪਰੰਤੂ ਪਰੰਤੂ ਸਫਲ ਨਹੀਂ ਹੁੰਦਾ। ਇਸ ਪ੍ਰਕਾਰ ਮਨੁੱਖ ਲਈ ਕਾਲ ਨੂੰ ਵੱਸ ਵਿਚ ਕਰਨਾ ਤਾਂ ਅਸੰਭਵ ਹੈ ਪਰੰਤੂ ਇਸ ਦੇ ਭੈਅ ਤੇ ਪ੍ਰਭਾਵ ਤੋਂ ਮੁਕਤ ਹੋਣ ਦੀ ਸਮਰੱਥਾ ਮਨੁੱਖੀ ਚੇਤਨਾ ਵਿਚ ਜ਼ਰੂਰ ਮੌਜੂਦ ਹੈ। ਅਜਿਹਾ ਕੇਵਲ ਉਚਤੱਮ ਚੇਤਨਾ ਵਾਲੇ ਮਨੁੱਖ ਹੀ ਕਰ ਸਕਦੇ ਹਨ ਜਦਕਿ ਸਧਾਰਨ ਮਨੁੱਖ ਲਈ ਇਸਦੇ ਅਧੀਨ ਵਿਚਰਨਾ ਹੀ ਉਚਿਤ ਹੈ।

ਇਸ ਤਰ੍ਹਾਂ ਉਹ ਮਨੁੱਖ ਦੇ ਦੁੱਖਾਂ ਦੇ ਅਸਲ ਕਾਰਨ ਤੱਕ ਪਹੁੰਚਦਾ ਹੈ ਤਾਂ ਇਸ ਮੂਲ ਮੌਤ ਦੀ ਸੋਝੀ ਜਾਂਦੀ ਹੈ। ਇਸ ਪੜਾਅ ਤੇ ਪਹੁੰਚ ਕੇ ਉਸਨੂੰ ਔਘੜ ਤੋਂ ਇਸ ਦੁੱਖ ਤੋਂ ਨਵਿਰਤੀ(ਭਾਵ ਜਨਮ ਮਰਨ ਦੇ ਦਵੰਦ ਤੋਂ ਨਿਕਲਣ) ਦਾ ਸਾਧਨ ਪਤਾ ਚੱਲਦਾ ਹੈ ਜੋ ਗੁਰੂ ਦੇ ਸਿਧਾਂਤ ਵਜੋਂ ਸਾਹਮਣੇ ਆਉਂਦਾ ਹੈ। ਇਸ ਤਰ੍ਹਾਂ ਕ੍ਰਮਵਾਰ ਸੁੱਖ-ਦੁੱਖ, ਜਨਮ-ਮਰਨ ਤੋਂ ਅੱਗੇ ਗੁਰੂ ਗਿਆਨ ਦੇ ਮਹੱਤਵ ਦਾ ਪ੍ਰਵਚਨ ਆਰੰਭ ਹੁੰਦਾ ਹੈ। ਹੁਣ ਭਰਥਰੀ ਨੂੰ ਇਹ ਚੇਤਨਾ ਪ੍ਰਾਪਤ ਹੁੰਦੀ ਹੈ ਕਿ ਉਸਨੂੰ ਤਾਂ ਅਜੇ ਤੱਕ ਕੋਈ ਗੁਰੂ ਨਹੀਂ ਮਿਲਿਆ ਹੀ ਨਹੀਂ। ਔਘੜ ਤੋਂ ਹੀ ਉਸ ਨੂੰ ਪਤਾ ਲੱਗਦਾ ਹੈ ਕਿ ਜੇ ਗੁਰੂ ਪ੍ਰਾਪਤੀ ਦੀ ਇੱਛਾ ਹੋਵੇ ਤਾਂ ਗੁਰੂ ਆਪਣੇ ਆਪ ਮਿਲ ਜਾਂਦਾ ਹੈ। ਉਹ ਭਰਥਰੀ ਨੂੰ ਯੋਗੀਰਾਜ ਗੋਰਖਨਾਥ ਬਾਰੇ ਕਥਾ ਪ੍ਰਸੰਗ ਸੁਣਾਉਂਦਾ ਹੈ। ਇਸ ਸਮੇਂ ਵਿਗਿਆਨ ਭੈਰਵ ਗ੍ਰੰਥ ਵਿਚੋਂ ਸੁਣਾਇਆ ਗਿਆ ਪ੍ਰਵਚਨ ਭਰਥਰੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਇਸ ਵਿਚ ਦੋ ਵਿਰੋਧੀ ਮਨੋ-ਸਥਿਤੀਆਂ ਵਿਚਕਾਰ ਠਹਿਰ ਜਾਣ ਦੀ ਵਿਧੀ ਸਮਝਾਈ ਗਈ ਹੈ। ਕਿਉਂਕਿ ਭਰਥਰੀ ਵੀ ਤਾਂ ਅਜਿਹੀ ਦਵੰਦਾਤਮਕ ਮਨੋ-ਸਥਿਤੀ ਵਿਚ ਫਸਿਆ ਹੋਇਆ ਹੈ। ਲਿੰਗਾਯਤ ਬਾਚਨਕਾਰ ਦਾ ਵਿਗਿਆਨ ਭੈਰਵ ਵਿਚਲਾ ਪ੍ਰਵਚਨ ਭਰਥਰੀ ਨੂੰ ਇੱਕ ਨਵੀਂ ਸੰਭਾਵਨਾ ਪ੍ਰਤੀ ਸੁਚੇਤ ਕਰਦਾ ਹੈ। ਜੋ ਵਿਰੋਧਾਂ ਤੇ ਵਿਡੰਬਨਾਵਾਂ ਤੋਂ ਪਾਰ ਹੈ। ਭਰਥਰੀ ਦਾ ਅਗਲਾ ਸੰਵਾਦ ਬੁੱਧ ਭੂਮੀ ਵੈਸ਼ਾਲੀ ਵਿਚ ਸ਼ੁਰੂ ਹੁੰਦਾ ਹੈ। ਇਥੇ ਭਰਥਰੀ ਨੂੰ ਮਹਾਤਮਾ ਬੁੱਧ ਦਾ ਵਿਚਾਰ "ਆਪੋ ਦੀਪੋ ਭਵੋਂ: ਆਪਣਾ ਦੀਪਕ ਆਪ ਬਣੋ"[18] ਯਾਦ ਆਉਂਦਾ ਹੈ। ਉਸ ਦੇ ਜਿਹਨ ਵਿਚ ਅਜੇ ਵੀ ਕਈ ਅਜਿਹੇ ਵਿਚਾਰ ਹਨ ਜੋ ਸ਼ੰਕਿਆਂ ਅਤੇ ਸਵਾਲਾਂ ਨੂੰ ਜਨਮ ਦਿੰਦੇ ਹਨ। ਇਸ ਸਮੇਂ ਉਸਨੂੰ ਬੋਧੀ ਭਿਖਸ਼ੂ ਇਨ੍ਹਾਂ ਵਿਚਾਰਾਂ ਨੂੰ ਛੱਡਣ ਦਾ ਗਿਆਨ ਹਾਸਿਲ ਹੁੰਦਾ ਹੈ

ਅਤੇ ਦੂਜਾ ਪ੍ਰੇਮ ਭਾਵਨਾ ਦੀ ਉਤਪਤੀ ਦਾ ਹੈ। ਉਹ ਜਾਣ ਲੈਂਦਾ ਹੈ ਕਿ ਮਨੁੱਖ ਦੀ ਵਿਚਾਰ-ਸ਼ਕਤੀ ਹੀ ਦਵੈਤ ਪੈਦਾ ਕਰਦੀ ਹੈ। ਵਿਚਾਰ ਦੇ ਖਤਮ ਹੋਣ ਨਾਲ ਦਵੰਦ ਖਤਮ ਹੋ ਜਾਂਦਾ ਹੈ ਅਤੇ ਪ੍ਰੇਮ ਭਾਵਨਾ ਉਤਪੰਨ ਹੁੰਦੀ ਹੈ। ਇਸੇ ਲਈ ਜਦੋਂ ਭਰਥਰੀ ਬੋਧੀ ਭਿਖਸ਼ੂ ਨੂੰ ਆਤਮਾ ਤੇ ਪਰਮਾਤਮਾ ਦੇ ਮਿਲਾਪ ਸੰਬੰਧੀ ਪ੍ਰਸ਼ਨ ਪੁੱਛਣਾ ਚਾਹੁੰਦਾ ਹੈ ਤਾਂ ਉਹ ਉਸਨੂੰ ਇਸ ਦਵੈਤ ਦਾ ਵਿਚਾਰ ਛੱਡ ਕੇ ਪ੍ਰੇਮਾਂ ਭਗਤੀ ਵਿਚ ਲੀਨ ਹੋਣ ਦਾ ਸੁਝਾਅ ਦਿੰਦਾ ਹੈ। ਭਰਥਰੀ ਨੂੰ ਜੀਵਨ ਦੇ ਇਹਨਾਂ ਸਾਰੇ ਪੱਖਾਂ ਸੰਬੰਧੀ ਗਿਆਨ ਤਾਂ ਹੋ ਚੁੱਕਾ ਹੈ ਪਰੰਤੂ ਗਿਆਨ ਅਜੇ ਅਨੁਭਵ ਦਾ ਹਿੱਸਾ ਨਹੀਂ ਬਣਿਆ।

ਇਸ ਪੜਾਅ ਤੇ ਪਹੁੰਚ ਕੇ ਭਰਥਰੀ ਪ੍ਰੇਮ ਮਾਰਗ ਬਾਰੇ ਤਾਂ ਜਾਣ ਲੈਂਦਾ ਹੈ ਪਰੰਤੂ ਪ੍ਰੇਮ ਅਸਲ ਵਿਚ ਹੈ ਕੀ? ਇਸ ਸੰਬੰਧੀ ਅਨੇਕਾਂ ਸ਼ੰਕੇ ਅਜੇ ਵੀ ਉਸਦੇ ਮਨ ਅੰਦਰ ਮੌਜੂਦ ਹਨ। ਇਥੇ ਨਾਵਲਕਾਰ ਭਰਥਰੀ ਦਾ ਉਸਦੀ ਬਾਲਪਨ ਦੀ ਦੋਸਤ ਸੁਚਿੱਤਰਾਨੀਲਮਾ ਨਾਲ ਮਿਲਣੀ ਦਾ ਪ੍ਰਸੰਗ ਸਿਰਜਦਾ ਹੈ, ਜਿਸ ਤੋਂ ਉਸ ਨੂੰ ਪਿਆਰ, ਵਿਆਹ, ਕਾਮ, ਸੰਭੋਗ ਆਦਿ ਸੰਬੰਧੀ ਮਹੱਤਵਪੂਰਨ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਗ੍ਰਹਿਸਥ ਤੇ ਸੰਨਿਆਸ ਸੰਬੰਧੀ ਉਸਦੀ ਦੁਚਿੱਤੀ ਵੀ ਦੂਰ ਹੋ ਜਾਂਦੀ ਹੈ। ਸੁਚਿੱਤਰਾਨੀਲਮਾ ਭਰਥਰੀ ਨੂੰ ਇਸ ਸੰਬੰਧੀ ਦੱਸਦੀ ਹੈ ਕਿ "ਅਨੁਰਾਗ ਚ ਰਹਿ ਕੇ ਵੈਰਾਗ ਚ ਹੋ ਸਕਦੇ ਹੋ ਤੇ ਵੈਰਾਗ ਚ ਹੋ ਕੇ ਅਨੁਰਾਗ ਚ ਵੀ। ਗ੍ਰਹਿਸਥ ਚ ਰਹਿ ਕੇ ਸੰਨਿਆਸ ਤੇ ਸੰਨਿਆਸ ਚ ਰਹਿ ਕੇ ਗ੍ਰਹਿਸਥ ਚ ਹੋ ਸਕਦੇ ਹੋ। ਇਹੋ ਸੱਚ ਏ..."।[19] ਇਸ ਤਰ੍ਹਾਂ ਭਰਥਰੀ ਦੀ ਪ੍ਰੇਮ, ਮੋਹ, ਕਾਮ, ਗ੍ਰਹਿਸਥ, ਸੰਨਿਆਸ ਆਦਿ ਵਿਸ਼ਿਆਂ ਸੰਬੰਧੀ ਦੁਚਿੱਤੀ ਸੁਚਿੱਤਰਾਨੀਲਮਾ ਵਰਗੀ ਬੁੱਧੀਜੀਵੀ ਇਸਤਰੀ ਦੇ ਅਨੁਭਵੀ ਗਿਆਨ ਦੁਆਰਾ ਦੂਰ ਹੋ ਜਾਂਦੀ ਹੈ ਤਾਂ ਉਸਨੂੰ ਮੋਹ ਦੀ ਭਾਵਨਾ ਤੋਂ ਮੁਕਤੀ ਦਾ ਮਾਰਗ ਸਪੱਸ਼ਟ ਹੁੰਦਾ ਹੈ। ਇਸ ਪਾਠ ਪ੍ਰਵਾਹ ਵਿਚ ਨਾਵਲਕਾਰ ਨੇ ਭਰਥਰੀ ਦੇ ਕਵੀ ਸਹਰਪਾਦ ਨਾਲ ਸੁਪਨੇ ਵਿਚ ਹੋਏ ਵਿਚਾਰ-ਚਰਚਾ ਵਾਲੇ ਪ੍ਰਸੰਗ ਦੁਆਰਾ ਪ੍ਰੇਮ ਦਾ ਵਾਸਤਵਿਕ ਸਰੂਪ ਰੂਪਮਾਨ ਕਰਨ ਦਾ ਯਤਨ ਕਰਦਾ ਹੈ। ਸਹਰਪਾਦ ਅਸਲ ਪ੍ਰੇਮ ਉਸ ਭਾਵਨਾ ਨੂੰ ਮੰਨਦਾ ਹੈ ਜੋ ਵਾਸ਼ਨਾ ਰਹਿਤ ਵੀ ਹੈ ਅਤੇ ਵਾਸ਼ਨਾ ਤੋਂ ਬਿਨਾਂ ਵੀ ਨਹੀਂ। ਇਥੇ ਪ੍ਰੇਮ ਦੇ ਸੰਦਰਭ ਵਿਚ ਵੀ ਮੱਧ ਮਾਰਗ ਦਰਸਾਇਆ ਗਿਆ ਹੈ। ਸਹਰਪਾਦ ਭਰਥਰੀ ਨੂੰ ਪ੍ਰੇਮ ਸੰਬੰਧੀ ਸਮਝਾਉਂਦਾ ਹੋਇਆ ਆਖਦਾ ਹੈ ਕਿ "ਸਹਿਜ ਪ੍ਰੇਮ ਹੀ ਉਤਮ ਹੈ, ਜੋ ਵਾਸਨਾਯੁਕਤ ਵੀ ਤੇ ਵਾਸ਼ਨਾਮੁਕਤ ਵੀ। ਜੇ ਮਨੁੱਖ ਆਪਣੀਆਂ ਵਾਸ਼ਨਾਵਾਂ ਨੂੰ ਤੱਜ ਪਾਰਗਾਮੀਂ ਹੋ ਸਕੇ ਤਾਂ ਸੱਤ ਚਿਤ ਆਨੰਦ ਨੂੰ ਪ੍ਰਾਪਤ ਹੋ ਸਕਦੈ। ਇੰਝ ਤਿੰਨੇ ਗੁਣ ਸੱਤ ਚਿੱਤ ਆਨੰਦ ਵਾਸ਼ਨਾ ਰਹਿਤ ਸ਼ੁੱਧ ਮਨ ਨੂੰ ਮਿਲ ਸਕਦੇ ਨੇ...!"।[20] ਭਰਥਰੀ ਗੋਰਖਨਾਥ ਦੇ ਟਿੱਲੇ ਤੇ ਲੰਮਾਂ ਸਮਾਂ ਬਤੀਤ ਕਰਨ ਮਗਰੋਂ ਵੀ ਵਾਸ਼ਨਾ ਤੋਂ ਮੁਕਤ ਨਹੀਂ ਹੋ ਸਕਿਆ। ਇਸੇ ਲਈ ਜਦੋਂ ਭੰਗਰ ਨਾਥ ਉਸਨੂੰ ਦੋ ਤਰ੍ਹਾਂ ਦੀਆਂ ਮੁੰਦਰਾਂ ਦਿੰਦਾ ਹੋਇਆ ਜੋਗ ਧਾਰਨ ਕਰਨ ਬਾਰੇ ਦੱਸਦਾ ਹੈ ਤਾਂ ਭਰਥਰੀ ਕਹਿੰਦਾ ਹੈ, " ਮੈਂ ਤਾਂ ਹੱਡੀਆਂ ਵਾਲੀਆਂ ਮੁੰਦਰਾਂ ਹੀ ਪਾਊਂ। ਨਿੰਮ ਦੀਆਂ ਤਾਂ ਐਵੇ ਦੀਆਂ ਲੱਗਦੀਆਂ ਨੇ"[21]। ਇਸਦਾ ਕਾਰਨ ਇਹ ਹੈ ਕਿ ਭਰਥਰੀ ਯੋਗ ਬਾਰੇ ਜਾਣਕਾਰੀ ਅਤੇ ਸਮਝ ਤਾਂ ਰੱਖਦਾ ਹੈ ਪਰ ਆਤਮਿਕ ਅਨੁਭਵ ਤੋਂ ਅਜੇ ਵੀ ਕੋਰਾ ਹੈ। ਪਹਿਲਾ ਵਿਚਾਰ, ਫਿਰ ਵਿਵਹਾਰ ਅਤੇ ਇਸ ਮਗਰੋਂ ਅਨੁਭਵ ਦਾ ਪੜਾਅ ਆਉਂਦਾ ਹੈ। ਭੰਗਰ ਨਾਥ ਇਸ

ਤਰ੍ਹਾਂ ਨਾਲ ਉਸਨੂੰ ਵਿਵਹਾਰ ਲਈ ਤਿਆਰ ਕਰਦਾ ਹੈ। ਯੋਗ ਪਰੰਪਰਾ ਸੰਬੰਧੀ ਵਿਸਤ੍ਰਿਤ ਅਤੇ ਸਮੁੱਚੀ ਜਾਣਕਾਰੀ ਨਾਵਲਕਾਰ ਨੇ ਭੰਗਰ ਨਾਥ ਦੁਆਰਾ ਇਸ ਸੰਦਰਭ ਵਿਚ ਹੀ ਪ੍ਰਸਤੁਤ ਕੀਤੀ ਹੈ।

ਪਾਠ ਵਿਚ ਯੋਗ-ਵਿਵਹਾਰ ਲਈ ਗੋਰਖਨਾਥ ਦੇ ਸਾਧਨਾ-ਮਾਰਗ ਦੀ ਵਿਧੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਵਿਵਹਾਰਕ ਰੂਪ ਵਿਚ ਮਨ ਨੂੰ ਨਿਯੰਤਰਿਤ ਕਰਨ ਦੀ ਵਿਧੀ ਗੋਰਖ ਦੇ ਪ੍ਰਵਚਨ ਦੁਆਰਾ ਦਰਸਾਈ ਗਈ ਹੈ। ਜਿਸ ਵਿਚ ਉਹ ਸਮਾਧੀ ਦੇ ਅੱਠ ਪੜਾਵਾਂ ਯਮ, ਨਿਯਮ, ਆਸਣ, ਪ੍ਰਾਣਾਯਾਮ ਅਤੇ ਪ੍ਰਤਿਹਾਰ, ਧਾਰਣਾ, ਧਿਆਨ ਅਤੇ ਸਮਾਧੀ ਬਾਰੇ ਪ੍ਰਵਚਨ ਪ੍ਰਸਤੁਤ ਕਰਦਾ ਹੈ ਅਤੇ ਅਭਿਆਸ ਕਰਵਾਉਂਦਾ ਹੈ। ਕਿਉਂਕਿ ਯੋਗ ਦਾ ਬਲ ਧਿਆਨ ‘ਤੇ ਹੈ ਇਸ ਲਈ ਗੋਰਖ ਚੇਲਿਆਂ ਨੂੰ ਧਿਆਨ ਕੇਂਦਰਿਤ ਕਰਕੇ ਗਿਆਨ ਨੂੰ ਅਨੁਭਵੀ ਰੂਪ ਵਿਚ ਗ੍ਰਹਿਣ ਕਰਨ ਲਈ ਕਹਿੰਦਾ ਹੈ। ਭਰਥਰੀ ਵੀ ਵਿਵਹਾਰਕ ਰੂਪ ਵਿਚ ਤਾਂ ਗਿਆਨ ਗ੍ਰਹਿਣ ਕਰ ਲੈਂਦਾ ਹੈ ਪਰੰਤੂ ਇਸਦਾ ਅਨੁਭਵ ਅਜੇ ਬਾਕੀ ਹੈ। ਉਹ ਸਰੀਰਕ ਅਤੇ ਮਾਨਸਿਕ ਸਾਧਨਾ ਤਾਂ ਕਰ ਚੁੱਕਾ ਹੈ ਪਰੰਤੂ ਉਸਦੀ ਸ਼ਬਦ ਸਾਧਨਾ ਬਾਕੀ ਹੈ। ਜਦੋਂ ਉਹ ਸਮੁੱਚੇ ਪ੍ਰਵਚਨ ਅਤੇ ਹੱਠਯੋਗ ਦਾ ਗਿਆਨ ਪੂਰੀ ਤਰ੍ਹਾਂ ਹਾਸਿਲ ਕਰ ਲੈਂਦਾ ਹੈ ਤਾਂ ਗੋਰਖਨਾਥ ਉਸਦਾ ਗਿਆਨ ਅਤੇ ਅਭਿਆਸ ਮੁਕੰਮਲ ਹੋਣ ‘ਤੇ ਉਸਨੂੰ ਅਨੁਭਵੀ ਰੂਪ ਵਿਚ ਗ੍ਰਹਿਣ ਕਰਨ ਲਈ ਵਾਪਿਸ ਅਵੰਤਿਕਾ ਭੇਜਦਾ ਹੈ। ਇਸ ਨੂੰ ਉਹ ਭਰਥਰੀ ਦੇ ਗਿਆਨ ਦੀ ਅਸਲ ਪ੍ਰੀਖਿਆ ਦੱਸਦਾ ਹੋਇਆ ਕਹਿੰਦਾ ਹੈ, “ਆਹ ਫੜ੍ਹ...ਲੰਗੋਟ। ਨਵਾਂ ਨਕੋਰ। ਆ ਲੈ ਚਿੱਪੀ, ਐਨ ਸੁੱਚੀ। ਹੁਣੇ ਹੀ ਤੁਰ ਜਾ ਉਜੈਨ। ਰਾਜ ਭਵਨ ਦੇ ਦਵਾਰ ਤੇ ਜਾ ਕੇ ਅਲਖ ਜਗਾ। ਰਾਣੀ ਪਿੰਗਲਾ ਤੋਂ ਭਿਖਿਆ ਮੰਗ; “ਮਾਂ ਪਿੰਗਲਾ...ਮੈਂ ਤੇਰੇ ਦੁਆਰ ਬੜੀ ਦੂਰੋਂ ਆਇਆਂ। ਵਰ੍ਹਿਆਂ ਤੋਂ ਦਰ ਦਰ ਭਟਕਦਾ ਯੋਗੀ। ਭੁੱਖਾਂ ਪਿਆਸਾਂ। ਕੁਝ ਭਿਖਿਆ ਪਾ”।[22]

ਇਥੇ ਪਹੁੰਚ ਕੇ ਭਰਥਰੀ ਦੀ ਸ਼ਬਦ-ਸਾਧਨਾ ਵਿਚਾਰ ਤੋਂ ਵਿਵਹਾਰ ਅਤੇ ਵਿਵਹਾਰ ਤੋਂ ਅਨੁਭਵ ਨੂੰ ਪਾਰ ਕਰਨ ਮਗਰੋਂ ਸਿਰਜਣਾ ਤੱਕ ਪਹੁੰਚਦੀ ਹੈ। ਉਸਦੇ ਅਨੁਭਵੀ ਗਿਆਨ ਦੀ ਪਰਖ ਉਦੋਂ ਹੁੰਦੀ ਹੈ, ਜਦੋਂ ਉਹ ਉਸ ਰਾਜ ਭਾਗ ਵਿਚ ਭਿੱਖਿਆ ਮੰਗਦਾ ਹੈ, ਜਿਸਦਾ ਉਹ ਮਾਲਕ(ਰਾਜਾ) ਰਿਹਾ ਹੁੰਦਾ ਹੈ। ਉਸ ਔਰਤ ਨੂੰ ਭੈਣ ਆਖਦਾ ਹੈ ਜਿਸਨੂੰ ਉਸਨੇ ਭੋਗਿਆ ਹੁੰਦਾ ਹੈ। ਇਸੇ ਤਰ੍ਹਾਂ ਆਪਣੀ ਭੈਣ ਕੋਲੋ ਭਿੱਖਿਆ ਮੰਗਦਿਆਂ ਉਸਦੇ ਦੁੱਖ ਦਾ ਪ੍ਰਭਾਵ ਭਰਥਰੀ ’ਤੇ ਨਹੀਂ ਪੈਂਦਾ। ਉਹ ਇਸ ਸਭ ਦੌਰਾਨ ਸਹਿਜ ਰੂਪ ਵਿਚ ਵਿਚਰਦਾ ਹੈ। ਇਸ ਸਹਿਜ ਅਵਸਥਾ ਵਿਚ ਉਹ ਆਪਣੀ ਕਾਵਿ-ਸਿਰਜਣਾ ਅਤੇ ਅਧਿਐਨ ਕਾਰਜ ਵਿਚ ਲੀਨ ਰਹਿੰਦਾ ਹੈ, ਜਿਸ ਕਾਰਨ ਉਹ ਸਹਿਜ, ਨਿਰਲੇਪ ਅਤੇ ਅੰਤਰ-ਕੇਂਦਰਿਤ ਚੇਤਨਾ ਰਾਹੀਂ ਉਚਕੋਟੀ ਦੀਆਂ ਸਾਹਿਤ ਸਿਰਜਣਾਵਾਂ ਕਰਨ ਦੇ ਯੋਗ ਹੁੰਦਾ ਹੈ। ਉਸ ਦੀਆਂ ਅਨੁਭਵੀ ਗਿਆਨ ਵਿਚੋਂ ਸਿਰਜਤ ਸਾਹਿਤ ਸਿਰਜਣਾਵਾਂ ਜਿਵੇਂ ਨੀਤੀ, ਸ਼ਿੰਗਾਰ ਅਤੇ ਵੈਰਾਗ ਸਤਕ ਉਸਦੀ ਪਹਿਚਾਣ ਉਸ ਸਮੇਂ ਦੇ ਮਹਾਨ ਕਵੀਆਂ ਵਿਚ ਸਥਾਪਿਤ ਕਰਦੀਆਂ ਹਨ। ਇਸ ਪੜਾਅ ’ਤੇ ਭਰਥਰੀ ਨੂੰ ਰਾਜੇ, ਯੋਗੀ ਜਾਂ ਭੋਗੀ ਦੇ ਰੂਪ ਵਿਚ ਦੇਖਣਾ ਸਹੀ ਨਹੀਂ ਹੈ। ਕਿਉਂਕਿ ਕਾਵਿ-ਸਿਰਜਣਾ ਦਾ ਆਪਣਾ ਨਿਵੇਕਲਾ ਸਰੂਪ ਹੁੰਦਾ ਹੈ। ਜਦੋਂ ਕੋਈ ਸਿਰਜਕ ਕਿਸੇ ਉਤਮ ਸਿਰਜਣਾ ਨੂੰ ਸਿਰਜਦਾ ਹੈ ਤਾਂ ਉਸਦਾ

ਸਮਾਜਿਕ ਵਜੂਦ ਮਨਫੀ ਹੋ ਜਾਂਦਾ ਹੈ। ਇਸੇ ਲਈ ਜਦੋਂ ਉਸਦੀ ਸਿਰਜਣਾ ਸੰਬੰਧੀ ਰੈਤਵਿਕ, ਉਸਦੇ ਰਾਜੇ, ਯੋਗੀ ਜਾਂ ਭੋਗੀ ਹੋਣ ਦੀ ਭੂਮਿਕਾ ਬਾਰੇ ਗੱਲ ਕਰਦਾ ਹੈ ਤਾਂ ਭਰਥਰੀ ਉਸ ਨਾਲ ਅਸਹਿਮਤੀ ਪ੍ਰਗਟ ਕਰਦਾ ਹੋਇਆ ਆਖਦਾ ਹੈ, "ਮੈਨੂੰ ਲੋਕ ਰਾਜਾ ਕਵੀ ਜਾਂ ਕਦੇ ਜੋਗੀ ਕਵੀ ਕਹਿੰਦੇ ਨੇ ਪਰ ਮੇਰਾ ਮੰਨਣਾ ਕਿ ਕਵੀ ਦੀ ਕਵਿਤਾ ਦੀ ਵਿਵੇਚਨਾ ਉਸਦੀ ਵਾਣੀ ਜਾਣ ਵਿਚਾਰਾਂ ਕਾਰਨ ਹੋਣੀ ਚਾਹੀਦੀ ਏ ਨਾ ਕਿ ਸਮਾਜਿਕ ਪੱਦਵੀ ਕਾਰਨ"।[23] ਇਥੇ ਭਰਥਰੀ ਦਾ ਇਹ ਵਿਚਾਰ ਪੱਛਮੀ ਕਾਵਿ-ਸ਼ਾਸਤਰ ਵਿਚ ਮੌਜੂਦ ਲੇਖਕ ਦੀ ਮੌਤ(The Death of the Author) ਦੇ ਵਿਚਾਰ ਨਾਲ ਮੇਲ ਖਾਂਦਾ ਹੈ। ਅਸਲ ਵਿਚ ਲੇਖਕ ਦੇ ਜੀਵਨ ਵੇਰਵੇ ਉਸਦੀ ਸਿਰਜਣਾ ਦੀ ਪੜ੍ਹਤ ਵਿਚ ਸਭ ਤੋਂ ਵੱਡੀ ਰੁਕਾਵਟ ਬਣਦੇ ਹਨ ਜੋ ਸਿਰਜਣਾ ਦੇ ਸੰਚਾਰ ਨੂੰ ਰੋਕ ਦਿੰਦੇ ਹਨ।

ਨਾਵਲ ਦਾ ਆਰੰਭ ਜਿਸ ਪ੍ਰਸੰਗ ਤੋਂ ਹੁੰਦਾ ਹੈ, ਅੰਤਿਮ ਪੜਾਅ ਵਿਚ ਇਸ ਨੂੰ ਭਰਥਰੀ ਦੀ ਕਥਾ ਦੁਆਰਾ ਮੁੜ ਪ੍ਰਸਤੁਤ ਕਰਕੇ ਇਸਦਾ ਸੰਬੰਧ ਨਾਵਲ ਦੇ ਮੂਲ ਮੰਤਵ ਨਾਲ ਜੋੜਿਆ ਗਿਆ ਹੈ। ਨਾਵਲਕਾਰ ਕਥਾ ਦੀ ਭੂਮਿਕਾ ਵਿਚ ਜਗਿਆਸਾ-ਪਤਨ ਦੇ ਕਾਰਨ ਅਤੇ ਪ੍ਰਭਾਵ ਦੇ ਪ੍ਰਸਤੁਤ ਕਰਦਾ ਹੈ। ਉਹੀ ਵਿਚਾਰ ਭਰਥਰੀ ਦੁਆਰਾ ਨਾਵਲ ਦੇ ਅੰਤ ਵਿਚ ਇਸ ਤਰ੍ਹਾਂ ਪੇਸ਼ ਹੁੰਦੇ ਹਨ, "ਬੌਧਿਕ ਵਰਗ 'ਚ ਈਰਖਾ ਭਾਵ ਹੈ ਤਾਂ ਧਨੀ ਅਤੇ ਅਧਿਕਾਰੀ ਵਰਗ 'ਚ ਘੁਮੰਡ ਰੋਗ। ਦੂਜਾ ਸਾਰੇ ਅਸਿੱਖਿਆ ਤੇ ਅਗਿਆਨ ਦੇ ਸ਼ਿਕਾਰ ਨੇ। ਇਸ ਲਈ ਅਧਿਕੱਤਰ ਕਲਾਤਮਕ ਪ੍ਰਗਟਾਵੇ ਮਨ ਅੰਦਰ ਹੀ ਦੱਬ ਰਹਿ ਜਾਂਦੇ"। ਇਥੇ ਇਹ ਗੱਲ਼ ਸਪੱਸ਼ਟ ਹੁੰਦੀ ਹੈ ਕਿ ਨਾਵਲਕਾਰ ਵਰਤਮਾਨ ਦੀ ਇਸ ਮੂਲ ਸਮੱਸਿਆ ਨੂੰ ਭੂਤ ਦੀ ਕਥਾ ਦੇ ਹਵਾਲੇ ਨਾਲ ਪਾਠਕ ਵਰਗ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੈ। ਕਥਾ ਪ੍ਰਵਾਹ ਦੇ ਅੰਤ ਵਿਚ ਵਾਸ਼ਨਾ ਦੀ ਨਵਿਰਤੀ ਤੇ ਆਤਮਿਕ ਮੁਕਤੀ ਭਰਥਰੀ ਅਤੇ ਪਿੰਗਲਾ ਦੇ ਜੀਵਨ ਨੂੰ ਸਹਿਜਤਾ ਪ੍ਰਦਾਨ ਕਰਦੀ ਹੈ। ਭਰਥਰੀ ਦੇ ਹਵਾਲੇ ਨਾਲ ਨਾਵਲਕਾਰ ਇੱਕ ਜਗਿਆਸੂ ਮਨੁੱਖ ਦੇ ਸੰਪੂਰਨ ਜੀਵਨ ਦਰਸ਼ਨ ਦੀ ਖੋਜ ਕਰਦਾ ਹੈ। ਇਸ ਤਰ੍ਹਾਂ ਇਸ ਪਾਠ ਦੀ ਸਿਰਜਣਾ ਖੋਜ, ਸਾਧਨਾ ਅਤੇ ਸਿਰਜਣਾ ਤਿੰਨਾਂ ਦਾ ਸੁਮੇਲ ਸਿਰਜਦੀ ਹੋਈ ਤੇ ਇਹਨਾਂ ਦਾ ਆਪਸੀ ਸੰਬੰਧ ਸਥਾਪਿਤ ਕਰਦੀ ਹੈ। ਇਹ ਨਾਵਲ ਬੁੱਧੀਜੀਵੀ ਵਰਗ ਲਈ ਵੀ ਇੱਕ ਮਿਸਾਲ ਬਣ ਜਾਂਦਾ ਹੈ, ਜਿਸ ਦੁਆਰਾ ਉਹ ਆਪਣੀ ਨਿੱਜਤਾ ਅਤੇ ਸਮੂਹਿਕਤਾ ਵਿਚ ਸੁਮੇਲ ਸਥਾਪਿਤ ਕਰਕੇ ਅੰਤਰੀਵੀ ਅਨੁਭਵ ਦੁਆਰਾ ਗਿਆਨ ਹਾਸਿਲ ਕਰਕੇ ਬਾਹਰੀ ਈਰਖਾ-ਗ੍ਰਸਤ ਅਤੇ ਹਉਮੈ-ਗ੍ਰਸਿਤ ਅੱਖਰੀ ਗਿਆਨ ਦੇ ਭਰਮ ਨੂੰ ਪਾਰ ਕਰਕੇ ਵਾਸਤਵਿਕ ਗਿਆਨ ਹਾਸਿਲ ਕਰ ਸਕੇ।

ਇਸ ਨਾਵਲ ਦੇ ਪਾਰ-ਪਾਠਾਤਮਕ ਵਿਸ਼ਲੇਸ਼ਣ ਕਰਨ ਉਪਰੰਤ ਸਮੁੱਚੇ ਰੂਪ ਵਿਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਦਾ ਸੰਰਚਨਾਤਮਕ ਢਾਂਚਾ ਆਪਣਾ ਕਥਾਨਕ ਭਰਥਰੀ ਦੇ ਜੀਵਨ ਵੇਰਵੇ, ਕਥਾ-ਵਾਰਤਾ, ਭਾਰਤੀ ਪਰੰਪਰਾ ਅਤੇ ਤਤਕਾਲੀ ਸਮੇਂ ਵਿਚੋਂ ਪ੍ਰਾਪਤ ਕਰਦਾ ਹੈ। ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਇਸ ਵਿਚ ਸੰਸਕ੍ਰਿਤ ਸਾਹਿਤ-ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ, ਇਸੇ ਲਈ ਇਸ ਨੂੰ ਪੜ੍ਹਦੇ ਹੋਏ ਪਾਠਕ ਕਾਲੀਦਾਸ ਵਰਗੇ ਸੰਸਕ੍ਰਿਤ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਪੜ੍ਹਨ ਵਰਗਾ ਅਨੁਭਵ ਹਾਸਲ ਕਰਦਾ ਹੈ। ਇਸੇ ਤਰ੍ਹਾਂ ਬਿਰਤਾਂਤਕਾਰੀ ਵਿਚ ਕਾਵਿਕ ਸ਼ੈਲੀ ਦੀ ਵਰਤੋਂ ਵੀ ਇਸ ਦੀ ਸੰਰਚਨਾ

ਨੂੰ ਭਾਰਤੀ ਸਾਹਿਤ ਦੀ ਪ੍ਰਾਚੀਨ ਸ਼ੈਲੀ ਨਾਲ ਜੋੜਦੀ ਹੈ ਪਰੰਤੂ ਇਸ ਪਿੱਛੇ ਵਿਦਮਾਨ ਰਚਨਾਕਾਰੀ ਦੇ ਤੱਤ ਸਿਰਜਕ ਦੀ ਦਾਰਸ਼ਨਿਕ ਗਿਆਨ-ਚੇਤਨਾ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਦੇ ਹਨ। ਉਹ ਪਾਤਰ ਚੋਣ, ਘਟਨਾਵਾਂ ਦਾ ਪ੍ਰਸਤੁਤੀਕਰਨ, ਬਿਰਤਾਂਤ ਉਸਾਰੀ ਆਦਿ ਤੱਤਾਂ ਲਈ ਸੰਰਚਨਾਤਮਕ ਤੱਤਾਂ ਨੂੰ ਸਮੱਗਰੀ ਵਜੋਂ ਵਰਤਦਾ ਹੈ ਪਰੰਤੂ ਉਸ ਦੇ ਮਾਧਿਅਮ ਦੁਆਰਾ ਉਹ ਆਪਣੀ ਖੋਜ-ਸਾਧਨਾ ਨੂੰ ਅਭਿਵਿਅਕਤ ਕਰਦਾ ਹੈ। ਇਸ ਤਰ੍ਹਾਂ ਇਕ ਪਾਸੇ ਸਤਹੀ ਪੱਧਰ ਤੇ ਭਰਥਰੀ ਦੇ ਜੀਵਨ ਬਿਰਤਾਂਤ ਦੇ ਹਵਾਲੇ ਨਾਲ ਉਸ ਦੇ ਜੀਵਨ-ਦਰਸ਼ਨ ਦੀ ਉਸਾਰੀ ਹੁੰਦੀ ਹੈ ਅਤੇ ਦੂਜੇ ਪਾਸੇ ਨਾਵਲਕਾਰ ਦੀ ਗਿਆਨ ਚੇਤਨਾ ਦੀ ਅਭਿਵਿਅਕਤੀ ਹੁੰਦੀ ਹੈ। ਇਹ ਦੋਵੇਂ ਪ੍ਰਕਿਰਿਆਵਾਂ ਨਾਵਲ ਵਿਚ ਅੰਤਰ-ਪ੍ਰਕਿਰਿਆ ਕਰਦੀਆਂ ਨਜ਼ਰ ਆਉਂਦੀਆਂ ਹਨ। ਇਸ ਤਰ੍ਹਾਂ ਇਸ ਸੰਰਚਨਾਕਾਰੀ ਤੇ ਰਚਨਾਕਾਰੀ ਦੇ ਸੰਬੰਧ ਦੁਆਰਾ ਜੋ ਮੂਲ ਪ੍ਰਵਚਨ ਸਿਰਜਤ ਹੁੰਦਾ ਹੈ, ਉਹ ਸੱਚ ਦੀ ਖੋਜ ਜੋ ਕਿ ਹਰ ਮਨੁੱਖੀ ਜੀਵ ਦਾ ਅਸਲ ਜੀਵਨ ਮੰਤਵ ਹੈ। ਜਿਸ ਨੂੰ ਪ੍ਰਾਪਤ ਕਰਕੇ ਉਹ ਆਪਣੀ ਹੋਂਦ ਦੀ ਹਕੀਕਤ ਨੂੰ ਜਾਣ ਲੈਂਦਾ ਹੈ। ਇਸ ਦੁਆਰਾ ਹੀ ਉਹ ਜੀਵਨ ਦੀ ਮਾਨਸਿਕ ਤੇ ਸਮਾਜਿਕ ਅਵਿਵਸਥਾ ਨੂੰ ਵਿਵਸਥਿਤ ਕਰਨ ਦੇ ਕਾਬਿਲ ਹੁੰਦਾ ਹੈ ਤਾਂ ਕਿ ਉਹ ਸ੍ਰਿਸ਼ਟੀ ਨੂੰ ਮਨੁੱਖਤਾ ਦੇ ਜੀਣ ਲਾਇਕ ਬਣਾ ਸਕੇ। ਇਸ ਤਰ੍ਹਾਂ ਨਾਵਲ ਦਾ ਸੱਚ ਆਧਾਰਿਤ ਮੂਲ ਪ੍ਰਵਚਨ ਮਨੁੱਖੀ ਚੇਤਨਾ ਨੂੰ ਭਰਮ (ਅਮਰਫਲ) ਦੀ ਕਾਮਨਾ ਤੋਂ ਮੁਕਤ ਹੋ ਕੇ ਸੱਚ (ਸਹਿਜਫਲ) ਦੀ ਪ੍ਰਾਪਤੀ ਦਾ ਮਾਰਗ ਦਰਸਾਉਂਦਾ ਹੈ, ਜਿਹੜਾ ਕਿ ਸ਼ਬਦ-ਸਾਧਨਾ ਦੁਆਰਾ ਸੰਭਵ ਹੈ। ਇਸ ਤਰ੍ਹਾਂ ਖੁੰਝ ਚੁੱਕੀ ਸੱਚ ਦੀ ਜਗਿਆਸਾ ਵੱਲ ਮੁੜ ਪਰਤਣਾ ਸ਼ਬਦ-ਸਾਧਨਾ ਦੁਆਰਾ ਹੀ ਸੰਭਵ ਹੈ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਰਤਹਰੀ ਦੇ ਜੀਵਨ, ਸਮੇਂ ਤੇ ਤੱਤਕਾਲੀ ਪ੍ਰਸੰਗਾਂ ਤੇ ਆਧਾਰਿਤ ਨਾਵਲ ਸਿਰਜਣਾ ਦਾ ਮਨੋਰਥ ਨਿਰੋਲ ਇਤਿਹਾਸਕ-ਚੇਤਨਾ ਦਾ ਸਿਰਜਣ ਕਰਨਾ ਹੀ ਨਹੀਂ ਜਾਪਦਾ, ਸਗੋਂ ਨਾਵਲਕਾਰ ਇਤਿਹਾਸ-ਚੇਤਨਾ ਨਾਲ ਗਿਆਨ-ਚੇਤਨਾ ਦਾ ਸੰਵਾਦ ਸਿਰਜਦਾ ਹੈ, ਜਿਹੜਾ ਕਿ ਇਸ ਸਿਰਜਣਾ ਨੂੰ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਮੁਕਤ ਕਰਦਾ ਹੋਇਆ ਇਕ 'ਸੰਵਾਦਕੀ-ਪਾਠ' ਵਜੋਂ ਪ੍ਰਸਤੁਤ ਕਰਦਾ ਹੈ।

## ਹਵਾਲੇ


1. ਹਰਭਜਨ ਸਿੰਘ, ਰਚਨਾ ਸੰਰਚਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ: ਅੰਮ੍ਰਿਤਸਰ (1977). ਪੰਨਾ-35
2. Kristeva, Julia. *Desire in Language"*. Newyork: Columbia University press, 1980. Page-37
3. Witosz, Bozena. "Metatext in Discourse of the Theory of the Text, Stylistics and Pragmalinguistics". *Forum Linguistyczne.* No 4. 2017. 101-112
4. ਮਨਮੋਹਨ, ਸਹਿਜ ਗੁਫਾ ਮਹਿ ਆਸਣੁ, ਲੁਧਿਆਣਾ: ਚੇਤਨਾ ਪ੍ਰਕਾਸ਼ਨ, 2021, ਪੰਨਾ-11
5. ਉਹੀ, 12
6. ਉਹੀ, 11
7. ਉਹੀ

8. ਉਹੀ, 13
11. ਉਹੀ, 15
12. ਉਹੀ
13. Warnock, Mary. "Introduction". *Being and Nothingness an eassy on Phenomenological ontology by Jean Paul Sartre*. Trans. Hazel E. Barnes. Routledge Classics: London. 2012
14. ਮਨਮੋਹਨ. ਸਹਿਜ ਗੁਫਾ ਮਹਿ ਆਸਣੁ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2021. ਪੰਨਾ-109
15. ਉਹੀ, 117
16. Sartre, Jean Paul. "The pursuit of Being". *Being and Nothingness an essay on Phenomenological ontology*. Trans. Hazel E. Barnes. Routledge Classics: London. 2012
17. ਮਨਮੋਹਨ, ਸਹਿਜ ਗੁਫਾ ਮਹਿ ਆਸਣੁ. ਲੁਧਿਆਣਾ:: ਚੇਤਨਾ ਪ੍ਰਕਾਸ਼ਨ, 2021. ਪੰਨਾ-126
18. ਉਹੀ, 130
19. ਉਹੀ, 133
20. ਉਹੀ, 135
21. ਉਹੀ, 138
22. ਉਹੀ, 141

# ਲੋਕਧਾਰਾ ਵਿੱਚ ਚੰਨ ਦਾ ਸੰਕਲਪ

❑ ਡਾ. ਕੁਲਵਿੰਦਰ ਕੌਰ

ਮਨੁੱਖੀ ਜੀਵਨ ਦੇ ਵਿਸਥਾਰ ਦਾ ਹਰ ਪੱਖ ਲੋਕਧਾਰਾ ਵਿੱਚ ਸਮਾਇਆ ਹੋਇਆ ਹੈ। ਜੀਵਨ ਦੇ ਹਰ ਪੱਖ ਸਾਹਿਤ, ਕਲਾ, ਸੱਭਿਆਚਾਰ, ਧਰਮ, ਵਿਸ਼ਵਾਸਾਂ ਆਦਿ ਸਭ ਦੇ ਵਿਕਾਸ ਵਿਚ ਲੋਕਧਾਰਾ ਦਾ ਰੋਲ ਪਛਾਨਣਯੋਗ ਹੁੰਦਾ ਹੈ। ਲੋਕਧਾਰਾ ਸਾਡਾ ਅਜਿਹਾ ਪਰੰਪਰਕ ਵਿਰਸਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਪਰੰਪਰਾਗਤ ਢੰਗ ਨਾਲ ਤੁਰਿਆ ਆ ਰਿਹਾ ਹੈ। ਲੋਕਧਾਰਾ ਨੇ ਆਦਿ ਮਨੁੱਖ ਦੇ ਵਿਕਾਸ ਦੇ ਪਹਿਲੇ ਪੜਾਅ ਤੇ ਆਪਣੀ ਹੋਂਦ ਗ੍ਰਹਿਣ ਕਰ ਲਈ ਸੀ।

ਲੋਕਧਾਰਾ ਕਿਸੇ ਭੂਗੋਲਿਕ ਖਿੱਤੇ ਵਿੱਚ ਵੱਸਦੇ ਲੋਕਾਂ ਦੀ ਮਾਨਸਿਕਤਾ ਦਾ ਮਹੱਤਵਪੂਰਨ ਵਿਰਸਾ ਹੁੰਦਾ ਹੈ। ਲੋਕਧਾਰਾ ਵਿੱਚ ਲੋਕ-ਜੀਵਨ, ਲੋਕ-ਚਿਤ, ਲੋਕ-ਪਰੰਪਰਾ, ਲੋਕ-ਕਲਾ, ਲੋਕ ਸਾਹਿਤ ਤੇ ਲੋਕ ਸੱਭਿਆਚਾਰ ਨੂੰ ਸਮਝਣ ਦਾ ਉਹ ਗਿਆਨ ਹੈ, ਜਿਸ ਰਾਹੀਂ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਤੱਥਾਂ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਇਸ ਵਿੱਚ ਮਿਥਕ ਕਥਾਵਾਂ, ਲੋਕ ਕਹਾਣੀਆਂ, ਬੁਝਾਰਤਾਂ, ਮੁਹਾਵਰੇ, ਅਖੌਤਾਂ, ਗੀਤ, ਜਾਦੂ-ਟੂਣੇ, ਨਾਚ, ਖੇਡਾਂ, ਵਿਸ਼ਵਾਸ, ਪਹਿਰਾਵਾ, ਲੋਕ-ਨਾਚ ਆਦਿ ਸ਼ਾਮਿਲ ਕੀਤੇ ਜਾਂਦੇ ਹਨ। **ਆਰਚਰ ਟੇਲਰ** ਨੇ ਲੋਕਯਾਨ ਦੀ ਸਮੱਗਰੀ ਬਾਰੇ ਚਰਚਾ ਕਰਦਿਆਂ ਲਿਖਿਆ ਹੈ;

"ਲੋਕਯਾਨ ਅਜਿਹੀ ਸਮੱਗਰੀ ਹੈ ਜੋ ਪਰੰਪਰਾਗਤ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਇਹ ਮੌਖਿਕ ਰੂਪ ਵਿੱਚ ਲੋਕ-ਗੀਤਾਂ, ਲੋਕ-ਕਹਾਣੀਆਂ, ਪਹੇਲੀਆਂ, ਅਖੌਤਾਂ ਤੇ ਕਈ ਹੋਰ ਰੂਪਾਂ ਵਿੱਚ ਸ਼ਬਦਾਂ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤੀ-ਰਿਵਾਜ਼ ਜਾਂ ਕੰਮ ਧੰਦਿਆਂ ਦੇ ਕਈ ਰੂਪ ਵਿੱਚ ਵੀ ਮਿਲਦੀ ਹੈ। ਇਸ ਵਿੱਚ ਪਰੰਪਰਾਗਤ ਸੰਦ, ਪਦਾਰਥਕ ਵਸਤਾਂ, ਚਿੰਨ, ਰੂੜ ਹੋ ਚੁੱਕੀਆਂ ਰੀਤਾਂ ਅਤੇ ਸੰਪ੍ਰਦਾਇਕ ਵਿਸ਼ਵਾਸ ਸ਼ਾਮਿਲ ਹਨ।"[1]

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ। ਮਨੁੱਖੀ ਜ਼ਿੰਦਗੀ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇ ਜਿਸ ਵਿੱਚ 'ਲੋਕਧਾਰਾ' ਦੇ ਤੱਤ ਨਾ ਲੱਭੇ ਜਾ ਸਕਦੇ ਹੋਣ। ਲੋਕਧਾਰਾ ਦੇ ਤੱਤ, ਪਰੰਪਰਾ, ਮੌਖਿਕਤਾ, ਲੋਕ ਸੰਸਕ੍ਰਿਤੀ, ਲੋਕ ਮਾਣਸ, ਲੋਕ ਪ੍ਰਵਾਨਗੀ ਆਦਿ ਹਨ। ਲੋਕਧਾਰਾ ਦਾ ਖੇਤਰ ਵਿਸ਼ਾਲ ਹੋਣ ਕਰਕੇ ਇਸਦੇ ਅੰਤਰਗਤ ਲੋਕ ਸਾਹਿਤ, ਲੋਕ ਵਿਸ਼ਵਾਸ, ਰੀਤੀ ਰਿਵਾਜ਼ ਆਦਿ ਸੰਕਲਪ ਆ ਜਾਂਦੇ ਹਨ। ਲੋਕਧਾਰਾ ਦੇ ਸੰਦਰਭ ਵਿਚ ਗੱਲ ਕਰਦਿਆਂ 'ਚੰਨ' ਇਕ ਅਜਿਹਾ ਸੰਕਲਪ ਹੈ, ਜਿਸ ਨਾਲ ਲੋਕ ਮਾਨਸਿਕਤਾ ਅਟੁੱਟ ਰੂਪ ਵਿੱਚ ਜੁੜੀ ਹੋਈ ਹੈ। ਚੰਨ ਸਦੀਆਂ ਤੋਂ ਲੋਕਾਂ ਦੇ ਮਨਾਂ ਨੂੰ ਟੁੰਬਦਾ ਰਿਹਾ ਹੈ। ਲੋਕ

ਮਨ ਇਸ ਨੂੰ ਪ੍ਰਵਾਨ ਵੀ ਕਰਦਾ ਰਿਹਾ ਹੈ। ਲੋਕਧਾਰਾ ਵਿੱਚ ਚੰਨ ਕਈ ਰੂਪਾਂ ਤੇ ਵਿਸ਼ਵਾਸਾਂ ਦੇ ਤੌਰ ਤੇ ਮਨੁੱਖੀ ਮਨਾਂ ਦੇ ਨਾਲ ਜੁੜਿਆ ਹੋਇਆ ਹੈ।

### ਚੰਨ ਨਾਲ ਸੰਬੰਧਿਤ ਰਿਸ਼ਤੇ-ਨਾਤੇ

ਰਿਸ਼ਤੇ ਜੀਵਨ ਦੇ ਵੱਖ-ਵੱਖ ਪੱਖਾਂ ਦੀ ਪੂਰਤੀ ਕਰਦੇ ਹਨ। ਹਰ ਰਿਸ਼ਤੇ ਦਾ ਮਾਨਸਿਕ, ਆਰਥਿਕ, ਲਿੰਗਾਤਮਕ, ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ-ਪਿਉ, ਚਾਚਾ-ਚਾਚੀ, ਤਾਇਆ-ਤਾਈ, ਮਾਮਾ-ਮਾਮੀ, ਮਾਸੜ-ਮਾਸੀ, ਫੁੱਫੜ-ਭੂਆ ਆਦਿ ਵੱਡੇ ਥੰਮ੍ਹ ਦੇ ਰਿਸ਼ਤੇ ਹਨ। ਮਨੁੱਖ ਅਖਲਾਕੀ ਤੌਰ ਤੇ ਇਨ੍ਹਾਂ ਦਾ ਸਤਿਕਾਰ ਕਰਦਾ ਹੈ। ਇਸ ਤਰ੍ਹਾਂ ਚੰਨ ਨਾਲ ਸਬੰਧਿਤ ਰਿਸ਼ਤੇ ਵੀ ਸਾਡੀ ਮਾਨਸਿਕਤਾ ਨਾਲ ਜੁੜੇ ਹੋਏ ਹਨ। ਪੰਜਾਬੀ ਸਭਿਆਚਾਰ ਵਿੱਚ ਮਾਂ ਜਦੋਂ ਆਪਣੇ ਪੁੱਤ ਦੀ ਕਿਸੇ ਨਾਲ ਤੁਲਨਾ ਕਰਦੀ ਹੈ ਤਾਂ ਉਹ ਕਹਿੰਦੀ ਹੈ ਕਿ ਮੇਰਾ ਪੁੱਤ 'ਚੰਨ' ਵਰਗਾ ਹੈ। ਪੰਜਾਬੀ ਮੁਟਿਆਰ ਆਪਣੇ ਮਾਹੀ ਦੀ ਤੁਲਨਾ 'ਚੰਨ ਮਾਹੀ' ਨਾਲ ਕਰਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਜਦੋਂ ਮਾਂ ਆਪਣੇ ਬੱਚੇ ਨੂੰ ਖਿਡਾਉਂਦੀ ਹੈ ਤਾਂ ਉਹ 'ਚੰਨ' ਦੀ ਉਦਾਹਰਨ ਦੇ ਕੇ ਕਹਿੰਦੀ ਹੈ,

ਚੰਦਾ ਮਾਮਾ ਆਵੇਗਾ
ਖੀਰ ਪੂੜੇ ਲਿਆਵੇਗਾ।

ਇਸ ਤਰ੍ਹਾਂ ਚੰਨ ਪੁੱਤ ਵੀ ਹੈ, ਮਾਹੀ ਵੀ ਤੇ ਚੰਨ ਮਾਮਾ ਵੀ ਹੈ। ਇਹ ਰਿਸ਼ਤਾ ਸਾਡੀ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ।

### ਚੰਨ ਨਾਲ ਸੰਬੰਧਿਤ ਗਹਿਣੇ ਤੇ ਹਾਰ ਸ਼ਿੰਗਾਰ

ਚੰਨ ਨੂੰ ਸੋਲਾਂ ਸ਼ਿੰਗਾਰ ਸੰਪੂਰਣ ਮੰਨਿਆ ਜਾਂਦਾ ਹੈ। ਜਦੋਂ ਚੰਨ ਦੀਆਂ ਸੋਲਾਂ ਕਲਾਵਾਂ ਸੰਪੂਰਣ ਹੋ ਜਾਂਦੀਆਂ ਹਨ ਤਾਂ ਉਹ ਭਰਪੂਰ ਜੋਬਨ ਵਿੱਚ ਵਿਚਰਦਾ ਹੈ। ਇਸ ਤਰ੍ਹਾਂ ਸੋਲਾਂ ਸ਼ਿੰਗਾਰ ਔਰਤ ਦੇ ਰੂਪ ਨੂੰ ਪੂਰੀ ਤਰ੍ਹਾਂ ਨਿਖਾਰਦੇ ਹਨ। ਸੋਲਾਂ ਸ਼ਿੰਗਾਰ ਵਿੱਚ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਸਭ ਅੰਗਾਂ ਦੀ ਸਜਾਵਟ ਆ ਜਾਂਦੀ ਹੈ। ਇਹ ਸੋਲਾਂ ਸ਼ਿੰਗਾਰ ਇਸ ਪ੍ਰਕਾਰ ਹਨ:-

"1. ਸਰੀਰ ਉੱਤੇ ਵਟਣਾ ਮਲਣਾ
2. ਇਸ਼ਨਾਨ ਕਰਨਾ
3. ਸੁੰਦਰ ਕੱਪੜੇ ਪਹਿਨਣਾ
4. ਵਾਲਾਂ ਨੂੰ ਸੰਵਾਰਨਾ
5. ਅੱਖਾਂ ਵਿੱਚ ਕੱਜਲ ਪਾਉਣਾ
6. ਮਾਂਗ ਵਿੱਚ ਸੰਧੂਰ ਭਰਨਾ
7. ਮੱਥੇ ਉੱਤੇ ਬਿੰਦੀ ਲਗਾਉਣੀ
8. ਮੂੰਹ ਉੱਤੇ ਤਿੱਲ ਦਾ ਨਿਸ਼ਾਨ ਉਕਰਨਾ
9. ਹੱਥਾਂ ਪੈਰਾਂ ਉੱਤੇ ਮਹਿੰਦੀ ਲਗਾਉਣੀ
10. ਸਰੀਰ ਉੱਤੇ ਸੁਗੰਧੀ ਛਿੜਕਣੀ

11. ਗਹਿਣੇ ਪਾਉਣੇ
12. ਗਲੇ ਵਿਚ ਹਾਰ ਪਾਉਣਾ
13. ਪਾਨ ਦਾ ਬੀੜਾ ਚੱਬਣਾ
14. ਮਿੱਸੀ ਲਾਉਣਾ
15. ਪੈਰਾਂ ਤੇ ਮੁਹਾਵਰ ਲਾਉਣਾ
16. ਬੀਰੀ ਪਾਉਣਾ।"[2]

ਇਹ ਸ਼ਿੰਗਾਰ ਔਰਤ ਦੇ ਰੂਪ ਨੂੰ ਪੂਰੀ ਤਰ੍ਹਾਂ ਨਿਖਾਰਦੇ ਹਨ। ਇਸ ਤੋਂ ਇਲਾਵਾ ਕਈ ਗਹਿਣੇ 'ਚੰਨ' ਦੀ ਟਿੱਕੀ ਵਰਗੇ ਹੁੰਦੇ ਹਨ। ਛੋਟੇ ਬੱਚੇ ਦੇ ਗੱਲ ਵਿੱਚ ਕਾਲੇ ਧਾਗੇ ਵਿਚ 'ਚੰਨ' ਦੀ ਟਿੱਕੀ ਚਾਂਦੀ ਦੀ ਬਣਾ ਕੇ ਪਾਉਣੀ ਚੰਗੀ ਸਮਝੀ ਜਾਂਦੀ ਹੈ।

ਤੀਵੀਆਂ ਦਾ ਇੱਕ ਗਹਿਣਾ, ਜੋ ਕੰਨਾਂ ਵਿੱਚ ਪਾਇਆ ਜਾਂਦਾ ਹੈ। ਇਸ ਦੀ ਸ਼ਕਲ ਚੰਨ ਦੀ ਟਿੱਕੀ ਵਰਗੀ ਹੁੰਦੀ ਹੈ, ਜਿਸ ਨੂੰ 'ਚੰਦਾਨੀ' ਕਿਹਾ ਜਾਂਦਾ ਹੈ।

ਤੀਵੀਆਂ ਦਾ ਇਕ ਗਹਿਣਾ, ਜੋ ਨੱਕ ਵਿੱਚ ਪਹਿਨਿਆ ਜਾਂਦਾ ਹੈ। ਇਹ ਇੱਕ ਪ੍ਰਕਾਰ ਦੀ ਨੱਥ ਹੈ, ਜਿਸ ਉੱਪਰ ਚੰਨ ਦੀ ਸ਼ਕਲ ਦੀ ਟਿੱਕੀ ਜੜ੍ਹੀ ਹੁੰਦੀ ਹੈ, ਜੋ ਧੁੱਪ ਵਿੱਚ ਲਿਸ਼ਕਾਰੇ ਮਾਰਦੀ ਹੈ। ਇਸ ਨੂੰ 'ਚੰਦੀ' ਕਿਹਾ ਜਾਂਦਾ ਹੈ।

ਇੱਕ ਗਹਿਣਾ ਜੋ ਅੱਧੇ ਚੰਨ ਦੀ ਸ਼ਕਲ ਦਾ ਹੁੰਦਾ ਹੈ ਅਤੇ ਮੱਥੇ ਤੇ ਲਟਕਾਇਆ ਜਾਂਦਾ ਹੈ। ਇਸ ਨੂੰ 'ਚੰਦ੍ਰਕਾ' ਕਿਹਾ ਜਾਂਦਾ ਹੈ। ਇਹ ਚਾਂਦੀ ਦੀ ਧਾਤ ਦਾ ਵੀ ਬਣਦਾ ਹੈ ਤੇ ਸੋਨੇ ਦਾ ਵੀ। ਇਸ ਨਾਲ ਇੱਕ ਜੰਜ਼ੀਰੀ ਲੱਗੀ ਹੁੰਦੀ ਹੈ, ਜੋ ਮਾਂਗ ਉੱਤੇ ਲਟਕਾ ਦਿੱਤੀ ਜਾਂਦੀ ਹੈ।

### ਚੰਨ ਨਾਲ ਸੰਬੰਧਿਤ ਵਹਿਮ-ਭਰਮ ਅਤੇ ਵਿਸ਼ਵਾਸ

ਵਹਿਮ-ਭਰਮ ਅਤੇ ਲੋਕ-ਵਿਸ਼ਵਾਸ ਲੋਕ-ਮਾਨਸ ਦੇ ਪ੍ਰਗਟਾਅ ਦੇ ਦੋ ਮਹੱਤਵਪੂਰਨ ਪਹਿਲੂ ਹਨ। ਦੋਵੇਂ ਇੱਕ ਦੂਜੇ ਨਾਲ ਐਨੇ ਰਲਗੱਡ ਹੋ ਚੁੱਕੇ ਹਨ ਕਿ ਇਹਨਾਂ ਨੂੰ ਵੱਖਰੇ ਰੂਪ ਵਿੱਚ ਦੇਖਣਾ ਮੁਸ਼ਕਿਲ ਜਾਪਦਾ ਹੈ। ਵਹਿਮ-ਭਰਮ ਵਿੱਚ ਅਕਸਰ ਵਿਸ਼ਵਾਸ ਦਾ ਅੰਸ਼ ਸ਼ਾਮਿਲ ਹੁੰਦਾ ਹੈ, ਜਦੋਂ ਕਿ ਲੋਕ-ਵਿਸ਼ਵਾਸ ਕਿਤੇ ਨਾ ਕਿਤੇ ਵਹਿਮ ਭਰਮ ਉੱਤੇ ਟਿਕਿਆ ਹੁੰਦਾ ਹੈ। **ਡਾ. ਬਲਬੀਰ ਸਿੰਘ ਪੂੰਨੀ** ਦੇ ਅਨੁਸਾਰ,

"ਵਹਿਮਾਂ ਭਰਮਾਂ ਅਤੇ ਵਿਸ਼ਵਾਸਾਂ ਦਾ ਵਿਸ਼ਾਲ ਵਿਸ਼ੇ ਖੇਤਰ ਹੈ। ਇਹ ਮਨੁੱਖ ਦੇ ਜੀਵਨ ਦੇ ਹਰ ਪੜਾਅ, ਹਰ ਅੰਗ ਅਤੇ ਹਰ ਸਮੇਂ ਨਾਲ ਸੰਬੰਧ ਰੱਖਦੇ ਹਨ। ਕੋਈ ਅਜਿਹਾ ਮੌਕਾ ਜਾ ਘਟਨਾ ਨਹੀਂ ਹੁੰਦੀ ਜਦੋਂ ਉਸ ਸੰਬੰਧੀ ਵੱਖੋ-ਵੱਖਰੇ ਵਹਿਮ ਭਰਮ ਅਤੇ ਵਿਸ਼ਵਾਸ ਨਾ ਪਾਏ ਜਾਂਦੇ ਹੋਣ।"[3]

ਇਸ ਤਰ੍ਹਾਂ ਚੰਨ ਨਾਲ ਸੰਬੰਧਿਤ ਵੀ ਬਹੁਤ ਸਾਰੇ ਵਹਿਮ-ਭਰਮ ਅਤੇ ਵਿਸ਼ਵਾਸ ਜੁੜੇ ਹੋਏ ਹਨ। ਚੰਨ ਨਾਲ ਸਾਡਾ ਸਾਰਾ ਧਾਰਮਿਕ ਜੀਵਨ ਸੰਬੰਧਿਤ ਹੈ। ਮੱਸਿਆ ਤੋਂ ਪੂਰਨਮਾਸੀ ਤੱਕ ਦੀਆਂ ਚੜ੍ਹਦੀਆਂ ਤੇ ਫਿਰ ਲਹਿੰਦੀਆਂ ਤਿੱਥਾਂ ਨਾਲ ਸਾਡੇ ਸਾਰੇ ਧਾਰਮਿਕ

ਤਿਉਹਾਰ ਤੇ ਮੇਲੇ ਜੁੜੇ ਹੋਏ ਹਨ ਜਿਵੇਂ ਦੀਵਾਲੀ, ਹੋਲੀ, ਬਸੰਤ ਪੰਚਮੀ। ਹਿੰਦੂ ਦੇਵੀ-ਦੇਵਤਿਆਂ, ਅਵਤਾਰਾਂ ਤੇ ਸਿੱਖ ਗੁਰੂਆਂ, ਸੰਤ ਤੇ ਮਹਾਤਮਾਵਾਂ ਦੇ ਤਿਉਹਾਰ ਵੀ ਚੰਦਰਮਾ ਦੀਆਂ ਤਿੱਥਾਂ ਅਨੁਸਾਰ ਹੁੰਦੇ ਹਨ। ਵਿਆਹ ਸ਼ਾਦੀ ਦੇ ਲਗਨ ਤੇ ਮਹੂਰਤ ਵੀ ਚੰਨ ਦੀਆਂ ਤਿੱਥਾਂ ਅਨੁਕੂਲ ਕੱਢੇ ਜਾਂਦੇ ਹਨ।

ਜੇ ਨਵੀਂ ਵਿਆਹੀ ਕੁੜੀ ਹਰ ਮਹੀਨੇ ਨਵਾਂ ਚੰਨ ਵੇਖੇ ਤਾਂ ਉਸ ਦੀ ਕੁੱਖੋਂ ਚੰਨ ਵਰਗਾ ਸੁਹਣਾ ਬਾਲ ਜਨਮ ਲੈਂਦਾ ਹੈ। ਨਵੀਂ ਵਿਆਹੀ ਕੁੜੀ ਨਵਾਂ ਚੰਨ ਵੇਖਣ ਮਗਰੋਂ, ਸੱਸ ਸਹੁਰੇ ਦੇ ਪੈਰ ਛੂੰਹਦੀ ਹੈ ਤੇ ਉਸ ਤੋਂ ਸੱਤ-ਪੁੱਤਰੀ ਹੋਣ ਦੀ ਅਸੀਸ ਮੰਗਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਚੰਨ ਵਿੱਚ ਜੋ ਕਾਲੇ ਧੱਬੇ ਵਿਖਾਈ ਦੇਂਦੇ ਹਨ, ਇਹ ਬੁੱਢੀ ਮਾਈ ਤੇ ਉਸਦੇ ਚਰਖੇ ਦੇ ਨਿਸ਼ਾਨ ਹਨ। ਮੁੱਢ ਕਦੀਮ ਤੋਂ ਹੀ ਇੱਕ ਬੁੱਢੀ ਮਾਈ, ਚੰਨ ਵਿਚ ਬੈਠੀ ਚਰਖਾ ਕੱਤ ਰਹੀ ਹੈ। ਜਦੋਂ ਉਹ ਮੁੱਢੇ ਕੱਤ ਲੈਂਦੀ ਹੈ ਤਾਂ ਉਨ੍ਹਾਂ ਨੂੰ ਉਹ ਧਰਤੀ ਉੱਤੇ ਵਗਾਹ ਸੁੱਟਦੀ ਹੈ। ਮੁੱਢੇ ਦੇ ਧਾਗੇ ਉੱਖੜ ਕੇ ਦੁੱਧ-ਚਿੱਟੀਆਂ ਕਿਰਨਾਂ ਦਾ ਰੂਪ ਧਾਰ, ਸਾਰੇ ਸੰਸਾਰ ਵਿਚ ਖਿੱਲਰ ਜਾਂਦੇ ਹਨ ਤੇ ਨਵਾਂ ਚੰਨ ਚੜ੍ਹ ਆਉਂਦਾ ਹੈ।

ਭਾਦਰੋਂ ਦੇ ਚੌਥ ਦਾ ਚੰਨ ਮੱਥੇ ਲਗਣਾ ਸ਼ੁੱਭ ਨਹੀਂ ਮੰਨਿਆ ਜਾਂਦਾ। ਕੋਈ ਨਾ ਕੋਈ ਬਦਨਾਮੀ ਮੱਥੇ ਲੱਗਦੀ ਹੈ। ਭਾਦਰੋਂ ਦੇ ਮਹੀਨੇ ਨਵੇਂ ਚੰਨ ਨੂੰ ਵੇਖਣਾ ਠੀਕ ਨਹੀਂ ਸਮਝਿਆ ਜਾਂਦਾ। ਭਾਦਰੋਂ ਦੀ ਚੌਥ ਦਾ ਨਵਾਂ ਚੰਨ ਵੇਖਣ ਵਾਲੇ ਉੱਤੇ ਝੂਠੀ ਤੁਹਮਤ ਲੱਗਦੀ ਹੈ। ਇਸ ਤੋਂ ਬਚਣ ਦਾ ਇੱਕੋ-ਇੱਕ ਢੰਗ ਇਹ ਹੈ ਕਿ ਕਿਸੇ ਗਵਾਂਢੀ ਨੂੰ ਆਪਣੇ ਮਕਾਨ ਉੱਤੇ ਇੱਟਾਂ-ਵੱਟੇ ਸੁੱਟਣ ਲਈ ਕਿਹਾ ਜਾਵੇ। ਇਸ ਤਰ੍ਹਾਂ ਤੁਹਾਡਾ ਦਿਲ ਦੁਖੇਗਾ ਤੇ ਸਰਾਪ ਵੀ ਪੂਰਾ ਹੋ ਜਾਵੇਗਾ।

ਇਸ ਤੁਹਮਤ ਤੋਂ ਬਚਣ ਦਾ ਇੱਕ ਹੋਰ ਉਪਾਅ ਇਹ ਵੀ ਹੈ ਕਿ ਤੁਸੀਂ ਗੁਆਢੀਆਂ ਦੇ ਘਰ ਇੱਟਾਂ- ਵੱਟੇ, ਮੈਲਾ ਤੇ ਗੰਦ ਸੁੱਟੋ। ਜੇ ਉਹ ਅੱਗੋਂ ਲੜਨ ਨੂੰ ਪੈਣ ਤਾਂ ਇਸ ਅਪਸ਼ਗਨ ਦਾ ਮੰਦਾ ਅਸਰ ਉਨ੍ਹਾਂ ਉੱਤੇ ਪਏਗਾ।

ਚੰਦਰਮਾ ਦੇ ਹਨੇਰੇ ਪੱਖ ਦੀ ਪੰਦਰਵੀਂ ਤਿੱਥ ਜਦੋਂ ਚੰਦਰਮਾ ਦਾ ਅਭਾਵ ਹੁੰਦਾ ਹੈ, ਉਸ ਨੂੰ ਮੱਸਿਆ ਆਖਿਆ ਜਾਂਦਾ ਹੈ। ਇਸ ਤਿੱਥ ਦਾ ਅੱਜ ਵੀ ਸਾਡੇ ਵਿਰਸੇ ਵਿਚ ਬਹੁਤ ਮਹੱਤਵ ਹੈ। ਇਹ ਖਿਆਲ ਕੀਤਾ ਜਾਂਦਾ ਹੈ ਕਿ ਜੇ ਮਕਾਨ ਦੀ ਨੀਂਹ ਮੱਸਿਆ ਵਾਲੇ ਦਿਨ ਰੱਖੀ ਜਾਵੇ ਤਾਂ ਉਸ ਮਕਾਨ ਵਿਚ ਹਮੇਸ਼ਾ ਕੀੜੇ, ਸੱਪ ਤੇ ਅਠੂਏ ਨਿਕਲਦੇ ਹਨ। ਜੇ ਕਿਸੇ ਕੰਨਿਆ ਦਾ ਵਿਆਹ ਮੱਸਿਆ ਵਾਲੇ ਦਿਨ ਕੀਤਾ ਜਾਵੇ ਤਾਂ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਉਹ ਕਦੇ ਮਾਂ ਨਹੀਂ ਬਣ ਸਕਦੀ।

- ਮੱਸਿਆ ਦਾ ਦਿਨ ਅਸ਼ੁੱਭ ਮੰਨਿਆ ਜਾਂਦਾ ਹੈ। ਇਸ ਦਿਨ ਕੰਮ ਕਰਨਾ ਠੀਕ ਨਹੀਂ ਮੰਨਿਆ ਜਾਂਦਾ ਹੈ।
- ਇਸ ਦਿਨ ਦਾਨ-ਪੁੰਨ ਕਰਨਾ ਚੰਗਾ ਸਮਝਿਆ ਜਾਂਦਾ ਹੈ।
- ਇਸ ਦਿਨ ਕਈ ਹਿੰਦੂ ਤੀਵੀਆਂ ਮੱਸਿਆ ਵਾਲੇ ਦਿਨ ਵਰਤ ਰੱਖਦੀਆਂ ਹਨ ਅਤੇ ਗਊ ਨੂੰ ਪੇੜੇ ਵੀ ਦਿੰਦੀਆਂ ਹਨ।

➢ ਜੇ ਮੱਸਿਆ ਸੋਮਵਾਰ ਨੂੰ ਆਵੇ ਤਾਂ ਇਹ ਸ਼ੁਭ ਅਤੇ ਕਲਿਆਣੀ ਮੰਨੀ ਜਾਂਦੀ ਹੈ ਅਤੇ ਇਸ ਨੂੰ 'ਸੋਮਵਤੀ ਅਮਾਵਸ' ਵੀ ਕਹਿੰਦੇ ਹਨ।

**ਚੰਨ ਨਾਲ ਸੰਬੰਧਿਤ ਮਿੱਥ**

ਕੁੱਝ ਵਿਦਵਾਨਾਂ ਦੀ ਇਹ ਧਾਰਨਾ ਰਹੀ ਹੈ ਕਿ ਚੰਦਰਮਾ ਦੀ ਵੱਧਦੀ ਗਤੀ ਦੇ ਪ੍ਰਾਕਿਤਕ ਦ੍ਰਿਸ਼ਟਮਾਨ ਨੂੰ ਆਧਾਰ ਬਣਾ ਕੇ ਕੁੱਝ ਸਮਾਨਾਂਤਰ ਮਿਥਕ ਕਥਾਵਾਂ ਸਿਰਜ ਲਈਆਂ ਗਈਆਂ ਹਨ ਜਾਂ ਫਿਰ ਚੰਦਰਮਾ ਬਾਰੇ ਪੂਰਵ ਇਤਿਹਾਸਕ ਕਾਲ ਵਿਚ ਜੋ ਮਿਥਕ ਕਥਾਵਾਂ ਰਚੀਆਂ ਗਈਆਂ, ਉਹਨਾਂ ਨੂੰ ਵਿਗਾੜ ਕੇ ਨਵੇਂ ਨਾਇਕ ਸਿਰਜ ਲਏ ਗਏ। 1906 ਈ: ਵਿੱਚ ਬਰਲਨ ਵਿੱਚ ਮਿਥਕ ਕਥਾਵਾਂ ਦੇ ਤੁਲਨਾਤਮਕ ਅਧਿਐਨ ਨਾਲ ਸੰਬੰਧਿਤ ਇੱਕ ਬੈਠਕ ਹੋਈ, ਜਿਸ ਵਿਚ ਚਰਚਾ ਕਰਨ ਲਈ ਅਨੇਕਾਂ ਪ੍ਰਸਿੱਧ ਵਿਦਵਾਨ ਸ਼ਾਮਿਲ ਹੋਏ। ਇਹਨਾਂ ਵਿਦਵਾਨਾਂ ਨੇ ਮਿਥਕ ਕਥਾਵਾਂ ਦੀ ਵਿਆਖਿਆ ਲਈ ਸੂਰਜ ਨਾਲੋਂ ਚੰਦਰਮੇ ਨੂੰ ਪ੍ਰਾਥਮਿਕਤਾ ਦਿੱਤੀ। ਇਹਨਾਂ ਦੀ ਧਾਰਨਾ ਸੀ ਕਿ ਚੰਦਰਮਾ ਨੂੰ ਵੱਧਣ ਘੱਟਣ ਦੀ ਗਤੀਵਿਧੀ ਨੂੰ ਆਧਾਰ ਬਣਾ ਕੇ ਕੁੱਝ ਘਟਨਾਵਾਂ, ਕਿਸੇ ਨਾਇਕ ਨਾਲ ਸੰਬੰਧਿਤ ਹੋ ਗਈਆਂ। ਚੰਦਰਮੇ ਦੀ ਹੋਣੀ ਭੋਗਣ ਵਾਲੇ ਨਾਇਕ ਨੂੰ 'ਚੰਦਰਮੀ ਨਾਇਕ' ਆਖਿਆ ਜਾਂਦਾ ਹੈ। ਪੰਜਾਬੀ ਵਿੱਚ ਇਸ ਕਿਸਮ ਦੀ ਨਾਇਕਾ ਦੀ ਵਿਆਖਿਆ ਲਈ ਸਭ ਤੋਂ ਵਧੀਆ ਉਦਾਹਰਣ ਸੱਸੀ ਦੀ ਹੈ।'ਸੱਸੀ-ਪੁੰਨੂੰ' ਦੀ ਦੰਦ ਕਥਾ ਚੰਦਰ-ਮਿੱਥ ਦੀ ਹੀ ਵਿਗਾੜ ਹੈ। ਇਸ ਬਾਰੇ **ਡਾ. ਵਣਜਾਰਾ ਬੇਦੀ** ਲਿਖਦੇ ਹਨ,

"ਸੱਸੀ ਪੁੰਨੂੰ ਦੀ ਕਥਾ ਬੁਨਿਆਦੀ ਤੌਰ ਤੇ ਇੱਕ ਚੰਨ-ਮਿੱਥ ਹੈ, ਚੰਨ ਦੇ ਇਕ ਦ੍ਰਿਸ਼ਟਮਾਨ ਦੀ ਲੋਕ-ਕਲਪਨਾ ਵਿੱਚੋਂ ਉਪਜੀ ਬ੍ਰਿਤਾਂਤਕਨਕਲ, ਜਿਸ ਦੁਆਰਾ ਚੰਨ ਦੇ ਵੱਧਣ ਘੱਟਣ ਦੀ ਕਿਰਿਆ ਦੇ ਰਹੱਸਾਂ ਦਾ ਮਨੁੱਖੀ ਰਿਸ਼ਤਿਆਂ ਵਿੱਚ ਸਪੱਸ਼ਟੀਕਰਨ ਕੀਤਾ ਗਿਆ ਹੈ...ਆਦਿਮ ਪੰਜਾਬੀਆਂ ਵਿੱਚ ਚੰਨ ਦੀ ਅਮਾਵਸ ਤੋਂ ਪੁੰਨਿਆਂ ਵੱਲ ਚੜ੍ਹਤ ਤੇ ਫਿਰ ਪਤਨ ਦੇ ਪ੍ਰਾਕ੍ਰਿਤਕ ਨਜ਼ਾਰੇ ਬਾਰੇ, ਜੋ ਮਿੱਥ ਪ੍ਰਚਲਤ ਸੀ, ਉਹੋ ਹੀ ਸੱਸੀ ਪੁੰਨੂ ਦੀ ਦੰਦ ਕਥਾ ਦੀ ਜੇਠੀ ਸੀ। ਸੱਸੀ ਦੇ ਪੁੰਨੂ ਲਈ ਪਲ ਪਲ ਵਧਦੇ ਪ੍ਰੇਮ, ਵੇਗ, ਸੰਜੋਗ ਸਿਖਰ ਤੇ ਫਿਰ ਵਿਜੋਗ ਵਲ ਦੀ ਹੋਂਦ-ਭੰਗਰੀ ਦਸ਼ਾ ਦਾ ਏਕੀਕਰਨ, ਚੰਨ (ਸੱਸੀ) ਦੀ ਮੱਸਿਆ ਤੋਂ ਪੂਰਨਮਾਸ਼ੀ (ਪੰਨੂੰ) ਵੱਲ ਦੀ ਚੜ੍ਹਦੀ ਗਤੀ ਅਤੇ ਪੂਰਨਮਾਸ਼ੀ ਤੇ ਮੱਸਿਆ ਵੱਲ ਦੇ ਪਤਨ ਦੇ ਦ੍ਰਿਸ਼ਟਮਾਨ ਨਾਲ ਕੀਤਾ ਜਾ ਸਕਦਾ ਹੈ। ਇੱਕ ਦ੍ਰਿਸ਼ਟਮਾ ਹੈ, ਦੂਜਾ ਉਸਦਾ ਬ੍ਰਿਤਾਂਤਕ ਰੂਪ। ਇਸ ਦੰਦ-ਕਥਾ ਦਾ ਚੰਨ ਦੇ ਵੱਧਣ ਘੱਟਣ ਦੀ ਅਵਸਥਾ ਨਾਲ ਤੁਲਨਾ ਕਰੀਏ ਤਾਂ ਰਹੱਸ ਸਹਿਜੇ ਹੀ ਖੁੱਲ੍ਹ ਜਾਂਦਾ ਹੈ...। ਚੌਥ ਨੂੰ ਨਵਾਂ ਚੰਨ ਵੇਖਣ ਨਾਲ ਮੱਥੇ ਬਦਨਾਮੀ ਲੱਗਦੀ ਹੈ। ਇਸ ਮਨੌਤ ਬਾਰੇ ਇੱਕ ਵੱਖਰੀ ਮਿੱਥ ਵੀ ਪ੍ਰਚਲਤ ਹੈ। ਬ੍ਰਿਤਾਂਤ ਅਨੁਸਾਰ ਸੱਸੀ ਜੰਮੀ, ਪਰ ਜੋਤਸ਼ੀਆਂ ਦੇ ਕਹਿਣ ਉੱਤੇ ਕਿ ਉਹ ਮਾਪਿਆਂ ਨੂੰ ਬਦਨਾਮ ਕਰੇਗੀ, ਮਾਪੇ ਉਹਦੇ ਮੂੰਹ ਨਾ ਲੱਗੇ। ਸੱਸੀ ਨੂੰ ਜੰਮਦੇ ਸਾਰ ਦਰਿਆ ਵਿੱਚ ਰੋਹੜ ਦੇਣਾ ਅਤੇ ਚੰਦਰਮਾ ਦਾ ਏਕਮ ਨੂੰ ਅਸਮਾਨ ਵਿਚ ਠਿੱਲਣਾ, ਇੱਕੋ ਦਸ਼ਾ ਦੇ ਬੋਧ ਹਨ। ਦੂਜ ਜਾਂ ਤੀਜ ਨੂੰ ਚੰਨ ਆਕਾਸ਼ ਵਿੱਚ ਪ੍ਰਤੱਖ ਰੂਪ ਵਿੱਚ ਵਿਖਾਈ ਦੇਂਦਾ ਹੈ। ਦਰਿਆ ਵਿਚ ਰੁੜਦੀ ਸੱਸੀ ਉੱਤੇ ਧੋਬੀ ਦੀ ਨਜ਼ਰ ਪੈਣੀ, ਇਸੇ ਦ੍ਰਿਸ਼ਟਮਾਨ ਦੀ ਸੂਚਕ ਹੈ। ਸੱਸੀ ਦਾ

ਪੁੰਨੂੰ ਨੂੰ ਸੁਪਨੇ ਵਿਚ ਵੇਖ ਕੇ ਮੋਹਿਤ ਹੋਣਾ, ਚੰਨ ਦਾ ਪੂਰਨਤਾ (ਪੁੰਨਿਆਂ) ਲਈ ਜਾਗਰੂਪ ਹੋਣਾ ਹੈ... ਸੱਸੀ ਦਾ ਪੁੰਨੂੰ ਨਾਲ ਸੰਜੋਗ ਤੱਕ ਦੇ ਇਸ਼ਕ ਦਾ ਸਫ਼ਰ, ਚੰਨ ਦੀ ਪੂਰਨਮਾ ਤੱਕ ਦੀ ਪ੍ਰਾਪਤੀ ਹੈ। ਪੂਰਨਮਾ ਸੰਜੋਗ ਦੀ ਸਿਖਰ ਹੈ। ਚੰਨ ਕਿਸੇ ਘੜੀ ਵੀ ਸਥਿਰ ਨਹੀਂ ਰਹਿੰਦਾ, ਪੂਰਨ ਹੋ ਕੇ ਵੀ ਚੰਨ ਦੀ ਇਹੋ ਹੋਣੀ ਹੈ। ਚੰਨ ਪੂਰਨਮਾ ਵਿੱਚ ਕੁੱਝ ਘੜੀਆਂ ਹੀ ਟਿਕਦਾ ਹੈ, ਹਮੇਸ਼ਾ ਲਈ ਨਹੀਂ। ਸੋ ਸੱਸੀ ਪੁੰਨੂੰ ਦਾ ਸੰਜੋਗ ਵੀ ਸਥਿਰ ਨਹੀਂ ਰਿਹਾ। ਸੰਜੋਗ ਸਿਖਰ ਉੱਤੇ ਪਹੁੰਚਣ ਮਗਰੋਂ ਵਿਜੋਗ ਬਣ ਗਿਆ। ਸੱਸੀ ਦਾ ਥੱਲਾਂ ਵਿਚ ਪੁੰਨੂੰ ਨੂੰ ਖੋਜਣਾ ਤੇ ਬਿਰਹੋਂ ਵਿੱਚ ਭਟਕਣਾ ਘੱਟਦੇ ਚੰਨ ਦਾ ਆਕਾਸ਼ ਵਿੱਚ ਹੋਣੀ ਨਾਲ ਘੁਲਦਿਆਂ, ਦਿਨ ਪ੍ਰਤੀ ਦਿਨ ਤਿਲ-ਤਿਲ ਨਿੱਘਰਨਾ ਤੇ ਆਪਣੀ ਹੋਂਦ ਨੂੰ ਵਿਛੁੰਨਣ ਦਾ ਰੂਪਕ ਹੈ। ਇਸੇ ਤਰ੍ਹਾਂ ਵਿਆਕੁਲ ਸੱਸੀ ਥੱਲਾਂ ਵਿੱਚ ਹੋਣੀਂ ਨਾਲ ਟਕਰਾਂਦੀ, ਗੁਆਚੇ ਪੁੰਨੂੰ ਨੂੰ ਭਾਲਦੀ ਪ੍ਰਾਣ ਤਿਆਗ ਦਿੰਦੀ ਹੈ। ਪੂਰਨਮਾ ਦੀ ਹੋਂਦ ਚੰਨ ਵਿੱਚ ਹੈ। ਦੋਵੇਂ ਇੱਕ ਦੂਜੇ ਤੋਂ ਵੱਖਰੇ ਨਹੀਂ ਬਲਕਿ ਇੱਕ ਦੂਜੇ ਦਾ ਵਿਸਥਾਰ ਹਨ। ਇਸੇ ਤਰ੍ਹਾਂ ਦੰਦ-ਕਥਾ ਵਿੱਚ ਵੀ ਪੁੰਨੂੰ ਸੱਸੀ ਦੀ ਕਬਰ ਵਿੱਚ ਸਮਾ ਜਾਂਦਾ ਹੈ। ਕੋਈ ਵੱਖਰੀ ਹੋਂਦ ਨਹੀਂ ਭੋਗਦਾ। ਸੱਸੀ ਪੁੰਨੂੰ ਦੇ ਮਰਨ ਮਗਰੋਂ ਮੁੜ ਚੰਨ ਦੇ ਪ੍ਰਗਟ ਹੋਣ ਦੇ ਬਰਾਬਰ ਹੈ। ਪ੍ਰਤੱਖ ਹੈ ਕਿ ਚੰਨ ਦਾ ਹੀ ਦ੍ਰਿਸ਼ਟਮਾਨ ਪੁੰਨੂੰ ਦੀ ਦੰਦ-ਕਥਾ ਵਿੱਚ ਇਕਾਗਰ ਹੈ।"[4]

ਸਾਰੰਸ਼ ਇਹ ਹੈ ਕਿ ਸੱਸੀ ਪੁੰਨੂੰ ਦੀ ਮਿਥਕ-ਕਥਾ ਵਿੱਚ ਚੰਦਰ-ਮਿੱਥ ਦਾ ਹੀ ਪ੍ਰਤਿਰੂਪ ਕਿਹਾ ਜਾ ਸਕਦਾ ਹੈ।

### ਚੰਨ ਨਾਲ ਸੰਬੰਧਿਤ ਪੂਜਾ

ਭਾਰਤੀ ਸੱਭਿਆਚਾਰ ਮੂਲ ਰੂਪ ਵਿੱਚ ਅਧਿਆਤਮਕ ਰੰਗਤ ਵਾਲਾ ਹੈ। ਇੱਥੇ ਤੇਤੀ ਕਰੋੜ ਦੇਵੀ-ਦੇਵਤੇ ਹੋਏ ਮੰਨੇ ਜਾਂਦੇ ਹਨ। ਚੇਤਨਾ ਦੇ ਮੁੱਢਲੇ ਪੜਾਅ ਤੋਂ ਲੈ ਕੇ ਅੱਜ ਤੱਕ ਮਨੁੱਖ ਇਨ੍ਹਾਂ ਦੀ ਵਾਸਤਵਿਕ ਹੋਂਦ ਮੰਨਦਾ ਤੇ ਇਹਨਾਂ ਨੂੰ ਪ੍ਰਸੰਨ ਕਰਨ ਦੇ ਢੰਗ ਤਰੀਕੇ ਅਪਣਾਉਂਦਾ ਰਿਹਾ ਹੈ। **ਜੀਤ ਸਿੰਘ ਜੋਸ਼ੀ** ਅਨੁਸਾਰ,

"ਸੰਖ ਵਜਾ ਕੇ, ਟੱਲੀਆਂ ਖੜਕਾ ਕੇ, ਢੋਲਕੀ ਛੈਣੇ ਤੇ ਖੜਤਾਲਾਂ ਵਜਾ ਕੇ ਆਪਣੇ-ਆਪਣੇ ਇਸ਼ਟ ਦੇਵ ਦੀ ਪੂਜਾ ਕੀਤੀ ਜਾਂਦੀ ਹੈ। ਡੰਡਾਉਤ ਕਰਨਾ, ਚੌਂਕੀ ਭਰਨਾ, ਬਲੀ ਜਾਂ ਭੇਟ ਚੜਾਉਣਾ, ਸੁੱਖਣਾ ਦੇਣਾ, ਮੱਥਾ ਟੇਕਣਾ ਜਾਂ ਮਿੱਟੀ ਕੱਢਣਾ ਆਦਿ ਸਾਰੀਆਂ ਹੀ ਪੂਜਾ ਵਿਧੀਆਂ ਹਨ।"[5]

ਲੋਕ ਧਰਮ ਵਿੱਚ ਪੂਜਾ ਵਿਧੀਆਂ ਤਕਰੀਬਨ ਇੱਕੋ ਜਿਹੇ ਪੈਟਰਨ ਤੇ ਹੁੰਦੀਆਂ ਹਨ, ਪਰ ਸੰਸਥਾਈ ਧਰਮ ਵਿਖੇ ਇਹਨਾਂ ਦਾ ਕਾਰਜ ਵੱਖਰਾ ਹੁੰਦਾ ਹੈ। ਇਸੇ ਤਰ੍ਹਾਂ ਲੋਕ ਸੂਰਜ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਕਰਦੇ ਹਨ। ਸੂਰਜ ਤੋਂ ਮਗਰੋਂ ਚੰਦਰਮਾ ਨੂੰ ਹੀ ਸਭ ਤੋਂ ਵੱਧ ਮਾਨਤਾ ਪ੍ਰਾਪਤ ਹੈ। ਪ੍ਰਾਚੀਨ ਕਾਲ ਵਿੱਚ ਚੰਨ-ਪੂਜਾ ਦਾ ਕੀ ਸਰੂਪ ਸੀ? ਇਸ ਬਾਰੇ ਨਿਸਚੇ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ। ਚੰਨ ਨੌਂ ਗ੍ਰਹਿਆਂ ਵਿੱਚੋਂ ਇੱਕ ਹੈ? ਜਿਨ੍ਹਾਂ ਦੀ ਪੂਜਾ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹੈ। ਚੰਨ ਦੀ ਵੱਖਰੀ ਸੁਤੰਤਰ ਪੂਜਾ ਦੀ ਪਰੰਪਰਾ ਵੀ ਰਹੀ ਹੈ, ਹੋ ਸਕਦਾ ਹੈ ਕਿ ਚੰਨ-ਪੂਜਾ, ਪਿੱਤਰ-ਪੂਜਾ ਨਾਲ ਸੰਬੰਧਿਤ ਹੋਵੇ ਕਿਉਂਕਿ ਜੋ ਪੁਰਾਣ ਅਨੁਸਾਰ ਚੰਨ ਵਿੱਚ ਪਿੱਤਰ ਵੱਸਦੇ ਹਨ ਤੇ ਮਰਨ ਮਗਰੋਂ ਪ੍ਰਾਣੀ ਚੰਨ

ਵਿੱਚ ਹੀ ਬਿਸਰਾਮ ਕਰਦੇ ਹਨ। ਦਾਹ-ਸੰਸਕਾਰ ਵੇਲੇ ਧੂੰਆਂ ਪ੍ਰਾਣੀ ਨੂੰ ਉਡਾ ਕੇ ਚੰਨ ਵਿੱਚ ਲੈ ਜਾਂਦਾ ਹੈ, ਅਜਿਹਾ ਮੰਨਿਆ ਗਿਆ ਹੈ।

ਪਿੰਡਾਂ ਵਿੱਚ ਫਸਲ ਦੀ ਬਿਜਾਈ, ਵਾਢੀ ਤੇ ਗਾਹੀ ਵੇਲੇ, ਚੰਦਰਮੇ ਦੀਆਂ ਵੱਧਦੀਆਂ ਤਿੱਥਾਂ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਂਦਾ ਰਿਹਾ ਹੈ। ਚੰਨ ਦਾ ਸੰਬੰਧ ਉਤਪਾਦਨ ਸ਼ਕਤੀ ਨਾਲ ਵੀ ਮੰਨਿਆ ਗਿਆ ਹੈ ਤੇ ਚੰਨ ਦੀ ਪੂਜਾ ਦਾ ਇੱਕ ਕਾਰਨ ਉਤਪਾਦਨ ਨੂੰ ਵਧਾਉਣਾ ਹੈ। ਪੰਜਾਬ ਵਿੱਚ ਚੰਦਰਮਾ ਦਾ ਸੰਬੰਧ ਜਣਨ-ਸ਼ਕਤੀ ਨਾਲ ਵੀ ਜੋੜਿਆ ਜਾਂਦਾ ਹੈ। ਇਸ ਵਾਸਤੇ ਇਸ ਦੀ ਪੂਜਾ ਆਮ ਤੌਰ ਤੇ ਇਸਤਰੀ ਦੀ ਜਣਨ ਸ਼ਕਤੀ ਅਤੇ ਧਰਤੀ ਦੀ ਉਤਪਾਦਨ ਸ਼ਕਤੀ ਵਧਾਉਣ ਲਈ ਕੀਤੀ ਜਾਂਦੀ ਹੈ।

ਪੰਜਾਬ ਵਿੱਚ ਪ੍ਰਚਲਤ ਇੱਕ ਮਿੱਥ ਅਨੁਸਾਰ (ਚੌਬੀਸ ਅਵਤਾਰ, ਦਸਮ ਗ੍ਰੰਥ) ਪਹਿਲਾਂ ਚੰਨ ਨਹੀਂ ਸੀ ਹੁੰਦਾ, ਜਿਸ ਕਰਕੇ ਧਰਤੀ ਬਹੁਤੀ ਦਿਲ ਖਿੱਚਵੀਂ ਨਹੀਂ ਸੀ। ਮਰਦ ਇਸਤਰੀ, ਪਸ਼ੂ, ਪੰਛੀ ਤਾਂ ਸਭ ਸਨ, ਪਰ ਉਹ ਇੱਕ ਦੂਜੇ ਲਈ ਖਿੱਚ ਨਹੀਂ ਸਨ ਰੱਖਦੇ। ਧਰਤੀ ਵਿੱਚੋਂ ਫਲ ਅਤੇ ਅੰਨ ਪੈਦਾ ਹੁੰਦਾ ਸੀ, ਪਰ ਉਹਨਾਂ ਵਿਚ ਰਸ ਨਹੀਂ ਸੀ। ਘਾਹ ਵਰਗਾ ਫਿੱਕਾ ਅਤੇ ਬਕਬਕਾ ਸਵਾਦ ਸਭਨਾਂ ਫਲਾਂ ਦਾ ਸੀ, ਤਾਂ ਪ੍ਰਭੂ ਨੇ ਚੰਦਰਮਾ ਨੂੰ ਉਤਪੰਨ ਕੀਤਾ। ਚੰਦਰਮਾ ਦੇ ਉਦੈ ਹੁੰਦੇ ਸਾਰ, ਧਰਤੀ ਵਿੱਚ ਰਸ ਦਾ ਸੰਚਾਰ ਹੋ ਗਿਆ। ਜੀਅ-ਜੰਤੂਆਂ ਵਿੱਚ ਇਸ਼ਕ ਜਾਗ ਪਿਆ। ਨਰ ਪਸ਼ੂ ਪੰਛੀ ਆਪਣੀ ਮਾਦਾ ਨਾਲ ਕਲੋਲਾਂ ਕਰਨ ਲੱਗੇ ਤੇ ਧਰਤੀ ਵਿੱਚ ਜੋ ਫਲ ਤੋਂ ਅੰਨ ਉੱਗਦਾ, ਉਹ ਰਸੀਲਾ ਹੋ ਗਿਆ। ਸੋ ਇਸ ਮਿੱਥ ਅਨੁਸਾਰ ਚੰਦਰਮਾ ਉਤਪਾਦਨ ਸ਼ਕਤੀ ਸੰਬੰਧਿਤ ਹੈ, ਸ਼ਾਇਦ ਇਸੇ ਕਰਕੇ ਪੰਜਾਬ ਦੇ ਪਿੰਡਾਂ ਵਿੱਚ ਅੱਜ ਵੀ ਕਈ ਤੀਵੀਆਂ ਚੰਨ ਦੇ ਸਾਹਮਣੇ ਨਗਨ ਹੋਣ ਤੋਂ ਭਰਮ ਕਰਦੀਆਂ ਹਨ। ਇੱਕ ਵਿਚਾਰ ਹੈ ਕਿ ਇਸ ਤਰ੍ਹਾਂ ਔਰਤ ਨੂੰ ਗਰਭ ਠਹਿਰ ਜਾਂਦਾ ਹੈ। ਇਸ ਵਿਚਾਰ ਦਾ ਅਧਾਰ ਗੌਤਮ-ਅਹਿਲਿਆ ਦੀ ਮਿੱਥ ਜਾਪਦੀ ਹੈ। ਉਸ ਸਮੇਂ ਤੋਂ ਹੀ ਚੰਦਰਮਾ ਨੂੰ ਦਾਗੀ ਹੋਣ ਦਾ ਸਰਾਪ ਮਿਲਿਆ ਹੋਇਆ ਹੈ। ਭਾਵੇਂ ਇਹ ਮਿੱਥ ਪੁਰਾਣਾਂ ਵਿੱਚ ਇੰਦਰ ਨਾਲ ਜੁੜੀ ਹੋਈ ਹੈ, ਪਰ ਪੰਜਾਬ ਵਿਚ ਇਹ ਚੰਦਰਮਾ ਨਾਲ ਹੀ ਸੰਬੰਧਿਤ ਹੈ।

ਉਪਰੋਕਤ ਸਭ ਧਾਰਨਾਵਾਂ ਕਰਕੇ, ਚੰਨ ਦੀ ਪੂਜਾ ਜ਼ਿਆਦਾਤਰ ਉਤਪਾਦਨ ਸ਼ਕਤੀ ਲਈ ਕੀਤੀ ਜਾਂਦੀ ਹੈ। ਇਸ ਗੱਲ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਮਿਲਦਾ ਹੈ "ਸੂਰਜ ਖੇਤੀ ਪਾਲ ਹੈ, ਚੰਦ ਬਣਾਏ ਰਸ, ਜੇ ਇਹ ਦੋਵੇਂ ਨਾ ਮਿਲਣ, ਖੇਤੀ ਹੋਵੇ ਭੱਸ।"[6] ਚੰਨ ਦੀ ਪੂਜਾ ਨਵੇਂ ਚੰਨ ਵਾਲੇ ਦਿਨ ਕੀਤੀ ਜਾਂਦੀ ਹੈ। ਜਦੋਂ ਨਵਾਂ ਚੰਨ ਚੜ੍ਹਦਾ ਹੈ ਤਾਂ ਲੋਕ ਉਸ ਨੂੰ ਵੇਖ ਕੇ ਪ੍ਰਣਾਮ ਕਰਦੇ ਹੋਏ ਇਹ ਤੁਕਾਂ ਪੜ੍ਹਦੇ ਹਨ,

ਸੁੱਖ ਦਾ ਚੜ੍ਹੀ, ਭਾਗੇ ਭਰਿਆ ਚੜ੍ਹੀ,
ਅੰਦਰ ਭਰੀਂ, ਬਾਹਰ ਵੀ ਭਰੀਂ

ਹਿੰਦੂ ਲੋਕ ਚੰਨ ਵੇਖ ਕੇ ਸਾਫੇ/ਪਗੜੀ ਦੇ ਅਖੀਰਲੇ ਲੜ ਨੂੰ ਆਪਣੇ ਗਲ ਦੁਆਲੇ ਲਪੇਟਦੇ ਹੋਏ ਕਹਿੰਦੇ ਹਨ ;

ਚੰਨਾ! ਭਾਗੀਂ ਭਰਿਆਂ ਚੜ੍ਹੀ : ਠੰਡ ਵਰਤਾਈ,
ਰੋਟੀ ਕੱਪੜਾ ਖੂੜ ਦਿਵਾਈਂ।

ਪਰ ਮੁਸਲਮਾਨ ਲੋਕ ਸਾਫੇ ਦੇ ਸੱਤ ਧਾਗੇ ਖਿੱਚ ਕੇ, ਲੜ ਨੂੰ ਸੱਜੇ ਪਾਸੇ ਸੁੱਟਦੇ ਹੋਏ ਉਪਰੋਕਤ ਤੁਕਾਂ ਪੜ੍ਹਦੇ ਹਨ। ਚੰਨ ਦੀ ਪੂਜਾ-ਅਰਚਨਾ ਚੌਥ, ਅਸ਼ਟਮੀ, ਇਕਾਦਸ਼ੀ, ਪੂਰਨਮਾਸ਼ੀ ਆਦਿ ਤੇ ਹੋਰ ਵਰਤਾਂ ਵੇਲੇ ਕੀਤੀ ਜਾਂਦੀ ਹੈ।

ਕੱਤਕ ਦੀ ਚਾਨਣੀ ਚੋਤਸ ਨੂੰ, ਕਾਨਿਆਂ ਦੀ ਬੇੜੀ (ਪਟੜਾ) ਬਣਾ ਕੇ, ਉਸ ਵਿਚ ਸੰਤ ਦੀਵੇ ਬਾਲ ਕੇ, ਦਰਿਆ ਵਿੱਚ ਤਾਰ ਦਿੱਤੀ ਜਾਂਦੀ ਹੈ। ਨਾਲ ਹੀ ਇਹ ਟੱਪਾ ਗਾਇਆ ਜਾਂਦਾ :-

ਅੱਗੇ ਅੱਗੇ ਦੀਵੜਾ, ਪਿੱਛੇ ਪਿੱਛੇ ਸੰਸਾਰ
ਅੱਗੇ ਬਲੇ ਦੀਵੜਾ, ਰਾਮ ਲੰਘਾਏ ਪਾਰ।

ਫਿਰ ਦਰਿਆ ਦੇ ਨੇੜੇ ਖੁੱਲ੍ਹੀ ਥਾਈਂ ਜਾਂ ਕਿਸੇ ਖੇਤ ਵਿਚ ਮਿੱਟੀ ਦੇ ਢੇਲਿਆਂ ਦੀ ਝੁੱਗੀ ਬਣਾ ਕੇ ਤੇ ਉਸ ਵਿੱਚ ਦੀਵਾ ਬਾਲ ਕੇ ਪੂਜਿਆ ਜਾਂਦਾ ਹੈ, ਧਾਰਨਾ ਹੈ ਕਿ ਇਸ ਕਰਮ-ਕਾਂਡ ਦੁਆਰਾ, ਐਨਾ ਕੁ ਟੁਕੜਾ ਮਰਨ ਮਗਰੋਂ ਸਵਰਗ ਵਿੱਚ ਪ੍ਰਾਣੀ ਨੂੰ ਰਹਿਣ ਲਈ ਪ੍ਰਾਪਤ ਹੁੰਦਾ ਹੈ।

ਪੁਰਾਤਨ ਕਾਲ ਵਿੱਚ ਚੰਦਰ ਦੇਵਤਾ ਦੇ ਕਈ ਮੰਦਰ ਸਨ, ਜਿਹਨਾਂ ਵਿੱਚੋਂ ਇੱਕ ਮੰਦਰ ਸੱਸੀ ਦੇ ਧੌਲਰ ਦੇ ਨਾਂ ਨਾਲ ਹੁਣ ਵੀ ਲੇਟੀ ਨਦੀ (ਪਾਕਿਸਤਾਨ) ਦੇ ਕੰਢੇ ਮੌਜੂਦ ਹੈ। ਇੱਥੇ ਕਦੇ ਚੰਨ ਦੀ ਪੂਜਾ ਕੀਤੀ ਜਾਂਦੀ ਸੀ।

### ਚੰਨ ਨਾਲ ਸੰਬੰਧਿਤ ਲੋਕ-ਕਾਵਿ

ਲੋਕ-ਕਾਵਿ ਉਹਨਾਂ ਲੋਕਾਂ ਦੀ ਰਚਨਾ ਹੁੰਦਾ ਹੈ, ਜਿਹਨਾਂ ਦੀਆਂ ਭਾਵਨਾਵਾਂ ਲੋਕ ਸੰਸਕ੍ਰਿਤੀ ਨਾਲ ਜੁੜੀਆਂ ਹੁੰਦੀਆਂ ਹਨ। ਲੋਕ-ਕਾਵਿ ਵਿੱਚਲੇ 'ਲੋਕ' ਦਾ ਸੰਬੰਧ ਉਹਨਾਂ ਲੋਕਾਂ ਨਾਲ ਹੈ, ਜੋ ਚਾਹੇ ਸ਼ਹਿਰੀ ਹੋਣ ਚਾਹੇ ਪੇਂਡੂ, ਪਰ ਇੱਕ ਖਾਸ ਜੁੱਟ, ਇੱਕ ਸੱਭਿਆਚਾਰਕ, ਧਰਮ, ਨਸਲ, ਭਾਸ਼ਾ, ਖੇਤਰ, ਕਿੱਤੇ ਅਤੇ ਪਰੰਪਰਾ ਨਾਲ ਸੰਬੰਧ ਰੱਖਦੇ ਹੋਣ। ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੇ ਸਰੋਕਾਰਾਂ ਨੂੰ ਆਪਣੇ ਵਿਸ਼ਾਲ ਕਲਾਵੇ ਵਿੱਚ ਲੈਂਦਾ, ਇਹ ਮਨੁੱਖੀ ਸੱਭਿਆਚਾਰ ਦੀ ਅਸਲੀ ਨੁਹਾਰ ਪੇਸ਼ ਕਰਨ ਦੇ ਸਮਰੱਥ ਹੁੰਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਗੀਤਾਂ, ਲੋਕ ਬੋਲੀਆਂ, ਲੋਕ ਟੱਪਿਆਂ ਵਿੱਚ 'ਚੰਨ' ਦਾ ਜ਼ਿਕਰ ਮਿਲਦਾ ਹੈ। ਚੰਨ ਮਾਹੀ, ਚੰਨ ਪੁੱਤ, ਚੰਨ ਮਾਮਾ, ਚੰਨ ਵਾਂਗ ਚਮਕਣਾ ਆਦਿ ਨੂੰ ਲੋਕ ਕਾਵਿ ਰਾਹੀਂ ਪੇਸ਼ ਕੀਤਾ ਗਿਆ ਹੈ।

ਪੁੰਛ ਦੇ ਇਲਾਕੇ ਦਾ ਇੱਕ ਪੰਜਾਬੀ ਲੋਕ-ਕਾਵਿ ਰੂਪ 'ਚੰਨ' ਗੀਤ ਮਾਹੀਏ ਤੇ ਢੋਲੇ ਵਾਂਗ ਆਕਾਰ ਵਿੱਚ ਛੋਟੇ ਹੁੰਦੇ ਹਨ, ਪਰ ਭਾਵਾਂ ਨਾਲ ਛਲਕਦੇ ਹੋਣ ਕਰਕੇ ਸਿੱਧੇ ਦਿਲ ਵਿੱਚ ਉਤਰ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਬਿਰਹਾ ਦੀ ਮਾਰੀ ਪੇਮਿਕਾ ਦੀ ਵੇਦਨਾ ਹੁੰਦੀ ਹੈ। ਇੱਕ ਵਿਆਕੁਲਤਾ, ਜੋ ਪੱਥਰਾਂ ਨੂੰ ਵੀ ਪਿਘਲਾ ਦਿੰਦੀ ਹੈ। ਇਨ੍ਹਾਂ ਗੀਤਾਂ ਨੂੰ

'ਚੰਨ' ਦਾ ਨਾਉਂ ਇਸ ਲਈ ਦਿੱਤਾ ਗਿਆ, ਕਿਉਂਕਿ ਇਹਨਾਂ ਵਿੱਚ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ 'ਚੰਨ' ਸ਼ਬਦ ਨਾਲ ਸੰਬੋਧਨ ਕਰਦੀ ਹੈ। ਹਰ ਗੀਤ ਵਿੱਚ ਚੰਨ ਮਾਹੀ ਦੇ ਮੁੜ ਆਵਣ ਦੀ ਆਸ ਹੈ। ਜਿਵੇਂ:-

(ੳ) ਚੰਨਾ ਮਾਹੜਿਆ ਬਣਾਂ ਵਿੱਚ ਬੋਲਦੀ ਏ ਟੋਟਰ
ਨਿੱਕਾ ਜਿਹਾ ਚੰਨ ਮਾਹੜੇ ਘਰੇ ਵਿੱਚ ਨੌਕਰ
ਗਏ ਪਰਦੇਸੀਆ ਚੰਨਾ ਕਿਹੜੇ ਦੇਸ਼ ਏਂ।

(ਅ) ਚੰਨਾ ਮਾਹੜਿਆ ਬਣ ਵਿੱਚ ਬੋਲ ਦੀਆਂ ਕਾਗਣੀ,
ਸੁੱਖਾਂ ਵਾਲੀ ਸੁੱਤੀ ਏ ਤੇ ਦੁੱਖਾਂ ਵਾਲੀ ਜਾਗਣੀ
ਗਏ ਪਰਦੇਸੀਆ, ਚੰਨਾ ਰੱਬ ਮੇਲੇ।

(ੲ) ਚੰਨ ਮਾਹੜਿਆ ਪਰਦੇਸੀਆਂ ਦੀ ਕੀ ਵੇ ਨਿਸ਼ਾਨੀ,
ਮੈਲੇ ਮੈਲੇ ਕਪੜੇ ਤੇ ਟੌਰ ਨਿਮਾਣੀ,
ਗਏ ਪਰਦੇਸੀਆ ਚੰਨਾ ਦੇਸ਼ ਮੇਲੇ।

ਚੰਨ ਦੇ ਨਾਲ ਬਿਰਹੋਂ ਦਾ ਸੰਕਲਪ ਵੀ ਜੁੜਿਆ ਹੋਇਆ ਹੈ। ਇਸ ਨੇ ਮਨ ਨੂੰ ਪ੍ਰੇਮ ਦੀ ਜਾਗ ਲਗਾ ਕੇ ਬਿਰਹੋਂ ਦੀ ਅੱਗ ਬਾਲੀ ਹੈ। ਇਸ ਦਾ ਭਾਵ ਵੀ ਇੱਕ ਲੋਕ ਗੀਤ ਵਿੱਚ ਮਿਲਦਾ ਹੈ:-

ਚੜ੍ਹ ਚੜ੍ਹ ਚੰਨਾ ਸ਼ਗਨ, ਮੁੜ ਚੜ੍ਹਦੇ ਦੀ ਲਾਲੀ
ਬਿਰਹਾ ਦੀ ਇਹ ਅਗਨੀ, ਅਸਾਂ ਵਿਹੜੇ 'ਚ ਬਾਲੀ

ਸੂਰਜ ਤੇ ਚੰਨ ਬਾਰੇ ਵਿਚਾਰ ਹਨ ਕਿ ਇਹ ਦੋਵੇਂ ਸਕੇ ਭਰਾ ਹਨ, ਪਰ ਸੁਭਾਅ ਨਾ ਮਿਲਣ ਕਾਰਨ ਰਲ ਕੇ ਨਹੀਂ ਬੈਠਦੇ। ਇੱਕ ਲੋਕ-ਗੀਤ ਵੀ ਹੈ:-

ਚੰਨ ਸੂਰਜ ਦੋਵੇਂ ਸਕੇ ਭਰਾ,
ਕਦੇ ਨਾ ਬੈਠੇ ਰਲ ਕੇ
ਇੱਕ ਠੰਢਾ ਇੱਕ ਤੱਤਾ-ਤੀਹੜਾ
ਕੀਕਣ ਬੈਠਣ ਰਲ ਕੇ[7]

ਕਈ ਲੋਕ ਬੋਲੀਆਂ ਵੀ ਅਜਿਹੀਆਂ ਮਿਲਦੀਆਂ ਹਨ, ਜਿਹਨਾਂ ਵਿੱਚ 'ਚੰਨ' ਦਾ ਜਿਕਰ ਆਉਂਦਾ ਹੈ:-

(ੳ) ਚੰਨਾ ਵੇ ਤੇਰੀ ਚਾਨਣੀ
ਤਾਰਿਆਂ ਵੇ ਤੇਰੀ ਲੋਅ
ਜਦੋਂ ਮੈਂ ਤੁਰਦੀ ਸਾਂ,
ਪੰਛੀ ਜਾਣ ਖਲੋਅ,

(ਅ) ਐਧਰ ਕਣਕਾਂ ਔਧਰ ਕਣਕਾਂ
ਗੱਭੇ ਖੜ੍ਹਾ ਗੁਆਰਾ

ਵਿੱਚ ਗੁਆਰੇ ਘੋੜੀ ਚਰਦੀ
ਗਲ ਵਿਚ ਉਹਦੇ ਮਾਲਾ
ਚੰਦ ਮਾਗੂੰ ਚਮਕਦੀਏ
ਤੇਰੇ ਮਾਹੀ ਦਾ ਸੁਣੀਂਦਾ ਰੰਗ ਕਾਲਾ......

(ੲ) ਚੜ੍ਹ ਵੇ ਚੰਦਾ ਕਰ ਵੇ ਚਾਨਣ
ਕਿਉਂ ਕੀਤਾ ਤੈਂ ਨੇਰ੍ਹਾ
ਚਾਰ ਕੁ ਪੂਣੀਆਂ ਕੱਤਣੋਂ ਰਹਿਗੀਆਂ
ਭੌਰ ਮਾਰ ਗਿਆ ਗੇੜਾ
ਇਹ ਰੰਗ ਰੱਤੀਆਂ ਦਾ
ਉੱਡ ਜੂ ਪਟੋਲਿਆ ਤੇਰਾ......

(ਸ) ਆਉਣ ਜਾਣ ਨੂੰ ਨੌ ਦਰਵਾਜ਼ੇ
ਖਿਸਕ ਜਾਣ ਨੂੰ ਮੋਰੀ
ਕਾਕਾ ਚੰਨ ਵਰਗਾ
ਦੇਹ ਦੇ ਆਸ਼ਕਾ ਲੋਰੀ.....

ਇਸੇ ਤਰ੍ਹਾਂ ਜਦੋਂ ਸੁਹਾਗਣਾਂ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ ਤਾਂ ਉਹ ਕਰਵਾ ਚੌਥ 'ਤੇ ਇਹ ਗੀਤ ਸੁਣਦੀਆਂ ਹਨ:-

ਸੁਣ ਭੈਣ ਪਿਆਰੀ ਵੀਰਾ
ਚੰਨ ਚੜ੍ਹੇ ਤੇ ਪਾਣੀ ਪੀਣਾ
ਸੁਤੜਾ ਜਗਾਈਂ ਨਾ
ਰੁਠੜਾ ਮਨਾਈ ਨਾ
ਸੂਈ 'ਚ ਧਾਗਾ ਪਾਈਂ ਨਾ
ਘੁੰਮ ਚਰਖੜ ਫੇਰੀਂ ਨਾ
ਵਾਹੁਣ ਪੈਰ ਪਾਈਂ ਨਾ
ਮੈਲੜਾ ਧੋਵੀਂ ਨਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਵਿੱਚ ਰਿਸ਼ਤੇ-ਨਾਤੇ, ਗਹਿਣੇ, ਹਾਰ-ਸ਼ਿੰਗਾਰ, ਵਿਸ਼ਵਾਸ, ਵਹਿਮ-ਭਰਮ, ਮਿੱਥਾਂ, ਪੂਜਾ-ਵਿਧੀਆਂ, ਲੋਕ-ਗੀਤਾਂ, ਲੋਕ ਬੋਲੀਆਂ ਆਦਿ ਵਿੱਚ ਚੰਨ ਦਾ ਜ਼ਿਕਰ ਹੋਇਆ ਮਿਲਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਜਿਵੇਂ ਮਨੁੱਖੀ ਜੀਵਨ ਦੇ ਵਿਸਥਾਰ ਦਾ ਹਰ ਪੱਖ ਲੋਕਧਾਰਾ ਵਿੱਚ ਸਮਾਇਆ ਹੋਇਆ ਹੈ ਉਸੇ ਤਰ੍ਹਾਂ 'ਚੰਨ ਦਾ ਸੰਕਲਪ' ਵੀ ਲੋਕਧਾਰਾ ਨਾਲ ਜੁੜਿਆ ਹੋਇਆ ਹੈ ਜਿਸ ਦਾ ਜ਼ਿਕਰ ਮਨੁੱਖੀ ਜ਼ਿੰਦਗੀ ਵਿੱਚ ਕਿਤੇ ਨਾ ਕਿਤੇ ਮਿਲ ਹੀ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਉਧਰਿਤ, ਰਤਨ ਸਿੰਘ ਜੱਗੀ, ਸਾਹਿਤਕੋਸ਼ : ਪਰਿਭਾਸ਼ਿਕ ਸ਼ਬਦਾਵਲੀ, ਪੰਨਾ 936.

2. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਤੀਜੀ, ਪੰਨਾ 803.
3. ਬਲਬੀਰ ਸਿੰਘ ਪੂੰਨੀ, ਲੋਕਧਾਰਾ ਅਧਿਐਨ, ਪੰਨਾ 117.
4. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ 6, ਪੰਨਾ 1310-1311.
5. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ : ਬਦਲਦੇ ਪਰਿਪੇਖ, ਪੰਨਾ 76.
6. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 163,
7. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਤੀਜੀ, ਪੰਨਾ 766,

**ਸਹਾਇਕ ਪ੍ਰੋਫੈਸਰ,**
**ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ,**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)।**

# ਬਲਜੀਤ ਕੌਰ ਬਲੀ ਦਾ ਨਾਵਲ ਠਰੀ ਰਾਤ ਵਿੱਚ ਔਰਤ ਪਾਤਰਾਂ ਦੀ ਸਥਿਤੀ

❑ ਗੁਰਦੀਪ ਕੌਰ

ਬਲਜੀਤ ਕੌਰ ਬਲੀ ਪੰਜਾਬੀ ਦੀ ਇੱਕ ਪ੍ਰਸਿੱਧ ਨਾਵਲਕਾਰਾ ਅਤੇ ਕਹਾਣੀਕਾਰਾ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿੱਤਰਣ ਦੇ ਨਾਲ – ਨਾਲ ਮਰਦ ਦੀ ਭਾਵਪੂਰਨ ਸਥਿਤੀ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕੀਤਾ ਹੈ। ਲੇਖਿਕਾ ਨੇ ਆਪਣੀਆਂ ਸਮੁੱਚੀਆਂ ਰਚਨਾਵਾਂ ਵਿੱਚ ਔਰਤ ਪਾਤਰਾਂ ਨੂੰ ਸਮਾਜਿਕ ਜੀਵਨ ਵਿਚ ਅਨੇਕ ਤਸ਼ੱਦਦ ਸਹਿੰਦੇ ਹੋਏ ਵੀ ਜੀਵਨ ਵਿਚ ਨਵੀਆਂ ਸੰਭਾਵਨਾਵਾਂ ਪ੍ਰਤੀ ਆਸ਼ਵਾਨ ਵਿਖਾਇਆ ਹੈ। ਉਸ ਨੇ ਪਰਿਵਾਰਕ ਰਿਸ਼ਤਿਆਂ ਦੀ ਟੁੱਟ- ਭੱਜ ਨੂੰ ਗਲਪ ਸਿਰਜਣਾ ਦਾ ਆਧਾਰ ਬਣਾਇਆ ਹੈ। ਇਸ ਸੰਬੰਧ ਵਿੱਚ ਬਲਜੀਤ ਕੌਰ ਬਲੀ ਬਾਰੇ ਡਾ. ਪਰਮਜੀਤ ਕੌਰ ਦੇ ਵਿਚਾਰ ਬਹੁਤ ਮਹੱਤਵਪੂਰਨ ਹਨ :

**"ਬਲੀ ਦੀ ਇਸ ਵਿਸ਼ੇਸ਼ਤਾ ਦਾ ਮੂਲ ਕਾਰਨ ਇਸ ਗੱਲ ਵਿੱਚ ਨਿਹਿਤ ਹੈ ਕਿ ਉਸਨੇ ਆਪਣੀ ਜੈਂਡਰ ਹੋਂਦ ਨੂੰ ਆਪਣੀ ਪ੍ਰਸਿੱਧੀ ਲਈ ਨਹੀਂ ਵਰਤਿਆ ਤੇ ਨਾ ਹੀ ਉਹ ਬਾਕੀ ਸਾਰੀ ਲੇਖਿਕਾਵਾਂ ਵਾਂਗ ਮਰਦ ਪ੍ਰਭੂ -ਸੱਤਾ ਵਾਲੇ ਸਮਾਜ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿੱਤਰਦੀ ਹੋਈ ਸਮੁੱਚੀ ਮਰਦ ਜਾਤ ਪ੍ਰਤੀ ਵਿਰੋਧੀ ਸੁਰ ਅਪਣਾਉਂਦੀ ਹੈ। "**[1]

ਜਾਗੀਰਦਾਰੀ ਸੰਸਕ੍ਰਿਤਿਕ ਮੁੱਲਾਂ ਦੇ ਸੰਦਰਭ ਵਿੱਚ ਔਰਤ ਇੱਕ ਵਸਤੂ ਦੇ ਰੂਪ ਵਿੱਚ ਪੇਸ਼ ਹੋਈ ਹੈ। ਸਮਾਜ ਵੱਲੋਂ ਅਪ੍ਰਵਾਨਿਤ ਰਿਸ਼ਤਿਆਂ ਵਿੱਚ ਪੂਰਵ ਵਿਆਹ ਪ੍ਰੇਮ - ਸੰਬੰਧਾਂ ਨੂੰ ਨਿਰੰਤਰ ਨਿਭਾਇਆ ਜਾਂਦਾ ਰਿਹਾ ਹੈ। ਔਰਤ ਆਪਣੇ ਮਨ ਦੇ ਆਖੇ ਲੱਗ ਅਜਿਹੇ ਰਿਸ਼ਤੇ ਬਣਾਉਣ ਲੱਗ ਪੈਂਦੀ ਹੈ। ਉਹਨਾਂ ਨੂੰ ਸਮਾਜ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਹੈ। ਜਗੀਰਦਾਰੀ ਸਮਾਜ ਵਿੱਚ ਪਿਆਰ ਵਿਆਹ ਦੀ ਇਜਾਜ਼ਤ ਨਹੀਂ ਹੈ। ਇਸ ਲਈ ਕੁਆਰਪੁਣੇ ਵਿੱਚ ਬਣੇ ਇਹਨਾਂ ਰਿਸ਼ਤਿਆਂ ਦੇ ਪੂਰਾ ਨਾ ਚੜ੍ਹਨ ਉੱਤੇ ਦੁਖਾਂਤ ਉਪਜਦਾ ਹੈ। ਔਰਤ ਨੂੰ ਆਪਣੇ ਖ਼ੂਨ ਦੇ ਰਿਸ਼ਤਿਆਂ ਅੱਗੇ ਪ੍ਰੇਮ ਦੇ ਰਿਸ਼ਤੇ ਨੂੰ ਹਾਰਨਾ ਪੈਂਦਾ ਹੈ। **ਠਰੀ ਰਾਤ** ਨਾਵਲ ਦੀ ਬਿਰਤਾਂਤ ਕੁਝ ਇਸ ਤਰ੍ਹਾਂ ਦੇ ਵਿਸ਼ਿਆਂ ਦੇ ਆਲੇ - ਦੁਆਲੇ ਹੀ ਬੁਣੀਆਂ ਗਿਆ ਹੈ। ਇਸ ਨਾਵਲ ਦੀ ਪਾਤਰ ਸ਼ਮਿੰਦਰੋ ਵੀ ਵਿਵਰਜਿਤ ਪ੍ਰੇਮ ਦਾ ਦੁਖਾਂਤ ਭੋਗਦੀ ਹੈ। ਉਸਦਾ ਆਪਣੇ ਸੀਰੀ ਪਾਲੀ ਨਾਲ ਇਸ਼ਕ ਹੈ। ਜਦੋਂ ਉਹ ਪਾਲੀ ਨਾਲ ਫੜੀ ਜਾਂਦੀ ਹੈ ਤਾਂ ਉਸਦੇ ਭਰਾ ਵੱਲੋਂ ਉਸ ਦੀ ਬਹੁਤ ਕੁੱਟ-ਮਾਰ ਕੀਤੀ ਜਾਂਦੀ

ਹੈ। ਬਦਨਾਮੀ ਦੇ ਡਰ ਤੋਂ ਉਸਦਾ ਵਿਆਹ ਅੱਧ - ਖੜ੍ਹ ਉਮਰ ਦੇ ਦਹਾਜੂ ਨਾਲ ਕਰ ਦਿੱਤਾ ਜਾਂਦਾ ਹੈ। ਸਮਾਜਿਕ ਤੌਰ ਤੇ ਭਾਵੇਂ ਉਸ ਦਾ ਰਿਸ਼ਤਾ ਪਤੀ ਨਾਲ ਬਣ ਜਾਂਦਾ ਹੈ ਪਰ ਭਾਵਨਾਤਮਕ ਤੌਰ ਤੇ ਉਹ ਆਪਣੇ ਪ੍ਰੇਮੀ ਨਾਲ ਜੁੜੀ ਰਹਿੰਦੀ ਹੈ। ਇਸ ਤਰਾਂ ਉਹ ਸਮਾਜਿਕ ਕਦਰਾਂ ਕੀਮਤਾਂ ਅੱਗੇ ਹਾਰ ਮੰਨ ਕੇ ਸਮਝੌਤਾ ਕਰ ਲੈਂਦੀ ਹੈ। ਨਾਵਲ ਵਿਚਲੇ ਇਕ ਬਿਰਤਾਂਤਕ ਟੋਟੇ ਅਨੁਸਾਰ :

**" ਅਨੰਦਾ ਤੋਂ ਉਠਦਿਆਂ ਸ਼ਮਿੰਦਰੋ ਨੇ ਭਾਰੀ ਚੁੰਨੀਆਂ ਨੂੰ ਲਾਹ ਕੇ ਮਾਂ ਦੀ ਪੇਟੀ ਤੇ ਚਲਾ ਮਾਰਿਆ ਤੇ ਆਪ ਪਹਿਲਾਂ ਵਾਲੀ ਪੁਰਾਣੀ ਲੋਈ ਦੀ ਬੁੱਕਲ ਮਾਰ ਕੇ ਪੇਟੀ ਨਾਲ ਢੋ ਲਾ ਕੇ ਬੈਠ ਗਈ ਜਿਵੇਂ ਕਿਸੇ ਹੋਰ ਦਾ ਵਿਆਹ ਦੇਖਣ ਆਈ ਹੋਵੇ। ਅਨੰਦਾ ਤੋਂ ਆ ਕੇ ਉਹ ਡੁਸਕੀ ਨਹੀਂ ਜਿਵੇਂ ਵਾਪਰ ਰਹੇ ਸਭ ਕੁਝ ਨੂੰ ਉਸਨੇ ਸਵੀਕਾਰ ਕਰ ਲਿਆ ਹੋਵੇ।"[2]**

ਪੰਜਾਬੀ ਜਗੀਰਦਾਰੀ ਸਮਾਜ ਵਿੱਚ ਹਮੇਸ਼ਾ ਔਰਤ ਨੇ ਆਪਣੀਆਂ ਇੱਛਾਵਾਂ ਦਾ ਗਲਾ ਘੁੱਟ ਕੇ ਸਮਾਜਿਕ ਕੀਮਤਾਂ ਅੱਗੇ ਹਾਰ ਮੰਨੀ ਹੈ। ਉਸ ਨੂੰ ਜਨਮ ਉਪਰੰਤ ਇੱਕ ਵਿਸ਼ੇਸ਼ ਚਰਿੱਤਰ ਵਿੱਚ ਢਲਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਔਰਤ ਨੂੰ ਔਰਤ ਬਣਾਉਣ ਦਾ ਮੁੱਢ ਉਸਦੇ ਘਰੋਂ ਹੀ ਬੱਝਦਾ ਹੈ। ਉਸਨੂੰ ਹਮੇਸ਼ਾ ਅਧੀਨਗੀ ਨਾਲ ਜੀਵਨ ਜਿਉਣ ਲਈ ਮਜਬੂਰ ਕੀਤਾ ਜਾਂਦਾ ਹੈ। ਔਰਤ ਦੀ ਤਰਾਸ਼ਦੀ ਬਲਜੀਤ ਕੌਰ ਬਲੀ ਦੀ ਕਲਪਨਾ ਦੀ ਪਿੱਠਭੂਮੀ ਅਤੇ ਅਗਰਭੂਮੀ ਵਿੱਚ ਵੱਖ-ਵੱਖ ਥਾਵਾਂ ਉੱਤੇ ਇਹ ਸੰਕੇਤ ਖਿਲਰੇ ਪਏ ਹਨ। ਕਿਧਰੇ - ਕਿਧਰੇ ਇਹ ਸੰਕੇਤ ਧੀਮੀ ਸੁਰ ਵਿੱਚ ਅਤੇ ਕਿਧਰੇ – ਕਿਧਰੇ ਇਹ ਸੰਕੇਤ ਤੀਖੀ ਸੁਰ ਵਿੱਚ ਅਗਰਭੂਮੀ ਵਿੱਚ ਵੀ ਪ੍ਰਵੇਸ਼ ਕਰਦੇ ਹਨ। ਉਸ ਦੀਆਂ ਰਚਨਾਵਾਂ ਦਾ ਜ਼ੁੰਮਾ ਔਰਤ ਹੋਣ ਦੇ ਅਹਿਸਾਸ ਨਾਲ ਉਤਪੋਤ ਹੈ। ਔਰਤ ਦੇ ਖਿਲਰੇ - ਬਿਖਰੇ ਅਤੇ ਖੰਡਿਤ ਅਸਤਿਤਵ ਨੂੰ ਉਸ ਨੇ ਇਸ ਨਾਵਲ ਵਿਚ ਪਰੋਖ ਰੂਪ ਵਿੱਚ ਬਿਆਨਿਆ ਹੈ। ਇਸ ਨਾਵਲ ਵਿਚ ਸ਼ਮਿੰਦਰੋ ਨੂੰ ਉਸਦੀ ਸੌਂਕਣ ਕਰਨੈਲੋ ਦੁਆਰਾ ਗਲਤ ਦਵਾਈ ਦੇ ਕੇ ਜਦੋਂ ਉਸ ਦਾ ਗਰਭਪਾਤ ਕਰਵਾ ਦਿੱਤਾ ਜਾਂਦਾ ਹੈ ਤਾਂ ਉਸਦਾ ਦਿਲ ਕਰਦਾ ਹੈ ਕਿ ਉਹ ਆਪਣੇ ਪ੍ਰੇਮੀ ਦੇ ਬੱਚੇ ਨੂੰ ਇੱਕ ਵਾਰ ਵੇਖਣ ਜਾਵੇ। ਨਾਵਲ ਵਿਚਲੇ ਬਿਰਤਾਂਤਕ ਟੋਟੇ ਅਨੁਸਾਰ :

**"ਉਸਦੇ ਦਿਲ ਵਿੱਚ ਕੀ ਆਇਆ ਉਹ ਉਸ ਖੂੰਜੇ ਵੱਲ ਚਲੀ ਗਈ ਜਿੱਥੇ ਸਭ ਕੁਝ ਜਿਉਂ ਦਾ ਤਿਉਂ ਦੱਬ ਦਿੱਤਾ ਗਿਆ ਸੀ ਉਸਦਾ ਜੀ ਕੀਤਾ ਉਹ ਉਸ ਗੰਢ ਜਹੀ ਨੂੰ ਕੱਢ ਕੇ ਵੇਖੇ। ਚੰਗੀ ਤਰ੍ਹਾਂ ਟੋਹੇ।ਕੀ ਸੱਚਮੁੱਚ ਉਸਦੀਆਂ ਅੱਖਾਂ ਉਹਦੇ ਵਰਗੀਆਂ ਸ਼ਰਾਬੀ ਸਨ ? ਕਿ ਸੱਚਮੁੱਚ ਹੀ ਉਸਦੇ ਡੋਲੇ, ਪਿੰਜਣੀਆਂ, ਪੱਟ ਉਹਦੇ ਵਰਗੇ ਸਨ ? ਉਹ ਚਕਰਾ ਜਿਹੀ ਗਈ। ਉਸਨੂੰ ਲੱਗਿਆ ਜਿਵੇਂ ਪਾਲਾ ਉਸ ਤੋਂ ਗੁੜ ਦੀ ਡਲੀ ਮੰਗ ਰਿਹਾ ਹੋਵੇ ਤੇ ਉਸ ਨੂੰ ਫੜਾਉਣ ਲੱਗੀ ਹੋਵੇ। "[3]**

ਨਾਵਲ ਦੀ ਦੂਜੀ ਔਰਤ ਪਾਤਰ ਹਰਕੁਰ ਸਮੁੱਚੇ ਪੰਜਾਬੀ ਦੀ ਅਣਖ ,ਲੋਕਾਂ ਦੇ ਕੰਮ ਆਉਣ ਵਾਲੀ ,ਭਲਾਈ ਕਰਨ ਵਾਲੀ, ਹਿੰਮਤ ਵਾਲੀ ਔਰਤ ਹੈ ਪਰ ਆਪਣੀ ਨੂੰਹ ਸੰਤੋ ਦੇ ਭੱਜਣ ਤੇ ਉਹ ਉਸਨੂੰ ਗਾਲਾਂ ਕੱਢਦੀ ਹੈ, ਕੋਸਦੀ ਹੈ। ਸੰਤੋ ਨੇ ਭੱਜ ਕੇ ਘਰ ਦੀਆਂ ਨੀਹਾਂ ਹੀ ਹਿਲਾ ਦਿੱਤੀਆਂ ਸਨ ।ਹਰਕੁਰ ਹਰ ਵੇਲੇ ਪਰਿਵਾਰ ਦੇ ਮੈਂਬਰਾਂ ਨਾਲ ਆਢਾ ਲਾਈ ਰੱਖਦੀ ਸੀ ਤੇ ਸੰਤੋ ਨੂੰ ਗਾਲਾਂ ਕੱਢਦੀ ਕਹਿੰਦੀ ਹੈ, **" ਬੇਵਾ ਨੇ ਪੱਟ ਕੇ ਵਗਾਤੇ ਜੇ ਸੱਚ ਪੁੱਛਦੇ ਮੈਥੋਂ ਸੌ ਸੌ ਗਾਲ਼ਾਂ ਨਿਕਲਦੀਆਂ ਇੱਕ ਨੀ ਅੱਧਾ ਨੀ ਜਾਏ ਵੱਡੀ ਪੂਰੇ ਛੀ ਜੰਮ ਕੇ ਧਰਗੀ ਕੋਈ ਪੁੱਛੇ ਕਮਜਾਤ ਨੂੰ ਅਜੇ ਤੇਰਾ ਭੋਬਾ ਨਹੀਂ ਭਰਿਆ।"** [4] ਹਰਕੁਰ ਇੱਕ ਧੜੱਲੇਦਾਰ ਔਰਤ ਹੈ ਉਹ ਜਾਗੀਰਦਾਰੀ ਮੁੱਲਾ ਨਾਲ ਪਰਨਾਈ ਔਰਤ ਹੈ।ਆਪਣੇ ਪੁੱਤ ਸਰਵਣ ਦੀ ਲਾਚਾਰੀ ਬੇਬਸੀ ਨੂੰ ਦੇਖ ਕੇ ਉਸਨੂੰ ਦਿਲਾਸਾ ਦਿੰਦੀ ਹੋਈ ਕਹਿੰਦੀ ਹੈ, " **ਉਠ ਖੜ੍ਹ ਸਰਵਣਾ ਕਿਉ ਝਰਦੈ ਉੱਠ ਖੜ੍ਹ ਤੂੰ ਵੀ ਮੇਰੇ ਚੰਦਰੀ ਵਰਗੀ ਹੀ ਕਰਮ ਗਤੀ ਲਿਖਾ ਕੇ ਲਿਆਇਆ।"**[5]

ਬਲਜੀਤ ਕੌਰ ਬਲੀ ਨੇ ਸੰਤੋ ਦੇ ਕਿਰਦਾਰ ਰਾਹੀਂ ਭਾਰਤੀ ਨਾਰੀ ਦੇ ਨਕਾਰਾਤਮਕ ਪੱਖ ਨੂੰ ਵੀ ਪੇਸ਼ ਕੀਤਾ ਹੈ। ਨਾਵਲ ਦੀ ਪਾਤਰ ਸਰਵਣ ਦੀ ਪਤਨੀ ਸੰਤੋ ਆਪਣੇ ਛੇ ਬੱਚਿਆਂ ਨੂੰ ਛੱਡ ਕੇ ਆਪਣੇ ਪ੍ਰੇਮੀ ਕਰਨੈਲ ਨਾਲ ਭੱਜ ਜਾਂਦੀ ਹੈ। ਸਮਾਜ ਵਿੱਚ ਛੇ ਬੱਚਿਆਂ ਦੀ ਮਾਂ ਦਾ ਆਪਣੇ ਪ੍ਰੇਮੀ ਨਾਲ ਭੱਜਣਾ ਬਹੁਤ ਮਾੜਾ ਜਾਪਿਆ । ਬਾਅਦ ਵਿੱਚ ਉਹ ਬੱਚਿਆਂ ਨੂੰ ਮਿਲਣ ਲਈ ਤੜਫਦੀ ਹੋਈ ਮਾਨਸਿਕ ਸੰਤਾਪ ਹੰਢਾਉਂਦੀ ਹੈ। ਔਰਤ ਦੇ ਮਾਨਸਿਕ ਸੰਤਾਪ ਬਾਰੇ ਡਾ. ਪਰਮਜੀਤ ਕੌਰ ਲਿਖਦੇ ਹਨ :

**"ਇਸੇ ਮਾਨਸਿਕ ਵਰਤਾਰੇ ਕਰਕੇ ਭਾਵੇਂ ਪੂੰਜੀਵਾਦੀ ਵਿਵਸਥਾ ਦੀ ਸੁਤੰਤਰ ਹੋ ਰਹੀ ਔਰਤ ਨੇ ਆਪਣੇ ਪ੍ਰਕਿਰਤਿਕ ਭਾਵਾਂ ਦੀ ਪੂਰਤੀ ਲਈ ਵਧੇਰੇ ਕਰਕੇ ਲੁਕਵੇਂ ਰੂਪ ਵਿੱਚ ਸਦਾਚਾਰਕ ਕੀਮਤਾਂ ਤੇ ਸਮਾਜਿਕ ਟੈਬੂਆਂ ਨੂੰ ਤੋੜਨ ਦਾ ਯਤਨ ਕੀਤਾ ਹੈ। ਪਰ ਤਾਂ ਵੀ ਉਹ ਮਨੋ ਸੰਤਾਪ ਭੋਗਦੀ ਹੈ।"**[6]

ਇੱਕ ਔਰਤ ਮਰਦ ਤੇ ਵਿਸ਼ਵਾਸ ਕਰਕੇ ਆਪਣਾ ਘਰ -ਬਾਰ ਛੱਡ ਦਿੰਦੀ ਹੈ, ਪਰ ਮਰਦ ਉਸਨੂੰ ਸਿਰਫ ਇੱਕ ਵਸਤੂ ਹੀ ਸਮਝਦਾ ਹੈ ਤੇ ਉਸ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਾ ਹੈ। ਸੰਤੋ ਕਰਨੈਲ ਨਾਲ ਭੱਜ ਜਾਂਦੀ ਹੈ, ਪਰ ਕਰਨੈਲ ਉਸਨੂੰ ਆਪਣੇ ਨਾਲ ਨਹੀਂ ਰੱਖਦਾ ਸਗੋਂ ਆਪਣੇ ਸਾਥੀ ਮਹਿੰਗੇ ਕੋਲ ਭੇਜ ਦਿੰਦਾ ਹੈ ਅਤੇ ਸੰਤੋ ਦੀ ਪਹਿਚਾਣ 'ਮਹਿੰਗੇ ਦੀ ਮੁੱਲ ਦੀ ਤੀਵੀਂ' ਵਜੋਂ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਮਾਨਸਿਕ ਸੰਤਾਪ ਭੋਗਦੀ ਹੋਈ ਤੜਫਦੀ ਹੈ :

**"ਸੰਤੋ ਅੰਦਰ ਹੀ ਅੰਦਰ ਧੁਖਦੀ ਰਹਿੰਦੀ।ਆਪਣੇ ਆਪ ਨੂੰ ਲਾਹਣਤਾਂ ਜਿਹੀਆਂ ਪਾਉਂਦੀ ।ਸੰਤੋ ਕਿਉਂ ਤੇਰੀ ਬੁੱਧੀ ਭ੍ਰਿਸ਼ਟ ਹੋ ਗਈ ਸੀ ? ਕਿਉਂ ਅੱਖਾਂ ਤੇ ਪੱਟੀ ਬੰਨ੍ਹੀ ਬੈਠੀ**

**ਰਹੀ ? ਕਿਉ ਨਾ ਸ਼ੁਰੂ ਚ ਕੈਲੇ ਨੂੰ ਕਿਹਾ ਕਿ ਜੇ ਪਿਓ ਦਾ ਪੁੱਤ ਹੈ ਤਾਂ ਸਿੱਧੀ ਕਰ ਲੈ ਕੇ ਚੱਲ, ਨਹੀਂ ਬਾਂਹ ਫੜਨ ਦੀ ਕੋਈ ਲੋੜ ਨਹੀਂ । ਕਿਉਂ ਮਤ ਮਾਰੀ ਗਈ ਉਹਦੀ ? ਕਿਉਂ ਉਸਦੇ ਲਾਰਿਆਂ ਵਿੱਚ ਫਸੀ ਰਹੀ ? ਕਿਉਂ ਵਿਸਾਹ ਕੀਤਾ ਉਹਦਾ ? ”** [7]

ਪੰਜਾਬੀ ਜਗੀਰਦਾਰੀ ਸਮਾਜ ਵਿੱਚ ਮਰਦ ਨੇ ਹਮੇਸ਼ਾ ਔਰਤ ਨੂੰ ਆਪਣੀ ਜੁੱਤੀ ਹੇਠ ਰੱਖਿਆ ਹੈ। ਸਮਾਜ ਵਿੱਚ ਉਸਨੂੰ ਗੌਣ ਸਥਾਨ ਹੀ ਪ੍ਰਾਪਤ ਹੋਇਆ। ਮਰਦ ਨੇ ਜਿਵੇਂ ਚਾਹੇ ਔਰਤ ਨੂੰ ਇਸਤੇਮਾਲ ਕਰ ਲਿਆ। ਨਾਵਲ ਦੇ ਬਿਰਤਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ , **“ ਤੂੰ ਹੋਰ ਸੁਣ , ਉਹ ਦੀ ਡੰਗਰਾਂ ਆਲੀ ਮੱਤ ਦੀ ਗੱਲ। ਅਖੇ ਤੀਵੀਂ ਤੇ ਮਿੱਟੀ ਦਾ ਕੀ ਐ ਜਿੰਨੀ ਕੁੱਟੋ ,ਉਨੀ ਵਧੀਆ । ਉਹ ਤਾਂ ਸਮਝਦਾ ਤੀਮੀਂ ਨੂੰ ਵੀ ਡੰਗਰਾਂ ਵਾਂਗੂੰ ਦੋਵੇਂ ਵੇਲੇ ਪੱਠੇ- ਦੱਥੇ ਪਾਤੇ, ਧੁੱਪੇ ਛਾਵੇਂ ਕਰ ਛੱਡਿਆ। ”**[8]

ਜਗੀਰਦਾਰੀ ਸਮਾਜ ਵਿੱਚ ਹਮੇਸ਼ਾ ਮਰਦ ਨੇ ਔਰਤ ਨੂੰ ਆਪਣੇ ਕਬਜ਼ੇ ਵਿੱਚ ਰੱਖਣਾ ਚਾਹਿਆ। ਮਰਦ ਘਰ ਤੋਂ ਬਾਹਰ ਕਿਸੇ ਵੀ ਔਰਤ ਨਾਲ ਰਿਸ਼ਤਾ ਕਾਇਮ ਕਰ ਸਕਦਾ ਹੈ । ਜੇਕਰ ਔਰਤ ਇਸ ਦਾ ਵਿਰੋਧ ਕਰਦੀ ਹੈ ਤਾਂ ਮਰਦ ਪ੍ਰਧਾਨ ਸਮਾਜ ਇਹ ਬਰਦਾਸ਼ਤ ਨਹੀਂ ਕਰਦਾ, ਸਗੋਂ ਉਸਨੂੰ ਦੋਸ਼ੀ ਠਹਿਰਾਉਂਦਾ ਔਰਤ ਵਿਰੋਧੀ ਪੈਂਤੜੇ ਘੜਦਾ ਹੈ। ਮਰਔਰਤ ਦੀ ਚੇਤਨਤਾ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਉਹ ਔਰਤ ਨੂੰ ਆਪਣੀ ਅਧੀਨਗੀ ਵਿੱਚ ਰੱਖਣਾ ਚਾਹੁੰਦਾ ਹੈ। ਇਸ ਨਾਵਲ ਦੀ ਹੋਰ ਔਰਤ ਪਾਤਰ ਬਲਬੀਰੋ ਦਾ ਪਤੀ ਇੱਕ ਸਕੂਲ ਮਾਸਟਰ ਹੈ। ਉਸਦਾ ਸਕੂਲ ਦੀ ਇੱਕ ਮਾਸਟਰਨੀ ਨਾਲ ਚੱਕਰ ਹੈ । ਜਦੋਂ ਬਲਬੀਰੋ ਇਸ ਦਾ ਵਿਰੋਧ ਕਰਦੀ ਹੈ ਤਾਂ ਉਹ ਉਸਨੂੰ ਬੁਰਾ ਭਲਾ ਕਹਿੰਦਾ ਹੈ ਤੇ ਉਸਨੂੰ ਮਾਰਦਾ- ਕੁੱਟਦਾ ਵੀ ਹੈ ਜਦੋਂ ਉਸਦੀ ਮਾਂ ਹਰਕੁਰ ਉਸਨੂੰ ਸਬਰ ਕਰਨ ਲਈ ਕਹਿੰਦੀ ਹੈ ਤਾਂ ਉਹ ਕਹਿੰਦੀ ਹੈ , “ **ਸਬਰ ਬਥੇਰਾ ਕੀਤਾ ਬੇਬੇ, ਪਰ ਹੁਣ ਮੈਥੋਂ ਹੋਰ ਨਹੀਂ ਕੀਤਾ ਜਾਂਦਾ। ਮੈਥੋਂ ਤਾਂ ਹੁਣ ਜਮਾਂ ਈ ਝੱਲਿਆ ਨ੍ਹੀ ਜਾਂਦਾ । ਰਾਤ ਮੈਂ ਬਲਾਈਂ ਕਲਪੀ। ਆਪਣਾ ਸਿਰ ਹੀ ਸਿਰ ਭੰਨਿਆ। ਉਲਟਾ ਮੈਨੂੰ ਹੀ ਕੁੱਟਣ ਲੱਗ ਪਿਆ । ਬਸ ਫਿਰ ਦੇਖਲਾ ਮੇਰੇ ਨਾਲ ਵੱਧੋ ਵੱਧ ਕੀਤੀ। ”**[9]

ਮਰਦ ਬੇਸ਼ਕ ਅਨਪੜ੍ਹ ਹੋਵੇ ਜਾਂ ਪੜਿਆ- ਲਿਖਿਆ। ਉਹ ਹਮੇਸ਼ਾ ਔਰਤ ਨੂੰ ਆਪਣੇ ਅੱਗੇ ਮੂੰਹ ਨਹੀਂ ਖੋਲ੍ਹਣ ਦਿੰਦਾ । ਉਹ ਚਾਹੁੰਦਾ ਹੈ ਕਿ ਔਰਤ ਉਸਦੀ ਹਾਂ ਵਿੱਚ ਹਾਂ ਰੱਖੇ ਚਾਹੇ ,ਉਸਦੇ ਬਾਹਰੀ ਨਜਾਇਜ਼ ਰਿਸ਼ਤਿਆਂ ਲਈ ਵੀ। ਬਲਬੀਰੋ ਇੱਕ ਚੇਤੰਨ ਔਰਤ ਹੋਣ ਦੇ ਨਾਤੇ ਇਸਦਾ ਵਿਰੋਧ ਕਰਦੀ ਹੈ ਅਤੇ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਘਰ ਆ ਜਾਂਦੀ ਹੈ। ਉਹ ਆਮ ਔਰਤਾਂ ਵਾਂਗ ਸਥਿਤੀ ਨਾਲ ਸਮਝੌਤਾ ਨਹੀਂ ਕਰਦੀ ਸਗੋਂ ਮਰਦ ਦੇ ਅਜਿਹੇ ਰਵੱਈਏ ਪ੍ਰਤੀ ਵਿਰੋਧੀ ਸੁਰ ਅਖਤਿਆਰ ਕਰਦੀ ਹੈ।

ਸਾਡੇ ਜਮਾਤੀ ਸਮਾਜ ਵਿੱਚ ਵਿਆਹ ਦੇ ਰੂਪ ਵਿੱਚ ਔਰਤ ਤੇ ਮਰਦ ਵਿੱਚ ਨਾ ਬਰਾਬਰੀ ਹੀ ਹੁੰਦੀ ਹੈ। ਔਰਤ ਅਧੀਨਗੀ ਤੇ ਪ੍ਰਤਿਮਾਨਾਂ ਦੀ ਜਕੜ ਕਾਰਨ ਪਰੰਪਰਕ ਔਰਤ ਤੇ ਰੂਪ ਵਿੱਚ ਹੀ ਪੇਸ਼ ਹੁੰਦੀ ਹੈ। ਬਾਪ ਚੰਗੀ ਆਰਥਿਕਤਾ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਧੀ ਦਾ ਵਿਆਹ ਚੰਗੇ ਘਰ ਵਿੱਚ ਕਰਨਾ ਚਾਹੁੰਦਾ ਹੈ ਤਾਂ ਜੋ ਉਸਨੂੰ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ ਚਾਹੇ ਵਰ ਉਸਦੀ ਮੇਚ ਦਾ ਹੀ ਨਾਂ ਹੋਵੇ। ਆਪਣੀ ਆਰਥਿਕ ਸਥਿਤੀ ਕਾਰਨ ਉਹ ਧੀ ਦਾ ਵਿਆਹ ਕਿਸੇ ਦਹਾਜੂ ਨਾਲ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ। ਪਰ ਔਰਤ ਅਨਜੋੜ ਵਿਆਹ ਨੂੰ ਮਨੋ ਸਵੀਕਾਰ ਨਹੀਂ ਕਰਦੀ ਤੇ ਨਾ ਹੀ ਆਪਣੇ ਪਤੀ ਨਾਲ ਭਾਵਨਾਤਮਕ ਸਾਂਝ ਬਣਾਉਂਦੀ ਹੈ। ਅਜਿਹੀ ਸਥਿਤੀ ਦੇ ਵਿੱਚ ਉਹ ਮਾਨਸਿਕ ਸੰਤਾਪ ਨੂੰ ਭੋਗਦੀ ਹੈ। ਇਸ ਨਾਵਲ ਦੀ ਪਾਤਰ ਭੰਤੀ ਵੀ ਅਣਜੋੜ ਵਿਆਹ ਦਾ ਦੁਖਾਂਤ ਭੋਗਦੀ ਹੈ। ਉਸ ਦੀ ਭੈਣ ਛੇ ਬੱਚਿਆਂ ਨੂੰ ਛੱਡ ਕੇ ਭੱਜ ਜਾਂਦੀ ਹੈ। ਬੱਚਿਆਂ ਦੀ ਦੇਖਭਾਲ ਲਈ ਸਰਵਣ ਅਤੇ ਉਸਦੀ ਭੂਆ ਦਾ ਪੁੱਤਰ ਜੋਗਿੰਦਰ ਭੰਤੀ ਦਾ ਰਿਸ਼ਤਾ ਲੈ ਕੇ ਉਸਦੇ ਬਾਪੂ ਸਾਧੂ ਕੋਲ ਆਉਂਦੇ ਹਨ :

**"ਮਾਸੜਾ ਤੂੰ ਆਪ ਸਿਆਣੈ " ਭੰਤੀ ਤੋਂ ਬਿਨਾਂ ਹੋਰ ਲਾਜ ਵੀ ਕਿਹੜਾ ਰਹਿ ਗਿਆ ਸਾਡੇ ਕੋਲ। ਨਾਲੇ ਨਿਆਣੇ ਇਹ ਦੇ ਵੀਂ ਤਾਂ ਕੁਸ ਲੱਗਦੇ ਆ। ਹੋਰ ਹੁਣ ਅੱਧੀ ਉਮਰ 'ਚ ਕਿੱਥੇ ਮੂੰਹ ਸਿਰ ਕਾਲਾ ਕਰਦਾ ਫਿਰੂ। ਤੇਰੇ ਵਾਸਤੇ ਵੀ ਚੰਗੀ ਗੱਲ ਆ ਕੋਈ ਮਾੜੀ ਨੀ ਰੂੜੀ ਦਾ ਕੂੜਾ ਤਾਂ ਰੂੜੀ ਤੇ ਈਂ ਸਿਟਣੈ। ਨਾਲੇ ਤੂੰ ਤਾਂ ਐਵੇਂ ਹੱਠ ਕਰੀ ਫਿਰਦੈ। ਹੁਣ ਹੈ ਨੀ ਤੇਰੇ' ਚ ਵੀ ਸੱਤਿਆ।"** [10]

ਭੰਤੀ ਦਾ ਇਸ ਵਿਆਹ ਨੂੰ ਚੁੱਪ -ਚਾਪ ਕਰ ਲੈਣਾ ਜਾਗੀਰਦਾਰੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਉਹ ਸਮਾਜ ਅਤੇ ਮਾਪਿਆਂ ਵਿਰੁੱਧ ਬਗਾਵਤ ਨਹੀਂ ਕਰਦੀ ਸਗੋਂ ਇਸ ਨੂੰ ਕਿਸਮਤ ਸਮਝ ਸਵੀਕਾਰ ਕਰਦੀ ਹੈ। ਆਪਣੇ ਦਿਲ ਦੇ ਭੇਤ ਕਿਸੇ ਕੋਲ ਨਹੀਂ ਖੋਲ੍ਹਦੀ ਸਗੋਂ ਇੱਕ ਬੇਜਾਨ ਵਸਤੂ ਵਾਂਗ ਘਰ ਵਿੱਚ ਵਿਚਰਦੀ ਹੈ। ਜਦੋਂ ਉਸਦੀ ਨਨਾਣ ਬਲਬੀਰੋ ਘਰ ਆਉਂਦੀ ਹੈ ਤਾਂ ਉਸਦੇ ਮੂੰਹ ਤੇ ਮੁਸਕੁਰਾਹਟ ਲੱਭਣ ਦੀ ਕੋਸ਼ਿਸ਼ ਕਰਦੀ ਹੈ,

**"ਬਲਬੀਰੋ ਨੇ ਭੰਤੀ ਦੇ ਮੂੰਹ ਵੱਲ ਡੂੰਘੇ ਗਹੁ ਨਾਲ ਤੱਕਿਆ। ਉਸਨੂੰ ਲੱਗਿਆ ਜਿਵੇਂ ਪਤਾ ਨਹੀਂ ਕਿੰਨੇ ਕੁ ਤੂਫਾਨ ਉਸਦੇ ਅੰਦਰ ਦੱਬੇ ਕੁੱਟੇ ਪਏ ਹੋਣ। ਉਹ ਕਿੰਨੀ ਹੀ ਦੇਰ ਉਸ ਨੂੰ ਅੰਦਰ ਬਾਹਰ ਵੜਦੀ ਨੂੰ ਵੇਖਦੀ ਰਹੀ ਤੇ ਉਸਦੇ ਚਿਹਰੇ ਤੋਂ ਸੰਤੋ ਵਰਗੀ ਮੁਸਕੁਰਾਹਟ ਲੱਭਦੀ ਰਹੀ।"** [11]

ਬਲਜੀਤ ਕੌਰ ਬਲੀ ਨੇ **ਠਰੀ ਰਾਤ** ਵਿੱਚ ਅਣਜੋੜ ਵਿਆਹ ਨੂੰ ਫੋਕਸ ਵਿੱਚ ਰੱਖ ਕੇ ਭੰਤੀ ਤੇ ਸ਼ਮਿੰਦਰੋ ਦੇ ਦੁਖਾਂਤ ਨੂੰ ਸਿਰਜਿਆ ਹੈ। ਬਲੀ ਨੇ ਔਰਤ ਵਿਰੋਧੀ ਸੰਸਕ੍ਰਿਤੀ ਵਾਲੇ

ਜਮਾਤੀ ਸਮਾਜ ਨੂੰ ਵੀ ਚਿਤਰਿਆ ਹੈ। ਜਿਸ ਵਿੱਚ ਔਰਤ ਮਰਦ ਤੋਂ ਨੀਵੀਂ ਹੈ। ਅਣਜੋੜ ਵਿਆਹ, ਪਤੀ ਦੇ ਬਾਹਰਲੇ ਨਾਜਾਇਜ਼ ਸੰਬੰਧ,ਔਰਤ ਦੀ ਮਾਰ-ਕੁੱਟ ਨਾਲ ਵਿਆਪਕ ਪੱਧਰ ਤੇ ਹੋਰ ਰਹੀ ਰਿਸ਼ਤਿਆਂ ਦੀ ਟੁੱਟ - ਭੱਜ ਦਾ ਬਿਰਤਾਂਤ ਆਪਣੇ ਪ੍ਰਭਾਵ ਦੀ ਇਕਾਗਰਤਾ ਨੂੰ ਕਾਇਮ ਰੱਖਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਪਰਮਜੀਤ ਕੌਰ , **ਬਲਜੀਤ ਕੌਰ ਬਲੀ ਦੀ ਬਿਰਤਾਂਤਕ ਸੰਵੇਦਨਾ** , ਪੰਨਾ – 64
2. ਬਲਜੀਤ ਕੌਰ ਬਲੀ, **ਠਰੀ ਰਾਤ**, ਪੰਨਾ – 67
3. ਉਹੀ, ਪੰਨਾ – 87
4. ਉਹੀ, ਪੰਨਾ – 18
5. ਉਹੀ, ਪੰਨਾ – 29
6. ਡਾ. ਪਰਮਜੀਤ ਕੌਰ ਸਿੱਧੂ , **ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ** , ਪੰਨਾ – 80
7. ਬਲਜੀਤ ਕੌਰ ਬਲੀ, **ਠਰੀ ਰਾਤ**, ਪੰਨਾ – 108
8. ਉਹੀ, ਪੰਨਾ – 32
9. ਉਹੀ, ਪੰਨਾ – 102-103
10. ਉਹੀ, ਪੰਨਾ – 48
11. ਉਹੀ, ਪੰਨਾ – 99



**(ਟੀ.ਜੀ.ਟੀ. ਪੰਜਾਬੀ)**
**ਸਰਵੋਦਿਆ ਵਿਦਿਆਲਿਆ,**
**ਸੈਕਟਰ -7, ਰੋਹਿਣੀ,**
**ਦਿੱਲੀ-110085**

# ਕੌਣ ਮੂਆ

❑ ਰਤਨ ਸਿੰਘ ਕੰਵਲ

ਦੁਪਹਿਰ ਦੀ ਰੋਟੀ ਖਾ ਕੇ ਮੈਂ ਭਾਂਡੇ ਮਾਂਜ ਕੇ ਰਖ ਦਿੱਤੇ। ਹੁਣ ਕਮਰੇ ਵਿਚ ਬੈਠਣ ਦਾ ਜੀਅ ਨਹੀਂ ਸੀ ਕਰ ਰਿਹਾ। ਇਕ ਪਾਸੇ ਭਿਆਨਕ ਖ਼ਾਮੋਸ਼ੀ ਅਤੇ ਦੂਜੇ ਪਾਸੇ ਅੱਸੂ ਦੀ ਚੁੱਭਵੀਂ ਠੰਡ ਮੇਰੀ ਜਾਨ ਕੱਢ ਰਹੀ ਸੀ। ਜਿਵੇਂ ਠੰਡੇ-ਠਾਰ ਅਦਿਸ ਹੱਥ ਕੰਧਾਂ ਚੋਂ ਨਿਕਲ ਕੇ ਮੈਨੂੰ ਬਾਹਰ ਨੂੰ ਧੱਕ ਰਹੇ ਸਨ। ਮੈਂ ਬਾਹਰ ਨਿਕਲ ਆਇਆ। ਲਾਅਨ ਵਿਚ ਪਈ ਰਾਕਿੰਗ ਚਿਅਰ ’ਤੇ ਬਹਿ ਗਿਆ। ਮੇਰੀ ਨਜ਼ਰ ਕੁਝ ਦੂਰੀ ’ਤੇ ਬਣੇ ਗਊ-ਖਾਨੇ ਦੀ ਦੀਵਾਰ ਨਾਲ ਲਗੀ ਫੱਟੀ ’ਤੇ ਰਖੇ ਦਾਣਿਆਂ ਦੇ ਡੱਬੇ ਅਤੇ ਕਿਲ ਨਾਲ ਲਟਕ ਰਹੀ ਸੂਤੀ ਚਾਦਰ ’ਤੇ ਪਈ। ਵੇਖਦਿਆਂ ਹੀ ਇਕ ਹੋਰ ਹੱਥ ਨਿਕਲ ਆਇਆ ਅਤੇ ਮੇਰੇ ਕਾਲਜੇ ਨੂੰ ਆਪਣੀ ਮੁੱਠੀ ’ਚ ਨੱਪ ਲਿਆ। ਮੇਰੇ ਮੂੰਹ ਚੋਂ ਚੀਖ ਨਿਕਲ ਗਈ, ‘ਹਾਇ ਮਾਂ’। ਮੈਂ ਆਸੇ-ਪਾਸੇ ਵੇਖਿਆ, ਕਿਸੇ ਨੇ ਨਹੀਂ ਸੁਣਿਆ। ਸੁਣਦਾ ਵੀ ਕੌਣ? ਮੇਰੀ ਘਰਵਾਲੀ, ਨਰਸ, ਦਿਨ ਦੀ ਸ਼ਿਫਟ ਲਈ ਹਸਪਤਾਲ ਚਲੀ ਗਈ ਸੀ। ਦੋਵੇਂ ਬੱਚੇ, ਮੁੰਡਾ ਕੁੜੀ, ਸਟੱਡੀ ਵੀਜ਼ਾ ’ਤੇ ਕੈਨੇਡਾ ਚਲੇ ਗਏ ਸਨ। ਤੇ ਮਾਂ ਵੀ ਦੋ ਮਹੀਨੇ ਪਹਿਲਾਂ ਰਬ ਨੂੰ ਪਿਆਰੀ ਹੋ ਗਈ ਸੀ।

ਵਿਸ਼ਾਲ, ਫੈਲੇ ਅਸਮਾਨ ਹੇਠਾਂ, ਦਿਨ ਦੀ ਚਿੱਟੀ ਲੋਅ ਅਤੇ ਕੋਸੀ ਕੋਸੀ ਧੁਪ ਵਿਚ ਵੀ ਮੈਨੂੰ ਘੁਟਨ ਮਹਿਸੂਸ ਹੋਈ। ਕੁਰਸੀ ਤੋਂ ਉੱਠ ਖੜਾ ਹੋਇਆ ਅਤੇ ਇੱਧਰ-ਉੱਧਰ ਚਹਿਲ- ਕਦਮੀ ਕਰਨ ਲਗ ਪਿਆ। ਵਿਹੜੇ ਦਾ ਗੇਟ ਖੋਲ੍ਹਿਆ ਜੋ ਪਿੰਡ ਦੀ ਗਲੀ ਵਲ ਖੁਲਦਾ ਸੀ। ਸੱਜੇ-ਖੱਬੇ ਨਿਗਾਹ ਦੌੜਾਈ, ਕੋਈ ਨਹੀਂ ਸੀ ਆ ਜਾ ਰਿਹਾ। ਗਲੀ ਸੁਨਸਾਨ ਲੇਟੀ ਹੋਈ ਸੀ। ਕੁਝ ਦੇਰ ਇੰਝ ਹੀ ਖੜਾ ਵੇਖਦਾ ਰਿਹਾ। ਅਚਾਨਕ ਇਕ ਕੁੱਤਾ ਗਲੀ ਦੇ ਇਕ ਸਿਰੇ ਤੋਂ ਆਉਂਦਾ ਵਿਖਾਈ ਦਿੱਤਾ। ਜਦੋਂ ਨੇੜੇ ਆਇਆ ਤਾਂ ਮੈਂ ਪਛਾਣ ਗਿਆ। ਮਾਂ ਦੇ ਦਾਹ-ਸੰਸਕਾਰ ਤੋਂ ਬਾਅਦ ਤਾਂ ਮੈਂ ਇਹਨੂੰ ਵੇਖਿਆ ਹੀ ਨਹੀਂ ਸੀ। ਜਿਵੇਂ ਕਿਧਰੇ ਇਹਨੂੰ ਪਿੰਡ ਦੀ ਜੂਹ ਖਾ ਗਈ ਸੀ। ਮੈਂ ਰਸਤਾ ਛੱਡ ਦਿੱਤਾ ਕਿ ਇਹ ਸਾਡੇ ਵਿਹੜੇ ਵਿਚ ਆਏ ਅਤੇ ਮੈਨੂੰ ਰਾਹ ਵਿਚ ਖੜਾ ਵੇਖ ਕੇ ਨਾ ਝੱਕੇ, ਜਿਵੇਂ ਉਹ ਮਾਂ ਤੋਂ ਬਿਨਾ ਸਾਰਿਆਂ ਤੋਂ ਝੱਕਦਾ ਹੁੰਦਾ ਸੀ। ਜਦ ਤਕ ਦੂਰ ਨਾ ਚਲਾ ਜਾਂਦਾ ਮੁੜ ਮੁੜ ਪਿੱਛੇ ਨੂੰ ਤਕਦਾ ਸੀ ਕਿ ਕੋਈ ਪੱਥਰ ਜਾਂ ਇੱਟ ਹੀ ਨਾ ਵਗ੍ਹਾ ਮਾਰੇ। ਮੈਂ ਗੁੱਸੇ ਵਿਚ ਕਦੀ ਕਦੀ ਮਾਰ ਵੀ ਦੇਂਦਾ ਸਾਂ।

ਕੁੱਤਾ ਵਿਹੜੇ ’ਚ ਦਾਖਿਲ ਨਾ ਹੋਇਆ। ਹਾਂ, ਗੇਟ ’ਤੇ ਖੜ੍ਹ ਕੇ ਉਸ ਆਪਣਾ ਲੰਬੂਦਰਾ ਬੂਥਾ ਅੰਦਰ ਨੂੰ ਕੀਤਾ, ਸੱਜੇ ਖੱਬੇ ਵੇਖਿਆ, ਉੱਪਰ ਹੇਠਾਂ ਸੁੰਘਿਆ ਤੇ ਬਸ। ਪੂਛ ਅੰਦਰ ਨੂੰ ਦਬਾ

ਕੇ ਗਲੀ ਦੇ ਦੂਜੇ ਸਿਰੇ ਵਲ ਦੌੜ ਗਿਆ, ਜਿਵੇਂ ਪਹਿਲਾਂ ਡਰ ਦੇ ਮਾਰੇ ਦੌੜ ਜਾਂਦਾ ਹੁੰਦਾ ਸੀ। ਜਦ ਤਕ ਉਹ ਅੱਖੋਂ ਉਹਲੇ ਨਾ ਹੋਇਆ ਮੈਂ ਦੌੜਦੇ ਹੋਏ ਨੂੰ ਪਿੱਛੋਂ ਤਕਦਾ ਰਿਹਾ। ਮੈਨੂੰ ਲਗ ਰਿਹਾ ਸੀ ਜਿਵੇਂ ਉਹ ਕਹਿ ਗਿਆ ਸੀ: "ਖਸਮਾਂ ਨੂੰ ਖਾਵੇ ਹੁਣ ਤੇਰਾ ਵਿਹੜਾ...ਮੇਰੇ ਕਿਸ ਕੰਮ?"

ਮੈਂ ਫਿਰ ਥਕ ਹਾਰ ਕੇ ਰਾਕਿੰਗ ਚਿਅਰ 'ਤੇ ਆ ਕੇ ਬਹਿ ਗਿਆ। ਮੇਰੇ ਅੰਦਰੋਂ ਮੇਰੀ ਮਾਂ ਬੋਲ ਪਈ :"ਦੇਖ ! ...ਦੇਖ ਤਮਾਸ਼ਾ ਹੁਣ...ਕਿਸ ਤਰ੍ਹਾਂ ਗੁਜ਼ਰਦੀ ਆ...ਸਾਵਣ ਸਦਾ ਨੀ ਰਹਿੰਦਾ ਪੁਤਰਾ !...ਟੁਰ ਗਏ ਜਿਨ੍ਹਾਂ ਕੁ ਤੂੰ ਆਪਣਾ ਸਮਝਦਾ ਆਸੇਂ...ਯਾਦ ਹੈਈ ? ਜਿਲੇ ਮੈਂ ਆਖਦੀ ਹੁੰਦੀ ਆਸੀਆਂ...ਜੁਗ ਜੁਗ ਜੀਅਨ ਧੀਆਂ-ਪੁੱਤਰ ਤਾ ਸਾਕ-ਸੰਬੰਧੀ, ਆਦਮ ਦੀ ਅਵਲਾਦ, ...ਪਰ ਇਨ੍ਹਾਂ ਪਸ਼ੂ-ਪੰਛੀਆਂ ਕੁ ਨਾ ਦੁਤਕਾਰ...ਭੋਲਿਆ ! ਇਨ੍ਹਾਂ ਜਿਹਾ ਵਫਾਦਾਰ ਕੋਈ ਨੀ...ਦੋਵਾਂ ਟੁਕਰਾਂ ਵਾਸਤੇ, ਦਾਣਿਆਂ ਦੀ ਮੁੱਠ ਵਾਸਤੇ, ਜਾਨ ਦੇ ਦੇਂਦੇ'ਨ...ਜੇ ਤੁੱਧ ਮ੍ਹਾੜੀ ਗੱਲ ਮੰਨੀ ਦੀ ਹੁੰਦੀ ਤਾ ਤੁੜਾ ਇਹ ਹਾਲ ਹੁੰਦਾ ? ਤੂੰ ਅਜ ਕੱਲਾ ਮਹਿਸੂਸ ਕਰਦੇਂ ?...ਤੁੜੇ ਨੇੜੇ ਤਾਂ ਕੁੱਤਾ ਵੀ ਨੀ ਆ ਰਿਹਾ...।"

ਮੇਰੀ ਨਿਗਾਹ ਫਿਰ ਦਾਣਿਆਂ ਵਾਲੇ ਡੱਬੇ ਅਤੇ ਸੂਤੀ, ਹਰੀ ਜਿਹੀ ਭਾਅ ਮਾਰਦੀ ਪੁਰਾਣੀ ਚਾਦਰ ਵਲ ਪਈ। ਹੁਣ ਤਾਂ ਮੈਨੂੰ ਆਪਣੀ ਮਾਂ ਸਾਖਿਆਤ ਇਸ ਵਿੱਚੋਂ ਦਿਸ ਪਈ ਸੀ। ਉਂਝ ਹੀ ਹੱਥ ਹਿਲਾ-ਹਿਲਾ ਕੇ ਮੈਨੂੰ ਸਮਝਾਉਂਦੀ ਹੋਈ...ਗੁੱਸੇ ਹੁੰਦੀ...ਥਕ ਹਾਰ ਕੇ ਚੁੱਪ ਕਰ ਜਾਂਦੀ ਅਤੇ ਦਾਣਿਆਂ ਵਾਲਾ ਡੱਬਾ ਚੁੱਕ ਕੇ ਚਲੀ ਜਾਂਦੀ...।

ਪੂਰੇ ਦੋ ਮਹੀਨੇ ਲੰਘ ਗਏ, ਇਹ ਦਾਣਿਆਂ ਵਾਲਾ ਡੱਬਾ ਅਤੇ ਚਾਦਰ ਜਿਉਂ ਦੀ ਤਿਉਂ ਪਈ ਹੈ। ਇਨ੍ਹਾਂ ਨੂੰ ਕਿਸ ਨੇ ਹਿਲਾਉਣਾ, ਖਿਸਕਾਉਣਾ ਸੀ ? ਕੋਈ ਤੱਕਣ ਦਾ ਹੀਆ ਵੀ ਨਹੀਂ ਸੀ ਕਰ ਰਿਹਾ। ਜਿਵੇਂ ਕੋਈ ਮੌਤ ਦਾ ਵਰੰਟ ਪਿਆ ਸੀ । ਪਰ ਮਾਂ ਦੇ ਮਰਨ ਬਾਅਦ, ਅੰਦਰ ਬਾਹਰ ਉਂਝ ਬਹੁਤ ਕੁਝ ਬਦਲ ਚੁਕਾ ਸੀ। ਇਕ ਮਹੀਨੇ ਬਾਅਦ ਹੀ ਮੇਰੀ ਘਰ ਵਾਲੀ ਨੇ ਦਿਆਰ ਦੇ ਸੰਘਣੇ ਦੋ ਬੂਟੇ ਕਟਵਾ ਲਏ ਸਨ। ਆਖੇ ਇਨ੍ਹਾਂ ਵਿਚ ਰਹਿੰਦੀਆਂ ਚਿੜੀਆਂ ਸਾਰਾ ਦਿਨ ਖੱਪ ਪਾਉਂਦੀਆਂ ਹਨ ਅਤੇ ਅਸਮਾਨ ਸਿਰ 'ਤੇ ਚੁੱਕ ਲੈਂਦੀਆਂ ਹਨ...ਕੋਈ ਕਿਸੇ ਦੀ ਗੱਲ ਵੀ ਨਹੀਂ ਸੁਣ ਸਕਦਾ...ਆਪ ਤਾਂ ਚਲੀ ਗਈ, ਪਰ ਘਰ ਨੂੰ ਜੰਗਲ ਬਣਾ ਦਿੱਤਾ...। ਉਹ ਕੁਝ ਇੰਝ ਹੀ ਸੋਚਦੀ ਸੀ। ਉਹ ਮਾਂ ਦੇ ਕਪੜਿਆਂ ਨੂੰ ਵੀ ਦਾਹ ਦੇਣਾ ਚਾਹੁੰਦੀ ਸੀ ਪਰ ਕਰੋਨਾ ਦਾ ਸੱਪ ਉਹਨੂੰ ਸੁੰਘ ਗਿਆ। ਮੈਂ ਕਹਿਣ ਨੂੰ ਤਾਂ ਕਹਿ ਦਿੱਤਾ: "ਲੋਕ ਤਾਂ ਆਪਣੇ ਬਜ਼ੁਰਗਾਂ ਦੀਆਂ ਨਿਸ਼ਾਨੀਆਂ ਕਈ ਨਸਲਾਂ ਤਕ ਸਾਂਭ ਕੇ ਰਖਦੇ ਹਨ ਅਤੇ ਯਾਦ ਕਰਦੇ ਰਹਿੰਦੇ ਹਨ ਪਰ ਤੂੰ...।"

ਉਸ ਮੇਰੀ ਗੱਲ ਨੂੰ ਵਿੱਚੋਂ ਹੀ ਕਟ ਦਿੱਤਾ ਅਤੇ ਅੱਖਾਂ ਫੁਲਾ ਕੇ ਕਹਿਣ ਲਗੀ :

"ਕੋਵਿਡ 19 ਵਾਲੇ ਕਪੜੇ !...ਤੁਸਦਾ ਸਿਰ ਤਾਂ ਨੀ ਫਿਰ ਗਏ ਦਾ ?...ਉਹ ਦਿਨੇ ਸਤ ਵਾਰੀਂ ਕਪੜਿਆਂ ਕੁ ਤਾਹ ਕਰਦੀ ਆਸੀ...ਇਹ ਗੱਲ ਕੋਈ ਮੂਰਖ ਵੀ ਨਾ ਆਖਾ !..."

ਮੈਂ ਗੱਲ ਅੱਗੇ ਨਾ ਵਧਾਈ। ਉਂਝ ਵੀ ਮੇਰੀ ਮਾਂ ਕੋਲ ਤਿੰਨ ਚਾਰ ਜੋੜੇ ਹੀ ਸਨ ਕਪੜਿਆਂ ਦੇ ਜਿਨ੍ਹਾਂ ਨੂੰ ਉਹ ਬਹੁਤਾ ਨਹੀਂ ਸੀ ਪਾਉਂਦੀ। ਮਰੀ ਹੋਈ ਨੂੰ ਤਾਂ ਕਪੜੇ ਵੀ ਨਹੀਂ ਸੀ ਬਦਲੇ। ਜੋ ਪਾਇਆ ਸੀ ਉਸੇ ਵਿਚ ਦਾਹ-ਸੰਸਕਾਰ ਹੋ ਗਿਆ।

ਮੈਂ ਲਾਅਨ ਦੇ ਆਸੇ ਪਾਸੇ ਝਾਕਿਆ, ਕੋਈ ਟਾਵਾਂ ਟਾਵਾਂ ਪੰਛੀ ਹੀ ਧਰਤ ਫਰੋਲ ਰਿਹਾ ਸੀ ਫੁੱਲਾਂ ਦੀਆਂ ਕਿਆਰੀਆਂ ’ਚ, ਗੁਲਾਬ ਦੀਆਂ ਝਾੜੀਆਂ ’ਚ। ਵੇਖਦਿਆਂ-ਵੇਖਦਿਆਂ ਮਾਂ ਮੈਨੂੰ ਫਿਰ ਦਿਸ ਪਈ। ਲਾਅਨ ਦੇ ਆਸੇ-ਪਾਸੇ ਅਤੇ ਵਿਹੜੇ ਦੀ ਦੀਵਾਰ ’ਤੇ ਦਾਣੇ ਖਿਲਾਰਦੀ ਹੋਈ। ਪੰਛੀਆਂ ਦੀਆਂ ਡਾਰਾਂ ਚੁੱਗਣ ਲਗ ਪਈਆਂ। ਜੇ ਕੋਈ ਵੱਡੇ ਆਕਾਰ ਵਾਲਾ ਪੰਛੀ ਨਿੱਕੇ ਪੰਛੀ ਨੂੰ ਡਰਾਉਂਦਾ ਤਾਂ ਮਾਂ ਛਿਮਕ ਨਾਲ ਪਰੇ ਹਟਣ ਦਾ ਇਸ਼ਾਰਾ ਕਰਦੀ। ਕਹਿੰਦੀ :

“ਤੂੰ ਖਾ ਤੁੱਗ ਨੀ ਮਾਰਦਾ...ਮੈਂ ਮਰ ਗਈਆਂ ਜੇ ਤੁੱਗ ਤੰਗ ਕਰਸੀ...।” ਪੰਛੀਆਂ ਨਾਲ ਗੱਲਾਂ ਕਰਨ ਲਗ ਪਈ ਸੀ ਜਿਵੇਂ ਕਰਦੀ ਹੁੰਦੀ ਸੀ। ‘ਸ਼ਾਰਕ’ ਚਹਿਕਦੀ, ਉਹਨੂੰ ਆਖਦੀ: “ਝਲੀਏ! ਪਹਿਲਾਂ ਖਾ ਫਿਰ ਗਾਵੀਂ ਤਾ ਕਰੀਂ ਟਰੀਂ-ਟਰੀਂ...ਇੱਥਾ ਨਾ ਰਹਿਸਈ ਕੱਖ!...”

ਉਹਨੂੰ ਜਿਵੇਂ ਮਾਂ ਦੀ ਗੱਲ ਸਮਝ ਆ ਗਈ। ਫੁਦਕਦੀ-ਫੁਦਕਦੀ ਦਾਣਿਆਂ ਵਲ ਆ ਗਈ, ਅਤੇ ਦਾਣੇ ਚੁੱਗਣ ਲਗ ਪਈ। ਦੁਮ-ਦਰਾਜ ਚੈਰੀ ਦੇ ਬੂਟੇ ’ਤੇ ਬਹਿ ਕੇ “ਟਰਾਅ- ਟਰਾਅ-ਟਰਾਅ-ਆ” ਕਰਨ ਲਗਾ। ਵਿੱਚੋਂ ਵਿੱਚੋਂ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਣ ਉਹ ਉਡਾਣ ਵੀ ਭਰ ਲੈਂਦਾ। ਆਪਣੀ ਲੰਮੀ ਰੰਗੀਨ ਪੂਛ ਫ਼ਿਜ਼ਾ ’ਚ ਲਹਿਰਾ ਕੇ ਮੁੜ ਆਪਣੀ ਥਾਂ ’ਤੇ ਮਾਣ ਨਾਲ ਬਹਿ ਜਾਂਦਾ। ਜੇਕਰ ਕੋਈ ਕੀੜਾ-ਮਕੋੜਾ ਹਵਾ ’ਚ ਨਜ਼ਰ ਆ ਜਾਂਦਾ, ਉਹਦੇ ’ਤੇ ਝਪਟ ਕੇ ਉਹਨੂੰ ਚਟ ਕਰ ਜਾਂਦਾ। ਇਹ ਸਭ ਕੁਝ ਉਹ ਅੱਖ ਝਮਕਾਰੇ ’ਚ ਕਰ ਲੈਂਦਾ। ਮਾਂ ਉਹਦੇ ਕਰਤਬ ਵੇਖ ਕੇ ਅੰਦਰੋਂ ਖੁਸ਼ ਤਾਂ ਹੁੰਦੀ ਸੀ ਪਰ ਵਿੱਚੋਂ ਵਿੱਚੋਂ ਮਿੱਠੀ ਝਿੜਕ ਵੀ ਦੇ ਦਿੰਦੀ।

“ਓਏ! ਪੂਛਲਾ ਕਲਾ-ਬਾਜ਼ੀਆਂ ਨਾ ਦਸ ਮੁਗ...ਇਨ੍ਹਾ ਬਿਚਾਰਿਆ ਗਰੀਬਾਂ ਕਮਜ਼ੋਰਾਂ ਕੁ ਵੀ ਖੈਣ ਦੇ...ਇਨ੍ਹਾ ਕੁ ਨਾ ਡਰਾ !...।”

ਮਾਂ ਉੱਪਰ ਅਸਮਾਨ ਵਲ ਨੂੰ ਤੱਕਣ ਲਗ ਪਈ। ਮੈਂ ਸਮਝ ਗਿਆ ਇਹਨੂੰ ਅਬਾਬੀਲਾਂ ਯਾਦ ਆ ਗਈਆਂ ਸਨ ਜਿਨ੍ਹਾਂ ਦੇ ਹੁਣ ਨਾ ਆਉਣ ਦਾ ਉਹਨੂੰ ਝੋਰਾ ਸੀ। ਕਿਤਨੇ ਵਰ੍ਹੇ ਲੰਘ ਗਏ ਸਨ, ਅਬਾਬੀਲਾਂ ਨਹੀਂ ਸਨ ਆਈਆਂ ਪਰ ਮਾਂ ਤਾਂ ਅਜੇ ਵੀ ਉਡੀਕ ਰਹੀ ਸੀ। ਉਹਨੂੰ ਪਤਾ ਸੀ ਲੋਕਾਂ ਨੇ ਉਹਨੂੰ ਘਰੋਂ ਕੱਢਿਆ। ਪਹਿਲਾਂ ਉਨ੍ਹਾਂ ਦੇ ਘਰਾਂ ਅੰਦਰ ਬਣੇ ਆਲ੍ਹਣੇ ਉਖਾੜ ਦਿੱਤੇ। ਫਿਰ ਜਾਲੀਦਾਰ ਬੂਹੇ-ਬਾਰੀਆਂ ਵੀ ਲਾ ਦਿੱਤੀਆਂ। ਬੂਹੇ-ਬਾਰੀਆਂ ਭਾਵੇਂ ਖੁਲ੍ਹੇ ਰਹਿੰਦੇ ਪਰ ਜਾਲੀਆਂ ਨੂੰ ਉਹ ਤੋੜ ਨਾ ਸਕੀਆਂ । “ਭੋਲੀਆ ਕੁ ਆਦਮੀਆਂ ’ਤਾ ਬੜਾ ਵਿਸ਼ਵਾਸ ਆਸਾ !” ਉਹ ਅਫ਼ਸੋਸ ਕਰਦੀ। ਕਿਤਨੇ ਵਰ੍ਹੇ ਮਾਂ ਨੇ ਅਬਾਬੀਲਾਂ ਦੇ ਆਲ੍ਹਣੇ ਸਾਂਭ ਸਾਂਭ ਰਖੇ। ਅਜੇ ਮੈਂ ਕੰਵਾਰਾ ਸਾਂ। ਮੇਰਾ ਕਮਰਾ ਪਹਿਲਾਂ ਪਰਾਹੁਣਿਆਂ ਲਈ ਰਾਖਵਾਂ ਸੀ ਜਿਸ ਵਿਚ ਅਬਾਬੀਲਾਂ ਦੇ ਜੋੜੇ ਦਾ ਆਲ੍ਹਣਾ ਸੀ।

ਛੱਤ ਦੀ ਕੜੀ ਨਾਲ, ਜੋ ਲੱਕੜ ਦੀ ਸੀ, ਮਿੱਟੀ ਗਾਰੇ ਦੀਆਂ ਚੁੰਜਾਂ ਭਰ ਭਰ ਲਿਆਉਂਦੀਆਂ ਤੇ ਕੂਲੇ ਕੂਲੇ ਘਾਹ ਦੇ ਤੀਲਿਆਂ ਨਾਲ ਮਿਲਾ ਕੇ ਜੋੜਦੀਆਂ ਕਿ ਨਿੱਘ ਵੀ ਰਹੇ ਅਤੇ ਆਰਾਮ ਵੀ ਮਿਲੇ। ਆਲ੍ਹਣੇ ਥੱਲੇ ਮਾਂ ਨੇ ਇਕ ਫੱਟੀ ਵੀ ਮੜ ਦਿੱਤੀ ਸੀ ਕਿ ਵਿੱਠਾਂ, ਹੇਠਾਂ, ਫ਼ਰਸ਼ ’ਤੇ ਨਾ ਡਿੱਗਣ ਅਤੇ ਅਸੀਂ ਔਖੇ ਵੀ ਨਾ ਹੋਈਏ।

ਅਜ ਮਾਂ ਦੀਆਂ ਉਹ ਸਾਰੀਆਂ ਗੱਲਾਂ ਯਾਦ ਆ ਰਹੀਆਂ ਸਨ, ਜਿਨ੍ਹਾਂ ਵਲ ਮੈਂ ਪਹਿਲਾਂ ਕਦੀ ਧਿਆਨ ਹੀ ਨਹੀਂ ਸੀ ਦਿੱਤਾ। ਮੈਂ ਯੱਕੇ ਦੇ ਘੋੜੇ ਵਾਂਗ, ਅੱਖਾਂ ਨੂੰ ਖੋਪੇ ਚੜ੍ਹਾ, ਤੇ ਜ਼ਬਾਨ ਨੂੰ ਮੋਹਰ ਲਾ ਵਗਦਾ ਰਿਹਾ ਸਾਂ। ਗੱਲ ਇਕ ਕੰਨ ਸੁਣ ਹੁੰਦੀ ਅਤੇ ਦੂਜੇ ਕੰਨ ਨਿਕਲ ਜਾਂਦੀ-ਮੈਂ ਧਿਆਨ ਨੀ ਨਾ ਦੇਂਦਾ। ਮਾਂ ਨੂੰ ਐਪਰ ਆਪਣੀਆਂ ਗੱਲਾਂ ’ਤੇ ਪੂਰਨ ਵਿਸ਼ਵਾਸ ਸੀ। ਕੁਝ ਤਾਂ ਉਹਨੂੰ ਤਜਰਬਾ ਆਪਣੇ ਜੀਵਨ ਦਾ ਸੀ, ਅਤੇ ਕੁਝ ਉਸ ਆਪਣੇ ਵਡੇਰਿਆਂ ਤੋਂ ਸੁਣ ਕੇ ਗੰਢ ਹੀ ਨਹੀਂ ਸੀ ਬੰਨ੍ਹਿਆ, ਜੀਵਨ ਵਿਚ ਵੀ ਢਾਲਿਆ ਸੀ। ਕਦੀ ਕਦੀ ਮਾਂ ਦੀਆਂ ਗੱਲਾਂ ਹਥੌੜੇ ਵਾਂਗ ਵਜਦੀਆਂ ਜਾਂ ਤੱਤੀਆਂ ਸਲਾਈਆਂ ਵਾਂਗ ਕੰਨਾਂ ’ਚ ਖੁਭਦੀਆਂ ਮਹਿਸੂਸ ਹੁੰਦੀਆਂ ਤੇ ਮੈਂ ਮਾਂ ਨੂੰ ਝਿੜਕਦਿਆਂ ਕਹਿੰਦਾ :

“ਬਸ ਵੀ ਕਰ ਹੁਣ, ਮਾਂ !...ਮੁਗ ਕੰਮ ਕਰਨ ਦੇ...ਤੁੜੀਆਂ ਗਲਾਂ ਨੀ ਮੁਕਣੀਆਂ...ਸਿਰ ਖਾਲੀ ਹੋ ਗਿਆ ਮ੍ਹਾੜਾ...!”

ਇਨ੍ਹਾਂ ਗੱਲਾਂ ਵਿੱਚੋਂ ਮਾਂ ਆਪਣਾ ਕੋਈ ਸਵਾਰਥ ਨਹੀਂ ਸੀ ਲਭਦੀ। ਮੇਰਾ ਹੀ ਭਲਾ ਚਾਹੁੰਦੀ ਸੀ। ਮੈਂ ਸਮਝ ਨਹੀਂ ਸੀ ਰਿਹਾ ਜਾਂ ਸਮਝਣ ਦੀ ਕੋਸ਼ਿਸ਼ ਵੀ ਨਹੀਂ ਸਾਂ ਕਰਦਾ। ਹੁਣ ਤਾਂ ਚਾਹੁੰਦਾਂ ਚੀਖ ਚੀਖ ਕੇ ਕਹਿ ਦੇਵਾਂ, “ਮਾਂ ! ਆ ਦਸ ਮੈਨੂੰ ਤੂੰ ਕੀ ਦਸਣਾ...ਮੈਂ ਹੁਣ ਖਫਾ ਨੀ ਹੁੰਦਾ...ਤੇਰੀਆਂ ਸਾਰੀਆਂ ਗੱਲਾਂ ਤਵੀਤ ਬਣਾ ਕੇ ਗਲ ਪਾ ਲਵਾਂ ਗਾ...ਘੋਲ ਕੇ ਪੀ ਲਵਾਂ ਗਾ...।”

ਰਿਟਾਇਰ ਹੋਇਆਂ ਵੀ ਪੂਰਾ ਸਾਲ ਹੋ ਗਿਆ। ਵੱਡੇ ਸਾਰੇ ਕਾਰਾਂ ਦੇ ਕਾਫਿਲੇ ਨਾਲ ਆਇਆ ਸਾਂ ਘਰ, ਆਖਰੀ ਦਿਨ। ਮੇਰੇ ਸਾਥੀਆਂ ਵਧ-ਚੜ੍ਹ ਕੇ ਮੋਹ-ਪਿਆਰ ਦਾ ਪ੍ਰਗਟਾਵਾ ਕੀਤਾ ਸੀ। ਮੈਨੂੰ ਅਹਿਸਾਸ ਹੀ ਨਹੀਂ ਸੀ ਹੋ ਰਿਹਾ ਕਿ ਮੇਰੀ ਦੁਨੀਆਂ ਆਉਣ ਵਾਲੇ ਦਿਨ ਤੋਂ ਵਖਰੀ ਹੋਵੇ ਗੀ। ਮੇਰੀ ਮਾਂ ਸਦਾ ਵਾਂਗ ਸਹਿਜ ਵੀ ਸੀ ਤੇ ਖੁਸ਼ ਵੀ ਸੀ। ਖ਼ੁਸ਼ਬੂਦਾਰ ਸੁਨਹਿਰੇ ਫੁੱਲਾਂ ਦੀ ਮਾਲਾ ਮੇਰੇ ਗਲ ਵਿਚ ਪਾਉਂਦੀ ਹੋਈ ਬੋਲੀ ਸੀ :

“ਪੁਤਰਾ! ਮਹਿਸੂਸ ਨ ਕਰੀਂ! ਸੁਖੀ-ਸਾਂਤੀ ਨਿਭ ਗਈ...ਹੁਣ ਰਬ ਅਗ੍ਹਾਂ ਕੁ ਵੀ ਸੁਖੀਆ ਰਖਈ, ਘਾਟਾ ਕਿਸੇ ਚੀਜ਼ ਦਾ ਨਈ...ਪੈਨਸ਼ਨ ਆਪਣੇ ਵਾਸਤੇ ਜ਼ੋਰ ਹੈਈ...ਅਜਾਂ ਜ਼ਨਾਨੀ ਵੀ ਸੁੱਖ ਨਾਲ ਨੌਕਰੀ ਕਰਦੀ ਹੈਈ...ਬੱਚੇ ਵੀ ਹੁਣ ਤੁਗ ਕੱਖ ਨੀ ਮੰਗਦੇ...ਹੁਣ ਦੋ ਘੜੀਆਂ ਮਾਊ ਕੋਲ ਵੀ ਬੈਠਿਆ ਕਰੀਂ...ਠੀਕ ਆ ?” ਆਖਦੀ ਹੋਈ ਮਾਂ ਹੱਸਣ ਲਗ ਪਈ ਸੀ। ਚਾਦਰ ਦੇ ਗਰਬੇੜੇ ਵਿਚਲੇ

ਫੁੱਲ ਵਰ੍ਹਾਉਂਦੀ ਹੋਈ ਵੀ ਮਾਂ ਹਸਦੀ ਰਹੀ ਸੀ। ਲਗਦੈ ਜਿਵੇਂ ਹੁਣੇ ਵਰ੍ਹਾ ਕੇ ਹਟੀ ਹੋਵੇ। ਨਸਵਾਰੀ ਫਿਰਨ, ਸਿਰ 'ਤੇ ਮਲਾਈ ਰੰਗ ਸੂਤੀ ਚਾਦਰ। ਪਿੱਛੋਂ ਪੈਰਾਂ ਦੀਆਂ ਖੁਰੀਆਂ ਤੀਕ ਲਮਕਦੀ ਹੋਈ।

ਮਾਂ ਬਿੱਲੀ ਦੀ ਤੋਰੇ ਤੁਰਦੀ ਹੋਈ ਮੇਰੇ ਕਮਰੇ ਵਿਚ ਆ ਜਾਂਦੀ। ਮੈਂ ਕਿਸੇ ਨਾ ਕਿਸੇ ਕੰਮ 'ਚ ਰੁੱਝਿਆ ਹੁੰਦਾ। ਕਦੀ ਸਰਵਿਸ ਦੇ ਡਾਕੂਮੈਂਟ ਤਿਆਰ ਕਰ ਰਿਹਾ ਹੁੰਦਾ, ਕਦੀ ਜਾਣ ਲਈ ਕਪੜੇ ਬਦਲ ਰਿਹਾ ਹੁੰਦਾ। ਮਾਂ ਬੋਲਦੀ ਜਾਂਦੀ ਅਤੇ ਮੈਂ ਸੋਚਾਂ ਦੀਆਂ ਘਾਟੀਆਂ 'ਚ ਘੁੰਮਦਾ ਰਹਿੰਦਾ। ਮੈਂ ਬੂਟ ਪਾ ਕੇ ਨਿਕਲ ਜਾਂਦਾ ਤੇ ਮਾਂ ਵੀ ਮੂੰਹ 'ਚ ਬੁੜਬੁੜ ਕਰਦੀ ਹੋਈ ਕਮਰੇ ਚੋਂ ਬਾਹਰ ਚਲੀ ਜਾਂਦੀ। ਮਾਂ ਦੀਆਂ ਗੱਲਾਂ ਹਵਾ 'ਚ ਹੀ ਰਹਿ ਜਾਂਦੀਆਂ।

ਮਾਂ ਨੇ ਕਦੀ ਘਰ ਦੀਆਂ ਲੋੜਾਂ-ਥੁੜ੍ਹਾਂ ਅੱਗੇ ਹਾਰ ਨਹੀਂ ਸੀ ਮੰਨੀ। ਧਰਤੀ ਨੂੰ ਚੀਰ ਕੇ ਲੋੜਾਂ ਪੂਰੀਆਂ ਕਰ ਦੇਂਦੀ। ਦਿਨੇ ਪੈਲੀਆਂ 'ਚ, ਬਾਪੂ ਨਾਲ, ਵਗਦੀ ਅਤੇ ਰਾਤੀਂ ਚਰਖਾ ਡਾਹ ਲੈਂਦੀ। ਸਾਡੀਆਂ ਤਖਤੀਆਂ ਨੂੰ ਕਜਲਾ-ਘੋਟਾ ਦੇ ਕੇ ਲਿਖਣ ਲਈ ਤਿਆਰ ਕਰਕੇ ਰਖ ਦੇਂਦੀ। ਮੈਲੀਆਂ ਵਰਦੀਆਂ ਧੋ ਕੇ ਸੁੱਕਣ ਪਾ ਦੇਂਦੀ। ਅਸੀਂ ਸਵੇਰੇ, ਦਿਨ-ਚੜ੍ਹੇ ਜਾਗਦੇ 'ਤੇ ਮਾਂ ਬਾੜੀ 'ਚੋਂ ਗੋਡੀ ਕਰਕੇ ਚੁੱਲ੍ਹੇ ਅੱਗੇ ਬੈਠੀ ਗਿੱਲੀਆਂ ਲਕੜਾਂ ਨਾਲ ਸਿਝ ਰਹੀ ਹੁੰਦੀ। ਕਮਰੇ 'ਚ ਫੈਲੇ ਕੌੜੇ ਧੂੰ ਵਿਚ ਵੀ ਅਸੀਂ ਕਦੀ ਨਿਰਾਸ਼ ਨਹੀਂ ਹੋਏ। ਅਸੀਂ ਪਲ ਕੇ ਪਰਵਾਨ ਚੜ੍ਹੇ ਅਤੇ ਕੁਝ ਲਿਖਣ-ਪੜ੍ਹਨ ਵਿਚ ਵੀ ਸਫ਼ਲ ਹੋ ਗਏ। ਸਮਾਂ ਆਇਆ, ਤਿੰਨੋ ਭਰਾ ਨੌਕਰ ਪੇਸ਼ਾ ਹੋ ਗਏ। ਭੈਣ ਨੂੰ ਵਿਆਹ ਕੇ ਡੋਲਾ ਵੀ ਤੋਰ ਦਿੱਤਾ। ਸ਼ਾਦੀਆਂ ਸਾਡੀਆ ਵੀ ਹੋ ਗਈਆਂ। ਮਾਂ ਅਤੇ ਬਾਪੂ ਲੀੜਿਆਂ 'ਚ ਨਾ ਮਿਉਂਦੇ ਕਿ ਸਿਰ ਤੋਂ ਭਾਰ ਲੱਥਾ ਅਤੇ ਘਰ ਦੀ ਗੁਲਜ਼ਾਰ ਖਿੜ੍ਹ ਗਈ। ਪਰ ਬਾਪੂ ਬਹੁਤਾ ਚਿਰ ਇਸ ਗੁਲਜ਼ਾਰ ਨੂੰ ਨਾ ਵੇਖ ਸਕਿਆ। ਛੇਤੀ ਘਸ ਗਿਆ, ਕੁਝ ਦਿਨ ਬੀਮਾਰ ਰਿਹਾ ਤੇ ਬਸ, ਅਕਾਲ ਚਲਾਣਾ ਕਰ ਗਿਆ। ਮਾਂ ਇਕੱਲ ਮਹਿਸੂਸ ਕਰਨ ਲਗੀ। ਸਾਕ ਸੰਬੰਧੀਆਂ ਨੇ ਸਮਝਾਇਆ-ਬੁਝਾਇਆ :

"ਤੁੜਾ ਭਰਿਆ-ਸਰਿਆ ਘਰ...ਕਿਸੇ ਚੀਜ਼ ਦੀ ਕਮੀ ਨੀ...ਪੁੱਤਰ, ਨੂੰਹਾਂ, ਪੋਤਰੇ-ਪੋਤਰੀਆਂ...ਤੂੰ ਕੋਈ ਛੜੀ-ਛੜਾਂਗ ਏਂ ?...ਤੁੜਾ ਖਸਮ ਮਰ ਗਿਆ...ਬਿਚਾਰੇ ਕ੍ਰ ਲਿੱਖੀ ਦੀ ਆਸੀ...ਸਮਝੌਤਾ ਕਰਨਾ ਪੈਂਦਾ...ਜੀਣਾ ਜੇ ਹੋਇਆ...।"

ਕੁਝ ਸਮਾਂ ਬੀਤਿਆ, ਮੇਰੇ ਭਰਾ ਆਪਣੀਆਂ ਟਿੰਡ-ਫੂੜੀਆਂ ਚੁਕ ਕੇ ਸ਼ਹਿਰ ਜਾ ਵਸੇ। ਆਖਣ ਲਗੇ, ਅਸਾਂ ਬੱਚੇ ਪੜ੍ਹਾਉਣੇ। ਪਿੰਡ 'ਚ ਬੱਚੇ ਵਿਗੜ ਜਾਸਨ। ਇਹ ਕੰਪੀਟੀਸ਼ਨ ਦਾ ਜ਼ਮਾਨਾ। ਸਾਡੇ ਬੱਚੇ ਪਿੰਡਾਂ 'ਚ ਪੜ੍ਹ ਕੇ ਕਿੱਥੇ ਮੁਕਾਬਲਾ, ਹਾਇ-ਟੈਕ, ਸ਼ਹਿਰੀ ਸਕੂਲਾਂ ਦਾ ਕਰਨ ਗੇ !...

ਪਿੰਡ ਤਾਂ ਮਾਂ ਦੀ ਜਿੰਦ-ਜਾਨ ਸੀ। ਜੇ ਕਿਤੇ ਪਿੰਡੋਂ ਬਾਹਰ ਜਾਂਦੀ ਤਾਂ ਰਾਤ ਕੰਡਿਆਂ ਉੱਪਰ ਗੁਜ਼ਰਦੀ। ਮਾਂ ਨੂੰ ਘਰ-ਪਰਿਵਾਰ ਦਾ ਡਾਢ੍ਹਾ ਮੋਹ ਸੀ। ਮਾਂ ਨਾ ਸ਼ਹਿਰ ਜਾਣ ਲਈ ਤਿਆਰ ਸੀ ਅਤੇ ਨਾ ਹੀ ਮੇਰੇ ਭਰਾ ਉਸਨੂੰ ਨਾਲ ਲੈ ਜਾਣ 'ਚ ਖੁਸ਼ ਸਨ। ਮਾਂ ਮੇਰੇ ਨਾਲ ਹੀ ਟਿਕੀ ਰਹੀ। ਮੇਰਾ ਵੀ ਬਾਹਰ ਜਾਣ ਦਾ ਕੋਈ ਚਾਂਸ ਨਹੀਂ ਸੀ। ਮੈਂ ਦਿਹਾੜੀ ਬੈਂਕ ਵਿਚ ਇਕ ਯੂ.ਡੀ.ਸੀ. ਵਜੋਂ

ਕੰਮ ਕਰ ਰਿਹਾ ਸੀ। ਮੇਰੀ ਘਰ ਵਾਲੀ ਵੀ ਸਬ-ਡਿਸਟ੍ਰਿਕ ਹਸਪਤਾਲ ਵਿਚ ਨਰਸ ਲਗੀ ਹੋਈ ਸੀ। ਉਹਦੀ ਕਦੀ ਰਾਤ ਦੀ ਤੇ ਕਦੀ ਦਿਨ ਦੀ ਸ਼ਿਫ਼ਟ ਹੁੰਦੀ। ਬੱਚਿਆਂ ਨੇ ਟੈਨ-ਪਲਸ-ਟੂ ਕੀਤੀ ਤੇ ਸਟੱਡੀ-ਵੀਜ਼ਾ 'ਤੇ ਬਾਹਰ ਚਲੇ ਗਏ। ਕਨੇਡਾ ਵਿਚ ਐਡਜੇਸਟ ਵੀ ਹੋ ਗਏ।

ਭਰਾਵਾਂ ਨੇ ਜ਼ਮੀਨ-ਜਾਇਦਾਦ, ਬਾੜੀ ਅਤੇ ਬੂਟਾ-ਘਰਾਟਾ ਵੀ ਵੰਡ ਲਿਆ। ਮਾਂ ਲਈ ਦੋ ਕਨਾਲ ਵਾਲਾ ਸੇਬਾਂ ਦਾ ਬਾਗ ਅਲਗ ਰਖ ਦਿੱਤਾ। ਮੇਰੇ 'ਤੇ ਕੋਈ ਬੋਝ ਨਹੀਂ ਸੀ। ਮੈਨੂੰ ਹੀ ਸੌ ਸੁਖ ਸਨ ਮਾਂ ਦੇ। ਸੇਬਾਂ ਦੇ ਬਾਗ ਦੀ ਆਮਦਨ ਉਹ ਕਿਹੜਾ ਕੱਲੀ ਖਾ ਜਾਂਦੀ ਸੀ ! ਘਰ ਵਿਚ ਦੁੱਧਲ ਗਾਂ ਉਸੇ ਦੇ ਸਿਰ 'ਤੇ ਪਲ ਰਹੀ ਸੀ। ਫਿਰ ਵੀ ਭਰਾਵਾਂ ਨੂੰ ਇਹਸਾਨ ਰਖਦਾ ਸਾਂ।

ਬੱਚੇ ਨਿੱਕੇ ਸਨ ਤੇ ਮਾਂ ਉਨ੍ਹਾਂ ਨਾਲ ਹੀ ਮਨ ਪਰਚਾ ਲੈਂਦੀ ਸੀ। ਉਨ੍ਹਾਂ ਨੂੰ ਪਿਆਰ ਕਰਦੀ, ਚੁਕਦੀ, ਚੁੰਮਦੀ। ਉਨ੍ਹਾਂ ਦੀ ਉਮਰ ਦੀ ਹੋ ਜਾਂਦੀ ਅਤੇ ਉਨ੍ਹਾਂ ਨਾਲ ਖੇਡਦੀ। ਕਦੀ ਬਜ਼ੁਰਗ ਹੋਣ ਦੇ ਨਾਤੇ ਕਹਾਣੀਆਂ ਸੁਣਾਉਂਦੀ, ਲੋਰੀਆਂ ਦੇਂਦੀ ਅਤੇ ਬੀਬਾ/ਸਾਊ ਹੋਣ ਲਈ ਨਸੀਹਤਾਂ ਕਰਦੀ। ਫਿਰ ਬੱਚੇ ਸਕੂਲ ਜਾਣ ਲਗੇ, ਜਮਾਤਾਂ ਦੀਆਂ ਪੌੜੀਆਂ ਚੜ੍ਹਨ ਲਗੇ। ਸਮਾਰਟ ਫੋਨਾਂ ਨਾਲ ਮਨ ਪਰਚਾਉਣ ਲਗੇ। ਅਸੀਂ ਮਾਂ ਨੂੰ ਬੱਚਿਆਂ ਨਾਲ ਬੈਠਣ ਤੋਂ ਵਰਜਣ ਲਗੇ ਜਦੋਂ ਉਹ ਉਨ੍ਹਾਂ ਦੇ ਸਟੱਡੀ ਰੂਮ ਵਿਚ ਬਿੱਲੀ ਦੀ ਤੋਰੇ ਤੁਰਦੀ ਹੋਈ ਚਲੀ ਜਾਂਦੀ, ਸਾਨੂੰ ਪਤਾ ਚਲ ਜਾਂਦਾ ਅਤੇ ਉਹਨੂੰ ਉੱਥੋਂ ਉਠਾ ਦੇਂਦੇ, ਆਖਦੇ : "ਮਾਂ ਤੁੜੇ ਆਣ ਨਾਲ ਇਨ੍ਹਾਂ ਕੁ ਖੇਚਲ ਹੁੰਦੀ ਆ...ਇਨ੍ਹਾਂ ਦਾ ਵਕਤ ਜ਼ਾਇਆ ਹੋਂਦਾ...ਤੁੜੀਆਂ ਕਹਾਣੀਆਂ ਬਿਚੋਂ ਇਨ੍ਹਾਂ ਕੁ ਕੇ ਮਿਲਸੀ ?..."

ਮਾਂ ਉਠ ਕੇ ਚਲੀ ਜਾਂਦੀ ਪਰ ਉਸਦੇ ਅੰਦਰ ਕਿਤਨੀ ਕੁ ਟੁੱਟ-ਭਜ ਹੁੰਦੀ, ਮੈਨੂੰ ਨਹੀਂ ਸੀ ਪਤਾ। ਉਹ ਗੁੱਸਾ ਥੁਕ ਦੇਂਦੀ। ਫਿਰ ਆਪਣੇ ਆਪ ਨਾਲ ਹੀ ਗੱਲਾਂ ਕਰਦੀ ਰਹਿੰਦੀ। ਕਦੀ ਹਸਦੀ, ਕਦੀ ਚੁੱਪ-ਚਾਪ ਸੋਚਦੀ ਰਹਿੰਦੀ, ਜਾਂ ਕੋਈ ਉਦਾਸ ਜਿਹਾ ਗੀਤ ਗੁਨਗੁਨਾਉਣ ਲਗਦੀ।

ਮਾਂ ਕਿਚਨ ਵਿਚ ਆ ਜਾਂਦੀ, ਮੇਰੀ ਪਤਨੀ ਪਕਾਣ ਰਿਨ੍ਹਣ ਦੇ ਆਹਰੇ ਲਗੀ ਹੁੰਦੀ। ਮੈਂ ਵੀ ਪਤਨੀ ਨੂੰ ਕਿਸੇ ਕੰਮ ਵਿਚ ਹੱਥ ਵਟਾ ਰਿਹਾ ਹੁੰਦਾ। ਨਹੀਂ ਤਾਂ ਸਮਾਰਟ ਫੋਨ 'ਤੇ ਹੀ ਕੁਝ ਵੇਖ, ਲਿਖ ਰਿਹਾ ਹੁੰਦਾ, ਚੈਟਿੰਗ ਲਈ। ਮਾਂ ਦੇ ਕਰਨ ਗੋਚਰੇ ਕੋਈ ਕੰਮ ਹੁੰਦਾ ਤਾਂ ਉਹ ਕਰਨ ਨੂੰ ਢਿਲ ਨਾ ਦੇਂਦੀ। ਨਹੀਂ ਤਾ ਬੈਠੀ ਬੈਠੀ ਵੀ ਕਰਨ ਵਾਲੇ ਕੰਮਾਂ ਦੀਆਂ ਸਲਾਹਾਂ ਦੇਂਦੀ, ਪੁੱਛਾਂ ਪੁਛਦੀ। ਮੈਂ ਸਮਾਰਟ ਫੋਨ 'ਤੇ ਉਂਗਲ ਘੁਮਾਉਂਦਾ ਹੋਇਆ 'ਹਾਂ', 'ਨਾ', 'ਹੂੰ' ਵਿਚ ਹੀ ਉੱਤਰ ਦੇਂਦਾ। ਪਤਨੀ ਛੇਤੀ ਕੰਮ ਮੁਕਾ ਕੇ ਜਾਣ ਦੀ ਕੋਸ਼ਿਸ਼ ਵਿਚ ਹੁੰਦੀ। ਉਹ ਇੱਕੋ ਵਾਰੀਂ, ਆਪਣੇ ਕਰਨ ਗੋਚਰੇ ਬਹੁਤੇ ਕੰਮਾਂ ਨੂੰ ਹੱਥ ਪਾ ਦੇਂਦੀ ਤੇ ਅੰਦਰ ਬਾਹਰ ਕਰੀ ਜਾਂਦੀ।

ਨਾਸ਼ਤਾ ਤਿਆਰ ਹੋਇਆ ਤੇ ਉਹ ਪਰੋਸ ਦੇਂਦੀ। ਆਪ ਖਾ ਲੈਂਦੀ ਅਤੇ ਕੁਝ ਨਾਲ ਚੁਕ ਲੈਂਦੀ। ਸਾਡੇ ਵੇਖਦਿਆਂ ਵੇਖਦਿਆਂ ਹੀ ਚਲੀ ਜਾਂਦੀ। ਮੈਂ ਵੀ ਆਪਣੇ ਕਮਰੇ ਵਿਚ ਚਲਾ ਜਾਂਦਾ ਅਤੇ ਜਾਣ ਦੀ ਤਿਆਰੀ ਅਰੰਭ ਦੇਂਦਾ। ਮਾਂ ਵੀ ਮੂੰਹ ਵਿਚ ਬੋਲਦੀ ਹੋਈ, ਸਾਡੇ ਮਗਰੋਂ ਨਿਕਲ ਜਾਂਦੀ।

ਉਹਨੂੰ ਵੀ ਦਿਨੇ ਕਰਨ ਵਾਲੇ ਸੌ ਕੰਮ ਹੁੰਦੇ। ਗਾਂ ਦੀ ਧਾਰ ਕਢਣੀ, ਬਾੜੀ ਚੋਂ ਸਾਗ-ਸਬਜ਼ੀ ਲਿਆਉਣੀ ਜਾਂ ਆਪਣੀ ਹੀ ਸਫ਼ਾਈ-ਸੁਥਰਾਈ ਦੇ ਕਈ ਕੰਮ-ਕਾਜ।...

ਫਿਰ ਮਾਂ ਬੋਲਣ 'ਚ ਸੰਕੋਚ ਕਰਨ ਲਗੀ। ਮਤਲਬ ਦੀ ਗੱਲ ਹੀ ਕਰਦੀ। ਵਧੇਰੇ ਆਪਣੇ ਕਮਰੇ ਵਿਚ ਹੀ ਰਹਿੰਦੀ ਜਾਂ ਆਪਣੇ ਹਿੱਸੇ ਦੇ ਕੰਮਾਂ ਵਿਚ ਹੀ ਰੁੱਝੀ ਰਹਿੰਦੀ। ਜਿਵੇਂ ਉਹਨੂੰ ਕੋਈ ਨਵਾਂ ਗਿਆਨ ਪ੍ਰਾਪਤ ਹੋ ਗਿਆ ਸੀ। ਸਾਡੇ ਨਾਲ ਘੱਟ ਪਰ ਪਸ਼ੂ-ਪੰਛੀਆਂ ਨਾਲ ਹੁੱਭ ਕੇ ਬੋਲਣ ਅਤੇ ਖੇਡਣ ਲਗੀ। ਜਦੋਂ ਗਾਂ ਦੀ ਧਾਰ ਕਢਣ ਜਾਂਦੀ ਤਾਂ ਬੋਲਦੀ ਹੀ ਰਹਿੰਦੀ। ਗਾਂ ਵੀ ਨਾਸਾਂ ਫੁਲਾ ਫੁਲਾ ਕੇ ਖੁਸ਼ੀ ਨਾਲ ਹੂੰਗਦੀ। ਮੂੰਹ ਨਾਲ ਮੂੰਹ ਜੋੜਦੀ, ਸੁੰਘਦੀ, ਚਟਦੀ। ਮਾਂ ਲਾਡ ਲਡਾਉਂਦੀ ਕਹਿੰਦੀ :

"ਤੁੱਧ ਅਜ ਘਾਹ ਨੀ ਖਾਧੇ ਦਾ...ਕੇ ਗੱਲ ਹੋਈ ਆ ਮ੍ਹਾੜੀ ਲਾਡੋ ਕੋ ? ਮੈਂ ਤੁੜੇ ਵਾਸਤੇ ਬਾੜੀ 'ਚੋਂ ਤਾਜ਼ਾ ਘਾਹ ਘਿਨ ਆਸਾਂ...ਸੁੱਕਾ-ਸੁੱਕਾ, ਤ੍ਰੇਲ ਤੋਂ ਬਿਨਾ...ਹੱਛਾ ?...ਤੂੰ ਅੰਦਰ ਤੰਗ ਐਂਦੀ ਹੋਸੇਂ ? ਕਲ ਤੁੱਗ ਮੈਂ ਬਾਹਰ ਬੰਨ੍ਹਸਾਂ-ਖੁਲ੍ਹੀ ਜਗਾਹ...ਮ੍ਹਾੜੀ ਜਿੰਦ-ਜਾਨ, ਮ੍ਹਾੜੀ ਲਾਡੋ !..."

ਉਹ ਧਾਰ ਕੱਢਣ ਲਗਿਆਂ ਵੀ ਚੁੱਪ ਨ ਰਹਿੰਦੀ। ਗਾਂ ਵੀ ਸਿਰ ਹਿਲਾ ਹਿਲਾ ਕੇ ਹੁੰਗਾਰਾ ਭਰਦੀ। ਜਿਵੇਂ ਉਹਨੂੰ ਸਭ ਸਮਝ ਆਉਂਦੀ ਸੀ। ਦੁੱਧ ਦੀ ਭਰੀ ਬਾਲਟੀ ਅਜੇ ਉਹਦੇ ਹੱਥ ਵਿਚ ਹੀ ਹੁੰਦੀ ਕਿ ਕੋਈ ਨ ਕੋਈ, ਰਜ਼ੀਆ ਚਾਚੀ ਜਾਂ ਪਾਰੋ ਤਾਈ ਗਿਲਾਸ ਚੁਕ ਕੇ ਦੁੱਧ ਦਾ ਪਾਈਆ ਮੰਗਣ ਆ ਜਾਂਦੀਆਂ। ਮਾਂ ਖਿੜ੍ਹ ਜਾਂਦੀ, ਦੁੱਧ ਦੇ ਦੇਂਦੀ। ਕੋਈ ਪੈਸੇ ਦੇਂਦਾ ਤਾਂ ਮਾਂ ਹੈਰਾਨ ਹੁੰਦੀ, ਮੂੰਹ 'ਚ ਉਂਗਲ ਪਾ ਕੇ ਨਾ-ਨਾ-ਨਾ ਬਾਬਾ ! ਫਿਰ ਮ੍ਹਾੜੇ ਕੋਲ ਦੁੱਧ ਨੀ...ਝਲੀਏ ਦੁੱਧ-ਪੁੱਤਰ ਦਾ ਕੀ ਮਾਣ...ਅਜ ਮ੍ਹਾੜੇ ਕੋਲ ਆ ਕਲ ਤੁੜੇ ਕੋਲ ਆ...ਬੰਡ ਕੇ ਖੈਣ ਜਿਹਾ ਕੋਈ ਹੱਜ ਨੀ...।"

ਮਾਂ ਦੀ ਇਹ ਸਖਾਵਤ ਮੈਨੂੰ ਨਾ ਭਾਉਂਦੀ। ਸੜ-ਬਲ ਕੇ ਆਖਦਾ, "ਮਾਂ ! ਅਜ ਸਿਆਣੇ ਗੱਲ ਕਰਨ ਤਾ ਸਲਾਹ ਦੇਣ ਦੇ ਵੀ ਪੈਸੇ ਘਿਨਦੇ 'ਨ !!" ਮੈਨੂੰ ਉਲਟਾ ਆਖਦੀ, "ਪੁੱਤਰਾ ਨ ਕਰ ਤਮ੍ਹਾ ਮੁੱਚ...ਰਬ ਖੈਣ ਦੇਵਈ ਜੋ ਹੈਈ...ਕੋਈ ਮਨੁਖਾਂ ਵਾਲੀ ਗੱਲ ਵੀ ਕਰ!" ਮੈਂ ਅੱਗੋਂ ਚੁੱਪ ਹੋ ਜਾਂਦਾ।

ਮਾਂ ਜਦੋਂ ਘਰ ਨਾ ਹੁੰਦੀ ਤਾਂ ਉਹਦੀ, ਕਿਲ ਨਾਲ ਟੰਗੀ ਚਾਦਰ, ਕੋਈ ਪਿੰਡ ਦੀ ਸਵਾਣੀ ਸਿਰ 'ਤੇ ਰਖ ਕੇ ਧਾਰ ਕਢਣ ਚਲੀ ਜਾਂਦੀ। ਸਵਾਣੀ ਨੂੰ ਗਾਂ ਪਛਾਣ ਜਾਂਦੀ। ਕਦੀ ਆਈ ਗਈ ਕਰਕੇ ਧਾਰ ਕੱਢਣ ਦੇਂਦੀ, ਕਦੀ ਨਾ ਕੱਢਣ ਦੇਂਦੀ-ਲੱਤ ਮਾਰ ਕੇ ਬਾਲਟੀ ਮੂਹਦੀ ਕਰ ਦੇਂਦੀ। ਇਕ ਦਿਨ ਤੋਂ ਵਧ ਕਿਸੇ ਨੂੰ ਨਾ ਝਲਦੀ। ਜਦੋਂ ਘਟਨਾ ਬਾਰੇ ਪਤਾ ਚਲਦਾ ਤਾਂ ਹੱਸ-ਹੱਸ ਦੋਹਰੀ ਹੁੰਦੀ। ਫਿਰ ਗੰਭੀਰ ਹੋ ਕੇ ਸੋਚਾਂ 'ਚ ਪੈ ਜਾਂਦੀ। ਸੋਚਦੀ, 'ਮਗਰੋਂ' ਗਾਂ ਇਸ ਘਰ ਵਿਚ ਕਿਸੇ ਨੇ ਨਹੀਂ ਰਖਣੀ। ਪਸ਼ੂ ਨੂੰ ਖੁਰਾਕ ਹੀ ਨਹੀਂ ਪਿਆਰ ਵੀ ਚਾਹੀਦਾ। ਇਹ ਵੀ ਰਬ ਦੀ ਰੂਹ ਹੈ। ਭਾਵੇਂ ਸਾਡੀ ਭਾਸ਼ਾ ਨਹੀਂ ਬੋਲਦੀ ਪਰ ਸਭ ਕੁਝ ਬੁਝ ਲੈਂਦੀ ਹੈ।

ਗੱਲ ਉਹੀ ਹੋਈ, ਮਾਂ ਦੇ ਇੰਤਕਾਲ ਮਗਰੋਂ ਕੁਝ ਦਿਨਾਂ ਵਿਚ ਹੀ, ਗਾਂ ਦੇ ਆਸੇ-ਪਾਸੇ ਗੋਹੇ ਦੇ ਪਹਾੜ ਬਣ ਗਏ। ਗਾਂ ਚਿੱਕੜ ਵਿਚ ਡੁੱਬ ਗਈ ਅਤੇ ਸੁਕ ਕੇ ਪਿੰਜਰ ਹੋ ਗਈ। ਕੌਡੀਆਂ ਦੇ ਭਾਅ ਵਿਕ ਗਈ। ਪਰ ਮਿਲਾਵਟ ਬਿਨਾ ਥਿੰਦੇਦਾਰ ਘਣਾ ਦੁੱਧ ਸੁਪਣਾ ਹੋ ਗਿਆ। ਜੋ ਖਰੀਦਦੇ ਹਾਂ ਦੁੱਧ ਵਾਲੀ ਬਾਲਟੀ ਦਾ ਧੋਣ-ਧਾਣ ਵੀ ਨਹੀਂ ਹੁੰਦਾ। ਮਾਂ ਦੇ ਕਾੜ੍ਹੇ ਹੋਏ ਮਿੱਠੇ ਦੁੱਧ ਦੇ ਘੁੱਟ ਬਸ ਯਾਦਾਂ ਵਿਚ ਹੀ ਰਹਿ ਗਏ ਹਨ।...

ਪਿੰਡ ਦੀ ਨੇੜਲੀ ਮਸਜਿਦ ਵਿੱਚੋਂ ਅਜ਼ਾਂ ਦੀ ਅਵਾਜ਼ ਆਈ। ਪਰਛਾਵੇਂ ਲੰਮੇ ਹੋ ਰਹੇ ਸਨ, ਦਿਨ ਡੁੱਬਣ ਵਾਲਾ ਸੀ। ਸੂਰਜ ਨੇ ਆਪਣੀਆਂ ਲੱਤਾਂ ਪੱਛਮ ਵਾਲੀ ਪਹਾੜੀ ਦੇ ਨੱਕੇ ਤੋਂ ਥੱਲੇ ਲਮਕਾ ਦਿੱਤੀਆਂ ਸਨ। ਆਸੇ-ਪਾਸੇ ਲਾਲ ਲੋਅ ਰੁੱਖਾਂ ਵਿੱਚੋਂ ਨਿਥਰ ਕੇ ਵਿਹੜੇ ਵਿਚ ਡੁਲ੍ਹ ਰਹੀ ਸੀ। ਮੈਂ ਰਾਕਿੰਗ ਚਿਅਰ ਨੂੰ ਖਿਸਕਾ ਕੇ ਧੁੱਪ ਦੇ ਟਿੱਕੇ ਵਲ ਲੈ ਗਿਆ ਜਿਸਦਾ ਹੁਣ ਕੋਈ ਸੇਕ ਵੀ ਨਹੀਂ ਸੀ ਰਹਿ ਗਿਆ। ਅਜੇ ਵੀ ਘਰਵਾਲੀ ਘਰ ਨਹੀਂ ਸੀ ਪੁੱਜੀ। ਮੈਂ ਚਾਹਿਆ ਬੱਚਿਆਂ ਨੂੰ ਹਾਕ ਮਾਰਾਂ ਕੁਝ ਮੇਰੇ ਅੰਦਰ ਚਲ ਰਹੇ ਖਿਆਲਾਂ ਨੂੰ ਠਲ੍ਹ ਪਏ ਗੀ। ਫਿਰ ਯਾਦ ਆਇਆ ਬੱਚੇ ਤਾਂ ਦੋ ਸਾਲ ਤੋਂ ਵਿਦੇਸ਼ ਵਿਚ ਹਨ।

ਫਿਰ ਵਿਹੜੇ ਦੇ ਮੇਨ ਗੇਟ ਵਲ ਚਲਾ ਗਿਆ। ਗੇਟ ਮੁੜ ਖੋਲ੍ਹ ਦਿੱਤਾ। ਬਾਹਰ ਨੂੰ ਝਾਕਿਆ ਅਜੇ ਵੀ ਗਲੀ ਵਿਚ ਵੀਰਾਨੀ ਸੀ। ਕੋਈ ਆ ਜਾ ਨਹੀਂ ਸੀ ਰਿਹਾ। ਇਸ ਵਾਰੀਂ ਕੁੱਤਾ ਵੀ ਨਜ਼ਰੀਂ ਨਹੀਂ ਸੀ ਪੈ ਰਿਹਾ ਜਿਸ ਨੂੰ ਫਿਰ ਵੇਖਣ ਦਾ ਜੀਅ ਕਰ ਰਿਹਾ ਸੀ। ਮੈਂ ਵੇਖ ਹੀ ਰਿਹਾ ਸਾਂ ਕਿ ਮਾਂ ਮੁੜ ਮੇਰੇ ਮੂਹਰੇ ਆਣ ਖਲੋਤੀ ਅਤੇ ਫਿਰ ਬੋਲਣ ਲਗ ਪਈ :

"ਹੁਣ ਤਾ ਢੂੰਡਸੇਂ ਬਿਚਾਰੇ ਕੋ...ਇਹ ਵੀ ਬੇਗੈਰਤਾ ਨੀ...ਭਾਵੇਂ ਕੁੱਤਾ।...ਹਿਕ ਵਾਰੀਂ ਮੱਖੀ ਪੈ ਗਈ ਦਿਲ-ਸ਼ੀਸੇ ਕੋ ਤਾ ਉਹ ਨੀ ਹਟਦੀ...ਹਿਕ ਵਾਰੀਂ ਇਸ ਕੋ ਕਿਸੇ 'ਤਾ ਭਰੋਸਾ ਹੋ ਗੱਛਾ ਤਾ ਇਹ ਜਾਨ ਵੀ ਦੇ ਦੇਂਦਾ...ਤਾ ਆਦਮੀ ?...ਤੂੰ ਆਪਣੇ ਆਪ ਕੋਲੋਂ ਪੁੱਛ...ਮੈਂ ਤੁਗ ਕੱਖ ਨਾ ਆਖਦੀ ਹੁਣ...!"

ਮੈਂ ਗੇਟ ਬੰਦ ਕਰਕੇ, ਨਿਮੋਝੂਣ ਹੋ ਕੇ ਮੁੜ ਰਾਕਿੰਗ ਚਿਅਰ 'ਤੇ ਆ ਬੈਠਾ। ਹੁਣ ਉਸ ਅਭਾਗੀ ਘੜੀ ਦੇ ਵੀ ਸਾਰੇ ਦ੍ਰਿਸ਼ ਅੱਖਾਂ ਥਾਣੇ ਆ ਗਏ ਜਦੋਂ ਕੋਵਿਡ-ਹਸਪਤਾਲ ਤੋਂ ਮਾਂ ਦੀ ਕੀਟਾਣੂ-ਪਰੂਫ਼, ਪੈਕ ਹੋਈ ਲਾਸ਼ , ਮੇਰੇ ਘਰ ਦੀ ਗਲੀ ਵਿਚ ਪੁੱਜੀ ਸੀ। ਕੁੱਤਾ ਵਿਹੜੇ ਵਿਚ ਹੀ ਮੌਜੂਦ ਸੀ। ਐਂਬੂਲੈਂਸ ਦਾ ਸਾਇਰਨ ਸੁਣ ਆਸੇ-ਪਾਸੇ ਦੇ ਸਾਰੇ ਲੋਕਾਂ ਨੇ ਬੂਹੇ-ਬਾਰੀਆਂ ਢੋਅ ਦਿੱਤੀਆਂ ਸਨ ਘਰਾਂ ਦੀਆਂ। ਭਿਆਨਕ ਖ਼ਾਮੋਸ਼ੀ ਛਾ ਗਈ ਸੀ, ਡਰ ਤੇ ਸਹਿਮ ਵਾਲੀ। ਰੋਣ-ਪਿੱਟਣ ਤੇ ਦੁਖ ਗ਼ਮ ਦਾ ਇਜ਼ਹਾਰ ਦੇ ਉਲਟ। ਮੈਨੂੰ ਪੱਕ ਹੋ ਗਈ ਕਿ ਸਾਹਮਣੇ ਕੋਈ ਨਹੀਂ ਆਣ ਲਗਾ ਤੇ ਨਾ ਹੀ ਕਿਸੇ ਨੇ ਗੁਸਲ ਦੇਣ 'ਚ ਮੇਰੀ ਮਦਦ ਕਰਨੀ ਹੈ। ਐਂਬੂਲੈਂਸ ਵਾਲਾ ਲਾਸ਼ ਨੂੰ ਹੇਠਾਂ ਸੁੱਟਣ ਲਗਾ। ਮੈਂ ਤਰਲੇ ਮਿੰਨਤਾਂ ਕੀਤੀਆਂ ਕਿ ਲਾਸ਼ ਇੱਥੇ ਸੁੱਟਣ ਦੀ ਬਜਾਇ ਸ਼ਮਸ਼ਾਨ-ਘਾਟ ਲੈ ਜਾਏ। ਉਹ ਨਾਂਹ-ਨੁਕਰ ਕਰਨ ਲਗਾ। ਉਹ ਭੈੜਾ ਜਿਹਾ ਮੂੰਹ ਬਣਾ ਕੇ ਭੱਜਣ ਲਗਾ। ਮੈਂ ਹੋਰ ਚਿਰ ਲਾਉਣ ਤੋਂ ਬਿਨਾ

ਪੰਜ-ਪੰਜ ਸੌ ਦੇ ਦਸ ਨੋਟ ਐਂਬੂਲੈਂਸ ਵਾਲੇ ਦੀ ਜੇਬ ਵਿਚ ਤੁੰਨ ਦਿੱਤੇ। ਉਸ ਇਕ ਪਾਸੇ ਜਾ ਜੇ ਨੋਟਾਂ ਨੂੰ ਟੋਹ ਲਿਆ। ਛੇਤੀ-ਛੇਤੀ ਐਂਬੂਲੈਂਸ ’ਤੇ ਚੜ੍ਹ ਗਿਆ। ਕੁਝ ਮਿੰਟਾਂ ਵਿਚ ਹੀ ਲਾਸ਼ ਸ਼ਮਸ਼ਾਨ ਘਾਟ ’ਤੇ ਪੁਜ ਗਈ। ਕੁਝ ਧਰਮੀ ਵਾਲਨਟਿਅਰ ਵੀ ਕੀਟਾਣੂ-ਪਰੂਫ਼ ਕਿੱਟਾਂ ’ਚ ਮਲਬੂਸ, ਮੌਕੇ ਸਿਰ ਪੁਜ ਗਏ, ਜਿਨ੍ਹਾਂ ਨੂੰ ਮੈਂ ਬਹੁਤ ਪਹਿਲਾਂ ਸੂਚਿਤ ਕਰ ਦਿੱਤਾ ਸੀ। ਮੈਂ ਗੁਸਲ ਦੇਣ ਦੀ ਗੱਲ ਸਾਂਝੀ ਕੀਤੀ ਤੇ ਉਹ ਮੁਸਕਰਾਉਣ ਲਗ ਪਏ ਅਤੇ ਇਕ ਦੂਜੇ ਦੇ ਮੂੰਹ ਵਲ ਵੇਖਣ ਲਗ ਪਏ। ਉਨ੍ਹਾਂ ਨੇ ਕਿਹਾ :“ਸਰਦਾਰ ਸਾਹਿਬ ! ਕਿਹੜੀ ਦੁਨੀਆਂ ਵਿਚ ਰਹਿੰਦੇ ਹੋ...ਰਬ ਦਾ ਸ਼ੁਕਰ ਕਰੋ ਕਿ ਦਾਹ-ਸੰਸਕਾਰ ਲਈ ਅਸੀਂ ਆ ਗਏ ਹਾਂ, ਨਹੀਂ ਤਾਂ...।”

ਫਿਰ ਮੈਂ ਹੱਥ ਜੋੜ ਦਿੱਤੇ। “ਭਰਾਵੋ ਜਿਵੇਂ ਤੁਸਦੀ ਮਰਜ਼ੀ...ਮੈਂ ਹੁਣ ਕੁਝ ਨੀ ਆਖਦਾ!”

ਮਿਰਤਕ ਸਰੀਰ ਨੂੰ ਚਿੱਖਾ ’ਤੇ ਰਖਿਆ ਗਿਆ, ਚੁਆਤੀ ਲਾਈ। ਮੈਨੂੰ ਦੂਰ ਚਲੇ ਜਾਣ ਲਈ ਕਿਹਾ ਗਿਆ। ਦੂਰ ਦੂਰ ਤਕ ਕੋਈ ਮਨੁੱਖ ਨਜ਼ਰ ਨਹੀਂ ਸੀ ਆ ਰਿਹਾ। ਬਸ ਇਹ ਕੁੱਤਾ ਸਾਹੋ-ਸਾਹ ਹੋਇਆ, ਉੱਪਰ-ਹੇਠਾਂ ਸੁੰਘਦਾ ਹੋਇਆ ਉੱਥੇ ਆਣ ਪੁੱਜਾ ਸੀ। ਆਪਣਿਆਂ ਪੰਜਿਆਂ ਨਾਲ ਧਰਤ ਪੋਚਦਾ ਹੋਇਆ, ਦੁਖਦੀ ਜਿਹੀ ਅਵਾਜ਼ ਨਾਲ ਹੀਂਗ ਰਿਹਾ ਸੀ।...

ਬਸ ! ਹੁਣ ਮੇਰਾ ਕਾਲਜਾ ਮੂੰਹ ਨੂੰ ਆ ਰਿਹਾ ਸੀ। ਮੈਂ ਰਾਕਿੰਗ-ਚਿਅਰ ਨੂੰ ਹੁਜ ਮਾਰ ਕੇ ਪਿੱਛੇ ਨੂੰ ਵਗਾਹ ਮਾਰਿਆ ਅਤੇ ਉੱਠ ਖੜਾ ਹੋਇਆ। ਗਊ-ਖਾਨੇ ਦੀ ਕੰਧ ਵਲ ਤੇਜੀ ਨਾਲ ਵਧਿਆ। ਚਾਦਰ ਕਿਲ ਨਾਲੋਂ ਲਾਹ ਕੇ ਅੱਖਾਂ ਨਾਲ ਛੁਹਾਈ, ਫਿਰ ਸਾਂਭਣ ਲਈ ਤਹਿ ਕਰਕੇ ਰਖ ਦਿੱਤੀ। ਦੀਵਾਰ ਨਾਲ ਲਗੀ ਫੱਟੀ ਤੋਂ ਦਾਣਿਆਂ ਦਾ ਡੱਬਾ ਲਾਹਿਆ। ਡੱਬੇ ਵਿਚਲੇ ਚਾਵਲ ਵਿਹੜੇ ਦੀਆਂ ਸਾਰੀਆਂ ਪਗ-ਡੰਡੀਆਂ ਅਤੇ ਦੀਵਾਰਾਂ ’ਤੇ ਖਿਲਾਰ ਦਿੱਤੇ। ਵਿਹੜੇ ਦਾ ਮੇਨ-ਗੇਟ ਵੀ ਪੂਰੀ ਤਰ੍ਹਾਂ ਖੋਲ੍ਹ ਦਿੱਤਾ। ਹੁਣ ਮੈਂ ਚਾਹੁੰਦਾ ਸਾਂ ਕੁੱਤਾ ਅਤੇ ਪੰਛੀ ਮੁੜ ਵਿਹੜੇ ਵਿਚ ਆ ਜਾਣ !

**(ਪਹਿਲਗਾਮੀ)**

**7006803106**

# ਪੁੱਲ ਤੇ ਉਹ

**ਆਰ.ਐਸ. ਰਾਜਨ**

ਉਹ ਦੋਵੇਂ ਚਿਖਾ ਦੇ ਆਰ ਪਾਰ ਖੜ ਗਏ ਸਨ। ਚਿਖਾ ਚੋਂ ਉਠ ਰਹੇ ਲੰਬੂਆਂ ਦਾ ਸੇਕ ਉਹਨਾਂ ਦੋਵਾਂ ਨੂੰ ਮਹਿਸੂਸ ਹੋ ਰਿਹਾ ਸੀ। ਉਹਨਾਂ ਦੀਆਂ ਨਜ਼ਰਾਂ ਧਰਤੀ ਉੱਤੇ ਗੱਡੀਆਂ ਹੋਈਆਂ ਸਨ। ਸ਼ੋਰ ਦਾ ਉੱਚਾ ਹੋਣ ਕਰਕੇ ਉਹਨਾਂ ਦੀਆਂ ਨਜ਼ਰਾਂ ਆਪਸ ਵਿੱਚ ਮਿਲਦੀਆਂ ਤੇ ਮੁੜ ਧਰਤੀ ਵਿੱਚ ਗੱਡੀਆਂ ਜਾਂਦੀਆਂ । ਸ਼ਮਸ਼ਾਨ ਘਾਟ ’ਤੇ ਬਰਾਦਰੀ-ਭਾਈਚਾਰਾ ਚੌਖੀ ਤਾਦਾਦ ਵਿੱਚ ਜੁੜ ਗਿਆ ਸੀ। ਉਹਨਾਂ ਦੇ ਬੱਚੇ, ਜੋ ਹੁਣ ਪੱਕੀ ਉਮਰ ਨੂੰ ਪੁੱਜ ਗਏ ਸਨ, ਉਹ ਵੀ ਸ਼ਮਸ਼ਾਨ ਘਾਟ ’ਤੇ ਲੋਕਾਂ ਦਾ ਧੰਨਵਾਦ ਕਰ ਰਹੇ ਸਨ।

ਚਿਖਾ ਦਾ ਸੇਕ ਮਹਿਸੂਸ ਕਰਨ ’ਤੇ ਲੋਕੀ ਦੂਰ-ਦੂਰ ਤੱਕ ਫੈਲ ਗਏ ਸਨ। ਪਰ ਉਹ ਦੋਵੇਂ ਭਰਾ ਚਿਖਾ ਦੇ ਨੇੜੇ ਹੀ ਖੜੇ ਰਹੇ । ਉਹਨਾਂ ਦੀ ਭੈਣ ਚੌਖੀ ਉਮਰ ਭੋਗ ਕੇ ਅੱਜ ਉਹਨਾਂ ਨੂੰ ਅਲਵਿਦਾ ਕਹਿ ਗਈ ਸੀ । ਇਹ ਉਹਨਾਂ ਦੀ ਭੈਣ ਵੀ ਸੀ ਤੇ ਮਾਂ ਵੀ। ਮਾਂ ਦੇ ਨੈਣ ਨਕਸ਼ ਉਹਨਾਂ ਦੇ ਚਿੱਤ ਚੇਤਿਆਂ ਚੋਂ ਹੀ ਅਲੋਪ ਹੋ ਗਏ ਸਨ। ਜਦ ਉਹਨਾਂ ਨੇ ਸੁਰਤ ਸੰਭਾਲੀ ਸੀ ਤਾਂ ਉਹਨਾਂ ਭੈਣ ਨੂੰ ਹੀ ਉਹਨਾਂ ਦਾ ਪਾਲਣ ਪੋਸ਼ਣ ਕਰਦਿਆਂ ਵੇਖਿਆ। ਕਿੰਨਾ ਚਿਰ ਉਹ ਉਹਨੂੰ ਮਾਂ ਹੀ ਸਮਝਦੇ ਰਹੇ ਸਨ। ਸਰਦੀਆਂ ਗਰਮੀਆਂ ਵਿੱਚ ਉਹਨਾਂ ਦੀ ਸੰਭਾਲ ਕਰਦੀ। ਨਵਾਲਦੀ, ਕੱਪੜੇ ਧੋਂਦੀ, ਉਹਨਾਂ ਦੀਆਂ ਅੜੀਆਂ ਸਹਾਰਦੀ। ਪੈੜ ਪੈੜ ’ਤੇ ਉਹਨਾਂ ਦੇ ਅੰਗ ਸੰਗ ਰਹਿੰਦੀ।

ਉਂਝ ਤਾਂ ਉਹਦਾ ਨਾਂ ਨਿਰਮਲ ਦਈ ਸੀ ਪਰ ਉਹ ਦੋਵੇਂ ਭਰਾ ਉਹਨੂੰ ਨਾਈ ਕਹਿੰਦੇ ਸਨ। ਉਹਦਾ ਵਿਆਹ ਲਾਗਲੇ ਪਿੰਡ ਹੋਇਆ ਸੀ। ਘਰ ਵਾਲਾ ਪੁਲਿਸ ਵਿੱਚ ਸੀ। ਪਰ ਮਾਂ ਦੀ ਮੌਤ ਹੋਣ ਕਰਕੇ ਪਿਉ ਨੇ ਉਹਨੂੰ ਆਪਣੇ ਘਰ ਹੀ ਰੱਖ ਲਿਆ ਸੀ। ਭੋਏਂ-ਭਾਂਡਾ ਬਹੁਤਾ ਹੋਣ ਕਾਰਨ ਪਿਉ ਨੇ ਉਸ ਨੂੰ ਤੀਜਾ ਹਿੱਸਾ ਦੇ ਦਿੱਤਾ ਸੀ। ਉਸ ਨੇ ਜਿੱਥੇ ਆਪਣੀ ਜ਼ਮੀਨ ਜਾਇਦਾਦ ਸੰਭਾਲੀ, ਉੱਥੇ ਭਰਾਵਾਂ ਦੀ ਜ਼ਮੀਨ ਵੀ ਸੰਭਾਲੀ। ਸੇਬਾਂ, ਬਦਾਮਾਂ ਦੇ ਬਾਗ ਆਪ ਵੀ ਲਵਾਏ, ਉੱਥੇ ਭਰਾਵਾਂ ਨੂੰ ਵੀ ਬਾਗ ਲਾਣ ਲਈ ਜੋਰ ਦਿੱਤਾ। ਜਦੋਂ ਤੱਕ ਉਹਨਾਂ ਦੇ ਵਿਆਹ ਨਾ ਹੋਏ ਉਹ ਉਹਨਾਂ ਦੀ ਨਿਗਰਾਨੀ ਵੀ ਕਰਦੀ ਅਤੇ ਭੋਏ ਭਾਂਡਾ ਵੀ ਸੰਭਾਲਦੀ।

ਹੁਣ ਉਹਨਾਂ ਦੀ ਆਮਦਨ ਵਧਣ ਲੱਗੀ। ਬਦਾਮਾ ਅਤੇ ਸੇਬਾਂ ਦੇ ਬਾਗ ਹੁਣ ਚੌਖੀ ਆਮਦਨ ਦੇਣ ਲੱਗ ਪਏ ਸਨ। ਹੁਣ ਉਹਨਾਂ ਦੇ ਟੱਬਰ ਵੀ ਵੱਧਣ ਲੱਗ ਪਏ ਸਨ। ਉਹਨਾਂ ਕੁਝ ਹੀ ਸਾਲਾਂ ਵਿੱਚ ਆਪਣੇ ਵੱਖਰੇ ਘਰ ਬਣਾ ਲਏ। ਜ਼ਮੀਨ ਜਾਇਦਾਦ ਦੋ ਹਿੱਸਿਆਂ ਵਿੱਚ ਵੰਡੀ ਗਈ।

ਉਹ ਆਪਣੀ ਜ਼ਮੀਨ ਉੱਤੇ ਹੋਰ ਮਿਹਨਤ ਕਰਨ ਲੱਗ ਪਏ। ਆਮਦਨ ਵੀ ਦੁਗਣੀ ਹੋਣ ਲੱਗ ਪਈ। ਪਰ ਉਹ ਨਾਈ ਨੂੰ ਨਾ ਭੁੱਲਦੇ। ਸਵੇਰੇ ਸ਼ਾਮੀ ਨਾਈ ਦੇ ਘਰ ਗੇੜਾ ਜ਼ਰੂਰ ਮਾਰਦੇ। ਨਾਈ ਉਹਨਾਂ ਨੂੰ ਮੱਤਾਂ ਦੇਂਦੀ। ਨਾੜ ਵਿਚਲੇ ਬੂਟਿਆਂ ਨੂੰ ਵੇਚਦਿਆਂ ਛੋਟੇ ਭਰਾ ਨੂੰ ਲੱਗਾ ਜਿਵੇਂ ਵੱਡੇ ਨੇ ਬੇਈਮਾਨੀ ਕਰ ਲਈ ਹੈ। ਉਹਨੇ ਨਾਈ ਕੋਲ ਸ਼ਿਕਾਇਤ ਕੀਤੀ ਤਾਂ ਨਾਈ ਦੋਵਾਂ ਨੂੰ ਸਮਝਾ ਬੁਝਾ ਕੇ ਦੋਵਾਂ ਦਾ ਮਨ ਮੁਟਾਵ ਦੂਰ ਕਰ ਦਿੱਤਾ। ਪਰ ਛੋਟੇ ਨੂੰ ਲੱਗਿਆ ਸ਼ੀਸ਼ੇ ਵਿੱਚ ਤਰੇੜ ਪੈ ਗਈ ਹੈ। ਗਿਲੇ ਸ਼ਿਕਵੇ ਜਿਵੇਂ ਹੁਣ ਵਧਦੇ ਹੀ ਚਲੇ ਗਏ ਤੇ ਹੁਣ ਗੱਲ ਗਾਲ੍ਹੀ-ਗਲੋਚ ਤੱਕ ਵੀ ਪੁੱਜ ਗਈ। ਜਦੋਂ ਜੀਜਾ ਜੀਂਦੇ ਸਨ ਓਹ ਕੋਟ ਕਚਿਹਰੀ ਨਹੀਂ ਸਨ ਗਏ। ਪਰ ਹੁਣ ਨਿਤ ਦੀ ਖੈਬੜ ਖੇਹ ਰਹਿੰਦੀ। ਉਹ ਦੋਵੇਂ ਨਾਈ ਕੋਲ ਆਪਣਾ ਪੱਖ ਪੂਰਨ ਆ ਜਾਂਦੇ। ਨਾਈ ਉਹਨਾਂ ਨੂੰ ਮਹੀਨੇ ਵਿੱਚ ਇੱਕ ਅੱਧ ਵਾਰ ਰੋਟੀ ’ਤੇ ਬੁਲਾ ਲੈਂਦੀ। ਨਾਲੇ ਉਹਨਾਂ ਦਾ ਮਨਮੁਟਾਵ ਵੀ ਦੂਰ ਕਰ ਦਿੰਦੀ ਅਤੇ ਨਾਲ ਆਖਦੀ, ਚੰਨਿਆ, ਅੱਜ ਸੁਣਿਆ ਤੂੰ ਭਾਈਏ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ? ਅੱਗੋਂ ਚੰਨਾ ਪਰਸਿਓ ਪਰਸਿਓ ਹੋ ਜਾਂਦਾ ਤੇ ਆਖਦਾ, “ਨਾਈ ਤੂੰ ਹੀ ਦੱਸ, ਜਦ ਉਹ ਮੇਰਾ ਹੱਕ ਮਾਰਨ ਦੀ ਕਰਦਾ ਹੈ ਤਾਂ ਮੈਂ ਕੀ ਕਰਾਂ?”

“ਚੰਗਾ ਕੀਤਾ ਭਰਾਵਾ, ਤੇਰੀ ਮਰੀ ਮਾਊ ਕੀ ਪਤਾ ਲੱਗਾ ਹੋਸੀ, ਉਹਦੇ ਪੁੱਤ ਗਾਲ੍ਹਾਂ ਕੱਢਣ ਜੋਗੇ ਹੋ ਗਏ ਨੇ!”

ਚੰਨਾ ਉੱਠ ਨਾਈ ਦੇ ਪੈਰ ਫੜ ਲੈਂਦਾ। ਨਾਈ ਆਖਦੀ, “ਨਾ ਨਾ ਮੇਰੇ ਨਾ, ਭਾਈਏ ਦੇ ਪਕੜ। ਅਤੇ ਉਹ ਵੱਡੇ ਭਰਾ ਦੇ ਪੈਰਾਂ ਉੱਤੇ ਡਿਗ ਪੈਂਦਾ। ਇੰਜ ਦੋਵਾਂ ਭਰਾਵਾਂ ਦਾ ਮਨ ਮੁਟਾਵ ਦੂਰ ਹੋ ਜਾਂਦਾ।

ਹਰ ਪੰਜ ਸਾਲਾਂ ਬਾਅਦ ਇਸ ਸਾਲ ਵੀ ਵੋਟਾਂ ਦਾ ਮੌਸਮ ਆ ਗਿਆ। ਪਿੰਡ ਵਿੱਚ ਐਸਾ ਮਾਹੌਲ ਭੱਖਿਆ ਕਿ ਪਿੰਡ ਦੋਵਾਂ ਪਾਰਟੀਆਂ ਵਿੱਚ ਵੰਡਿਆ ਗਿਆ। ਨਾਈ ਦੇ ਭਰਾ ਵੀ ਇਸ ਘੋਲ ਵਿੱਚ ਜਦ ਕੁੱਦ ਪਏ। ਇਹ ਦੋ ਭਰਾ ਮਾਨੋ ਦੋ ਪਾਰਟੀਆਂ ਬਣ ਗਏ। ਉਹ ਇੱਕ ਦੂਜੇ ਦੇ ਵੈਰੀ ਬਣ ਗਏ।

ਨਾਈ ਹੁਣ ਘਰ ਤੋਂ ਬਾਹਰ ਘੱਟ ਵੱਧ ਹੀ ਨਿਕਲਦੀ। ਉਹਨੂੰ ਨੂੰਹਾਂ ਧੀਆਂ ਆ ਕੇ ਭਰਾਵਾਂ ਦੀਆਂ ਗੱਲਾਂ ਦੱਸਦੇ ਤਾਂ ਉਸਦਾ ਸੀਨਾ ਜਿਵੇਂ ਛਿਲਿਆ ਜਾਂਦਾ। ਉਹਦੇ ਭਰਾਵਾਂ ਹੁਣ ਉਹਦੇ ਕੋਲ ਆਣਾ ਵੀ ਬੰਦ ਕਰ ਦਿੱਤਾ ਸੀ। ਉਹਨੂੰ ਜਾਪਿਆ ਜਿਵੇਂ ਉਹ ਅੱਖੀਆਂ ਤੋਂ ਅੰਨੀ ਹੋ ਗਈ ਹੈ। ਉਹ ਸਾਰਾ ਸਾਰਾ ਦਿਨ ਕਲਪਦੀ ਰਹਿੰਦੀ। ਜਦ ਉਹਨੂੰ ਨੂਹਾਂ ਪੁੱਤ ਨਾ ਕਲਪਣ ਨੂੰ ਆਖਦੇ ਤਾਂ ਉਹ ਆਖਦੀ, “ਤੁਸਾਂ ਕੇ ਦੱਸਾਂ, ਮੈਂ ਇਹ ਕੀਆਂ ਪਾਲੇ ਦਨ। ਜੋ ਇਹ ਜੂਠਾ ਸੁੱਟਦੇ, ਮੈਂ ਉਹ ਹੀ ਖਾਂਦੀ। ਇਹ ਤਾਂ ਪਰਾਈ ਅੱਗ ਵਿੱਚ ਸੜ ਗਏ। ਜਿੱਤਿਆ ਕੋਈ, ਹਾਰਿਆ ਕੋਈ। ਇਨ੍ਹਾਂ ਆਪਣੇ ਘਰ ਸਾੜ ਸੁੱਟੇ।”

ਉਹ ਕੋਰਟ ਕਚਹਿਰੀਆਂ ਵਿੱਚ ਜਾਣ ਲੱਗ ਪਏ। ਹੁਣ ਨਾ ਵੱਡਾ ਨਾਈ ਕੋਲ ਆਂਦਾ ਨਾ ਛੋਟਾ। ਨਾਈ ਦਿਨ ਵਿੱਚ ਕਈ ਕਈ ਵਾਰੀ ਬਾਗਾਂ ਦੀਆਂ ਵਾਟਾਂ ਕਛਦੀ। ਮਤਾ ਕਿਧਰੇ ਭਰਾਵਾਂ ਦੇ ਦਰਸ਼ਨ ਹੋ ਜਾਣ। ਨਾਈ ਕਲਪਦੀ। ਸੀਨਾ ਕੁੱਟਦੀ। ਉਹ ਚਾਹੁੰਦੀ ਕਿ ਉਹ ਉਹਨਾਂ ਨੂੰ ਆਪਣੇ ਕੋਲ ਸੱਦੇ। ਕੋਲ ਬਿਠਾਲ ਕੇ ਰੋਟੀ ਖਵਾਵੇ। ਉਹਨਾਂ ਦਾ ਮਨ ਮੁਟਾਵ ਦੂਰ ਕਰੇ ਪਰ ਹੁਣ ਉਹ ਤਾਂ ਆਪਣੇ ਘਰ ਵਿੱਚ ਹੀ ਓਪਰੀ ਜਿਹੀ ਬਣ ਗਈ ਬਣ ਕੇ ਰਹਿ ਗਈ ਹੈ। ਉਹਦੀ ਸਰਦਾਰੀ ਘਰ ਚੋਂ ਮੁੱਕ ਗਈ ਹੈ। ਹੁਣ ਘਰ ਵਿੱਚ ਹੋਰਾਂ ਦਾ ਪਹਿਰਾ ਲੱਗ ਗਿਆ ਹੈ। ਉਹ ਤਾਂ ਹੁਣ ਇੱਕ ਫਾਲਤੂ ਜਿਹੀ ਵਸਤੂ ਬਣ ਕੇ ਇੱਕ ਕੋਨੇ ਵਿੱਚ ਸਿਮਟ ਗਈ ਹੈ। ਹੁਣ ਕੋਈ ਉਸ ਦੀ ਗੱਲ ਦਾ ਹੁੰਗਾਰਾ ਨਹੀਂ ਭਰਦਾ। ਪੁੱਤਰ ਤਾਂ ਹੁਣ ਉਸਦੇ ਨੇੜੇ ਵੀ ਨਹੀਂ ਲੱਗਦੇ। ਹੁਣ ਉਹ ਸਾਰਾ ਸਾਰਾ ਦਿਨ ਬਿਟਰ-ਬਿਟਰ ਤਕਦੀ ਰਹਿੰਦੀ। ਅਚਾਨਕ ਉਹਦੀ ਤਬੀਅਤ ਖਰਾਬ ਹੋ ਗਈ ਅਤੇ ਉਹਨੂੰ ਹਸਪਤਾਲ ਲੈ ਗਏ। ਉਹਨੂੰ ਸਟਰੋਕ ਆ ਗਿਆ ਸੀ। ਨਾ ਹੁਣ ਉਹ ਕਿਸੇ ਨੂੰ ਪਛਾਣਦੀ, ਨਾ ਬੋਲ ਸਕਦੀ। ਹੁਣ ਉਹਦੀਆਂ ਅੱਖਾਂ ਹਸਪਤਾਲ ਦੀ ਛੱਤ ਵੱਲ ਲੱਗ ਗਈਆਂ ਸਨ।

ਦੋਵੇਂ ਭਰਾ ਉਹਨੂੰ ਵੇਖਣ ਹਸਪਤਾਲ ਆਏ ਪਰ ਉਹਨੇ ਜਿਵੇਂ ਉਹਨਾਂ ਵੱਲੋਂ ਮੂੰਹ ਹੀ ਮੋੜ ਲਿਆ ਸੀ। ਉਹਦੀਆਂ ਅੱਖਾਂ ਦੇ ਕੋਨਿਆਂ ’ਚੋਂ ਪਾਣੀ ਨਿਰੰਤਰ ਵਗਦਾ ਰਿਹਾ। ਉਹ ਨਿਰਾਸ਼ ਘਰ ਪਰਤ ਆਏ। ਉਸੇ ਰਾਤ ਨਾਈ ਨੇ ਆਖਰੀ ਹਿਚਕੀ ਭਰੀ ਸੀ ਅਤੇ ਅੱਖੀਆਂ ਦੇ ਦੀਵੇ ਸਦਾ ਲਈ ਨੂਟੇ ਗਏ।

ਸਵੇਰੇ ਜਦੋਂ ਨਾਈ ਦੀ ਅਰਥੀ ਸ਼ਮਸ਼ਾਨ ਘਾਟ ਵੱਲ ਤੁਰੀ ਤਾਂ ਉਹ ਦੋਵੇਂ ਭਰਾ ਅਰਥੀ ਦੇ ਨਾਲ ਨਾਲ ਤੁਰ ਪਏ। ਉਹ ਦੋਵੇਂ ਚਿਖਾ ਦੇ ਆਰ ਪਾਰ ਖੜ੍ਹ ਗਏ। ਬਲਦੇ ਲੰਬੂਆਂ ਵਿੱਚੋਂ ਉਹ ਇੱਕ ਦੂਜੇ ਵੱਲ ਚੋਰ ਅੱਖੀਆਂ ਨਾਲ ਵੇਖਣ ਲੱਗ ਪਏ। ਜਦ ਇੱਕ ਦੂਜੇ ਨਾਲ ਅੱਖੀਆਂ ਮਿਲਦੀਆਂ ਤਾਂ ਉਹ ਝੱਟ ਆਖੀਆਂ ਜ਼ਮੀਨ ’ਤੇ ਗੱਡ ਲੈਂਦੇ। ਚਿਤਾ ਦੇ ਲੰਬੂ ਮੱਧਮ ਪੈ ਗਏ। ਭਾਈ ਸਾਹਿਬ ਨੇ ਕਦੋਂ ਅਰਦਾਸ ਕੀਤੀ, ਕਦੋਂ ਲੋਕਾਂ ਦਾ ਧੰਨਵਾਦ ਕੀਤਾ, ਕਦੋਂ ਅੰਤਿਮ ਅਰਦਾਸ ਦਾ ਐਲਾਨ ਕੀਤਾ, ਉਹਨਾਂ ਦੋਵਾਂ ਭਰਾਵਾਂ ਜਿਵੇਂ ਕੁਝ ਵੀ ਨਹੀਂ ਸੀ ਸੁਣਿਆ।

ਲੋਕੀ ਆਪੋ ਆਪਣੇ ਘਰੀਂ ਜਾਣ ਲਗ ਪਏ ਸਨ। ਪਰ ਉਹ ਦੋਵੇਂ ਚਿਤਾ ਦੇ ਆਰ-ਪਾਰ ਜਿਵੇਂ ਅੱਗ ਦੀਆਂ ਲਾਟਾਂ ’ਚੋਂ ਕੁਝ ਲੱਭ ਰਹੇ ਸਨ। ਉਨ੍ਹਾਂ ਨੂੰ ਜਾਪਿਆ ਜਿਵੇਂ ਸਾਂਝਾਂ ਦਾ ਪੁੱਲ ਸੜ ਕੇ ਸੁਆਹ ਹੋ ਗਿਆ ਹੈ।

ਜਦੋਂ ਉਹ ਖਾਲੀ-ਖਾਲੀ ਘਰਾਂ ਨੂੰ ਪਰਤਣ ਲਗੇ ਤਾਂ ਵੱਡੇ ਨੇ ਛੋਟੇ ਦੇ ਮੋਢੇ ’ਤੇ ਆਪਣੀ ਬਾਂਹ ਆਣ ਧਰੀ। ਛੋਟਾ ਤ੍ਰਬਕ ਗਿਆ। ਅੱਥਰੂ ਆਪ ਮੁਹਾਰੇ ਦੋਵਾਂ ਦੀਆਂ ਅੱਖੀਆਂ ’ਚੋਂ ਵਹਿ ਤੁਰੇ।

**ਧਰਮ ਘੁੰਡ, ਤਰਾਲ ਕਸ਼ਮੀਰ**

**ਮੋ. 98584 77296**

# ਪ੍ਰੋ: ਸੁਰਿੰਦਰ ਸੀਰਤ ਨਾਲ ਇੱਕ ਮੁਲਾਕਾਤ

❑ ਡਾ: ਮੋਨੋਜੀਤ

(ਪ੍ਰੋ: ਸੁਰਿੰਦਰ ਸੀਰਤ ਮੇਰੇ ਸਮਕਾਲੀ ਲੇਖਕਾਂ ਵਿੱਚੋਂ ਇਕ ਅਜਿਹਾ ਹਸਤਾਖਰ ਹੈ ਜਿਸਦੀ ਕਚਨਾ ਮੈਨੂੰ ਪ੍ਰਭਾਵਿਤ ਕਰਦੀ ਹੈ। ਉਹਦੇ ਨਾਲ ਮੇਰੇ ਸੰਬੰਧ ਮਿਤ੍ਰਤਾ ਵਾਲੇ ਨੇ। ਮੇਰੀ ਬੜੇ ਚਿਰਾਂ ਤੋਂ ਤਾਂਘ ਸੀ ਕਿ ਮੈਂ ਉਨ੍ਹਾਂ ਨਾਲ ਇਕ ਅਜਿਹਾ ਸਾਖਿਆਤਕਾਰ ਕਰਾਂ ਜਿਸ ਨਾਲ ਉਹਨਾਂ ਦੇ ਵਿਅਕਤੀਤਵ ਅਤੇ ਰਚਨਾ ਦੇ ਕੁਝ ਅਜਿਹੇ ਪੱਖ ਉਘੜਕੇ ਸਾਹਮਣੇ ਆਉਣ ਜਿਨ੍ਹਾਂ ਤੋਂ ਪੰਜਾਬੀ ਜਗਤ ਦੇ ਬਹੁਤੇ ਲੋਕੀ ਅਨਜਾਣ ਨੇ। ਮੇਰੀ ਇਸ ਅਮਰੀਕਾ ਫੇਰੀ ਵੇਲੇ ਮੇਰੀ ਇਹ ਤਾਂਘ ਪੂਰੀ ਹੋ ਗਈ ਜਿਸ ਸਦਕਾ ਇਹ ਸਾਖਿਆਤਕਾਰ ਸਾਹਮਣੇ ਆਇਆ-ਡਾ: ਮੋਨੋਜੀਤ)

**ਸਵਾਲ-1** : ਸੀਰਤ ਸਾਹਬ, ਤੁਸੀਂ ਅੰਤਰ-ਰਾਸ਼ਟਰੀ ਪੱਧਰ ’ਤੇ ਜਾਣੇ-ਪਛਾਣੇ ਪੰਜਾਬੀ ਦੇ ਇਕ ਉੱਘੇ ਲੇਖਕ ਹੋ ਪਰ ਤੁਹਾਡਾ ਜਨਮ ਦੁਨੀਆਂ ਦੇ ਵਿਚ ਆਪਣੀ ਖ਼ੂਬਸੂਰਤੀ ਲਈ ਜਾਣੀ-ਪਛਾਣੀ ਥਾਂ ਕਸ਼ਮੀਰ ਦੇ ਇਕ ਪਿੰਡ ਵਿਚ ਹੋਇਆ। ਕਿਸੇ ਲੇਖਕ ਦੀ ਜਨਮ ਭੂਮੀ ਆਪਣੀਆਂ ਸਾਰੀਆਂ ਵਿਲੱਖਣਤਾਵਾਂ ਸਹਿਤ ਕਿਸੇ ਮਨੁੱਖ ਦੇ ਅੰਦਰਲੇ ਲੇਖਕੀ ਸੁਹਜ ਤੇ ਸੁਹਪਣ ਨੂੰ ਕਿਵੇਂ ਬਾਹਰ ਲਿਆਉਂਦੀ ਹੈ, ਜੇ ਇੱਥੋਂ ਗੱਲ ਸ਼ੁਰੂ ਕੀਤੀ ਜਾਵੇ ਤਾਂ...ਕੀ ਕਹੋਗੇ?

**ਜਵਾਬ** : ਕਿਸੇ ਵੀ ਮਨੁੱਖ ਦੀ ਅਭਿਵਿਕਤੀ ’ਤੇ ਉਸ ਦੇ ਮਾਂ ਬਾਪ ਦੇ ਧਰਮ, ਬੋਲੀ, ਜੀਵਨ ਸ਼ੈਲੀ, ਸੰਸਕਾਰ ਆਦਿ ਦਾ ਪ੍ਰਭਾਵ ਹੁੰਦਾ ਹੈ। ਜਿਸ ਪਿੰਡ ਜਾਂ ਪ੍ਰਾਂਤ ਵਿਚ ਉਸਦਾ ਜਨਮ ਹੁੰਦਾ ਹੈ ਉਸ ਵਿੱਚੋਂ ਹੀ ਉਸਦਾ ਸੁਹਜ ਪਨਪਦਾ ਹੈ। ਮੈਂ ਕਿਉਂਕਿ ਸ਼ਹਿਰ ਵਿਚ ਪੜ੍ਹਦਾ ਸੀ ਅਤੇ ਜਦ ਵੀ ਮੈਨੂੰ ਛੁੱਟੀ ਮਿਲਦੀ, ਮੈਂ ਪਿੰਡ ਭੱਜ ਜਾਂਦਾ ਸੀ। ਪਿੰਡ ਵਿੱਚੋਂ ਹੀ ਮੇਰੀ ਸ਼ਬਦ-ਗੀਤ ਗਾਉਣ ਦੀ ਪ੍ਰਤਿਭਾ ਨੇ ਜਨਮ ਲਿਆ। ਮੇਰੀਆਂ ਲਿਖਤਾਂ ਵਿਚ ਮੇਰੇ ਪਿੰਡ ਦੇ ਹਵਾਲੇ ਮਿਲਦੇ ਹਨ।

ਪਿੱਛੇ ਜਿਹੇ ਮੈਂ ਆਪਣੇ ਪਿੰਡ ਪ੍ਰਤੀ ਇਕ ਕਵਿਤਾ "ਕੁਝ ਇਵੇਂ ਜਾਂਦਾ ਏ ਗਵਾਚ" ਲਿਖੀ ਹੈ ਜੋ ਬਹੁਤ ਪਸੰਦ ਕੀਤੀ ਗਈ ਅਤੇ ਮੇਰੀ ਛਪ ਰਹੀ ਕਾਵਿ ਪੁਸਤਕ 'ਜੰਗ ਜਾਰੀ ਏ' ਵਿਚ ਸ਼ਾਮਿਲ ਕੀਤੀ ਗਈ ਹੈ।

**ਸਵਾਲ** : ਉਂਝ ਮੇਰੇ ਮਨ ਵਿੱਚ ਤੁਹਾਡੇ ਪਿੰਡ ਬਾਰੇ ਸਵਾਲ ਦੇ ਨਾਲ ਹੀ ਤੁਹਾਡੇ ਸੋਹਣੇ ਵਿਅਕਤੀਤਵ ਅਤੇ ਇਸ ਦੇ ਤੁਹਾਡੇ ਸਿਰਜਣਾ ਨਾਲ ਸੰਬੰਧ ਬਾਰੇ ਵੀ ਸਵਾਲ ਸੀ ਪਰ ਕਿਉਂਕਿ ਤੁਸੀਂ ਸ਼ੁਰੂ ਵਿੱਚ ਹੀ ਆਪਣੇ ਸ਼ਬਦ, ਗੀਤ ਗਾਉਣ ਬਾਰੇ ਗੱਲ ਕਰ ਦਿੱਤੀ ਹੈ ਅਤੇ ਨਾਲੇ ਆਪਣੀ ਆਉਣ ਵਾਲੀ ਪੁਸਤਕ ਬਾਰੇ ਜ਼ਿਕਰ ਕੀਤਾ ਹੈ। ਕਿਉਂ ਨਾ ਤੁਸੀਂ ਹੀ ਇਸ ਸਭ ਬਾਰੇ ਜ਼ਰਾ ਵਿਸਥਾਰ ਨਾਲ ਗੱਲ ਕਰ ਲਵੋ...

(ਸੀਰਤ ਸਾਹਿਬ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ। ਪੁੱਛਣ 'ਤੇ ਬੋਲੇ, "ਇਹ ਸਵਾਲ ਹੀ ਨਹੀਂ ਮੈਂ ਇਸ ਦਾ ਕੀ ਜਵਾਬ ਦਿਆਂ। .ਕਾਫੀ ਦੇਰ ਮੈਂ ਉਹਨਾਂ ਨੂੰ ਕੋਈ ਸਵਾਲ ਨਹੀਂ ਭੇਜਿਆ। ਸੋਚਦਾ ਰਿਹਾ ਉਹਨਾਂ ਨੂੰ ਇਕੱਠੇ ਸਵਾਲ ਹੀ ਭੇਜਾਂ। ਭੇਜ ਨਹੀਂ ਸਕਿਆ। ਉਹਨਾਂ ਦੀ ਸ਼ਖਸੀਅਤ ਦੇ ਹਾਣ ਦੇ ਸਵਾਲ ਮਨ ਵਿੱਚ ਆ ਹੀ ਨਹੀਂ ਸਨ ਰਹੇ। ਫਿਰ ਵਿਚਾਰ ਆਇਆ ਕਿਉਂ ਨਾ ਆਪਣੇ ਸੁਭਾਅ ਜਿਹੇ ਸਾਦ-ਮੁਰਾਦੇ ਜਿਹੇ ਸਵਾਲ ਪੁੱਛਾਂ? ਪਹਿਲਾਂ ਸ਼ਾਇਦ .ਨਹੀਂ ਸੀ ਪੁੱਛੇ। ਇੰਟਰਵਿਊ ਨੂੰ ਨਿਰੰਤਰਤਾ ਪ੍ਰਦਾਨ ਕਰਨ ਲਈ ਮੈਂ ਉਹਨਾਂ ਦੇ ਪਹਿਲੇ ਸਵਾਲ ਦਾ ਜਵਾਬ ਹੀ ਫੜਿਆ। .ਉਹਨਾਂ ਨੇ ਵੀ ਪਹਿਲੇ ਸਵਾਲ ਦੇ ਜਵਾਬ ਵਿੱਚ ਕਈ ਉੱਤਰ ਨਹੀਂ ਸੀ ਦਿੱਤੇ। ਮੈਂ ਗੱਲ ਉਥੋਂ ਹੀ ਸ਼ੁਰੂ ਕਰਨੀ ਠੀਕ ਸਮਝੀ!)

**ਸਵਾਲ-2** : ਸੀਰਤ ਸਾਹਿਬ, ਸ਼ਾਇਦ ਤੁਸੀਂ ਮੇਰੇ ਸਵਾਲ ਵਿਚ ਕਸ਼ਮੀਰ ਦੀ ਖ਼ੂਬਸੂਰਤੀ ਵਾਲੇ ਪਹਿਲੂ 'ਤੇ ਗੌਰ ਨਹੀਂ ਕੀਤਾ। ਇਹ ਪਹਿਲੂ ਇਸ ਲਈ ਜ਼ਰੂਰੀ ਹੈ ਕਿ ਮਨੁੱਖੀ ਸਿਰਜਨਾਤਮਕਤਾ ਉਤੇ ਇਸ ਦੇ ਪ੍ਰਭਾਵ ਬਾਰੇ ਜਾਣਿਆ ਜਾ ਸਕੇ। ਕੀ ਤੁਹਾਡੇ ਮਨ ਦੀ ਸਿਰਜਨਾਤਮਕਤਾ ਨੂੰ ਕਸ਼ਮੀਰ ਦੀ ਖ਼ੂਬਸੂਰਤੀ ਨੇ ਪ੍ਰਭਾਵਿਤ ਕੀਤਾ? ਉਂਝ ਤੁਸੀਂ ਪਿੰਡ ਵਿਚ ਆਪਣੀ ਸ਼ਬਦ-ਗੀਤ ਗਾਉਣ ਦੀ ਪ੍ਰਤਿਭਾ ਦੇ ਜਨਮ ਲੈਣ ਦੀ ਗੱਲ ਕੀਤੀ ਹੈ। ਕੀ ਇਸ ਪ੍ਰਤਿਭਾ ਵਿੱਚੋਂ ਸਿਰਜਨ ਨੇ ਜਨਮ ਲਿਆ?

**ਜਵਾਬ** : ਡਾ. ਮੋਨੋਜੀਤ ਜੀ, ਮੈਨੂੰ ਕਸ਼ਮੀਰ ਦੀ ਸੁੰਦਰਤਾ ਨੇ ਕਿੰਝ ਪ੍ਰਭਾਵਿਤ ਕਰਨਾ ਸੀ? ਇਸ ਦੀ ਖ਼ੂਬਸੂਰਤੀ ਦਾ ਮੇਰੀ ਸਿਰਜਨ ਪ੍ਰਕਿਰਿਆ 'ਤੇ ਕਿਵੇਂ ਅਸਰ ਹੋਣਾ ਸੀ? ਮੈਂ MSc ਤੀਕ ਕਸ਼ਮੀਰ ਵਿਚ ਹੀ ਸੀ ਅਤੇ ਕਿਸੇ ਦੂਸਰੀ ਥਾਂ ਦੀ ਗੈਰ ਮੌਜੂਦਗੀ ਦਾ ਕਿੰਝ ਅਸਰ ਹੁੰਦਾ ਜੋ ਸ਼ਾਇਦ ਇੱਕ ਕਾਰਨ ਬਣਨਾ ਸੀ ਕਸ਼ਮੀਰੀ ਸੁੰਦਰਤਾ ਨੂੰ ਗੋਲਣ ਦਾ ਜਾਂ ਇਹ ਜਾਣਨ ਦਾ ਕਿ ਇਹ ਇੱਕ ਖ਼ੂਬਸੂਰਤ ਧਰਤੀ ਹੈ ਜਿਸ ਵਿੱਚ ਮੈਂ ਵਿਚਰ ਰਿਹਾ ਸੀ। ਮੇਰੀ ਸਿਰਜਨ ਪ੍ਰਤਿਭਾ ਦਾ ਸੂਤਰ ਉਹ ਮਾਹੌਲ ਰਿਹਾ ਹੈ ਜਿਸ ਦੁਆਰਾ ਮੈਂ ਪਿੰਡ ਵਿੱਚ ਗਾਉਣ ਲਈ ਗੀਤ, ਧਾਰਮਿਕ ਗੀਤ ਲਿਖਣੇ ਆਰੰਭ ਕੀਤੇ। ਮੇਰੀ ਇਸ ਰੁਚੀ ਨੂੰ ਜਦ ਸ਼ਾਬਾਸ਼ੀ, ਪ੍ਰਸ਼ੰਸਾ ਅਤੇ ਪਿਆਰ ਮਿਲਿਆ ਮੈਂ ਇਸ ਵੱਲ ਤੁਰ ਪਿਆ। ਅੱਜ ਮੈਂ ਜੋ ਵੀ ਕਵਿਤਾ ਦੇ ਰੂਪ ਵਿੱਚ ਸਿਰਜਣਾਤਮਕ ਹਾਂ ਇਸ ਦੀ ਬੁਨਿਆਦ ਸ਼ਾਇਦ ਇਹ ਹੀ ਹੋਵੇ। ਇਸ ਵਿੱਚ ਕਸ਼ਮੀਰ ਦੀ ਸੁੰਦਰਤਾ ਦਾ ਕੋਈ ਪ੍ਰਭਾਵ ਨਹੀਂ ਕਿਉਂਕਿ ਮੈਂ ਕਸ਼ਮੀਰ ਵਿੱਚ ਜਨਮਿਆ ਸਾਂ ਇੱਥੋਂ ਦੀ ਸੰਸਕ੍ਰਿਤੀ ਮੇਰੇ ਵਜੂਦ ਦਾ ਮਾਧਿਅਮ ਸੀ ਜਾਂ ਫਿਰ ਮੇਰੀ ਸਿਰਜਣਕਾਰੀ ਇੱਥੋਂ ਦਾ ਮਾਧਿਅਮ।

**ਸਵਾਲ-3** : ਪਿੰਡ ਵਿੱਚ ਗਾਉਣ ਲਈ ਧਾਰਮਿਕ ਗੀਤ ਲਿਖਣ ਦੇ ਮੁੱਢਲੇ ਦੌਰ ਤੋਂ ਤੁਸੀਂ ਸਾਹਿਤਿਕ ਸਿਰਜਣਾ ਵੱਲ ਕਿਵੇਂ ਮੁੜੇ ਅਤੇ MSc ਕਰਨ ਤੱਕ ਜਦ ਤੱਕ ਤੁਸੀਂ ਕਸ਼ਮੀਰ ਵਿੱਚ ਰਹੇ ਇਸ ਪਰਿਵਰਤਨ ਲਈ ਕਿਹੜੇ ਪ੍ਰਭਾਵ ਕਾਰਜਸ਼ੀਲ ਰਹੇ?

**ਜਵਾਬ** : ਮੇਰਾ ਸਾਹਿਤਕ ਸਫ਼ਰ 1964-65 ਵਿੱਚ ਤਦ ਸ਼ੁਰੂ ਹੋਇਆ ਜਦ ਮੈਂ ਆਪਣੇ ਇਕ ਦੋਸਤ ਨਾਲ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਵੱਲੋਂ ਟੈਗੋਰ ਹਾਲ ਵਿੱਚ ਕਰਵਾਈ ਜਾ ਰਹੀ ਸਾਹਿਤਿਕ ਕਾਨਫਰੰਸ ਵਿੱਚ ਜਾ ਪੁਜਿਆ। ਮੇਰਾ ਦੋਸਤ ਬਖਸ਼ੀ ਸਿੰਘ ਇਸ ਸੰਸਥਾ ਦਾ ਮੈਂਬਰ ਸੀ। ਇਸ ਕਾਨਫਰੰਸ ਵਿੱਚ ਪਹਿਲਾਂ ਤਾਂ ਬਹੁਤ ਕੁਝ ਹੋਇਆ ਜਿਸ ਨੂੰ ਮੈਂ ਮੂਕ ਅਵਸਥਾ ਵਿੱਚ ਸੁਣਦਾ ਰਿਹਾ। ਮੇਰੇ ਕਾਲਜ (ਅਮਰ ਸਿੰਘ ਡਿਗਰੀ ਕਾਲਜ) ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਪ੍ਰੇਮ ਸਿੰਘ ਨੂੰ ਆਪਣੀ ਕੋਮਲ ਅਤੇ ਅਸਰ ਅੰਦਾਜ਼ ਆਵਾਜ਼ ਵਿੱਚ ਸਟੇਜ ਸੰਚਾਲਨ ਕਰਦਿਆਂ ਦੇਖ ਮੈਨੂੰ ਲੋੜ ਤੋਂ ਵੱਧ ਹੈਰਾਨੀ ਹੋਈ। ਖੈਰ ਜਦ ਕਵੀ ਦਰਬਾਰ ਦਾ ਸੈਸ਼ਨ ਆਰੰਭ ਹੋਇਆ ਤਾਂ ਮੇਰਾ ਸੁਆਦ ਦੂਣਾ ਹੋ ਗਿਆ। ਮੈਨੂੰ ਇੰਝ ਲੱਗਿਆ ਜਿਵੇਂ ਮੈਂ ਵੀ ਉਹਨਾਂ ਵਿੱਚ ਸ਼ਾਮਿਲ ਹੋਣ ਦਾ ਹੁਨਰ ਰੱਖਦਾ ਹਾਂ। ਦਰਅਸਲ 1964

ਵਿੱਚ ਮੈਂ ਇਸ ਕਾਲਜ (ਅਮਰ ਸਿੰਘ ਡਿਗਰੀ ਕਾਲਜ ਸ੍ਰੀਨਗਰ) ਵਿੱਚ ਦਾਖਲਾ Non-Medical Subjects-Physics, Chemistry, Mathematics ਅਤੇ General English ਵਿੱਚ ਲੈ ਲਿਆ ਸੀ। ਇਸ ਕਾਰਨ ਪ੍ਰੋਫੈਸਰ ਪ੍ਰੇਮ ਸਿੰਘ ਨਾਲ ਮੇਰਾ ਕੋਈ ਵਾਸਤਾ ਨਹੀਂ ਸੀ ਪਰ ਮੈਂ ਵਿਹਲੇ ਪੀਰੀਅਡਾਂ ਵਿੱਚ ਲਾਈਬ੍ਰੇਰੀ ਜਾ ਕੇ ਪੰਜਾਬੀ ਕਿਤਾਬਾਂ ਕਢਾ ਕੇ ਪੜ੍ਹਨ ਲਈ ਘਰ ਲੈ ਜਾਂਦਾ। ਇਹ ਕਿਤਾਬਾਂ ਨਾਨਕ ਸਿੰਘ ਨਾਵਲਿਸਟ ਦੀਆਂ ਹੁੰਦੀਆਂ। ਮੈਂ ਉਹਨਾਂ ਦੇ ਕਈ ਨਾਵਲ ਗਹਿਰੀ ਦਿਲਚਸਪੀ ਨਾਲ ਪੜ੍ਹੇ ਅਤੇ ਧਾਰ ਲਿਆ ਕਿ ਮੈਂ ਵੀ ਨਾਵਲ ਲਿਖਾਂਗਾ। ਜਿਸ ਨਾਵਲ ਨੂੰ ਲਿਖਣ ਦੀ ਭੂਮਿਕਾ ਬੰਨੀ ਉਸਦਾ ਨਾਇਕ ਇੱਕ ਸ਼ਾਇਰ ਮਿਥਿਆ ਗਿਆ ਜਿਸ ਲਈ ਕੁਝ ਮੌਲਿਕ ਕਵਿਤਾਵਾਂ ਦੀ ਆਵਸ਼ਕਤਾ ਆ ਬਣੀ। ਲਾਈਬ੍ਰੇਰੀ ਵਿੱਚ ਕਵਿਤਾ ਸਬੰਧੀ ਕਵਿਤਾਵਾਂ ਦੀ ਫੋਲਾਫਾਲੀ ਚੋਂ ਡਾ. ਹਰੀਭਜਨ ਸਿੰਘ ਦੀ ਲਿਖੀ ਪੁਸਤਕ 'ਨਾ ਧੁੱਪੇ ਨਾ ਛਾਵੇਂ' ਨੂੰ ਪੜ੍ਹਨ ਮਗਰੋਂ ਕੁਝ ਕਵਿਤਾਵਾਂ ਨੂੰ ਨਾਵਲ ਦੇ ਨਾਇਕ ਦੀ ਸੰਵੇਦਨਾ ਅਨੁਸਾਰ ਲਿਖਿਆ। ਜਦ ਕਾਨਫਰੰਸ ਦੀ ਸਮਾਪਤੀ ਹੋਈ ਤਾਂ ਮੈਂ ਵੀ ਬਖਸ਼ੀ ਸਾਹਿਬ ਨੂੰ ਕਿਹਾ ਕਿ ਮੈਂ ਵੀ ਇਸ ਸਭਾ ਦਾ ਮੈਂਬਰ ਬਣਨਾ ਚਾਹੁੰਦਾ ਹਾਂ। ਉਹ ਮੈਨੂੰ ਉਹਨਾਂ ਦੀ ਅਗਲੀ ਬੈਠਕ ਵਿੱਚ ਆਪਣੇ ਨਾਲ ਲੈ ਗਏ।

ਉਹ ਮੇਰੇ ਸਾਹਿਤਿਕ ਸਫ਼ਰ ਦਾ ਸਿਫ਼ਰ ਸੀ । ਜਦ ਮੈਂ ਉਹਨਾਂ ਦੇ ਸਾਹਿਤਿਕ ਦਫ਼ਤਰ ਵਿੱਚ ਪ੍ਰਵੇਸ਼ ਕੀਤਾ ਤਾਂ ਪ੍ਰੋਫੈਸਰ ਪ੍ਰੇਮ ਸਿੰਘ ਨੇ ਮੈਨੂੰ ਦੇਖਦੇ ਸਾਰ ਜੋ ਬਚਨ ਕਹੇ ਉਹ ਮੇਰੇ ਸਾਹਿਤਿਕ ਸਫ਼ਰ ਲਈ ਮੀਲ ਪੱਥਰ ਸਾਬਤ ਹੋਏ। ਉਹਨਾਂ ਦੇ ਬਚਨ ਸਨ, "ਇਹ ਇੱਕ ਉੱਤਮ ਦੁਆਰਾ ਹੈ ਜਿਸ ਵਿੱਚ ਪ੍ਰਵੇਸ਼ ਕਰਨ ਲੱਗਿਆਂ ਪੈਰਾਂ ਦੀਆਂ ਜੁੱਤੀਆਂ ਲਾਹੁਣੀਆਂ ਪੈਂਦੀਆਂ ਹਨ।"

ਮੈਂ ਤ੍ਰੇਲੋ ਤ੍ਰੇਲੀ ਹੋਇਆ ਚੁੱਪ ਕਰਕੇ ਬਹਿ ਗਿਆ। ਹੈਰਾਨਗੀ ਵੀ ਦੂਣੀ ਸੀ। ਇੱਕ ਤਾਂ ਇਹ ਦਫਤਰ ਮੇਰੇ ਮੁਹੱਲੇ ਵਿੱਚ ਸੀ ਅਤੇ ਪ੍ਰੋ. ਪ੍ਰੇਮ ਸਿੰਘ ਮੇਰੇ ਮੁਹੱਲੇ ਵਿੱਚ ਰਹਿੰਦੇ ਸੀ।

ਜਦ ਉਹਨਾਂ ਨੇ ਮੈਨੂੰ ਆਪਣਾ ਲਿਖਿਆ ਸੁਣਾਉਣ ਲਈ ਕਿਹਾ ਤਾਂ ਮੈਂ ਕੁਝ ਲਿਖੀਆਂ ਕਵਿਤਾਵਾਂ ਚੋਂ ਇੱਕ ਡਰਦੇ ਡਰਦੇ ਸੁਣਾ ਦਿੱਤੀ। ਮੌਜਜਾ ਇਹ ਹੋਇਆ ਕਿ ਉਹਨਾਂ ਨੇ ਮੇਰੀ ਕਵਿਤਾ ਨੂੰ ਸਲਾਹਿਆ, ਹੱਲਾਸ਼ੇਰੀ ਦਿੱਤੀ

ਅਤੇ ਮੈਂਬਰ ਬਣਾ ਲਿਆ। ਇੰਝ ਮੇਰਾ ਸਾਹਿਤਕ ਸਫ਼ਰ 1965 ਤੋਂ ਸ਼ੁਰੂ ਹੁੰਦਾ ਹੈ। ਮੇਰਾ ਨਾਵਲ ਕਰਵਟਾਂ ਬਦਲਦਾ ਰਿਹਾ ਜਦ ਕਿ ਮੇਰੀ ਕਵਿਤਾ ਪ੍ਰਵਾਨ ਚੜ੍ਹਦੀ ਗਈ ।

**ਸਵਾਲ-4** : ਸੋ ਤੁਸੀਂ 1964 ਵਿੱਚ ਕਾਲਜ ਵਿੱਚ ਵਿਗਿਆਨ ਦੇ ਵਿਸ਼ਿਆਂ ਵਿੱਚ ਦਾਖਲਾ ਲੈਣ ਦੇ ਇਕ ਸਾਲ ਦੇ ਅੰਦਰ ਅੰਦਰ ਹੀ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੇ ਸੰਪਰਕ ਵਿੱਚ ਆ ਗਏ ਜਿਸ ਨਾਲ ਤੁਹਾਡਾ ਸਾਹਿਤਕ ਸਫ਼ਰ ਆਰੰਭ ਹੋ ਗਿਆ। ਪੰਜਾਬੀ ਲੇਖਕਾਂ ਨਾਲ ਪਈ ਸਾਂਝ ਨੇ ਤੁਹਾਡੇ ਸਾਹਿਤਿਕ ਸਫ਼ਰ ਨੂੰ ਕਿਵੇਂ ਪ੍ਰਭਾਵਿਤ ਕੀਤਾ ...

**ਜਵਾਬ** : ਪੰਜਾਬੀ ਸਾਹਿਤ ਸਭਾ ਸ੍ਰੀ ਨਗਰ ਜਿਵੇਂ ਕਿ ਮੈਂ ਅੱਜ ਅਨੁਮਾਨ ਲਾ ਸਕਦਾ ਹਾਂ ਉਸ ਸਮੇਂ ਆਪਣੇ ਸਿਖਰ 'ਤੇ ਸੀ। ਇਸ ਦੇ ਮੈਂਬਰਾਂ ਵਿੱਚ ਪ੍ਰੋਫੈਸਰ ਪ੍ਰੇਮ ਸਿੰਘ, ਪ੍ਰੋਫੈਸਰ ਸੇਵਾ ਸਿੰਘ, ਕੰਵਲ ਕਸ਼ਮੀਰੀ, ਸਰਨ ਸਿੰਘ, ਪ੍ਰੋਫੈਸਰ ਗੁਰਚਰਨ ਸਿੰਘ ਗੁਲਸ਼ਨ, ਹਰਭਜਨ ਸਿੰਘ ਸਾਗਰ, ਖਾਲਿਦ ਹੁਸੈਨ, ਅਵਤਾਰ ਸਿੰਘ ਚੰਦਨ, ਡਾ. ਜੰਗ ਬਹਾਦੁਰ, ਅਵਤਾਰ ਸਿੰਘ ਰਾਹੀ ਅਤੇ ਬਾਰਾਮੂਲੇ ਤੋਂ ਕੀਰਤ ਸਿੰਘ ਇਨਕਲਾਬੀ, ਜੋਗਿੰਦਰ ਸਿੰਘ ਪਾਂਧੀ ਤੇ ਤ੍ਰਾਲ ਤੋਂ ਠਾਕੁਰ ਸਿੰਘ ਜ਼ਖ਼ਮੀ, ਜਰਨੈਲ ਸਿੰਘ ਗੁਲਾਬ ਅਤੇ ਡਾ. ਸ਼ਾਂਤ ਜਿਹੇ ਨਾਮਵਰ ਸਾਹਿਤਕਾਰ ਸ਼ਾਮਿਲ ਸਨ। ਇਕ ਚਾਅ ਚੜ੍ਹ ਆਇਆ ਸੀ ਕਿ ਜਦ ਸਾਹਿਤਕ ਬੈਠਕ ਹੋਵੇ ਤੇ ਮੈਂ ਇਸ ਵਿੱਚ ਸੱਜਰੀ ਕਵਿਤਾ ਪੜ੍ਹਾਂ।

ਕਵਿਤਾ ਵਿੱਚ ਸੁਮੇਰ ਸਿੰਘ ਮਸਤਾਨਾ, ਅਵਤਾਰ ਸਿੰਘ ਚੰਦਨ, ਜਨਾਬ ਠਾਕੁਰ ਸਿੰਘ ਜ਼ਖਮੀ, ਕੀਰਤ ਸਿੰਘ ਇਨਕਲਾਬੀ ਅਤੇ ਜਰਨੈਲ ਸਿੰਘ ਗੁਲਾਬ ਸਿਰਕੱਢ ਕਵੀ ਸਨ। ਪਰ ਮੇਰੀ ਕਵਿਤਾ ਛੰਦ ਮੁਕਤ ਕਵਿਤਾ ਹੋਣ ਕਾਰਨ ਕੇਵਲ ਕੀਰਤ ਸਿੰਘ ਇੰਕਲਾਬੀ ਦੀਆਂ ਕਵਿਤਾਵਾਂ ਦੇ ਪੈਟਰਨ ਨਾਲ ਮੇਲ ਖਾਂਦੀਆਂ ਸਨ। ਇਸੇ ਨਾਲ ਮੇਰੀ ਸਾਹਿਤਿਕ ਪਛਾਣ ਬਣਦੀ ਗਈ। ਉਸ ਸਮੇਂ ਹਰ ਸਾਲ ਆਊਟਿੰਗ ਬੈਠਕਾਂ ਹੋਣਾ ਇੱਕ ਦਿਲਚਸਪੀ ਦਾ ਮਾਧਿਅਮ ਹੁੰਦਾ ਰਿਹਾ। ਬੈਠਕਾਂ ਵਿੱਚ ਕਹਾਣੀਆਂ ਪੜ੍ਹੀਆਂ ਜਾਂਦੀਆਂ ਜਿਨ੍ਹਾਂ 'ਤੇ ਖੁੱਲੀ ਬਹਿਸ ਹੁੰਦੀ। ਕਵਿਤਾਵਾਂ 'ਤੇ ਵੀ ਟਿੱਪਣੀਆਂ ਹੁੰਦੀਆਂ। ਇਹਨਾਂ ਦੁਆਰਾ ਬਹੁਤ ਕੁਝ ਸਿੱਖਣ ਨੂੰ ਮਿਲਦਾ। ਠਾਕੁਰ ਸਿੰਘ ਜ਼ਖ਼ਮੀ ਗ਼ਜ਼ਲ ਦੇ ਸ਼ਾਇਰ ਸਨ ਜਿਨ੍ਹਾਂ ਤੋਂ ਗਜ਼ਲ ਦੀ ਸਿਨਫ

ਬਾਰੇ ਜਾਣਿਆ। ਇਸ ਗੱਲ ਦੀ ਬਹੁਤ ਅੱਗੇ ਜਾ ਕੇ ਜਾਣਕਾਰੀ ਮਿਲੀ ਕਿ ਗ਼ਜ਼ਲ ਸ਼ਾਇਰੀ ਦੀ ਇੱਕ ਵੱਖਰੀ ਸਿਰਫ ਹੈ ਜਿਸ ਲਈ ਅਰੂਜ ਸਮਝਣਾ ਲਾਜ਼ਮੀ ਹੈ। ਬੈਠਕਾਂ ਵਿੱਚ 'ਦੀਆ ਬਲੇ ਸਾਰੀ ਰਾਤ' (ਰਾਤਰੀ ਭਰ) ਵੀ ਬਹੁਤ ਹੀ ਮਕਬੂਲ ਸੀ ਜਿਸ ਵਿੱਚ ਵੱਧ ਚੜ੍ਹ ਕੇ ਲੇਖਕਾਂ ਦੀ ਸਮੂਲੀਅਤ ਸ਼ਮੂਲੀਅਤ ਹੁੰਦੀ। ਫਿਰ ਹਰ ਸਾਲ ਇੱਕ ਕਾਨਫਰੰਸ ਵੀ ਹੁੰਦੀ ਜਿਸ ਵਿੱਚ ਪੰਜਾਬ ਅਤੇ ਬਾਹਰੋਂ ਵੀ ਲੇਖਕ ਆ ਜੁੜ ਗਏ ਜਿਨ੍ਹਾਂ ਦੁਆਰਾ ਵੀ ਮੇਰੀ ਸਾਹਿਤਕ ਸਮਝ ਵਿੱਚ ਵਾਧਾ ਹੋਇਆ। ਮੇਰੀ ਪਹਿਲੀ ਪੁਸਤਕ 'ਛੱਲਾਂ' ਸੀ ਜਿਸ ਵਿੱਚ ਖੁੱਲੀ ਕਵਿਤਾ ਰਚੀ ਗਈ। ਇਸ ਨਾਲ ਮੇਰੀ ਹੋਈ ਪਛਾਣ ਨੇ ਮੈਨੂੰ ਕਦੀ ਨਾ ਥੱਮਣ ਵਾਲੀ ਨਦੀ ਵਾਂਗ ਸਾਹਿਤਕ ਰਣ ਖੇਤਰ ਵਿੱਚ ਵਹਾ ਦਿੱਤਾ।

**ਸਵਾਲ-5** : ਆਪਣੇ ਜੀਵਨ ਦੇ ਇਸ ਮੁਢਲੇ ਦੌਰ ਵਿੱਚ ਤੁਸੀਂ ਵਿਗਿਆਨ ਦੇ ਵਿਦਿਆਰਥੀ ਰਹੇ। ਬੀਜ ਤੁਹਾਡੇ ਅੰਦਰ ਸਾਹਿਤ ਦੀ ਸਿਰਜਣਾ ਦੇ ਪਏ ਹੋਏ ਸਨ। ਦੋਵੇਂ ਚੀਜ਼ਾਂ ਕਿਵੇਂ ਇਕੱਠੀਆਂ ਚਲੀਆਂ...

**ਜਵਾਬ** : ਸਾਹਿਤਿਕ ਸਰਗਰਮੀਆਂ ਅਤੇ ਨਾਨ ਮੈਡੀਕਲ ਪੜ੍ਹਾਈ ਦੇ ਨਾਲ-ਨਾਲ ਕਰਮ ਪ੍ਰਵਾਹ ਹੋਣਾ ਸੁਭਾਵਿਕ ਰਿਹਾ। ਇਸ ਦਾ ਕਦੀ ਵੀ ਅਹਿਸਾਸ ਨਹੀਂ ਹੋਇਆ ਕਿ ਇੱਕ-ਦੂਸਰੇ 'ਤੇ ਭਾਰੀ ਹੈ। ਪੜ੍ਹਾਈ ਕਰਨੀ ਤਾਂ ਜ਼ਰੂਰੀ ਸੀ ਜਿਸ ਦਾ ਜੀਵਨ ਪ੍ਰਵਾਹ ਲਈ ਹੋਣਾ ਲਾਜ਼ਮੀ ਸੀ ਪਰ ਸਾਹਿਤਿਕ ਗਤੀਵਿਧੀਆਂ ਦਾ ਨਾਲ-ਨਾਲ ਤੁਰਨਾ ਬਸ ਇਕ ਸ਼ੌਕ ਤੋਂ ਵੱਧ ਕੁਝ ਨਹੀਂ ਸੀ। ਹਾਂ ਮੇਰੀ ਇਕ ਸੋਚ ਬਣ ਗਈ ਸੀ ਕਿ ਜਦ ਵੀ ਅਗਲੀ ਸਾਹਿਤਿਕ ਬੈਠਕ ਹੋਣੀ ਮੈਂ ਕੁਝ ਨਵਾਂ ਲਿਖਣਾ। ਮੇਰੀ ਇਹ ਆਦਤ ਅੱਜ ਤੱਕ ਮੇਰੇ ਨਾਲ ਹੈ। ਇਹ ਕ੍ਰਮ ਇੱਕ ਵਿਹਲੇ ਸਮੇਂ ਹੋਣਾ ਹੁੰਦਾ ਸੀ ਜਿਸ ਦਾ ਮੇਰੀ ਵਿਗਿਆਨਿਕ ਪੜ੍ਹਾਈ ਨਾਲ ਕੋਈ ਭਿੰਨ ਭੇਦ ਜਾਂ ਟਕਰਾ ਨਹੀਂ ਰਿਹਾ। ਸਾਹਿਤ ਮੇਰੀ ਅਭੀਵਿਅਕਤੀ ਦਾ ਇੱਕ ਅਦ੍ਰਿਸ਼ ਫੈਕਟਰ ਰਿਹਾ ਹੈ ਅਤੇ ਮੇਰੀ ਵਿਗਿਆਨਿਕ ਪੜ੍ਹਾਈ ਇੱਕ ਆਦਰਸ਼ ਜਿਸ ਦੁਆਰਾ ਮੇਰੀ ਪਹਿਚਾਨ ਨੇ ਕਰਮ ਕਮਾਇਆ। ਇੰਝ ਇਹਨਾਂ ਦੋਵਾਂ ਪਰੀਕਰਿਆਵਾਂ ਨੇ ਮਿਲ ਕੇ ਮੈਨੂੰ ਇੱਕ ਸ਼ਨਾਖਤ ਦਿੱਤੀ। ਇੱਕ ਹੋਰ ਪਹਿਲੂ ਇਹ ਵੀ ਹੈ ਕਿ ਮੈਂ ਇੱਕ ਸਪੋਰਟਸ ਮੈਨ ਦੀ ਭੂਮਿਕਾ ਵੀ ਨਿਭਾਈ ਹੈ।

ਦਰਅਸਲ ਮੈਂ ਇੱਕ ਚੰਗਾ ਹਾਕੀ ਪਲੇਅਰ ਵੀ ਰਹਿ ਚੁੱਕਿਆ ਹਾਂ। ਮੇਰੀ ਕਾਲਜ ਅਤੇ ਫਿਰ ਯੂਨੀਵਰਸਿਟੀ ਵਿੱਚ ਐਡਮਿਸ਼ਨ ਇੱਕ ਸਪੋਰਟਸਮੈਨ ਦੇ ਆਧਾਰ ਤੇ ਹੋਈ ਹੈ। ਮੈਂ ਕਾਲਜ ਅਤੇ ਯੂਨੀਵਰਸਿਟੀ ਵਿੱਚ ਵੀ ਕਾਫੀ ਐਕਟਿਵ ਰਿਹਾ ਹਾਂ ਪਰ ਪੜ੍ਹਾਈ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਸੰਤੁਲਨ ਰਿਹਾ ਹੈ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਮੈਂ ਇਹਨਾਂ ਤਿੰਨਾਂ ਕਾਰਜਾਂ ਵਿੱਚ ਨਿਰਪੱਖ ਰਿਹਾ ਹਾਂ। ਇਸ ਦਾ ਤਾਂ ਕਦੇ ਅਹਿਸਾਸ ਹੀ ਨਹੀਂ ਹੋਇਆ ਕਿ ਮੈਂ ਇੱਕ ਵਿਗਿਆਨ ਦਾ ਵਿਦਿਆਰਥੀ ਹਾਂ, ਸਾਹਿਤਕ ਕਾਰਜਾਂ ਵਿੱਚ ਸ਼ਾਮਿਲ ਹਾਂ ਜਾਂ ਇੱਕ ਐਕਟਿਵ ਸਪੋਰਟਸ ਮੈਨ ਹਾਂ। ਤਿੰਨੋ ਕਾਰਜ ਆਪੋ ਆਪਣੇ ਸਮੇਂ, ਸਥਾਨ ਅਤੇ ਸੰਕਲਪ ਵਿੱਚ ਨਿਰਧਾਰਿਤ ਰਹੇ ਹਨ।

**ਸਵਾਲ-6** : ਇਹ ਬਿਲਕੁਲ ਠੀਕ ਹੈ ਪਰ ਵਿਗਿਆਨ ਦੀ ਪੜ੍ਹਾਈ ਨਾਲ ਤੁਹਾਡੇ ਅੰਦਰ ਇੱਕ ਵਿਗਿਆਨਿਕ ਸੋਚ ਵੀ ਉਪਜੀ ਹੋਵੇਗੀ। ਥੋੜ੍ਹਾ ਸਪਸ਼ਟ ਕਰੋ ਕਿ ਉਸ ਵਿਗਿਆਨਿਕ ਸੋਚ ਨੇ ਤੁਹਾਡੇ ਸਾਹਿਤਕ ਚਿੰਤਨ ਅਤੇ ਸ਼ਿਲਪ ਨੂੰ ਕਿਵੇਂ ਉਸਾਰਿਆ ਤੇ ਸ਼ਿੰਗਾਰਿਆ...

**ਜਵਾਬ** : ਜਿਵੇਂ ਕਿ ਮੈਂ ਦਸ ਚੁੱਕਾ ਹਾਂ ਕਿ ਮੇਰੀ ਵਿਗਿਆਨ ਦੀ ਪੜ੍ਹਾਈ, ਸਾਹਿਤਕ ਰਚਨਾਕਾਰੀ 'ਤੇ ਇੱਕ ਐਕਟਿਵ ਸਪੋਰਟਸਮੈਨ ਦੇ ਕਰਮ ਕਾਰਜ ਆਪਣੇ ਆਪਣੇ ਖੇਤਰ ਵਿੱਚ ਸਿਰੇ ਚੜ੍ਹਦੇ ਗਏ। ਇਹ ਇਕ ਵੱਖਰੀ ਗੱਲ ਹੈ ਕਿ ਇਹ ਤਿੰਨੇ ਕਰਮ ਕਾਂਡ ਵੱਖ-ਵੱਖ ਖੇਤਰਾਂ ਦੀ ਅਭੀਵਿਅਕਤੀ ਕਰਦੇ ਹੋਏ ਅਤੇ ਇੱਕ ਦੂਜੇ 'ਤੇ ਭਾਰੂ ਹੋਣ ਦਾ ਛਾਵਲਾ ਪਾਉਂਦੇ ਹਨ ਪਰ ਮੇਰੇ ਚਿੰਤਨ ਵਿੱਚ ਇਹ ਤਿੰਨੇ ਹੀ ਕਾਰਜਸ਼ੀਲ ਰਹੇ ਹਨ। ਜਿਵੇਂ ਇੱਕ ਸਪੋਰਟਸਮੈਨ ਜਬਤ ਨੂੰ ਆਪਣੇ ਕਿਰਦਾਰ ਵਿੱਚ ਢਾਲਦਾ ਹੈ ਵਿਗਿਆਨਿਕ ਸੋਚ ਤਰਕ ਨੂੰ ਰਚਨਾਤਮਕ ਮੰਥਨ ਵਿੱਚ ਸੇਧ ਪ੍ਰਦਾਨ ਕਰਦੀ ਹੈ ਅਤੇ ਸਾਹਿਤਕ ਸੂਝ ਰਚਨਾਤਮਕ ਪ੍ਰਕਿਰਿਆ ਰੂਪ ਸਿਰਜਨਕਾਰੀ ਵਿੱਚ ਪ੍ਰਗਟ ਕਰਦੀ ਹੈ। ਦਰਅਸਲ ਵਿਗਿਆਨ ਅਤੇ ਸਾਹਿਤ ਯਥਾਰਥ ਅਤੇ ਤਰਕ ਦੀ ਸੱਚਾਈ 'ਤੇ ਆਧਾਰਤ ਹਨ। ਵਿਗਿਆਨ ਜੋ ਅਸਲ ਵਿੱਚ ਸੱਚ ਹੈ, ਯਥਾਰਥ ਹੈ, ਵਿਚ ਜਦ ਕਾਲਪਨਿਕਤਾ ਦਾ ਪ੍ਰਵੇਸ਼ ਹੋ ਨਿਬੜਦਾ ਹੈ ਤਾਂ ਸਮੇਂ ਅਤੇ ਸਪੇਸ ਦੀ ਸ਼ਨਾਖਤ ਦੇ ਆਧਾਰ 'ਤੇ ਸਾਹਿਤ ਰਚਨਾਕਾਰੀ ਨੂੰ ਜਨਮ ਦਿੰਦੀ ਹੈ।

ਇੰਞ ਮੈਂ ਇਹ ਕਹਿ ਸਕਦਾ ਹਾਂ ਕਿ ਮੇਰੀ ਵਿਗਿਆਨਿਕ ਸੋਚ ਮੇਰੀ ਸਾਹਿਤਕ ਸਿਰਜਨਕਾਰੀ ਲਈ ਇੱਕ ਵਰਦਾਨ ਹੈ। ਸ਼ਾਇਦ ਇਸੇ ਤਰਕ ਅਨੁਸਾਰ ਮੇਰੀ ਸਾਹਿਤਕ ਸਿਰਜਨਾ ਆਪਣੇ ਆਪ ਵਿੱਚ ਕਿਸੇ ਹੱਦ ਤੱਕ ਵਿਲੱਖਣ ਹੈ।

**ਸਵਾਲ-7** : ਤੁਹਾਡੀ ਪਹਿਲੀ ਪੁਸਤਕ 'ਛੱਲਾਂ' ਪ੍ਰਕਾਸ਼ਿਤ ਹੋਈ ਜਿਸ ਵਿੱਚ ਖੁੱਲੀ ਕਵਿਤਾ ਸ਼ਾਮਿਲ ਸੀ। ਤੁਸੀਂ ਇਹ ਵੀ ਜ਼ਿਕਰ ਕੀਤਾ ਹੈ ਕਿ MSc ਕਰਨ ਤੱਕ ਤੁਸੀਂ ਸ੍ਰੀਨਗਰ ਵਿੱਚ ਹੀ ਰਹੇ। ਕੀ ਇਹ ਕਿਤਾਬ ਉਸੇ ਦੌਰ ਵਿੱਚ ਹੀ ਪ੍ਰਕਾਸ਼ਿਤ ਹੋਈ...

**ਜਵਾਬ** : 'ਛੱਲਾਂ' ਮੇਰੀ ਰਚਿਤ ਪਹਿਲੀ ਕਾਵਿ ਪੁਸਤਕ ਹੈ ਜੋ ਵਰ੍ਹਾ 1980 ਵਿੱਚ ਛਪੀ। ਤੁਹਾਨੂੰ ਹੈਰਾਨੀ ਹੋਵੇਗੀ ਕਿ ਇਹ ਪੁਸਤਕ ਜੰਮੂ ਵਿੱਚ ਰਹਿੰਦਿਆਂ ਲਿਖੀ ਗਈ। ਕਸ਼ਮੀਰ ਵਿੱਚ ਮੈਂ MSc ਵਰ੍ਹਾ 1969 ਵਿੱਚ Physics ਦੇ ਮਜਮੂਨ ਵਿੱਚ ਕਰ ਲਈ। ਉਪਰੰਤ ਫਰਵਰੀ 1973 ਵਿੱਚ ਜੰਮੂ ਦੇ ਜੀ ਜੀ ਐਮ ਸਾਇੰਸ ਕਾਲਜ ਵਿੱਚ ਪਬਲਿਕ ਸਰਵਿਸ ਕਮਿਸ਼ਨ ਦਾ ਇੰਟਰਵਿਊ ਪਾਸ ਕਰਨ ਉਪਰੰਤ ਫਿਜਿਕਸ ਦੇ ਲੈਕਚਰਾਰ ਦੀ ਪੋਸਟ ਪ੍ਰਾਪਤ ਕਰ ਲਈ।

ਇੱਕ ਗੱਲ ਜੋ ਵਰਣਨਯੋਗ ਹੈ ਕਿ ਇਕ ਦਿਨ 1972 ਵਿੱਚ ਮੇਰੀ ਕਾਵਿ ਫਾਈਲ ਕੈਲਾਸ਼ ਕੈਫਟੇਰੀਆ, ਸ੍ਰੀਨਗਰ ਵਿੱਚ ਜਿੱਥੇ ਅਕਸਰ ਬਹਿ ਕੇ ਚਾਹ ਪੀਤੀ, ਭੁੱਲ ਆਇਆ ਤਾਂ ਯਾਦ ਆਉਣ ਮਗਰੋਂ ਮੁੜ ਉੱਥੇ ਗਿਆ ਅਤੇ ਮੈਨੇਜਰ ਕੋਲੋਂ ਲੈ ਆਇਆ। ਘਰ ਜਾ ਕੇ ਦੇਖਿਆ ਕਿ ਇਸ ਦੇ ਪਹਿਲੇ ਸਫੇ 'ਤੇ ਲਿਖਿਆ ਹੋਇਆ ਸੀ-ਕਵਿਤਾਵਾਂ ਛਪਣ ਯੋਗ ਹਨ ਅਤੇ ਨਾਂਅ 'ਤੇ ਦਸਤਖ਼ਤ ਕੰਵਲ ਕਸ਼ਮੀਰੀ ਜੀ ਦਾ ਸੀ। ਮੈਨੂੰ ਬਹੁਤ ਚੰਗਾ ਵੀ ਲੱਗਿਆ ਅਤੇ ਹੱਲਾਸ਼ੇਰੀ ਵੀ ਮਿਲੀ। ਇਹ ਕਵਿਤਾਵਾਂ 1965 ਤੋਂ 1972 ਵਿੱਚ ਲਿਖੀਆਂ ਗਈਆਂ ਸਨ। 1973 ਵਿੱਚ ਮੈਂ ਜੰਮੂ ਆ ਕੇ ਪੰਜਾਬੀ ਲੇਖਕ ਸਭਾ ਜੰਮੂ ਦਾ ਮੈਂਬਰ ਬਣ ਗਿਆ। ਮੇਰੇ ਕਾਲਜ ਦੇ ਨਾਲ ਹੀ ਜੰਮੂ ਯੂਨੀਵਰਸਿਟੀ ਦੇ ਪੁਰਾਣੇ ਕੈਂਪਸ ਵਿੱਚ ਪੰਜਾਬੀ ਵਿਭਾਗ ਸੀ ਜਿਸ ਵਿੱਚ ਆਉਣ ਜਾਣ ਕਰਕੇ ਪੰਜਾਬ ਤੋਂ ਆਉਣ ਵਾਲੇ ਪੰਜਾਬੀ ਵਿਭਾਗ ਦੇ ਐਮ.ਏ. ਦੇ ਇੱਕ ਵਿਦਿਆਰਥੀ ਰਾਜਵਿੰਦਰ ਨਾਲ ਮਿੱਤਰਤਾ ਹੋ ਗਈ। ਇੰਞ ਹੀ ਲੇਖਕ ਸਭਾ ਦੀਆਂ ਬੈਠਕਾਂ ਦੌਰਾਨ ਜੰਮੂ ਦੇ ਪ੍ਰਬੰਧ ਪ੍ਰਸਿੱਧ

ਸਾਹਿਤਕਾਰ ਸ੍ਰੀ ਓ.ਪੀ. ਸ਼ਰਮਾ ਸਾਰਥੀ ਜੀ ਨਾਲ ਨੇੜਤਾ ਨੇ ਮੇਰੀ ਕਵਿਤਾ ਵਿੱਚ ਇੱਕ ਆਧੁਨਿਕ ਪੇਸ਼ਕਾਰੀ ਦੀ ਸੂਝ ਨੂੰ ਉਜਾਗਰ ਕੀਤਾ ਅਤੇ ਮੈਂ ਇਹ ਪੁਸਤਕ ਜੰਮੂ ਕਸ਼ਮੀਰ ਅਕੈਡਮੀ ਤੋਂ ਸਬਸਿਡੀ ਪ੍ਰਾਪਤ ਕਰਨ ਉਪਰੰਤ ਅਤੇ ਮਿੱਤਰ ਰਾਜਵਿੰਦਰ ਦੇ ਸਹਿਯੋਗ ਨਾਲ 1980 ਵਿੱਚ ਛਪਵਾ ਲਈ ਜਿਸ ਦੇ ਮੁੱਖ ਬੰਦ ਦੇ ਸ਼ਬਦ ਕੁਲਬੀਰ ਸਿੰਘ ਕਾਂਗ ਸਾਹਿਬ ਨੇ ਲਿਖੇ ਹਨ। ਇਸ ਵਿੱਚ ਹੈਰਾਨ ਕਰਨ ਵਾਲੀ ਇੱਕ ਹੋਰ ਗੱਲ ਇਹ ਵੀ ਹੈ ਕਿ ਮੇਰੀ ਇਸ ਪਲੇਠੀ ਕਾਵਿ ਪੁਸਤਕ ਨੂੰ ਰਿਆਸਤੀ ਸਾਹਿਤ ਅਕੈਡਮੀ ਵੱਲੋਂ ਵਰ੍ਹਾ 1980 ਦੀ ਸਰਬ ਉੱਤਮ ਪੰਜਾਬੀ ਪੁਸਤਕ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

**ਸਵਾਲ-8** : 1980 ਵਿੱਚ ਪ੍ਰਕਾਸ਼ਿਤ ਤੁਹਾਡੀ ਖੁੱਲੀ ਕਵਿਤਾ ਦੀ ਪਹਿਲੀ ਹੀ ਪੁਸਤਕ ਨੂੰ ਜੰਮੂ-ਕਸ਼ਮੀਰ ਦੀ ਕਲਾ ਤੇ ਭਾਸ਼ਾ ਅਕਾਦਮੀ ਨੇ 1980 ਵਿੱਚ ਹੀ ਪੰਜਾਬੀ ਦੀ ਉਸ ਵਰ੍ਹੇ ਦੀ ਉੱਤਮ ਪੁਸਤਕ ਦਾ ਸਨਮਾਨ ਦੇ ਕੇ ਨਿਵਾਜ ਦਿੱਤਾ। ਇਸ ਹੌਸਲਾ ਅਫ਼ਜਾਈ ਦੇ ਕੁਝ ਸਮੇਂ ਅੰਦਰ ਹੀ ਤੁਸੀਂ ਪੰਜਾਬੀ ਗਜ਼ਲ ਵੱਲ ਆਜਿਹਾ ਮੋੜ ਕੱਟ ਲਿਆ ਕਿ ਅੱਜ ਤੁਸੀਂ ਗਜ਼ਲ ਰਚਨਾ ਦੇ ਚੋਣਵੇਂ ਕੁਝ ਅੰਤਰਰਾਸ਼ਟਰੀ ਗਜ਼ਲਕਾਰਾਂ ਵਿੱਚ ਸ਼ਾਮਿਲ ਹੋ। ਅਜਿਹਾ ਕੀ ਹੋਇਆ ਕਿ ਜੰਮੂ ਦੇ ਸਾਹਿਤਕ ਮਾਹੌਲ ਵਿੱਚ ਵਿਚਰਦਿਆਂ ਤੁਹਾਡੀ ਖੁੱਲੀ ਡੁੱਲੀ ਕਾਵਿਕ ਸਿਰਜਨਾ ਅੰਦਰ ਗਜ਼ਲ ਦਾ ਕ੍ਰਾਫਟ ਅਤੇ ਆਰਟ ਵੀ ਪ੍ਰਵੇਸ਼ ਕਰਨ ਲੱਗ ਗਿਆ?

**ਜਵਾਬ** : ਡਾਕਟਰ ਮੋਨੋਜੀਤ ਜੀ, ਤੁਹਾਡਾ ਇਹ ਪ੍ਰਸ਼ਨ ਬਹੁਤ ਵਿਸਥਾਰ ਮੰਗਦਾ ਹੈ। ਮੇਰੀ ਖੁੱਲੀ ਕਵਿਤਾ ਹਮੇਸ਼ਾ ਮੇਰੇ ਨਾਲ ਰਹੀ ਹੈ। ਗਜ਼ਲ ਤਾਂ ਮੈਨੂੰ ਇਕ ਵਰਦਾਨ ਮਾਤਰ ਪ੍ਰਾਪਤ ਹੋਈ ਹੈ। ਮੇਰੇ ਕਾਵਿ ਸੰਗ੍ਰਹਿ 'ਛੱਲਾਂ' ਤੋਂ ਬਾਅਦ 'ਖਲਾਅ 'ਚ ਟੰਗੇ ਹਰਫ਼' ਮੇਰਾ ਦੂਜਾ ਕਾਵਿ ਸੰਗ੍ਰਹਿ 1985 ਵਿੱਚ ਛਪਿਆ ਜੋ ਮੇਰੀ ਖੁਲੀ ਕਵਿਤਾ ਦਾ ਇੱਕ ਮੀਲ ਪੱਥਰ ਰਿਹਾ ਹੈ। ਪਰ ਕਿਉਂਕਿ ਮੈਂ ਆਪਣੇ ਸੰਕਲਪ ਅਨੁਸਾਰ ਇੱਕ ਨਾਵਲ ਨੂੰ ਪੂਰਾ ਕਰਨਾ ਸੀ, ਇਸ ਲਈ 'ਭਰਮ ਭੁੱਲਈਆਂ' ਅਨੁਵਾਨ 'ਤੇ ਅਧਾਰਿਤ ਮੇਰਾ ਸਟਰੀਮ ਆਫ਼ ਕੌਨਸ਼ੀਅਸਨੈਸ ਸ਼ੈਲੀ ਵਿੱਚ ਉਪਨਿਆਸ ਪ੍ਰਕਾਸ਼ਿਤ ਹੋਇਆ ਵਰ੍ਹਾ 1986 ਵਿੱਚ ਅਤੇ ਇਸ ਪੁਸਤਕ, ਜਿਸ ਦੀ ਭੂਮਿਕਾ ਡਾਕਟਰ ਤਰਸੇਮ ਸਿੰਘ ਸਫ਼ਰੀ ਨੇ ਲਿਖੀ ਸੀ, ਨੂੰ ਵੀ ਜੇ ਐਂਡ ਕੇ ਅਕੈਡਮੀ ਆਫ਼ ਆਰਟਸ, ਕਲਚਰ ਐਂਡ ਲੈਂਗਵੇਜਿਜ਼ ਵਲੋਂ ਵਰ੍ਹੇ ਦੀ

ਸਰਬ ਉੱਤਮ ਪੰਜਾਬੀ ਪੁਸਤਕ ਵਜੋਂ ਸਨਮਾਨਿਤ ਕੀਤਾ ਗਿਆ। ਇਸੇ ਕਾਲ ਵਿੱਚ ਹੀ ਪੰਜਾਬੀ ਗਜ਼ਲ ਦੀ ਜਾਗੋ ਨੇ ਇੱਕ ਜੁਗਤ ਜਗਾਈ। ਅਕੈਡਮੀ ਵੱਲੋਂ ਇੱਕ ਰਾਸ਼ਟਰੀ ਪੰਜਾਬੀ ਕਵੀ ਸੰਮੇਲਨ ਵਰ੍ਹਾ 1985 ਵਿੱਚ ਕਰਾਇਆ ਗਿਆ ਜਿਸ ਵਿੱਚ ਜਨਾਬ ਪ੍ਰੋਫੈਸਰ ਤਖਤ ਸਿੰਘ ਜਗਰਾਓਂ ਨੇ ਮੀਰ ਮੁਸ਼ਾਇਰਾ ਦੀ ਭੂਮਿਕਾ ਨਿਭਾਈ। ਇਸੇ ਕਾਨਫਰੰਸ ਵਿੱਚ ਮੈਂ ਤੇ ਸੁਰਜੀਤ ਸਖੀ ਨੇ ਉਹਨਾਂ ਨੂੰ ਆਪਣਾ ਉਸਤਾਦ ਧਾਰ ਲਿਆ ਅਤੇ ਗ਼ਜ਼ਲ ਦੀ ਯਾਤਰਾ ਆਰੰਭ ਹੋ ਗਈ। ਇੱਥੇ ਇਹ ਗੱਲ ਕਰਨੀ ਵੀ ਬਣਦੀ ਹੈ ਕਿ ਰਿਆਸਤੀ ਪੰਜਾਬੀ ਗ਼ਜ਼ਲ ਵਿੱਚ ਅਰੂਜ ਦੀ ਸਮਝ ਨਾ ਹੋਣ ਕਾਰਨ ਇਸ ਸਿਨਖ ਨੂੰ ਪੜਚੋਲਿਆ ਨਹੀਂ ਗਿਆ।

**ਸਵਾਲ-9** : ਫਿਰ ਵੀ ਆਉਣ ਵਾਲੇ ਤਕਰੀਬਨ ਡੇਢ ਦਹਾਕੇ ਅੰਦਰ ਤੁਹਾਡੀ ਨਿਰੋਲ ਪੰਜਾਬੀ ਗ਼ਜ਼ਲ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋਈਆਂ।

**ਜਵਾਬ** : ਹਾਂ ਡਾ. ਸਾਹਿਬ, ਇੰਝ ਜ਼ਰੂਰ ਹੋਇਆ ਕਿਉਂਕਿ ਮੈਂ ਗ਼ਜ਼ਲ ਨੂੰ ਇਕ ਚੁਣੌਤੀ ਵਜੋਂ ਅਪਨਾਇਆ। ਮੇਰਾ ਸਾਰਾ ਯਤਨ ਗ਼ਜ਼ਲ ਸਿਨਫ ’ਤੇ ਕੇਂਦਰਿਤ ਰਿਹਾ। ਪ੍ਰਿੰਸੀਪਲ ਤਖਤ ਸਿੰਘ ਨਾਲ ਮੇਰੀ ਤਾਰ ਜੁੜ ਗਈ ਅਤੇ ਮੈਂ ਦਮ ਉਦੋਂ ਲਿਆ ਜਦ 1989-90 ਵਿੱਚ ਮੇਰਾ ਪਹਿਲਾ ਗ਼ਜ਼ਲ ਸੰਗ੍ਰਹਿ ‘ਕਿਰਚਾਂ’ ਪ੍ਰਕਾਸ਼ਿਤ ਹੋਇਆ। ਇਸ ਦੀ ਭੂਮਿਕਾ ਪ੍ਰਿੰਸੀਪਲ ਤਖਤ ਸਿੰਘ ਨੇ ਲਿਖੀ ਜਿਸ ਕਾਰਨ ਇਸ ਨੂੰ ਸਮੁੱਚੇ ਪੰਜਾਬ ਵਿੱਚ ਪੜ੍ਹਿਆ ਗਿਆ। ਇਸ ਨਾਲ ਮੇਰੇ ਦੋ ਕਾਰਜ ਸਿੱਧ ਹੋਏ, ਇੱਕ ਸਮੁੱਚੀ ਪੰਜਾਬੀ ਗ਼ਜ਼ਲ ਵਿੱਚ ਮੇਰੀ ਨਵੇਕਲੀ ਪਛਾਣ ਸਥਾਪਿਤ ਹੋ ਗਈ, ਦੂਜਾ ਮੈਨੂੰ ਇਸ ਪੁਸਤਕ ਲਈ ਵੀ ਜੇ ਐਂਡ ਕੇ ਅਕੈਡਮੀ ਆਫ਼ ਆਰਟਸ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਪੁਰਸਕ੍ਰਿਤ ਕੀਤਾ ਗਿਆ। ਇੰਜ ਮੈਂ ਸਾਹਿਤ ਵਿੱਚ ਸ਼ਾਇਦ ਮੈਂ ਪਹਿਲਾ ਅਤੇ ਆਖਰੀ ਲੇਖਕ ਹੋਵਾਂਗਾ ਜਿਸਨੂੰ ਛੰਦ ਮੁਕਤ ਕਵਿਤਾ (‘ਛੱਲਾ’ ਖੁੱਲੀ ਕਵਿਤਾ) ਵਾਰਤਕ (ਨਾਵਲ ‘ਭਰਮ ਭੁੱਲਈਆਂ’) ਅਤੇ ਛੰਦ ਬੰਦ ਕਵਿਤਾ ‘ਕਿਰਚਾਂ’ ਗ]ਜ਼ਲ ਵਿੱਚ ਇੱਕੋ ਸਾਹਿਤ ਅਕੈਡਮੀ ਵੱਲੋਂ ਪੁਰਸਕ੍ਰਿਤ ਕੀਤਾ ਗਿਆ ਹੋਵੇ। ਇਸੇ ਕਾਲ ਵਿੱਚ ਮੈਂ ਯੂ.ਐਸ ਏ ਪੁਜ ਗਿਆ ਸਾ ਅਤੇ ਮੇਰੀਆਂ ਚਾਰ ਪੁਸਤਕਾਂ ਛਪ ਚੁਕੀਆਂ ਸਨ ਜਿਨ੍ਹਾਂ ਵਿੱਚੋਂ ਤਿੰਨ ਪੁਸਤਕਾਂ ਨੂੰ ਸਟੇਟ ਅਕੈਡਮੀ ਅਵਾਰਡ ਪ੍ਰਾਪਤ ਹੋਇਆ ਸੀ। ਇੱਕ ਗੱਲ ਜਿਸ ਲਈ ਮੈਨੂੰ ਖੇਦ ਰਿਹਾ ਹੈ ਕਿ ਜਿਸ

ਵਿਲੱਖਣਤਾ ਨਾਲ ਮੈਂ ਇਕ ਸੌ ਇਕ ਗਜ਼ਲਾਂ ਨੂੰ ਨੋਵਾਂ ਘਰਾਂ ਵਿੱਚ ਰੱਖ ਕੇ ਪ੍ਰਕਾਸ਼ਿਤ ਕੀਤਾ, ਉਸ ਪ੍ਰਤੀ ਅੱਜ ਤੱਕ ਵੀ ਕੋਈ ਟਿੱਪਣੀ ਨਹੀਂ ਕੀਤੀ ਗਈ ।

**ਸਵਾਲ-10** : ਮੈਨੂੰ ਯਾਦ ਹੈ ਕਿ ਉਨ੍ਹਾਂ ਦਿਨਾਂ ਵਿੱਚ ਆਪਣੇ ਲੇਖਕ ਮਿੱਤਰਾਂ ਨਾਲ ਮਿਲ ਕੇ ਤੁਸੀਂ ਜੰਮੂ ਵਿੱਚੋਂ ਇੱਕ 'ਨੀਲਸਰ' ਨਾਂ ਦੀ ਪੰਜਾਬੀ ਸਾਹਿਤਿਕ ਪਤ੍ਰਿਕਾ ਵੀ ਕੱਢੀ ਸੀ ਪਰ ਕੁਝ ਅੰਕਾਂ ਤੋਂ ਬਾਅਦ ਇਹ ਚਲੀ ਨਹੀਂ...

**ਜਵਾਬ** : ਤੁਹਾਡਾ 'ਨੀਲਸਰ' ਪ੍ਰਤੀ ਪ੍ਰਸ਼ਨ ਕੁਝ ਐਸਾ ਹੈ ਜਿਵੇਂ ਇਸ ਦੀ ਜਾਣਕਾਰੀ ਪ੍ਰਾਪਤ ਨਹੀਂ। 'ਨੀਲਸਰ' ਕੁਝ ਅੰਕਾਂ ਬਾਅਦ ਚਲੀ ਨਹੀਂ ਨੂੰ ਇਸ ਤਰ੍ਹਾਂ ਕਹਿਣ ਵਿੱਚ ਇਸ ਨਾਲ ਵਧੀਕੀ ਮਾਤਰ ਹੈ। ਪਹਿਲੇ ਤਾਂ ਇਸ ਦੇ ਸੰਪਾਦਕ ਮੰਡਲ ਵਿੱਚ ਪ੍ਰੋਫੈਸਰ ਗੁਰਚਰਨ ਸਿੰਘ ਗੁਲਸ਼ਨ ਅਤੇ ਹਰਭਜਨ ਸਿੰਘ ਸਾਗਰ ਜਿਹੇ ਕੋਟੀ ਦੇ ਸਾਹਿਤਕਾਰ ਸ਼ਾਮਿਲ ਸਨ । ਇਹ ਪਰਚਾ ਡਿਗਿਆਣਾ ਆਸ਼ਰਮ ਪ੍ਰੈਸ ਤੋਂ ਛਪਦਾ ਰਿਹਾ। ਇਸ ਵਿੱਚ ਮੇਰੀ ਭੂਮਿਕਾ ਬਹੁਤ ਵੱਡੀ ਅਤੇ ਮਹੱਤਵਪੂਰਨ ਸੀ। ਕਾਗਜ਼ ਖਰੀਦਣਾ ਪ੍ਰੈਸ ਵਿੱਚ ਪਹੁੰਚਾਣਾ, ਇਸ ਦੀ ਪਰੂਫ਼ ਰੀਡਿੰਗ ਕਰਨੀ, ਤਿਆਰ ਹੋਣ 'ਤੇ ਤਕਰੀਬਨ 500 ਕਾਪੀਆਂ ਚੁੱਕ ਕੇ ਘਰ ਕੈਨਾਲ ਰੋਡ ਲੈ ਆਵਣਾ। ਫਿਰ ਇਸ ਨੂੰ ਤੁਰ ਕੇ ਅਤੇ ਮੇਲ ਰਾਹੀਂ ਪਾਠਕਾਂ ਤੱਕ ਪੁੱਜਦੀ ਕਰਨਾ, ਇਹ ਮੇਰੀ ਜਿੰਮੇਵਾਰੀ ਸੀ ਪਰ ਜਦ ਮੈਂ 22. 11. 1988 ਨੂੰ ਅਮਰੀਕਾ ਚਲਾ ਗਿਆ ਤਾਂ ਗੁਲਸ਼ਨ ਜੀ ਅਤੇ ਸਾਗਰ ਜੀ ਇਹ ਸਾਰਾ ਫਿਜੀਕਲ ਕੰਮ ਨਾ ਕਰ ਸਕੇ ਜਿਸ ਕਾਰਨ ਇਸ ਦਾ ਪ੍ਰਕਾਸ਼ਨ ਰੁਕ ਗਿਆ। 'ਨੀਲਸਰ' ਬਾਰੇ ਪੂਰੇ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਜਿਹਾ ਰਸਾਲਾ ਅੱਜ ਤੱਕ ਵੇਖਣ ਵਿੱਚ ਨਹੀਂ ਆਇਆ ਅਤੇ ਨਾ ਹੀ ਕੋਈ ਇਸ ਦੇ ਨੇੜੇ ਆ ਸਕਦਾ ਹੈ। ਇਸਦੇ ਇਤਨੇ ਸਤੰਭ ਸਨ ਜੋ ਮੈਨੂੰ ਪੂਰੀ ਤਰ੍ਹਾਂ ਯਾਦ ਵੀ ਨਹੀਂ। ਕੁਝ ਕੁ ਲੇਖਕਾਂ ਨੇ ਮੈਨੂੰ ਇਸ ਬਾਰੇ ਪਹੁੰਚ ਕੀਤੀ ਹੈ ਕਿ ਉਹ ਇਸ ਨੂੰ ਮੁੜ ਕੇ ਸੁਰਜੀਤ ਕਰਨਾ ਚਾਹੁੰਦੇ ਨੇ ਪਰ ਮੈਨੂੰ ਯਕੀਨ ਨਹੀਂ ਉਹ ਇਸ ਦੇ ਫਾਰਮੈਟ ਨੂੰ ਬਹਾਲ ਕਰ ਸਕਣ।

**ਸਵਾਲ-11** : ਮੈਨੂੰ ਲੱਗਦਾ ਹੈ ਕਿ ਤੁਹਾਨੂੰ 'ਨੀਲਸਰ' ਦੇ ਇਹਨਾਂ ਸਤੰਭਾਂ ਬਾਰੇ ਇੱਥੇ ਜ਼ਰੂਰ ਗੱਲ ਕਰਨੀ ਚਾਹੀਦੀ ਹੈ ਤਾਂ ਕਿ ਜੰਮੂ-ਕਸ਼ਮੀਰ ਤੋਂ ਨਿਕਲਣ

ਵਾਲੀ ਇਸ ਪੰਜਾਬੀ ਪੱਤ੍ਰਿਕਾ ਬਾਰੇ ਇਹ ਅਹਿਮ ਜਾਣਕਾਰੀ ਸਮੇਂ ਦੇ ਹਨੇਰਿਆਂ ਵਿੱਚ ਸਦਾ ਲਈ ਗੁਆਚ ਹੀ ਨਾ ਜਾਏ...

**ਜਵਾਬ** : 'ਨੀਲਸਰ' ਨੂੰ ਛੱਡਿਆਂ ਜਾਂ ਵੇਖਿਆਂ ਤਕਰੀਬਨ 35 ਵਰ੍ਹੇ ਬੀਤ ਗਏ ਹਨ। ਇਸੇ ਕਾਰਨ ਮੈਂ ਇਸ ਦੇ ਸਾਰੇ ਸਤੰਭ ਗਿਣ ਨਹੀਂ ਸਕਦਾ। ਇਸ ਵਿੱਚ ਕਿਸੇ ਇੱਕ ਰਿਆਸਤੀ ਲੇਖਕ ਦੀ ਕਹਾਣੀ ਚੁਣੀ ਜਾਂਦੀ ਸੀ। ਫਿਰ ਉਸ ਨਾਲ ਇਕ ਮਿਲਣੀ ਆਯੋਜਿਤ ਕੀਤੀ ਜਾਂਦੀ ਸੀ ਜਿਸ ਵਿੱਚ ਇਸ ਕਹਾਣੀ ਦੀ ਆਲੋਚਨਾ ਕੀਤੀ ਜਾਂਦੀ ਸੀ ਅਤੇ ਇਹ ਸਾਰੇ ਮਿਨਟ ਸਮੇਤ ਕਹਾਣੀ ਦੇ ਪਰਚੇ ਵਿੱਚ ਛਾਪੇ ਜਾਂਦੇ ਰਹੇ। ਇਸ ਉੱਤੇ ਪਾਠਕ ਵੀ ਆਪੋ-ਆਪਣੀ ਰਾਏ ਦਿੰਦੇ ਸਨ, ਜੋ ਅਗਲੇ ਅੰਕ ਵਿੱਚ 'ਪਾਠਕਾਂ ਦਾ ਪੰਨਾ' ਵਿਚ ਛਪਦੇ। ਇਸ ਤੋਂ ਛੁੱਟ ਇਕ ਹੋਰ ਕਹਾਣੀ ਜੋ ਬਾਹਰ ਦੇ ਕਿਸੇ ਲੇਖਕ ਦੀ ਹੁੰਦੀ ਦੇ ਨਾਲ ਕਿਸੇ ਦੂਜੀ ਭਾਸ਼ਾ ਦੀ ਕਹਾਣੀ ਵੀ ਇਸ ਸਤੰਭ ਅਧੀਨ ਛਪਦੀਆਂ। ਫਿਰ ਕਵਿਤਾ ਦਾ ਆਪਣਾ ਸਤੰਭ 'ਕਾਵਿ ਕਿਆਰੀ' ਅਤੇ 'ਗਜ਼ਲ ਮੰਚ' ਵਿੱਚ ਦੋ ਜੋ ਗਜ਼ਲਾਂ ਛਪਦੀਆਂ ਜੋ ਬਾਵਜਨ ਤੇ ਹਰ ਪ੍ਰਕਾਰ ਤੋਂ ਮਿਆਰੀ ਹੁੰਦੀਆਂ। ਇਕ ਹੋਰ ਸਤੰਭ 'ਪੁਰਾਣਾ ਮਾਖਿਓਂ' ਰਿਹਾ ਹੈ, ਜਿਸ ਵਿੱਚ ਪੁਰਾਣੀਆਂ ਅਤੇ ਸਿਹਤ ਦੇਣ ਵਾਲੀਆਂ ਰਚਨਾਵਾਂ ਦਾ ਲੇਖਾ-ਜੋਖਾ ਹੁੰਦਾ। ਇਕ ਹੋਰ ਸਤੰਭ ਸੀ, ਜਿਸ ਵਿੱਚ ਧਾਰਮਿਕ ਫਿਲਾਸਫੀ ਉਪਰ ਨਿਬੰਧ ਦਰਜ ਹੁੰਦਾ। ਇੰਝ ਕਿਹਾ ਜਾ ਸਕਦਾ ਹੈ ਕਿ ਰਿਆਸਤੀ ਸਾਹਿਤਕ ਮਿਆਰ ਨੂੰ ਇੱਕ ਕੁੱਜੇ ਵਿੱਚ ਸਮੁੰਦਰ ਵਾਂਗ ਪਸਾਰ ਦੇ ਰਿਹਾ ਇਕ ਮਾਮੂਲੀ ਦਿਖ ਵਾਲਾ ਪਰਚਾ ਸੀ 'ਨੀਲਸਰ'।

**ਸਵਾਲ-12** : ਨਵੰਬਰ 1988 ਦੇ ਬਾਅਦ ਤੁਸੀਂ ਅਮਰੀਕਾ ਵਿੱਚ ਵੱਸ ਗਏ। ਅਮਰੀਕਾ ਵਿੱਚ ਵੱਸਣ ਨਾਲ ਤੁਹਾਡੇ ਜੀਵਨ ਅਤੇ ਸਾਹਿਤਕ ਚਿੰਤਨ ਵਿੱਚ ਆਏ ਪ੍ਰੀਵਰਤਨ ਨੇ ਤੁਹਾਡੀ ਸਿਰਜਣਾ ਨੂੰ ਕਿਵੇਂ ਪ੍ਰਭਾਵਿਤ ਵਿੱਚ ਕੀਤਾ...

**ਜਵਾਬ** : 1988 ਵਿੱਚ ਜਦ ਮੈਂ ਕੈਲੀਫੋਰਨੀਆ ਯੂ.ਐਸ.ਏ. ਪਹੁੰਚਿਆ ਤਾਂ ਇੱਥੇ ਕਿਸੇ ਕਿਸਮ ਦੀ ਸਹਾਇਤਕ ਗਤੀਵਿਧੀ ਅਮਲ ਵਿੱਚ ਨਹੀਂ ਸੀ। ਕੇਵਲ ਦੋ-ਤਿੰਨ ਅਖਬਾਰਾਂ ਅਤੇ ਇੱਕ ਰਸਾਲਾ 'ਜਾਗੋ' ਹੀ ਨਿਕਲਦਾ ਸੀ। ਅਖਬਾਰਾਂ ਵਿੱਚ ਕਦੀ-ਕਦੀ ਬਾਹਰ ਦੇ ਲੇਖਕਾਂ ਦੀਆਂ ਕਵਿਤਾਵਾਂ ਜਾਂ ਇੱਕਾ-ਦੁੱਕਾ ਕਹਾਣੀਆਂ ਛਪਦੀਆਂ ਰਹੀਆਂ। ਇਹ ਗੱਲ ਉਸ ਰਸਾਲੇ ਤੇ ਵੀ ਢੁਕਦੀ ਹੈ। 'ਜਾਗੋ' ਦੇ ਸੰਪਾਦਕ ਨਾਲ ਫੋਨ 'ਤੇ ਵੀ ਗੱਲ ਹੋਈ ਪਰ

ਸਾਡਾ ਕੋਈ ਮਿਲਾਪ ਨਾ ਹੋ ਸਕਿਆ। ਉਹ 1989 ਵਿੱਚ ਨਿਊਯਾਰਕ ਚਲਾ ਗਿਆ ਅਤੇ ਰਸਾਲਾ ਉੱਥੋਂ ਕੱਢਣਾ ਆਰੰਭ ਕਰ ਦਿੱਤਾ। ਮੇਰੀਆਂ ਕੁਝ ਰਚਨਾਵਾਂ ਉਸ ਵਿੱਚ ਛਪੀਆਂ ਵੀ।

1990 ਵਿੱਚ ਮੈਂ ਜੰਮੂ ਕੋਈ ਡੇਢ ਮਹੀਨਿਆਂ ਲਈ ਆ ਗਿਆ। ਮੈਂ ਕੁਝ-ਕੁਝ ਬਿਮਾਰ ਸਾਂ ਅਤੇ ਮੁੜ ਵਾਪਸ ਚਲਾ ਗਿਆ ਪਰ ਜੰਮੂ ਆਉਣ ਤੋਂ ਪਹਿਲਾਂ ਮੇਰੀ ਮੁਲਾਕਾਤ ਇੱਕ ਕਹਾਣੀਕਾਰ ਜਨਾਬ ਰਾਬਿੰਦਰ ਸਿੰਘ ਅਟਵਾਲ ਨਾਲ ਯੂਬਾ ਸਿਟੀ ਵਿੱਚ ਉਸਦੇ ਕੱਪੜੇ ਦੇ ਸਟੋਰ ’ਤੇ ਹੋ ਗਈ। ਉਸ ਨਾਲ ਸਾਹਿਤ ਸਭਾ ਨੂੰ ਸਥਾਪਿਤ ਕਰਨ ਦੀ ਗੱਲ ਚੱਲੀ। ਉਸਨੇ ਦੱਸਿਆ ਕਿ ਕੋਈ ਸੁਖਵਿੰਦਰ ਕੰਬੋਜ ਕਰਕੇ (ਲੇਖਕ) ਹੈ ਜੋ ‘ਅਮਰੀਕੀ ਸਾਹਿਤ ਪੰਜਾਬੀ ਕਵਿਤਾ’ ਨਾਂਅ ਦੀ ਪੁਸਤਕ ਸੰਪਾਦਨ ਕਰ ਰਿਹਾ ਹੈ। ਉਸ ਨਾਲ ਵੀ ਗੱਲ ਕਰਨੀ ਬਣਦੀ ਹੈ। ਇਕ ਤਾਂ ਉਸ ਕੋਲ ਅਮਰੀਕਾ ਵਿੱਚ ਰਹਿੰਦੇ ਕਵੀਆਂ ਅਤੇ ਲੇਖਕਾਂ ਦੇ ਅਤੇ-ਪਤੇ ਹੋਣਗੇ ਅਤੇ ਦੂਜਾ ਇਹ ਕਿ ਉਹ ਮੇਰੇ ਰਿਹਾਇਸ਼ੀ ਇਲਾਕੇ ਸੈਨਹੋਜੇ ਵਿੱਚ ਕਿਧਰੇ ਰਹਿ ਰਿਹਾ ਹੈ। ਮੈਂ ਭਾਵੇਂ ਉਸਦੀ ਤਲਾਸ਼ ਕੀਤੀ ਪਰ ਕੋਈ ਸੁਰਾਗ ਹੱਥ ਨਾ ਲੱਗਿਆ। ਫਿਰ ਜਦ ਮੈਂ ਵਾਪਸ ਆ ਕੇ IBM Company ਕੰਪਨੀ ਵਿੱਚ ਕੰਮ ਕਰਨ ਲੱਗਾ ਤੇ ਇੱਕ Outing ਦੌਰਾਨ ਮੇਰੀ ਮੁਲਾਕਾਤ ਇੱਕ ਕਹਾਣੀਕਾਰ ਅਮਰਜੀਤ ਸਿੰਘ ਦਰਦੀ ਨਾਲ ਹੋਈ ਅਤੇ ਉਸੇ ਦੁਆਰਾ ਸੁਖਵਿੰਦਰ ਕੰਬੋਜ ਨਾਲ ਮੇਲ ਹੋ ਗਿਆ। ਉਹ ਬਹੁਤ ਸਾਰੇ ਕਵੀਆਂ ਅਤੇ ਲੇਖਕਾਂ ਨੂੰ ਜਾਣਦਾ ਸੀ। ਮੇਰੇ ਕਹਿਣ ’ਤੇ ਅਤੇ Initiative ਲੈਣ ਨਾਲ ਪਹਿਲੀ ਵਾਰ ਕੈਲੀਫੋਰਨੀਆ ਜਾਂ ਪੂਰੇ ਅਮਰੀਕਾ ਵਿੱਚ ‘ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ’ (ਪ ਸ ਸ ਕ) 1992 ਵਿੱਚ ਸਥਾਪਿਤ ਕੀਤੀ ਗਈ। ਉਸ ਸਮੇਂ ਮੈਂ ਪੰਜ ਕਿਤਾਬਾਂ ਦਾ ਲੇਖਕ ਸਾਂ ਜਿਨ੍ਹਾਂ ’ਚੋਂ ਚਾਰ ਜੰਮੂ ਰਹਿੰਦਿਆਂ ਲਿਖੀਆਂ ਗਈਆਂ ਸਨ ਅਤੇ ਪੰਜਵੀਂ ਪੁਸਤਕ ‘ਕਿੱਕਰ ਕੰਡੇ’ 1992 ਵਿੱਚ ਪ੍ਰਕਾਸ਼ਿਤ ਹੋਈ। ਉਸ ਸਮੇਂ ਇੱਕ ਪ੍ਰਤਾਪੀ ਰੋਲ ਰਿਹਾ ਇਸ ਲਈ ਮੇਰੀ ਸਾਹਿਤਕ ਪ੍ਰਤਿਭਾ ਜੋ ਕਿਸੇ ਪੱਖੋਂ ਪ੍ਰਭਾਵਿਤ ਹੋਈ ਤਾਂ ਉਹ ਇੱਥੋਂ ਦੇ ਵਿਸ਼ਾਲ ਖੇਤਰ ਵਜੋਂ ਹੋਈ। ਇੱਕ ਵੱਡਾ ਖੁੱਲਾ ਮਾਹੌਲ, ਸਊਰ ਕਿ ਆਪਣੀ ਭਾਸ਼ਾ, ਆਪਣੇ ਸਾਹਿਤ ਅਤੇ ਆਪਣੀ ਪਛਾਣ ਨੂੰ ਕਾਇਮ ਰੱਖਣ

ਵਿੱਚ ਪੇਸ਼ ਪੇਸ਼ ਹੋਣਾ ਹੈ। ਇਸ ਸਫ਼ਰ ਵਿੱਚ ਮੈਂ ਅੱਗੇ ਹੋਰ ਅੱਗੇ ਤੁਰੀ ਜਾ ਰਿਹਾ ਹਾਂ।

**ਸਵਾਲ-13** : ਮੇਰੇ ਤੱਕ ਇੱਕ ਵੀਡੀਓ ਪੁਜੀ ਹੈ ਜਿਸ ਵਿੱਚ ਕਿਸੇ ਸਮਾਗਮ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਤੁਹਾਡੇ ਬਾਰੇ ਦੱਸ ਰਹੇ ਨੇ ਕਿ ਅਮਰੀਕਾ ਵਿੱਚ ਕਿਵੇਂ ਤੁਸੀਂ ਪੰਜਾਬੀ ਲੇਖਕਾਂ ਦੀ ਪਹਿਲੀ ਸੰਸਥਾ ਬਨਾਉਣ ਵਿੱਚ ਭੂਮਿਕਾ ਨਿਭਾਈ। ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿਰਪਾ ਕਰਕੇ ਇਹ ਜਾਣਕਾਰੀ ਸਾਂਝੀ ਕਰੋ ਤਾਂ ਕਿ ਪੰਜਾਬੀ ਹਿਤੈਸ਼ੀਆਂ ਤੱਕ ਤੁਹਾਡੇ ਵਿਅਕਤੀਤਵ ਦੇ ਇਸ ਪੱਖ ਦੀ ਗੱਲ ਵੀ ਪੁੱਜੇ ...

**ਜਵਾਬ** : ਪਹਿਲੇ ਤੇ ਇਹ ਦੱਸ ਰਿਹਾ ਹਾਂ ਕਿ ਮੇਰਾ ਕੈਲੀਫੋਰਨੀਆ ਵਿੱਚ ਪੰਜਾਬੀ ਸਾਹਿਤ ਨਾਲ ਸੰਬੰਧਿਤ ਲਗਾਤਾਰ 30 ਵਰ੍ਹਿਆਂ (1993 ਤੋਂ 2013) ਦਾ ਸਫਰ ਹੈ। ਇਸ ਲੰਮੇ ਅਰਸੇ ਵਿੱਚ ਕੁਲਵਿੰਦਰ ਪਲਾਹੀ ਦੀ ਪ੍ਰਧਾਨਗੀ ਵਿੱਚ ਪਹਿਲੀ ਵਾਰ ਮੇਰਾ ਰੂਬਰੂ ਮਿਤੀ 20 ਅਗਸਤ ਨੂੰ ਕਰਾਇਆ ਗਿਆ। ਇਸ ਵਿੱਚ ਜੋ ਮਹੱਤਵਪੂਰਨ ਹੈ ਉਸ ਦੀ ਤਸਦੀਕ ਕੀਤੀ ਗਈ ਹੈ ਕਿ ਅਮਰੀਕਾ ਵਿੱਚ ਗਦਰੀ ਬਾਬਿਆਂ ਤੋਂ ਬਾਅਦ ਜੇ ਕਿਸੇ ਨੇ ਇੱਥੇ ਪੰਜਾਬੀ ਸਾਹਿਤ ਦਾ ਬੂਟਾ ਲਾਇਆ ਹੈ ਤਾਂ ਉਹ ਪ੍ਰੋਫੈਸਰ ਸੁਰਿੰਦਰ ਸੀਰਤ ਹਨ। ਇਹ ਸਟੇਟਮੈਂਟ ਪੰਜਾਬੀ ਲੇਖਕ ਸੁਖਵਿੰਦਰ ਕੰਬੋਜ ਦੀ ਹੈ ਜੋ ਮੇਰੇ ਤੋਂ ਪਹਿਲੇ ਕੈਲੀਫੋਰਨੀਆ ਵਿੱਚ ਪੁੱਜੇ ਸਨ ਅਤੇ 'ਅਮਰੀਕੀ ਪੰਜਾਬੀ ਕਵਿਤਾ' ਪ੍ਰਤੀ ਇੱਕ ਪੁਸਤਕ ਨਿਊਯਾਰਕ ਵਿੱਚ ਰਹਿ ਰਹੇ ਸ਼ਾਇਰ ਰਵਿੰਦਰ ਸਹਿਰਾ ਨਾਲ ਸੰਪਾਦਿਤ ਕਰ ਰਹੇ ਸਨ ਉਸ ਸਮੇਂ ਮੇਰੇ ਲਈ ਸੁਖਵਿੰਦਰ ਕੰਬੋਜ ਨੂੰ ਢੂੰਡਣਾ ਲਾਜ਼ਮੀ ਸੀ ਅਤੇ ਮੈਨੂੰ ਦੋ ਤੋਂ ਵੱਧ ਸਾਲ ਲੱਗ ਗਏ। ਜਦ ਉਹਨਾਂ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ ਜਿਸ ਬਾਰੇ ਮੈਂ ਪਹਿਲਾਂ ਦਸ ਚੁੱਕਾ ਹਾਂ ਪਰ ਇਹ ਗੱਲ ਦੱਸਣੀ ਬਣਦੀ ਹੈ ਕਿ ਕੰਬੋਜ ਸਾਹਿਬ ਮੇਰੇ ਨਾਲ ਦੇ ਪੜੋਸ ਵਿੱਚ ਰਹਿੰਦੇ ਸਨ ਜਿਨਾਂ ਨੂੰ ਮੈਂ ਬੜੀ ਦੀਵਾਨਗੀ ਨਾਲ ਇੱਧਰ-ਉੱਧਰ ਲੱਭਦਾ ਰਿਹਾ। ਇਹ ਗੱਲ ਲਾਭਦਾਇਕ ਹੀ ਸਾਬਤ ਹੋਈ ਅਤੇ ਅਸੀਂ ਬਹੁਤ ਕਰੀਬੀ ਮਿੱਤਰ ਬਣ ਗਏ। ਸਾਡੇ ਇਸ ਮੇਲ-ਮਿਲਾਪ ਦਾ ਨਿਸ਼ਕਰਸ਼ ਇਹ ਨਿਕਲਿਆ ਕਿ ਅਸੀਂ ਦੋ ਹੋਰ ਲੇਖਕਾਂ (ਕਹਾਣੀਕਾਰ ਅਮਰਜੀਤ ਦਰਦੀ ਅਤੇ ਸ਼ਾਇਰ ਸੁਖਦਰਸ਼ਨ ਧਾਲੀਵਾਲ) ਇਹ ਦੋਵੇਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਦੀ ਸੰਗਤ ਨਾਲ ਕੈਲੀਫੋਰਨੀਆ ਦੀ ਧਰਤੀ 'ਤੇ ਜਿਸ ਪੰਜਾਬੀ ਸਾਹਿਤ

ਦੇ ਬੀਜ ਨੂੰ ਬੀਜਿਆ ਉਹ ਹੁਣ ਆਪਣੀ ਸਿਖਰ ਜਵਾਨੀ ਦੀ ਖ਼ੁਸ਼ਬੂ ਨੂੰ ਸਮੁੱਚੇ ਪੰਜਾਬੀ ਭੂਗੋਲਕ ਜਗਤ ਵਿੱਚ ਬਿਖੇਰ ਰਿਹਾ ਹੈ। ਅਸੀਂ ਪਹਿਲੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਪਨਾ 1993 ਵਿੱਚ ਕੀਤੀ ਅਤੇ ਫੇਰ ਇਸ ਦੇ ਵਿਸਥਾਰ ਚੋਂ ਵਰ੍ਹਾ 2002 ਵਿੱਚ 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ' ਦੀ ਨਿਰੋਲ ਪੰਜਾਬੀ ਸਾਹਿਤਕ ਸੰਸਥਾ ਦਾ ਨਿਰਮਾਣ ਹੋਇਆ।

ਇਹ ਦੱਸਣਾ ਵੀ ਉਚਿਤ ਸਮਝਦਾ ਹਾਂ ਕਿ ਜਿਸ ਸਿਆਣਪ ਨਾਲ ਪੰਜਾਬੀ ਸਾਹਿਤ ਸਭਾ ਦਾ ਮੂੰਹ-ਮੁਹਾਂਦਰਾ ਸਿਰਜਿਆ ਗਿਆ ਉਹ ਸਲਾਹੁਣ ਯੋਗ ਹੈ। ਇਸ ਦੇ ਤਿੰਨ ਯੂਨਿਟ ਬਣਾਏ ਗਏ । (1) ਯੂਬਾ ਸਿਟੀ (2) ਫਰਿਜਨੋ ਅਤੇ (3) ਬੇ-ਏਰੀਆ। ਸਾਡਾ ਯੂਨਿਟ ਬੇ-ਏਰੀਆ ਰਿਹਾ ਹੈ ਅਤੇ ਇਸ ਦੇ ਨੇ ਤਕਰੀਬਨ 10 ਸਾਲਾਂ ਤੀਕ ਕੇਂਦਰੀ ਭੂਮਿਕਾ ਨਿਭਾਈ। ਹਰ ਤੀਜੇ ਮਹੀਨੇ ਸਾਰੇ ਯੂਨਿਟ ਲੜੀਵਾਰ ਅਤੇ ਤਰਤੀਬ ਵਾਰ ਇਕ ਥਾਂ ਮਿਲਦੇ। ਹਰ ਸਾਲ ਸਾਹਿਤਕ ਕਾਨਫਰੰਸ ਯੂਨਿਟ ਅਨੁਸਾਰ ਅਤੇ ਮਿਲ ਕੇ ਕਰਾਈ ਜਾਂਦੀ। ਫਿਰ ਇੱਕ ਚੌਥੇ ਯੂਨਿਟ (ਨਾਰਥ ਬੇ-ਏਰੀਆ) ਨੇ ਵੀ ਕੁਝ ਲੇਖਕਾਂ ਨਾਲ ਆਪਣਾ ਸਥਾਨ ਗ੍ਰਹਿਣ ਕੀਤਾ। ਇੰਞ ਕੋਈ ਦਸ ਵਰ੍ਹਿਆਂ ਮਗਰੋਂ 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ' ਨੇ ਇੱਕ ਨਿਰੋਲ ਗਤੀਵਿਧੀਆਂ ਦਾ ਪਸਾਰ ਸਿਰਜਿਆ ਜਿਸ ਵਿੱਚ ਦੁਨੀਆ ਭਰ ਦਿਆਂ ਲੇਖਕਾਂ ਨੇ ਸਮੇਂ-ਸਮੇਂ ਸਿਰ ਦਰਸ਼ਨ ਦਿੱਤੇ ਜਿਸ ਕਾਰਨ ਗਰੋਬਲ ਪੱਧਰ 'ਤੇ ਇਹ ਸੰਸਥਾ ਪ੍ਰਵਾਨ ਚੜ੍ਹੀ।

**ਸਵਾਲ-14** : ਅੱਜ ਤੁਸੀਂ ਆਪਣੇ ਸਾਹਿਤਕ ਸਫ਼ਰ ਦੇ ਸਿਖਰ 'ਤੇ ਹੋ। ਇਸ ਵੇਲੇ ਤੱਕ ਤੁਹਾਡੀਆਂ ਕਿੰਨੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਨੇ ਅਤੇ ਤੁਸੀਂ ਸਾਹਿਤ ਦੀਆਂ ਕਿਹੜੀਆਂ ਸਿਨਫ਼ਾਂ ਵਿੱਚ ਆਪਣੀ ਕਲਮ ਦੇ ਜੋਹਰ ਦਿਖਾ ਚੁੱਕੇ ਹੋ...

**ਜਵਾਬ** : ਇਸ ਵੇਲੇ ਤੱਕ ਮੇਰੀਆਂ 12 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਨੇ ਜਿਨਾਂ ਵਿੱਚੋਂ ਪੰਜ ਕਿਤਾਬਾਂ ਇਵੇਂ ਨੇ-(1) 'ਛਲਾਂ' (ਕਵਿਤਾ, 1980) (2) ਖ਼ਲਾਅ 'ਚ ਟੰਗੇ ਹਰਫ਼ (ਕਵਿਤਾ, 1985) (3) ਭਰਮ ਭੁਲਾਈਆਂ (ਉਪਨਿਆਸ, 1986) (4) ਕਿਰਚਾਂ (ਗ਼ਜ਼ਲ 1990) ਅਤੇ (5) ਕਿੱਕਰ ਕੰਢੇ (ਕਵਿਤਾ, 1992) ਜੋ ਮੇਰੇ ਜੰਮੂ ਕਸ਼ਮੀਰ ਵਿੱਚ ਰਹਿੰਦਿਆਂ

ਛਪੀਆਂ। ਇਹਨਾਂ ਵਿੱਚੋਂ ਤਿੰਨ ਨੂੰ ਜੰਮੂ-ਕਸ਼ਮੀਰ ਦੀ ਕਲਚਰਲ ਅਕੈਡਮੀ ਵੱਲੋਂ ਅਵਾਰਡ ਵੀ ਮਿਲਿਆ ਜਿਸ ਦਾ ਜ਼ਿਕਰ ਮੈਂ ਪਿੱਛੇ ਕਰ ਚੁੱਕਿਆ ਹਾਂ। ਚੇਤਨ ਪ੍ਰਵਾਹ ਸ਼ੈਲੀ ਵਿੱਚ ਲਿਖੇ ਮੇਰੇ ਨਾਵਲ ਦੀ ਭੂਮਿਕਾ ਪੰਜਾਬੀ ਜਗਤ ਦੇ ਉਸ ਵੇਲੇ ਦੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਨਿਰੰਜਨ ਤਸਨੀਮ ਹੋਰਾਂ ਲਿਖੀ, ਇਸ ਨੂੰ ਜੰਮੂ-ਕਸ਼ਮੀਰ ਦੇ ਉਸ ਵੇਲੇ ਦੇ ਬਹੁਭਾਸ਼ਾਈ ਲੇਖਕ ਜਨਾਬ ਓ. ਪੀ. ਸ਼ਰਮਾ ਸਾਰਥੀ ਹੋਰਾਂ ਰੁਸ਼ਨਾਮ ਕੀਤਾ ਅਤੇ ਇਸ ਦਾ ਸ਼ੁਮਾਰ ਉਸ ਵਰ੍ਹੇ ਛਪੇ ਪੰਜਾਬੀ ਮੁੱਖ ਧਾਰਾ ਦੇ ਚਰਚਿਤ ਨਾਵਲਾਂ ਵਿੱਚ ਕੀਤਾ ਗਿਆ। ਮੇਰੀਆਂ ਹੋਰ ਸੱਤ ਪੁਸਤਕਾਂ ਅਮਰੀਕਾ ਵਿੱਚ ਰਹਿਣ ਦੌਰਾਨ ਲਿਖੀਆਂ ਗਈਆਂ ਅਤੇ ਪੰਜਾਬ ਵਿੱਚੋਂ ਛਪੀਆਂ ਜਿਨ੍ਹਾਂ ਦਾ ਵੇਰਵਾ ਇਵੇਂ ਹੈ- (6) ਸੂਰਤ ਸੀਰਤ ਤੇ ਸਰਾਬ (ਗਜ਼ਲ, 2002) (7) ਸੇਜ, ਸੂਲੀ ਤੇ ਸਲੀਬ (ਕਵਿਤਾ ਤੇ ਗ਼ਜ਼ਲ 2007)

(8) ਅਰੂਪੇ ਅਖਰਾਂ ਦੇ ਅਕਸ (ਗਜ਼ਲ, 2014) (9) ਭਰਮ ਭੁੱਲਈਆਂ (ਦੂਜਾ ਸੰਸਕਰਨ) (10) ਪੂਰਬ, ਪੱਛਮ ਤੇ ਪਰਵਾਸ (ਕਹਾਣੀ, 2022) (11) ਸੁਰਿੰਦਰ ਸੀਰਤ (ਸਿਰਜਣਾ ਤੇ ਸੰਵਾਦ, 2016) ਇਸ ਪੁਸਤਕ ਨੂੰ ਮੇਰੀ ਸਮੁੱਚੀ ਰਚਨਾ ਉੱਤੇ ਪੰਜਾਬੀ ਲੇਖਕ ਸਭਾ ਜੰਮੂ ਵੱਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿੱਚ ਪੜ੍ਹੇ ਗਏ ਖੋਜ ਪੱਤਰਾਂ ਨੂੰ ਸੰਪਾਦਿਤ ਕਰਕੇ ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲੇ ਦੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਡਾਕਟਰ ਦਰਿਆ ਨੇ 2016 ਵਿੱਚ ਪ੍ਰਕਾਸ਼ਿਤ ਕੀਤਾ। ਹੁਣੇ ਹੁਣੇ ਮੇਰੀ ਇੱਕ ਹੋਰ ਪੁਸਤਕ ਪ੍ਰਕਾਸ਼ਿਤ ਹੋਈ ਹੈ। ਇਹ ਮੇਰੀ ਬਾਰ੍ਹਵੀਂ ਪੁਸਤਕ ਹੈ। ਮੈਂ ਜਦ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਪ੍ਰਤੀਤ ਹੁੰਦਾ ਹੈ ਕਿ ਜਦ ਮੈਂ ਸ਼ੁਰੂ ਦੇ ਦੋਰ ਵਿੱਚ ਪਿੰਡ ਦੇ ਲੋਕਾਂ ਦੀ ਪ੍ਰਸ਼ੰਸਾ ਪ੍ਰਾਪਤ ਕਰਨ ਲਈ ਧਾਰਮਿਕ ਗੀਤ ਲਿਖਣ ਲੱਗਾ ਮੈਨੂੰ ਸਾਹਿਤ ਦੀ ਕੋਈ ਸੂਝ ਨਹੀਂ ਸੀ ਅਤੇ ਜਦ ਮੈਂ ਹਾਇਰ ਸੈਕੰਡਰੀ ਸਕੂਲ ਦੀ ਸਾਲਾਨਾ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਐਡੀਟਰ ਬਣਿਆ, ਮੈਂ ਆਪਣੀਆਂ ਕੁਝ ਕਵਿਤਾਵਾਂ ਨਾਲ ਇੱਕ ਨਾਟਕ 'ਦਾਜ' ਵੀ ਲਿਖਿਆ ਜਿਸ ਦਾ ਅਸਰ ਮੇਰੇ ਦਿਲੋ ਦਿਮਾਗ ਤੇ ਇਤਨਾ ਪਿਆ ਕਿ ਮੈਂ ਆਪਣੇ ਵਿਆਹ ਵਿੱਚ ਵੀ ਦਾਜ ਲੈਣ ਤੋਂ ਮਨਾ ਕਰ ਦਿੱਤਾ। ਕੁਝ ਬਣਨ ਦੀ ਹੋੜ ਵਿੱਚ ਮੇਰੀ ਯਾਤਰਾ ਕਾਫੀ ਪਟਰੀ ਤੋਂ ਉਤਰ ਗਈ. ਬੇਸ਼ੱਕ ਮੈਂ ਸ੍ਰੀਨਗਰ ਪੰਜਾਬੀ ਸਾਹਿਤ

ਸਭਾ ਦਾ ਮੈਂਬਰ ਬਣ ਚੁੱਕਿਆ ਸਾਂ ਅਤੇ ਮੇਰੀ ਪਛਾਣ ਇੱਕ ਖੁੱਲੀ ਕਵਿਤਾ ਦੇ ਲੇਖਕ ਵਜੋਂ ਬਣਨੀ ਸ਼ੁਰੂ ਹੋ ਗਈ ਸੀ। ਸਹੀ ਸਾਹਿਤਕ ਜ਼ਮੀਨ ਮੈਨੂੰ ਜੰਮੂ ਵਿੱਚ ਲੈਕਚਰਾਰ ਦੀ ਨੌਕਰੀ 'ਤੇ ਲਗਣ ਬਾਅਦ ਹੀ ਮਿਲੀ ਜਿੱਥੇ ਮੈਂ ਪੰਜਾਬੀ ਲੇਖਕ ਸਭਾ ਜੰਮੂ ਅਤੇ ਪੰਜਾਬੀ ਦੇ ਪੋਸਟ ਗਰੈਜੂਏਟ ਵਿਭਾਗ ਜੰਮੂ ਵਿਸ਼ਵ ਵਿਦਿਆਲੇ ਨੇ ਇਸ ਜ਼ਮੀਨ ਨੂੰ ਤਰਲਤਾ ਬਖ਼ਸ਼ੀ ਅਤੇ ਪਹਿਲੀ ਖੁੱਲੀ ਕਵਿਤਾ ਦੀ ਪ੍ਰਕਾਸ਼ਿਤ ਪੁਸਤਕ 'ਛੱਲਾਂ' ਨੂੰ ਪੁਰਸਕਾਰ ਪ੍ਰਾਪਤ ਹੋਇਆ ਜਿਸ ਨੇ ਇਸ ਸਿਨਫ਼ ਨੂੰ ਹੋਰ ਵਿਸ਼ਾਲਤਾ ਪ੍ਰਦਾਨ ਕੀਤੀ। ਮੈਂ ਜਦ ਗ਼ਜ਼ਲ ਵੱਲ ਮੁੜਿਆ, ਜੰਮੂ-ਕਸ਼ਮੀਰ ਵਿੱਚ ਗ਼ਜ਼ਲ ਦੇ ਨਾਂਅ 'ਤੇ ਤੁੱਕਬੰਦੀ ਹੀ ਹੁੰਦੀ ਸੀ ਪਰ ਪ੍ਰਿੰਸੀਪਲ ਤਖਤ ਸਿੰਘ ਹੋਰਾਂ ਜਿਹੇ ਗੁਰੂਜਨਾਂ ਦੀ ਸੇਧ ਵਿੱਚ ਮੈਂ ਪੰਜਾਬੀ ਗ਼ਜ਼ਲਾਂ ਨੂੰ ਸ਼ਿੱਦਤ ਨਾਲ ਅਪਨਾਇਆ। ਜੇ ਮੇਰਾ ਕੋਈ ਹੀਲਾ- ਵਸੀਲਾ ਹੁੰਦਾ ਤਾਂ ਮੇਰੀ ਗਜ਼ਲ ਦੀ ਪੁਸਤਕ 'ਕਿਰਚਾਂ' ਨੂੰ ਸਾਹਿਤ ਅਕਾਦਮੀ ਇਨਾਮ ਮਿਲ ਸਕਦਾ ਸੀ। ਇਸ ਦੀ ਭੂਮਿਕਾ ਲਿਖਦਿਆਂ ਮੇਰੇ ਗ਼ਜ਼ਲ ਦੇ ਗੁਰੂ ਹੈਰਾਨ ਰਹਿ ਗਏ ਸਨ। ਖੈਰ ਅੱਜ ਮੇਰਾ ਪੂਰੇ ਕਾਵਿ ਜਗਤ ਵਿੱਚ ਆਦਰ ਸਨਮਾਨ ਹੈ। ਵਾਰਤਕ ਵਿੱਚ ਨਾਵਲ ਕਰਕੇ ਜਾਣ-ਪਛਾਣ ਹੈ ਜਿਸ ਕਾਰਨ ਮੇਰਾ ਇਕ ਕਹਾਣੀ ਸੰਗ੍ਰਹਿ 'ਪੂਰਬ ਪੱਛਮ ਤੇ ਪਰਵਾਸ' ਛਪ ਚੁੱਕਿਆ ਹੈ। ਹੁਣ ਤੱਕ ਮੈਂ ਕਵਿਤਾ, ਗ਼ਜ਼ਲ, ਨਾਵਲ ਅਤੇ ਕਹਾਣੀ ਵਿਚ ਆਪਣੀ ਥਾਂ ਬਣਾ ਲਈ ਹੈ। ਮੈਂ ਇਕ ਹੋਰ ਵਿਧਾ ਪ੍ਰਤੀ ਜਾਗਰੁਕ ਹੋਇਆ ਹਾਂ ਅਤੇ ਉਹ ਹੈ 'ਰੁਬਾਈ'।

ਇਸ ਸਿਨਫ਼ ਨੂੰ ਸਮੁੱਚੀ ਪੰਜਾਬੀ ਸ਼ਾਇਰੀ ਵਿੱਚ ਨਹੀਂ ਕਿਹਾ ਗਿਆ। ਮੈਂ ਹੁਣ ਇਸ ਵੱਲ ਵੀ ਕੇਂਦਰਿਤ ਹੋ ਰਿਹਾ ਹਾਂ।

**ਸਵਾਲ-15** : ਸਾਹਿਤ ਦੀ ਕਿਸੇ ਵਿਧਾ ਵਿੱਚ ਰਚਨਾ ਕਰਨ ਵੇਲੇ ਇਕ ਲੇਖਕ ਦਾ ਮਨ ਇਕ ਵਿਸ਼ੇਸ਼ ਸਾਂਚੇ ਵਿੱਚ ਢਲਿਆ ਹੁੰਦਾ ਹੈ। ਇਕ ਮਨੁੱਖੀ ਮਨ ਦਾ ਰਚਨਾਤਮਕ ਸਾਂਚੇ ਵਿੱਚ ਢਲ ਜਾਣਾ ਕਿਸੇ ਕਰਿਸ਼ਮੇਂ ਤੋਂ ਘੱਟ ਨਹੀਂ। ਇਹ ਤਾਂ ਹੋਰ ਵੀ ਵੱਡਾ ਕਰਿਸ਼ਮਾ ਹੋ ਨਿਬੜਦਾ ਹੈ ਜਦ ਕਿਸੇ ਤੁਹਾਡੇ ਜਿਹੇ ਬਹੁਵਿਧਾਈ ਲੇਖਕ ਦਾ ਮਨ ਅਜਿਹੇ ਅਲੱਗ ਸਾਚਿਆਂ ਵਿੱਚ ਵਾਰ-ਵਾਰ ਢੱਲਦਾ ਹੈ। ਤੁਹਾਡੇ ਕੋਲ ਅਜਿਹੇ ਕ੍ਰਿਸ਼ਮਿਆਂ 'ਚੋਂ ਗੁਜ਼ਰਨ ਦਾ ਇੱਕ ਲੰਬਾ ਅਨੁਭਵ ਹੈ। ਮੈਨੂੰ ਲੱਗਦਾ ਹੈ ਕਿ ਤੁਹਾਡੇ ਵੱਲੋਂ...ਅਜਿਹੇ ਅਨੁਭਵ ਨੂੰ ਸਾਂਝਾ ਕਰਨਾ ਇੱਥੇ ਕਾਫੀ ਰੋਚਕ ਅਤੇ ਦਿਲਚਸਪ ਰਹੇਗਾ...

**ਜਵਾਬ** : ਡਾ.ਮੋਨੋਜੀਤ ਜੀ, ਤੁਹਾਡਾ ਪ੍ਰਸ਼ਨ ਸਪਸ਼ਟ ਨਹੀਂ। ਜੇ ਤੁਹਾਡਾ ਮਤਲਬ ਹੈ ਕਿ ਕਿਸੇ ਵਿਧਾ ਵਿੱਚ ਲਿਖਣ ਵੇਲੇ ਕੋਈ ਸਾਂਚਾ ਘੜਿਆ ਗਿਆ ਹੁੰਦਾ ਹੈ ਤਾਂ ਮੈਂ ਕਿਸੇ ਅਜਿਹੇ ਸਾਂਚੇ ਅਨੁਸਾਰ ਨਹੀਂ ਲਿਖਦਾ। ਹਾਂ, ਇਹ ਸਪਸ਼ਟ ਹੈ ਕਿ ਹਰ ਵਿਧਾ ਆਪਣੇ ਆਪ ਵਿੱਚ ਸੰਪੂਰਨ ਹੈ। ਕਹਾਣੀ ਕੀ ਹੁੰਦੀ ਹੈ ਅਤੇ ਕਿੰਞ ਲਿਖੀ ਜਾਂਦੀ ਹੈ, ਇਸ ਪ੍ਰਤੀ ਕਹਾਣੀ ਦਾ ਆਰੰਭ ਵਿਸਥਾਰ ਅਤੇ ਅੰਤ ਹੋਣਾ ਨੀਯਤ ਹੈ। ਇਹ ਕਥਾ ਪ੍ਰਧਾਨ ਜਾਂ ਪਾਤਰ ਪ੍ਰਧਾਨ ਹੋ ਸਕਦੀ ਹੈ। ਇਹ ਸੂਤਰਧਾਰੀ ਜਾਂ ਉੱਤਮ ਪੁਰਖੀ ਹੋ ਸਕਦੀ ਹੈ। ਅਜਿਹਾ ਦਸਤੂਰ ਇੱਕ ਲੰਮੀ ਕਵਿਤਾ ਨਾਵਲ ਲਿਖਣ ਸਬੰਧੀ ਵੀ ਪ੍ਰਚਲਿਤ ਹੈ ਪਰ ਇਹਨਾਂ ਦੋਵਾਂ ਵਿਧਾਵਾਂ ਵਿੱਚ ਨਵੇਂ-ਨਵੇਂ ਤਜ਼ਰਬੇ ਵੀ ਹੋ ਰਹੇ ਹਨ। ਕਵਿਤਾ ਕਈ ਪ੍ਰਕਾਰ ਦੀ ਹੁੰਦੀ ਹੈ। ਗੀਤ, ਨਜ਼ਮ ਛੰਦ ਬੰਦ ਕਵਿਤਾ। ਛੰਦ ਮੁਕਤ ਕਵਿਤਾ, ਖੁੱਲੀ ਕਵਿਤਾ, ਗਜ਼ਲ, ਕਥਾ, ਰੁਬਾਈ, ਹਾਈਕੂ, (ਤਿੰਨ ਮਿਸਰੀ ਛੰਦ) ਪੰਕਤੀ (ਪੰਜ ਮਿਸਰੀ ਛੰਦ) ਇਹ ਸਾਰੀਆਂ ਵਿਧਾਵਾਂ ਆਪੋ-ਆਪਣੇ ਵਰਗ ਵਿੱਚ ਸੰਪੰਨ ਹਨ। ਗ਼ਜ਼ਲ ਤੇ ਰੁਬਾਈ ਪਾਬੰਦ ਸ਼ਾਇਰੀ ਦੀਆਂ ਔਖੀਆਂ ਹਨ। ਇਹਨਾਂ ਨੂੰ ਲਿਖਣ ਤੋਂ ਪਹਿਲਾਂ ਇਲਮ ਅਰੂਜ ਨੂੰ ਸਿੱਖਣ ਦੀ ਲੋੜ ਹੁੰਦੀ ਹੈ। ਕਵਿਤਾ ਦੋਹੜਿਆਂ ਵਿਚ ਵੀ ਲਿਖੀ ਜਾ ਰਹੀ ਹੈ। ਚੋਪਾਈ ਵੀ ਇਕ ਵਿਧਾ ਹੈ। ਜੋ ਰੁਬਾਈ ਦੇ ਨੇੜੇ ਹੈ ਪਰ ਇਸ ਦੇ ਚਾਰ ਮਿਸਰੇ ਦੋ ਦੋਹੜਿਆਂ ਵਿੱਚ ਵੀ ਸਿਰਜੇ ਜਾਂਦੇ ਹਨ। ਅਸ਼ਟਪਦੀ ਵੀ ਗੁਰਬਾਣੀ ਵਿੱਚ ਵਿਚਰਦੀ ਹੈ ਜੋ ਅੱਠ ਦੋਹੜਿਆਂ ’ਤੇ ਆਧਾਰਿਤ ਹੈ। ਦੋਹੜੇ ਅਰੂਜ ਅਨੁਸਾਰ ਕਿਸੇ ਗਜ਼ਲ ਦੇ ਮਤਲੇ ਅਨੁਰੂਪ ਹੁੰਦੇ ਨੇ।

ਇਹ ਜ਼ਰੂਰ ਹੈ ਕਿ ਕ੍ਰਿਸ਼ਮਾ ਉਦੋਂ ਵਾਪਰਦਾ ਹੈ ਜਦ ਇਹਨਾਂ ਚੋਂ ਕਿਸੇ ਇੱਕ ਜਾਂ ਵੱਧ ਵਿਧਾਵਾਂ ਉੱਪਰ ਅਬੂਰ ਹਾਸਿਲ ਹੋ ਜਾਂਦਾ ਹੈ। ਇੰਜ ਬਹੁਤ ਘੱਟ ਪੜ੍ਹਨ-ਸੁਣਨ ਵਿੱਚ ਆਇਆ ਹੈ। ਮੈ ਆਪਣੇ ਪ੍ਰਤੀ ਕਹਿ ਸਕਦਾ ਹਾਂ ਕਿ I am jack of all trades but master of none.

**ਸਵਾਲ-16** : ਮੈਂ ਆਪਣਾ ਸਵਾਲ ਥੋੜ੍ਹਾ ਸਪਸ਼ਟ ਕਰ ਦਿਆਂ । ਕਵਿਤਾ ਲਿਖਣ ਤੋਂ ਪਹਿਲਾਂ ਮਨ ਕਵਿਤਾ ਲਿਖਣ ਦੇ Frame work ਵਿੱਚ ਢੱਲ ਜਾਂਦਾ ਹੈ ਅਤੇ ਵਾਰਤਕ ਲਿਖਣ ਤੋਂ ਪਹਿਲਾਂ ਵਾਰਤਕ ਵਾਲੇ Frame work ਵਿੱਚ। ਹਰ ਵਿਧਾ ਵਿੱਚ ਲਿਖਣ ਲਈ ਮਨ ਦਾ ਅਲੱਗ Frame work ਹੁੰਦਾ ਹੈ।

ਇਹ ਗੁਣ ਆਮ ਮਨੁੱਖ ਦੇ ਮਨ ਵਿੱਚ ਨਹੀਂ ਹੁੰਦਾ। ਲੇਖਕ ਦੇ ਮਨ ਵਿੱਚ ਹੁੰਦਾ ਹੈ। ਇਹ ਹੀ ਲੇਖਕ ਦੇ ਮਨ ਦਾ ਕ੍ਰਿਸ਼ਮਾ ਹੈ। ਤੁਸੀਂ ਅਲੱਗ-ਅਲੱਗ ਵਿਧਾਵਾਂ ਵਿੱਚ ਬਖੂਬੀ ਰਚਨਾ ਕੀਤੀ ਹੈ ਇਸ ਲਈ ਮੈਂ ਤੁਹਾਡੇ ਕੋਲੋਂ ਮਨੁੱਖੀ ਮਨ ਦੀ ਇਸ ਖੂਬੀ ਨੂੰ ਸਮਝਣਾ ਚਾਹੁੰਦਾ ਹਾਂ ਕਿ ਮਨੁੱਖੀ ਮਨ ਦੀ ਉਹ ਹਾਲਤ ਤੇ ਬਣਤਰ ਕਜਿਹੀ ਹੁੰਦੀ ਹੈ ਜਿਸ ਵਿੱਚ ਵਿਚਰਦਿਆਂ ਉਹ ਕਿਸੇ ਵਿਧਾ ਵਿੱਚ ਰਚਨਾ ਰਚਦਾ ਹੈ...

**ਜਵਾਬ** : ਡਾਕਟਰ ਮੋਨੋਜੀਤ ਜੀ, ਪਤਾ ਨਹੀਂ ਤੁਹਾਡੇ ਮਨ ਵਿੱਚ ਅਜਿਹਾ ਕੀ ਵਿਚਰ ਰਿਹਾ ਹੈ ਜਿਸ ਰਾਹੀਂ ਮੇਰੀ ਰਚਨਾ ਪ੍ਰਕਿਰਿਆ ਪ੍ਰਤੀ ਜਾਣਨਾ ਚਾਹੁੰਦੇ ਹੋ। ਜਿਵੇਂ ਕਿ ਤੁਸੀਂ ਲਿਖਿਆ ਹੈ ਕਿ ਇੱਕ ਲੇਖਕ ਦੀ ਨਜ਼ਰ ਕਿਸੇ ਆਮ ਮਨੁੱਖ ਨਾਲੋਂ ਬੜੀ ਤੀਬਰ, ਜ਼ਰਾ ਹਟ ਕੇ ਹੁੰਦੀ ਹੈ ਅਤੇ ਜੋ ਲਿਖਣਾ ਚਾਹੁੰਦਾ ਹੈ, ਉਸ ਵਲੋਂ ਇਕ ਕਰਿਸ਼ਮਾ ਹੋ ਨਿਬੜਦਾ ਹੈ। ਇਸ ਵਿੱਚ ਕਿਸੇ ਹੱਦ ਤੱਕ ਸੱਚਾਈ ਹੈ। ਦਰਅਸਲ ਇਕ ਲੇਖਕ ਹਰ ਸਮੇਂ ਆਪਣੇ ਚੋਗਿਰਦੇ ਵਾਪਰ ਰਹੇ ਹਾਦਸੇ, ਤ੍ਰਾਸਦੀਆਂ, ਵਧੀਕੀਆਂ, ਅਨਿਆਂ, ਵਿਤਕਰੇ, ਭੇਦ-ਭਾਵ, ਨਾ- ਚਾਕੀਆਂ, ਹਿੰਸਾ, ਅੱਤਿਆਚਾਰ, ਬਲਾਤਕਾਰ, ਭ੍ਰਿਸ਼ਟਾਚਾਰ ਜਿਹੇ ਯਥਾਰਥ ਨੂੰ ਭੋਗ ਰਿਹਾ ਹੁੰਦਾ ਹੈ। ਉਹ ਇਸ ਪ੍ਰਤੀ ਕਿਸੇ ਲੀਡਰ ਜਾਂ ਸੱਤਾਧਾਰੀ ਸੋਚ ਵਾਂਗ ਵਿਦਰੋਹ ਨਹੀਂ ਕਰਦਾ ਅਤੇ ਨਾ ਹੀ ਇਸ ਨੂੰ ਆਪਣੇ ਹਿੱਤ ਲਈ ਵਰਤਦਾ ਹੈ। ਇਹ ਸਭ ਕੁਝ ਲੇਖਕ ਦੇ ਅਵ- ਚੇਤਨ ਮਨ ਵਿੱਚ ਘਰ ਕਰ ਜਾਂਦਾ ਹੈ। ਕਦੀ-ਕਦੀ ਤਾਂ ਇਹ ਕੇ ਤਨ-ਮਨ ਵਿੱਚ ਕਿਤੇ ਨਜ਼ਰ ਨਹੀਂ ਆਉਂਦਾ ਪਰ ਜਦ ਬਾਹਰ ਦੀਆਂ ਰੁਚੀਆਂ ਦਾ ਅਵਚੇਤਨ ਮਨ ਵਿੱਚ ਗਰਭਿਤ ਸੰਸਕਾਰਾਂ ਨਾਲ ਮੇਲ ਹੁੰਦਾ ਹੈ ਤਾਂ ਇਕ ਉਛਾਲ(Response) ਪੈਦਾ ਹੋ ਜਾਂਦਾ ਹੈ। ਇਸ ਸਮੇਂ ਹਰ ਕਿਸੇ ਸੈ ਦਾ ਪਿੰਡਾਂ ਸ਼ਾਂਤ ਹੋ ਜਾਂਦਾ ਹੈ ਅਤੇ ਕੇਵਲ ਚੇਤਨ ਅਤੇ ਅਵਚੇਤਨ ਦੀ ਜੰਗ ਤੋਂ ਕਿਸੇ ਵੀ ਭਾਵ ਦੀ ਸਿਰਜਨਕੀ ਹੋ ਨਿਬੜਦੀ ਹੈ ਜੋ ਆਪਣੇ ਆਪ ਰੂਪ ਤੇ ਵਧਾ ਲੈ ਆਉਂਦੀ ਹੈ। ਇਕ ਗੱਲ ਜੋ ਇੱਥੇ ਬੜੀ ਅਹਿਮ ਹੈ, ਉਹ ਇਹ ਹੈ ਕਿ ਜਿਸ ਵੀ ਵਿਧਾ ਵਿੱਚ ਤੁਸੀਂ ਰਚਨਾਬੱਧ ਹੋਣਾ ਚਾਹੋਗੇ, ਉਸ ਪ੍ਰਤੀ ਚੇਤਨ ਤੌਰ ਤੇ ਜਾਗਰੁਕ ਹੋਵੋਗੇ। ਇਸ ਲਈ ਇੱਕ ਲੇਖਕ ਦਾ ਕਿਸੇ ਵੀ ਵਿਧਾ ਵਿੱਚ ਲਿਖਣ ਲਈ ਉਸ ਨੂੰ ਉਸ ਸਿਨਫ਼ ਦੇ ਰੂਪਕ ਪੱਖ ਨੂੰ ਜਾਣਨਾ ਜਰੂਰੀ ਹੈ।

**ਸਵਾਲ-17** : ਅਲੱਗ-ਅਲੱਗ ਸਿਨਫਾਂ ਵਿੱਚ ਲਿਖਦਿਆਂ ਤੁਸੀਂ ਮਨੁੱਖੀ ਹੋਂਦ, ਮਨੁੱਖੀ ਸੰਘਰਸ਼ ਅਤੇ ਮਨੁੱਖੀ ਮਨ ਦੇ ਕਿਹੜੇ ਸਰੋਕਾਰਾਂ, ਕਿਰਦਾਰਾ ਅਤੇ ਵਰਤਾਰਿਆਂ ਬਾਰੇ ਗੱਲ ਕੀਤੀ ਹੈ...

**ਜਵਾਬ** : ਸਾਹਿਤ ਬਹੁਤ ਗਹਿਰਾ, ਵਿਸ਼ਾਲ ਅਤੇ ਬੁਲੰਦ ਹੈ। ਇਸ ਦੀ ਵਿਸ਼ਾਲਤਾ ਵਿੱਚ ਆਪਣੇ ਨਿਜ ਤੋਂ ਗਲੋਬਲ ਮਾਨਵਤਾ ਪ੍ਰਤੀ ਵਿਚਰ ਰਹੀ ਹੋਂਦ ਦੇ ਸੰਘਰਸ਼ ਅਤੇ ਉਸਦੀ ਮਨੋਦਸ਼ਾ ਸਿਰਜਣਾਤਮਕ ਹੈ। ਇਸ ਦੀ ਰਚਨਾਕਾਰੀ ਵਿੱਚ ਪ੍ਰਤੀਤ ਹੋ ਰਹੀਆਂ ਜਟਲਤਾਵਾਂ ਦੀਆਂ ਉਹਨਾਂ ਡੂੰਘਾਵਾ ਤੀਕ ਰਸਾਈ ਦਰਕਾਰ ਹੁੰਦੀ ਹੈ ਜੋ ਇਸ ਦੀਆਂ ਜੜ੍ਹਾਂ ਤੱਕ ਘਰ ਗਈਆਂ ਹੁੰਦੀਆਂ ਹਨ। ਇਸ ਉਪਰੰਤ ਸਾਹਿਤਕ ਜਗਿਆਸਾ ਦੇ ਹਰ ਉਸ ਮੂਲ ਮੰਤਰ ਦੀ ਨਿਸ਼ਾਨਦੇਹੀ ਨੂੰ ਇਸ ਦੀ ਚਰਮਸੀਮਾ ਤੀਕ ਲਿਆ ਖੜਾ ਕਰਦੀ ਹੈ।

ਜਿੱਥੋਂ ਤੱਕ ਮੇਰੀ ਰਚਨਾਕਾਰੀ ਦਾ ਸਵਾਲ ਹੈ, ਮੇਰੇ ਸਰੋਕਾਰਾਂ ਵਿੱਚ ਮੇਰੇ ਅੰਤ- ਕਰਨ ਵਿੱਚ ਪਲ ਰਹੇ ਉਹਨਾਂ ਸਰੋਕਾਰਾਂ ਦੀ ਰਚਨਾਕਾਰੀ ਹੁੰਦੀ ਹੈ ਜਿਸ ਵਿੱਚ ਮੇਰੀ ਅਤੇ ਮੇਰੇ ਜਿਹੇ ਅਣਗਿਣਤ ਸਰੋਤਾ ਦੀ ਮਾਨਸਿਕ ਅਤੇ ਦ੍ਰਿਸ਼ਟੀਗੋਚਰ ਹੋਂਦ ਦੇ ਹਿਜਰਤ ਦਾ ਸੰਤਾਪ ਹੰਢਾਇਆ ਹੈ। ਆਪਣੇ ਮੂਲ ਨਾਲੋਂ ਟੁੱਟਣ ਦਾ ਅਹਿਸਾਸ ਸਰਬ ਵਿਆਪੀ ਹੈ ਫਿਰ ਉਹ ਸੰਘਰਸ਼ ਜੋ ਸਥਾਪਤੀ ਦੀ ਜੰਗ ਲੜਦਾ ਹੈ ਉਸ ਦੀਆਂ ਜਟਲਤਾਵਾਂ ਦਾ ਕਿੰਝ ਸ਼ਿਕਾਰ ਹੁੰਦਾ ਹੈ ਜੋ ਉਸਦੀ ਪਹਿਚਾਨ ਅਭੀਵਿਅਕਤੀ ਅਤੇ ਸੰਸਕ੍ਰਿਤੀ ਨੂੰ ਭੰਗ ਹੋਣ ਦੇ ਮਾਰਗ ਤੋਰਨ ਦੇ ਭੁਲੇਖੇ ਸਿਰਜਦਾ ਹੈ। ਇੱਕ ਜਾਗਰੂਪਤਾ ਇਹਨਾਂ ਨੂੰ ਸਾਵਧਾਨ ਕਰਨ ਦੀ ਨਗਮਗੀ ਦੇ ਤਲਿਸਮ ਨੂੰ ਉਜਾਗਰ ਕਰਨ ਵੱਲ ਗਤੀਸ਼ੀਲ ਹੈ। ਮੇਰੀ ਸਿਰਜਨਾਕਾਰੀ ਨਾ ਬਰਾਬਰੀ ਦੀ ਜੰਗ ਦੁਆਲੇ ਕਰਮਸ਼ੀਲ ਹੈ। ਇਹ ਨਾ-ਬਰਾਬਰੀ ਦਾ ਸੰਕਲਪ ਹੈ ਕਿ ਕਿਤੇ ਚੋਂਹ ਵਰਨਾਂ ਦੀ ਜੰਗ ਨੇ ਮਨੁੱਖੀ ਹੋਂਦ ਨੂੰ ਸ਼ਰਮਸਾਰ ਕੀਤਾ ਹੈ। ਕਿਤੇ ਧਰਮ-ਮਜ਼ਹਬ ਦੀ ਜੰਗ, ਇਸ ਦੁਆਰਾ ਹੋ ਰਹੀ ਦੇਸ਼ਾਂ ਦੀ ਸ਼ਰਮਸਾਰ ਅਤੇ ਅਮਾਨਵੀ ਕਤਲ-ਗਾਰਤ ਦੀ ਤ੍ਰਾਸਦੀ। ਕਾਲੇ, ਗੋਰੇ, ਗੰਦਮੀ ਮਨੁੱਖਾਂ ਦੀ ਗਲੋਬਲ ਪੱਧਰ ’ਤੇ ਨਫ਼ਰਤ ਈਰਖਾ, ਦਵੈਤ ਦੀ ਜੰਗ ਅਤੇ ਸਭ ਤੋਂ ਦੂਸ਼ਿਤ, ਅਸਭਿਆ, ਸ਼ਰਮਨਾਕ ਅਤੇ ਜਾਨਵਰ

ਸੰਸਕ੍ਰਿਤੀ ਦੀ ਦੀ ਹੋ ਰਹੀ ਨਾਰੀ ਦਮਨ ਦੀ ਹੋ ਰਹੀ ਜੰਗ। ਮਰਦ-ਔਰਤ ਵਿਚਾਲੇ ਹੋ ਰਹੀ ਨਾ-ਬਰਾਬਰੀ ਦੀ ਜੰਗ!

ਅਜਿਹੇ ਸਰੋਕਾਰ ਮੇਰੀ ਮਾਨਸਿਕਤਾ ਅਤੇ ਰਚਨਾਕਾਰੀ ਵਿਚ ਉਹ ਸਭ ਕੁਝ ਹੈ ਜੋ ਯਥਾਰਥ ਦੇ ਸੰਤਾਪ ਨੂੰ ਜੀਵੰਦਾ ਹੈ, ਸ਼ਾਮਿਲ ਹੈ। ਮਨੁੱਖੀ ਰਿਸ਼ਤਿਆਂ ਦੇ ਕਰਬ, ਦਿਲਾਂ ਦੀ ਭੰਨ-ਤਰੋੜ, ਦੂਰੀਆਂ ਦੇ ਦਰਦਾਂ ਦਾ ਅਹਿਸਾਸ, ਭੁੱਲ ਭੁਲਾਈਆਂ, ਤਿਸ਼ਨਗੀ ਅਤੇ ਸਮੇਂ ਅਤੇ ਸਥਾਨ ਵਿਚਲੀਆਂ ਉਹ ਪ੍ਰਸਥਿਤੀਆਂ ਜਿਸਦਾ ਸਿੱਧਾ ਪ੍ਰਭਾਵ ਮਨੁੱਖਤਾ ਦੀ ਆਰਥਿਕਤਾ, ਜੀਵਨ-ਜਾਚ ਅਤੇ ਰੋਜ਼-ਮਰਾ ਦੀ ਗਤੀਸ਼ੀਲਤਾ ਨਾਲ ਸੰਬੰਧ ਰੱਖਦਾ ਹੈ।

ਮੇਰੀ ਲੇਖਣੀ ਵਿੱਚ ਕੋਈ ਕਿਰਦਾਰ ਉਂਞ ਦਾ ਉਞ ਨਹੀਂ ਹੁੰਦਾ। ਖਾਸ ਕਰ ਮੇਰੀ ਰਚਨਾਵਲੀ ਦਾ ਆਚਰਣ ਚਿਨ੍ਹਾਤਮਕ ਹੈ ਜੋ ਬਿੰਬਾਂ, ਪ੍ਰਤੀਕਾਂ, ਰੂਪਾਕਾਰਾਂ ਆਦਿ ਵਿੱਚ ਹੁੰਦਾ ਹੈ। ਸ਼ਾਇਦ ਇਹ ਇੱਕ ਕਾਰਨ ਹੈ ਕਿ ਬਹੁਤੇ (ਪਾਠਕ) ਮੇਰੀ ਸਾਹਿਤਕਤਾ ਨੂੰ ਸਮਝਣ ਵਿੱਚ ਅਸਮਰਥ ਨੇ।

**ਸਵਾਲ-18** : ਹੁਣੇ-ਹੁਣੇ ਤੁਹਾਡੀ ਇੱਕ ਨਵੀਂ ਕਾਵਿ ਪੁਸਤਕ ਸਾਹਮਣੇ ਆਈ ਹੈ ‘ਜੰਗ ਜਾਰੀ ਹੈ’। ਤਕਰੀਬਨ ਚਾਰ ਦਹਾਕੇ ਛਪੀ ਤੁਹਾਡੀ ਪਹਿਲੀ ਕਾਵ ਪੁਸਤਕ ‘ਛਲਾਂ’ ਤੋਂ ‘ਜੰਗ ਜਾਰੀ ਹੈ’ ਤੱਕ ਪੁੱਜਦਿਆਂ-ਪੁੱਜਦਿਆਂ ਤੁਹਾਡੇ ਕਾਵਿ ਸ਼ਿਲਪ ਅਤੇ ਕਾਵ ਚਿੰਤਨ ਨੇ ਕਿਵੇਂ ਵਿਕਾਸ ਕੀਤਾ, ਕਿਵੇਂ Grow ਕੀਤਾ...

**ਜਵਾਬ** : ਡਾ. ਮੋਨੋਜੀਤ ਜੀ, ‘ਛੱਲਾਂ’ ਮੇਰਾ ਸ਼ੁਰੂਆਤੀ ਦੌਰ ਦਾ ਕਾਵਿ ਸੰਗ੍ਰਹਿ ਸੀ। ਇਹ ਵੱਖਰੀ ਗੱਲ ਹੈ ਕਿ ਇਸ ਪੁਸਤਕ ਨੇ ਮੈਨੂੰ ਇੱਕ ਕਵੀ ਦੀ ਪਛਾਣ ਦਿੱਤੀ ਅਤੇ ਮੈਂ ਇਸ ਮਗਰੋਂ ਇੱਕ ਹੋਰ ਆਧੁਨਿਕ ਕਾਵਿ ਪੁਸਤਕ ‘ਖਲਾਅ ’ਚ ਟੰਗੇ ਹਰਫ਼’ ਵਰ੍ਹਾ 1985 ਵਿੱਚ ਪ੍ਰਕਾਸ਼ਿਤ ਕੀਤੀ। ਇਹ ਮੇਰੇ ਅਨੁਭਵ ’ਚੋਂ ਸਿਰਜੀ ਗਈ। ਜਿਸ ਵਿੱਚ ਸਮੇਂ ਅਤੇ ਸਥਾਨ ਦੀਆਂ ਪ੍ਰਸਥਿਤੀਆਂ ਸ਼ਾਮਿਲ ਸਨ। ਇਸ ਦੀਆਂ ਕਵਿਤਾਵਾਂ ਵਿੱਚ ਵਿਚਾਰਧਾਰਕ ਜਟਲਤਾ ਦੀ ਪਾਨ, ਚਿੰਤਨ ਯਥਾਰਥ ਦੀ ਤੀਬਰਤਾ ਦਾ ਪ੍ਰਵੇਸ਼ ਸੀ ਪਰ ਇਸ ਦੀ ਤ੍ਰਾਸਦੀ ਇਹ ਰਹੀ ਕਿ ਇਹ ਕੇਵਲ ਕੁਝ ਕੁ ਪਾਠਕਾਂ ਅਤੇ ਚਿੰਤਕਾਂ ਤੀਕ ਹੀ ਅਪੜ ਸਕੀ ਕਿਉਂਕਿ 90-ਵਿਆਂ ਵਿੱਚ ਜੰਮੂ ਤਵੀ ਵਿੱਚ ਆਏ ਭਿਆਨਕ ਹੜਾਂ (ਹੋਰ ਬਹੁਤ ਕੁਝ ਸਮੇਤ) ਦੀ ਭੇਂਟ ਚੜ੍ਹ

ਗਈ। ਮੈਂ ਇਸ ਦਾ ਦੂਜਾ ਐਡੀਸ਼ਨ ਨਾ ਕੱਢ ਸਕਿਆ ਪਰ ਇਹ ਮੇਰੀ ਆਧੁਨਿਕ ਭਾਵ ਬੋਧ ਦੀ ਇੱਕ ਪ੍ਰਾਪਤੀ ਕਹੀ ਜਾ ਸਕਦੀ ਹੈ। 1980 ਤੋਂ ਬਾਅਦ ਮੇਰੀ ਸਿਰਜਨਾਤਮਕ ਗਤੀਵਿਧੀਆਂ ਨੂੰ ਹਰ ਪ੍ਰਕਾਰ ਨਾਲ ਸਲਾਹਿਆ ਗਿਆ ਖਾਸ ਕਰ ਉਹਨਾਂ ਬੁੱਧੀਜੀਵੀਆਂ ਨੇ ਇਹਨਾਂ ਕਵਿਤਾਵਾਂ ਨੂੰ ਮਾਣ ਦਿੱਤਾ ਜੋ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਪੰਜਾਬ-ਦਿੱਲੀ ਤੋਂ ਅਕਸਰ ਆਇਆ ਕਰਦੇ ਸਨ। ਫਿਰ ਮੇਰੀ ਕਾਵਿ ਕਲਾ ਦਾ ਹੋਰ ਵਿਕਾਸ ਹੋਇਆ ਅਤੇ ਮੈਂ ਗ਼ਜ਼ਲਕਾਰੀ ਵੱਲ ਕੇਂਦ੍ਰਿਤ ਹੋ ਗਿਆ। 1990 ਵਿੱਚ ਮੇਰਾ ਪਹਿਲਾ ਨਿਰੋਲ ਗ਼ਜ਼ਲ ਸੰਗ੍ਰਹਿ 'ਕਿਰਚਾਂ' ਸਾਹਮਣੇ ਆਇਆ ਜਿਸ ਦੁਆਰਾ ਮੇਰੀ ਸਮੁੱਚੀ ਕਵਿਤਾ-ਜਗਤ ਵਿੱਚ ਪਛਾਣ ਬਣ ਗਈ ਪਰ ਮੈਂ ਗ਼ਜ਼ਲ ਦੇ ਨਾਲ-ਨਾਲ ਆਧੁਨਿਕ ਕਵਿਤਾ ਦੀ ਰਚਨਾਕਾਰੀ ਵਿੱਚ ਪੇਸ਼-ਪੇਸ਼ ਰਿਹਾ। ਕੈਲੀਫੋਰਨੀਆ ਵਿੱਚ ਵੱਸਣ ਦੇ ਬਾਅਦ ਤੋਂ ਇਥੋਂ ਦੇ ਮਾਹੌਲ ਦੇ ਸੱਜਰੇ ਅਨੁਭਵ ਨੇ ਮੇਰੇ ਸਾਹਮਣੇ ਚਿੰਤਨ ਦੇ ਨਵੇਂ ਦੁਆਰ ਖੋਲ੍ਹ ਦਿੱਤੇ ਜਿਨਾਂ ਦਾ ਪ੍ਰਭਾਵ ਮੇਰੀਆਂ ਉਸ ਦੌਰ ਦੀਆਂ ਕਿਤਾਬਾਂ 'ਕਿੱਕਰ ਕੰਢੇ' ਸੂਰਤ, ਸੀਰਤ ਤੇ ਸਰਾਬ ਅਤੇ 'ਸੇਜ, ਸੂਲੀ ਤੇ ਸਲੀਬ' ਵਿੱਚ ਦੇਖਿਆ ਜਾ ਸਕਦਾ ਹੈ। ਇਹ ਕਵਿਤਾਵਾਂ ਗਰੋਬਲ ਚੇਤਨਾ ਦੁਆਲੇ ਘੁੰਮਦੀਆਂ ਹਨ। ਮੇਰੀ ਕਾਵਿਕ ਸਿਰਜਨਾਕਾਰੀ ਵਿੱਚ ਜਿੱਥੇ ਮੇਰੀ ਆਧੁਨਿਕ ਗ਼ਜ਼ਲ ਦਾ ਪ੍ਰਵੇਸ਼ ਹੈ, ਉੱਥੇ ਹੀ ਮੇਰੀ ਆਧੁਨਿਕ ਕਵਿਤਾ ਹਾਜ਼ਰ ਹੈ। 'ਅਰੂਪੇ ਅੱਖਰਾਂ ਦਾ ਅਕਸ' ਦੀ ਪ੍ਰਕਾਸ਼ਨਾ ਤੱਕ ਪੁੱਜਦਿਆਂ ਮੇਰੀ ਕਾਵਿ ਰਚਨਾਕਾਰੀ ਵਿੱਚ ਦੇਸ਼ ਕਾਲ ਅਤੇ ਵਾਤਾਵਰਣ ਤੋਂ ਵਿਕਾਸ ਕਰਦਿਆਂ ਨਿਜ ਦੇ ਰਾਹੀਂ ਨਿਜ ਦੇ ਸੂਖ਼ਮ ਵੇਰਵੇ ਸਾਕਾਰ ਹੋ ਨਿਬੜੇ ਜੋ ਸਰਬ ਦੇ, ਜੀਵਨ ਦੇ ਪ੍ਰਵੇਸ਼ਾਂ ਅਤੇ ਦਿਸ਼ਾਵਾਂ ਸਾਂਝ ਪਾ ਕੇ ਕਿਸੇ ਆਦਰਸ਼, ਕਿਸੇ ਅਖੌਤੀ ਯਥਾਰਥ ਦੇ ਹੱਦਾਂ ਬੰਨੇ ਟੱਪ ਕੇ ਸਦੀਵੀ ਸੱਚ ਨਾਲ ਜੁੜ ਜਾਂਦੇ ਹਨ। ਮੇਰਾ 2023 ਵਿੱਚ ਜੋ ਨਿਰੋਲ ਕਾਵਿ-ਸੰਗ੍ਰਹਿ ਸਾਹਮਣੇ ਆਇਆ ਹੈ, ਉਸ ਰਾਹੀਂ ਮੈਂ ਹਨੇਰੇ ਚਿਹਰਿਆਂ ਨੂੰ ਚਿਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਵਿੱਚ ਨੰਗਾ ਨਾਚ ਨੱਚ ਰਹੇ ਈਰਖਾ, ਦਵੇਸ਼, ਸਵਾਰਥ, ਸ਼ੋਸ਼ਣ, ਰਾਜਨੀਤਿਕ ਚੱਕਰਵਿਊ, ਦਖਲ ਅੰਦਾਜ਼ੀਆਂ, ਸੱਚ ਨਾਲੋਂ ਤੋੜੇ ਜਾਣ ਦੀਆਂ ਸਾਜਿਸ਼ਾਂ, ਨਾਰੀ ਦਮਨ, ਮਨੁੱਖੀ ਨਾ-ਬਰਾਬਰੀ, ਰੰਗ-ਭੇਦ ਜਿਹੇ ਤੀਬਰ ਅਹਿਸਾਸਾਂ ਦੀ ਸਾਰਥਕਤਾ ਦੀ ਅਭੀਵਿਅਕਤੀ ਨੂੰ ਸਿਰਜਣਕਾਰੀ ਵਿੱਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਸਵਾਲ-19** : ਤੁਹਾਡੀਆਂ ਕੁਝ ਗ਼ਜ਼ਲਾਂ ਗਾਈਆਂ ਵੀ ਗਈਆਂ ਨੇ। ਸਰੋਤਿਆਂ ਵੱਲੋਂ ਇਹਨਾਂ ਨੂੰ ਕਿਹੋ ਜਿਹਾ ਹੁੰਗਾਰਾ ਮਿਲਿਆ...

**ਜਵਾਬ** : ਮੇਰੀਆਂ ਅੱਠ ਗਜ਼ਲਾਂ ਦੀ ਸੀ.ਡੀ. 'ਤਿਸ਼ਨਗੀ ਸੀਰਤ' ਵਰ੍ਹਾ 2018 ਵਿੱਚ ਬਣੀ ਹੈ ।ਇਹ ਯੂ. ਟੀਊਬ ਵਿੱਚ ਇਸੇ ਨਾਂਅ ਅਧੀਨ 700 ਵਿਊ ਅਧੀਨ ਹਿਤ ਸੁਣੀ ਗਈ। ਇਸ ਦੀ ਵੀ ਸੁਣਵਾਈ ਹੋਈ ਹੈ ਕਿ ਤਕਰੀਬਨ 1000 ਵਾਰੀ ਇਸ ਦੀਆਂ ਵੰਡੀਆਂ ਗਈਆਂ ਕਾਪੀਆਂ ਨੂੰ ਵੀ ਮਾਣ ਬਖਸ਼ਿਆ ਗਿਆ ਹੈ। ਦਰਅਸਲ ਇਹ ਗ਼ਜ਼ਲ ਸੀ.ਡੀ. ਵੀ ਮੇਰੀ ਇਕ ਵੱਡੀ ਪ੍ਰਾਪਤੀ ਹੈ। ਇਸਦੀ ਇਕ ਵਜ੍ਹਾ ਇਹ ਵੀ ਹੈ ਕਿ ਮੇਰੀ ਨਜ਼ਰ ਵਿਚ ਇਸ ਸਮੇਂ ਤੀਕ ਦੀ ਗ਼ਜ਼ਲ ਗਾਇਕੀ ਨੂੰ ਉਰਦੂ ਵਾਂਗ ਨਹੀਂ ਗਾਇਆ ਗਿਆ। ਮੇਰੀ ਇਹ ਮੁਰਾਦ ਸੀ ਕਿ ਪੰਜਾਬੀ ਗ਼ਜ਼ਲ ਨੂੰ ਵੀ ਉਸੇ ਤਰ੍ਹਾਂ ਗਾਇਆ ਜਾਏ ਜਿਵੇਂ ਜਨਾਬ ਮਹਿੰਦੀ ਹਸਨ ਜਾਂ ਗੁਲਾਮ ਅਲੀ ਸਾਹਿਬ ਨੇ ਉਰਦੂ ਗ਼ਜ਼ਲਾਂ ਨੂੰ ਗਾਇਆ ਹੈ। ਸੋ ਜੰਮੂ ਵਿਖੇ ਇਕ ਹਿੰਦੀ ਕਾਨਫਰੰਸ ਵਿੱਚ ਮੈਂ ਜਨਾਬ ਸ਼ਾਮ ਸਾਜਨ ਨੂੰ ਸੁਣਿਆ ਅਤੇ ਮਿਲਿਆ। ਉਹ ਮੇਰੀਆਂ ਪੰਜਾਬੀ ਗ਼ਜ਼ਲਾਂ ਨੂੰ ਗਾਉਣ ਅਤੇ ਇੱਕ ਸੀਡੀ ਬਣਾਉਣ ਲਈ ਮੰਨ ਗਏ ਜਿਸ ਵਿੱਚ ਚਾਰ ਗ]ਜ਼ਲਾਂ ਉਹਨਾਂ ਆਪ ਗਾਈਆਂ ਹਨ ਅਤੇ ਦੋ ਦੋ ਆਪਣੀਆਂ ਸਿਸ਼ ਗਾਇਕਾਂਵਾਂ ਬੀਬੀ ਗੁਰਸ਼ਰਨ ਕੌਰ ਅਤੇ ਸਰਗਮ ਪੰਥ ਵੱਲੋਂ ਗਵਾਈਆਂ ਹਨ। ਇਹ ਸਾਰੀਆਂ ਗ਼ਜ਼ਲਾਂ ਰਾਗਾਂ ਵਿੱਚ ਗਾਈਆਂ ਗਈਆਂ ਹਨ। ਇਹ ਦੀ ਜਿੱਥੇ ਬਿਹਤਰੀਨ ਨਿਜਾਮਤ ਕੀਤੀ ਗਈ ਹੈ ਉੱਥੇ ਉਸ ਦਾ ਮਿਊਜਿਕ ਪੱਖ ਜਿਕਰ ਯੋਗ ਹੈ। ਕੁਝ ਹੋਰ ਗ਼ਜ਼ਲਾਂ ਜੰਮੂ ਦੇ ਚੰਗੇ ਸਿੰਗਰ ਰਬਜੋਧ ਸਿੰਘ, ਕੈਲੀਫੋਰਨੀਆ ਵਿੱਚ ਸੁਖਦੇਵ ਸਾਹਿਲ, ਬੀਬੀ ਰਣਜੀਤ ਕੌਰ ਅਤੇ ਕੁਝ ਆਪ ਵੀ ਤ੍ਰਨੁੱਮ ਵਿੱਚ ਗਾਈਆਂ ਹਨ। ਜਿੱਥੋਂ ਤੀਕ ਸਰੋਤਿਆਂ ਦੀ ਗੱਲ ਹੈ ਇਸ ਨੂੰ ਬਹੁਤ ਸਲਾਹਿਆ ਗਿਆ ਹੈ। ਸਰੋਤਿਆਂ ਦੀ ਬਹੁਤ ਕਰਕੇ ਇਹ ਰਾਏ ਹੈ ਕਿ ਇਸ ਸੀ.ਡੀ. ਨੂੰ ਸੁਣ ਕੇ ਸਕੂਨ ਮਿਲਦਾ ਹੈ। ਸ਼ਾਮ ਸਾਜਨ ਦੀ ਜਾਦੂਭਰੀ ਆਵਾਜ਼ ਜਿਵੇਂ ਕਿ ਜਨਾਬ ਮਹਿੰਦੀ ਹਸਨ ਸਾਹਿਬ ਕਲਾਮ ਫ਼ਰਮਾ ਰਹੇ ਹੋਣ।

**ਸਵਾਲ-20** : ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਅੱਜ ਦੇ ਮੁੱਖ ਧਾਰਾ ਦੇ ਸਾਹਿਤ ਵਿੱਚ ਕੀ ਅੱਜ ਦੀ ਸਥਿਤੀ ਹੈ ਅਤੇ ਇਸ ਸਥਿਤੀ ਤੱਕ ਪੁੱਜਣ ਵਿੱਚ ਤੁਹਾਡੀ ਕੀ ਭੂਮਿਕਾ ਰਹੀ...

**ਜਵਾਬ** : ਡਾ. ਮੋਨੋਜੀਤ ਜੀ, ਪੰਜਾਬੀ ਸਾਹਿਤ ਦੀ ਮੁੱਖ ਧਾਰਾ ਵਿੱਚ ਜੰਮੂ-ਕਸ਼ਮੀਰ ਦੀ ਸਥਿਤੀ ਵਰਣਨਯੋਗ ਹੈ। ਇਸ ਦਾ ਕਾਰਨ ਇੱਥੋਂ ਦੇ ਬਾਕਮਾਲ ਸਾਹਿਤਕਾਰਾਂ ਦੀ ਸਾਹਿਤਿਕ ਦੇਣ ਵਜੋਂ ਸਥਾਪਿਤ ਹੋਈ ਹੈ। ਇਹ ਸਾਹਿਤਕਾਰ ਸਨ ਜਨਾਬ ਸਰਨ ਸਿੰਘ, ਪ੍ਰੋ. ਪ੍ਰੇਮ ਸਿੰਘ, ਪ੍ਰੋ. ਗੁਰਚਰਨ ਸਿੰਘ ਗੁਲਸ਼ਨ, ਹਰਭਜਨ ਸਿੰਘ ਸਾਗਰ, ਕੰਵਲ ਕਸ਼ਮੀਰੀ, ਪ੍ਰੋ. ਸੂਦਨ ਜਿਨ੍ਹਾਂ ਨੇ ਵਾਰਤਕ ਵਿੱਚ ਧਾਕ ਜਮਾ ਜਮਾਈ ਹੈ। ਕਵਿਤਾ ਵਿੱਚ ਮਾਨ ਭਾਰਗਵ, ਸੁਰਜੀਤ ਸਖੀ, ਕੀਰਤ ਸਿੰਘ ਇਨਕਲਾਬੀ, ਜੋਗਿੰਦਰ ਸਿੰਘ ਪਾਂਧੀ, ਡਾ. ਮੋਨੋਜੀਤ, ਦਵਿੰਦਰ ਵਿਸ਼ਵਨਾਗਰਿਕ ਅਜਿਹੇ ਸ਼ਾਇਰਾਂ ਨੂੰ ਮਾਨਤਾ ਮਿਲਦੀ ਰਹੀ ਹੈ। ਅਜੋਕੇ ਦੌਰ ਵਿੱਚ ਖਾਲਿਦ ਹੁਸੈਨ, ਸੁਰਿੰਦਰ ਨੀਰ, ਬਲਜੀਤ ਰੈਣਾ ਅਤੇ ਸਵਾਮੀ ਅੰਤਰ ਨੀਰਵ ਚਰਚਾ ਵਿੱਚ ਹਨ। ਕੁਝ ਅਣਗੌਲੇ ਹਸਤਾਖਰ ਜਿਵੇਂ ਜਨਾਬ ਕੂਕਾ, ਪਿਆਸਾ ਅੰਜਮ, ਰਤਨ ਸਿੰਘ ਕੰਵਲ, ਅਜੀਤ ਸਿੰਘ ਮਸਤਾਨਾ, ਬਲਵਿੰਦਰ ਦੀਪ, ਭੁਪਿੰਦਰ ਰੈਣਾ, ਰਾਜਨ, ਉੱਪਲ, ਜੰਗਸ ਵਰਮਨ, ਮਨਜੀਤ ਸਿੰਘ ਕਾਮਰਾ ਆਦਿ ਕਿਸੇ ਹੀਲੇ ਹੁਜਤ ਜਾਂ ਜਰੀਏ ਰਾਹੀਂ ਆਪਣੀ ਬੋਲੀ ਲਾਉਣ ਵਿੱਚ ਅਸਮਰਥ ਰਹੇ ਹਨ ਪਰ ਇਹਨਾਂ ਵਿੱਚ ਸਾਹਿਤਕ ਜਗਿਆਸਾ ਕਿਸੇ ਪੱਖੋਂ ਮੁੱਖ ਧਾਰਾ ਦੇ ਲੇਖਕਾਂ ਨਾਲੋਂ ਘੱਟ ਨਹੀਂ। ਦੇਖਣ ਵਿੱਚ ਆ ਰਿਹਾ ਹੈ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਹੁਣ ਜਿੱਥੇ ਪ੍ਰਵਾਸੀ ਸਾਹਿਤ ਉੱਪਰ ਕੰਮ ਕਰਨ ਦਾ ਸਿਧਾਂਤ ਸਾਬਤ ਹੋ ਰਿਹਾ ਹੈ, ਇੱਥੋਂ ਦੇ ਸਮੁੱਚੇ ਸਾਹਿਤ ਨੂੰ ਵੀ ਪਰਖਣ ਪਰਚੋਲਣ ਅਤੇ ਉਸ ਪ੍ਰਤੀ ਖੋਜ ਕਰਵਾਈ ਜਾਣ ਲੱਗ ਪਈ ਹੈ। ਮੇਰਾ ਮਸਲਾ ਜ਼ਰਾ ਹਟ ਕੇ ਹੈ। ਮੈਂ ਆਪਣੇ ਪਲੇਠੇ ਨਾਵਲ 'ਭਰਮ ਭੁੱਲਈਆਂ' ਨਾਲ 1986 ਵਿੱਚ ਇੱਕ ਨਾਵਲਕਾਰ ਵਜੋਂ ਮੁਖ ਧਾਰਾ ਵਿੱਚ ਥਾਂ ਬਣਾ ਲਈ ਸੀ। ਫਿਰ ਮੇਰਾ ਪਲੇਠਾ ਗ਼ਜ਼ਲ ਸੰਗ੍ਰਹਿ 'ਕਿਰਚਾਂ' 1990 ਵਿੱਚ ਰਿਲੀਜ਼ ਹੋਇਆ ਜਿਸ ਨੇ ਮੈਨੂੰ ਸਮੁੱਚੀ ਪੰਜਾਬੀ ਗ਼ਜ਼ਲ ਵਿੱਚ ਇੱਕ ਦਿਲਕਸ਼ ਵਿਲੱਖਣ ਪਹਿਚਾਣ ਦਿੱਤੀ। ਕੈਲੀਫੋਰਨੀਆ ਵਿੱਚ ਨਿਵਾਸ ਕਰਨ ਬਾਅਦ ਮੇਰੇ ਯੋਗਦਾਨ ਰਾਹੀਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਬਣੀ ਅਤੇ ਮੇਰਾ ਗਲੋਬਲ ਪੰਜਾਬੀ ਸਾਹਿਤ ਵਿੱਚ ਯੋਗਦਾਨ ਆਰੰਭ ਹੋਇਆ। ਇਸ ਦੌਰ ਵਿੱਚ 'ਕਿੱਕਰ ਕੰਡੇ', 'ਸੂਰਤ ਸੀਰਤ ਤੇ ਸਰਾਬ', 'ਸੇਜ, ਸੂਲੀ ਤੇ ਸਲੀਬ', 'ਅਰੂਪੇ ਅੱਖਰਾਂ ਦਾ ਅਕਸ', ਸੰਪਾਦਿਤ ਨਾਵਲ 'ਭਰਮ ਭੁੱਲਈਆਂ', 'ਪੂਰਬ, ਪੱਛਮ ਤੇ

ਪ੍ਰਵਾਸ' ਅਤੇ 'ਜੰਗ ਜਾਰੀ ਹੈ' ਜਿਹੀਆਂ ਕਿਰਤਾਂ ਮੇਰੀ ਉਪਲਬਧੀਆਂ ਰਹੀਆਂ। ਕੁਰੂਖੇਤਰ ਯੂਨੀਵਰਸਿਟੀ ਵਿੱਚ ਮੇਰਾ ਗ਼ਜ਼ਲ ਸੰਗ੍ਰਹਿ 'ਅਰੂਪੇ ਅੱਖਰਾਂ ਦਾ ਅਕਸ' ਐਮ.ਏ. ਕੋਰਸ ਦਾ ਭਾਗ ਬਣਿਆ। ਪਟਿਆਲਾ ਯੂਨੀਵਰਸਿਟੀ ਵਿੱਚ ਮੇਰੀ ਗ਼ਜ਼ਲ ਸ਼ਾਇਰੀ ਉੱਪਰ ਐਮ.ਫਿਲ ਕਰਵਾਈ ਜਾ ਰਹੀ ਹੈ। ਇੰਜ ਹੀ ਹੋਰ ਯੂਨੀਵਰਸਿਟੀਆਂ ਦੇ ਖੋਜਾਰਸੀ ਵੀ ਕਰਮਬੱਧ ਹਨ।

ਮੇਰੇ ਪ੍ਰਤੀ ਇੱਕ ਹੋਰ ਸਮੱਸਿਆ ਨੇ ਸਿਰ ਕੱਢਿਆ ਹੈ। ਪਰਵਾਸੀ ਮੈਨੂੰ ਜੰਮੂ-ਕਸ਼ਮੀਰ ਨਾਲ ਜੋੜਦਾ ਹੈ ਅਤੇ ਜੰਮੂ-ਕਸ਼ਮੀਰ ਤੇ ਸਮੁੱਚੇ ਪੰਜਾਬ ਵਾਲੇ ਮੈਨੂੰ ਪਰਵਾਸੀ ਗਰਦਾਨਦੇ ਨੇ!!!

**ਸਵਾਲ-21** : ਤੁਸੀਂ ਕੀ ਸੋਚਦੇ ਹੋ ਕਿ ਤੁਹਾਨੂੰ ਕੀ ਸਮਝਿਆ ਜਾਣਾ ਚਾਹੀਦਾ ਹੈ, ਜੰਮੂ-ਕਸ਼ਮੀਰ ਦਾ ਪੰਜਾਬੀ ਸਾਹਿਤਕਾਰ ਜਾਂ ਇੱਕ ਪ੍ਰਵਾਸੀ ਪੰਜਾਬੀ ਲੇਖਕ ਅਤੇ ਕਿਉਂ ? ਤੁਹਾਨੂੰ ਆਪ ਕੀ ਚੰਗਾ ਲੱਗਦਾ ਹੈ...

**ਜਵਾਬ** : ਤੁਹਾਡਾ ਇਹ ਸਵਾਲ ਸਾਰਥਕ ਹੈ। ਦਰਅਸਲ ਇਹ ਦੁਨੀਆਂ ਵਚਿੱਤਰ ਹੈ। ਇਸ ਦੀ ਥਾਹ ਪਾਉਣੀ ਮੁਸ਼ਕਿਲ ਹੈ। ਅੱਜ ਜੋ A ਹੈ ਕੱਲ ਨੂੰ B ਕਿਉਂ ਅਖਵਾਉਣ ਲੱਗਦਾ ਹੈ? ਖੈਰ ਮੈਂ ਤੁਹਾਡੇ ਪ੍ਰਸ਼ਨ ਤੇ ਪੁੱਜਦਾ ਹਾਂ। ਮੈਂ ਆਪਣੇ ਆਪ ਨੂੰ ਪੰਜਾਬੀ ਦੇ ਲੇਖਕ ਵਜੋਂ ਜਾਣਿਆ ਜਾਂਦਾ ਲੇਖਕ ਹੀ ਕਹਿਲਾਉਣਾ ਚਾਹੁੰਦਾ ਹਾਂ। ਕੀ ਇੱਕ ਲੇਖਕ ਜੋ ਭਾਰਤ ਵਿੱਚ ਇਕ ਲੇਖਕ ਰਿਹਾ ਹੈ, ਉਹ ਬਾਹਰ ਜਾਣ ਜਾਂ ਆਵਾਸ ਧਾਰਨ ਕਰਨ ਉਪਰੰਤ ਇਕ ਪ੍ਰਵਾਸੀ ਕਿਵੇਂ ਅਖਵਾਇਆ ਜਾਂਦਾ ਹੈ? ਮੈਂ ਚਾਰ ਪੁਸਤਕਾਂ ਭਾਰਤ (ਜੰਮੂ) ਰਹਿੰਦਿਆਂ ਲਿਖੀਆਂ ਹਨ। ਇਕ ਲੰਮਾ ਸਮਾਂ 1965 ਤੋਂ 1982 ਇੱਥੋਂ ਦੀ ਸਾਹਿਤਿਕ ਦੁਨੀਆਂ ਵਿੱਚ ਵਿਚਰਿਆ ਹਾਂ ਫਿਰ ਪ੍ਰਵਾਸੀ ਕਿੰਝ ਹੋ ਗਿਆ? ਮੈਨੂੰ ਇੱਕ ਪੰਜਾਬੀ ਦਾ ਲੇਖਕ ਹੋਣਾ ਹੀ ਭਾਵੰਦਾ ਹੈ। ਕਿਸੇ ਲੇਖਕ ਦਾ ਕਿਸੇ ਜ਼ਬਾਨ ਵਿੱਚ ਲਿਖਣਾ ਹੀ ਉਸ ਦੀ ਸ਼ਨਾਖਤ ਦਰਸਾਉਂਦਾ ਹੈ ਨਾ ਕਿ ਉਹ ਕਿੱਥੇ ਰਹਿ ਰਿਹਾ ਹੈ।

**ਸਵਾਲ-22** : ਤੁਸੀਂ ਇਸ ਗੱਲਬਾਤ ਦੌਰਾਨ ਆਪਣੇ ਕੁਝ ਪਾਠਕਾਂ 'ਤੇ ਇੱਕ ਦੋ ਵਾਰ ਗਿਲਾ ਕੀਤਾ ਹੈ ਕਿ ਉਹ ਤੁਹਾਡੀਆਂ ਕੁਝ ਰਚਨਾਵਾਂ ਨੂੰ ਸਮਝਣ ਤੋਂ ਅਸਮਰਥ ਰਹੇ ਨੇ। ਕੀ ਤੁਸੀਂ ਆਪਣੇ ਸਾਹਿਤ ਪ੍ਰਤੀ ਪੰਜਾਬੀ ਦੇ

ਆਲੋਚਕਾਂ ਦੀ ਪਹੁੰਚ ਤੋਂ ਸੰਤੁਸ਼ਟ ਹੋ? ਕੀ ਉਹਨਾਂ ਨੇ ਤੁਹਾਡੇ ਸਾਹਿਤ ਨਾਲ ਇਨਸਾਫ਼ ਕੀਤਾ ਹੈ?

**ਜਵਾਬ** : ਡਾ. ਮੋਨੋਜੀਤ ਜੀ ਮੇਰੀ ਲਿਖਤ ਹੀ ਨਹੀਂ ਸਗੋਂ ਮੇਰੀ ਰਚਨਾਕਾਰੀ ਹੀ ਮੁਸ਼ਕਿਲ ਪਸੰਦ ਹੈ। ਮੈਂ ਬਹੁਤ ਘੱਟ ਸਿੱਧੀ ਸਪਾਟ ਸ਼ਾਇਰੀ ਕੀਤੀ ਹੈ। ਇਸਦੇ ਸਿੱਟੇ ਵਜੋਂ ਮੈਂ ਅਜੇ ਤੀਕ ਕਿਸੇ ਆਲੋਚਕ ਤੋਂ ਪ੍ਰਭਾਵਿਤ ਨਹੀਂ ਹੋਇਆ। ਕਿਸੇ ਨੇ ਵੀ ਮੇਰੀ ਉਸ ਗਹਿਰਾਈ ਨੂੰ ਨਹੀਂ ਨਾਪਿਆ। ਮੇਰਾ ਇੱਕ ਸ਼ਿਅਰ ਹੈ :-

"ਮੈਂ ਸੋਚ ਸਾਗਰ ਵਿੱਚ ਗਰਕ ਹੋ ਕੇ,
ਖਿਆਲ ਪਰਖੇ, ਸ਼ਬਦ ਪਛਾਣੇ।
ਉਪਰਲੀ ਤਹਿ 'ਤੇ ਖਲੋਣ ਵਾਲੇ ,
ਕਹਿਣ ਕਿਵੇਂ ਇਹ ਅਦੀਬ ਹੋਇਆ।

ਪੰਜਾਬੀ ਦੇ ਅੱਜ ਤੱਕ ਦੇ ਆਲੋਚਕ ਮੇਰੀ ਪੁਸਤਕ 'ਸੂਰਤ, ਸੀਰਤ ਅਤੇ ਸਰਾਬ' ਦੇ ਸਰਾਬ ਨੂੰ ਸ਼ਰਾਬ ਕਰਕੇ ਹੀ ਠੀਕ ਸਮਝਦੇ ਹਨ। ਮੈਂ ਆਪਣੀਆਂ ਗ਼ਜ਼ਲਾਂ ਨੂੰ ਘਰਾਂ ਵਿੱਚ ਵੰਡ ਕੇ ਛਾਪਿਆ ਹੈ ਅਤੇ ਮੈਂ ਇਸ ਸਿਨਫ਼ ਦਾ ਵਾਹਿਦ ਗ਼ਜ਼ਲਕਾਰ ਹਾਂ ਜੋ ਇੰਜ ਲਿਖਦਾ ਹੈ। ਪਰ ਅੱਜ ਤੱਕ ਕਿਸੇ ਨੇ ਇਸ ਬਾਰੇ ਕੋਈ ਸਵਾਲ ਜਾਂ ਕੋਈ ਗੱਲ ਨਹੀਂ ਕੀਤੀ। ਅੱਜ ਪੰਜਾਬੀ ਗ਼ਜ਼ਲ ਨੇ ਆਪਣਾ ਇੱਕ ਜ਼ੋਰਦਾਰ ਰੂਪ ਅਪਨਾ ਲਿਆ ਹੈ ਜੋ ਉਰਦੂ ਗ਼ਜ਼ਲ ਨਾਲੋਂ ਕਿਧਰੇ ਅਲੱਗ ਹੈ। ਪੰਜਾਬੀ ਗ਼ਜ਼ਲ ਰੋਮਾਂਟਿਕ ਗਜ਼ਲ ਤੋਂ ਕੋਹਾਂ ਦੂਰ ਹੈ ਅਤੇ ਖਾਸ ਕਰਕੇ ਇਸ ਦੀ ਤੁਲਨਾ ਪਾਕਿਸਤਾਨ ਦੀ ਘਿਸੀ-ਪਿਟੀ ਗ਼ਜ਼ਲ ਨਾਲ ਕਰਨੀ ਇੱਕ ਹਿਮਾਕਤ ਹੈ। ਇਹੋ ਹਾਲ ਆਧੁਨਿਕ ਕਵਿਤਾ ਨਾਲ ਵੀ ਵਾਪਰਿਆ ਹੈ, ਕਹਾਣੀ ਨਾਲ ਵੀ! ਮੈਂ ਜੋ ਲਿਖਦਾ ਹਾਂ ਆਲੋਚਕ ਉਸ ਦੇ ਕਰੀਬ ਵੀ ਨਹੀਂ ਹੁੰਦਾ। ਮੇਰੀ ਸੱਜਰੀ ਪੁਸਤਕ 'ਜੰਗ ਜਾਰੀ ਹੈ' ਵਿੱਚ ਬਹੁਤ ਕੁਝ ਐਸਾ ਹੈ ਜਿਸ ਤੀਕ ਅੱਜ ਤੱਕ ਕੋਈ ਨਹੀਂ ਪੁਜਿਆ। "ਮੈਨੂੰ ਵੀ ਸਾਹ ਲੈਣ ਦਿਓ" ਇੱਕ ਮਲਟੀ ਡਾਈਮੈਨਸ਼ਲ ਕਵਿਤਾ ਹੈ। "ਪਹਿਰੇਦਾਰ" "ਸੱਚ ਕੀ ਸੁਪਨਾ" "ਮਾਂ" "ਅਰਦਾਸ" ਜਾਂ ਮੇਰੀ ਕਵਿਤਾ ਨਾਲ ਕੋਈ ਆਲੋਚਕ ਇਨਸਾਫ਼ ਨਹੀਂ ਕਰ ਸਕਦਾ।

ਮੇਰੀ ਕਵਿਤਾ 'ਜੰਗ ਜਾਰੀ ਹੈ' ਵਿੱਚ ਜਿੱਥੇ ਕਈ ਪ੍ਰਕਾਰ ਦੀ ਜੰਗ ਲੜੀ ਜਾ ਰਹੀ ਹੈ ਉੱਥੇ ਉਸ ਦੀ ਰਚਨਾਕਾਰੀ ਇਕ ਚੈਲੰਜ ਵਜੋਂ ਆਪਣਾ ਪੱਖ ਪੂਰਦੀ ਹੈ। ਦਰਅਸਲ ਮੇਰੀ ਸ਼ਾਇਰੀ ਵਿੱਚ ਜੋ ਕਰਾਫਟ ਹੈ, ਉਸ ਤੀਕ ਕਿਸੇ ਆਲੋਚਕ ਦੀ ਸੂਝ ਹੀ ਨਹੀਂ ਅਪੜਦੀ। ਮੇਰੇ ਕੁਝ ਆਸ਼ਾਰ ਹਨ ਜਿਨ੍ਹਾਂ ਨੂੰ ਸਮਝਣਾ ਮੇਰੀ ਸ਼ਾਇਰੀ ਨਾਲ ਇਨਸਾਫ਼ ਕਰਨਾ ਹੈ। ਇਕ ਦੋ ਸ਼ੇਅਰ ਦੇਖੋ :-

"ਕੋਈ ਪੁੱਜੇਗਾ ਮੇਰੇ ਤੀਕ, ਮੇਰੀ ਰੋਸ਼ਨੀ ਫੜ ਕੇ
ਮੇਰੀ ਭਟਕਣ ਦਾ ਸੀਰਤ ਤਾਰ ਕੇ ਉਹ ਮੁਲ ਜਾਏਗਾ

ਜਾਂ

ਲਿਖਾਂ ਤਸੱਵਰ ਦਾ ਚਾਕ ਦਾਮਨ

ਜਾਂ

ਰੱਤ ਜਗੇ ਦੀ ਲਿਖਾਂ ਇਬਾਰਤ
ਅਸੀਰ ਰਮਜਾਂ ਜਾਂ ਮੀਰ ਸੀਰਤ
ਲਿਖਾਂ ਕੁਝ ਐਸਾ ਕਲਾਮ ਆਏ।"

ਮੇਰੇ ਕੁਝ ਅਜਿਹੇ ਆਸ਼ਾਰ ਹਨ ਜਿਨ੍ਹਾਂ ਉੱਪਰ ਗੱਲ ਕਰਨੀ ਬਣਦੀ ਹੈ । ਇਹ ਸਭ ਕਿੱਦਾਂ ਹੋਵੇਗਾ ਅਤੇ ਕਦੋਂ, ਇਸ ਦੀ ਮੈਨੂੰ ਉਡੀਕ ਰਹੇਗੀ

**ਸਵਾਲ-23** : ਜੇ ਤੁਹਾਨੂੰ ਸੁਰਿੰਦਰ ਸੀਰਤ ਨੂੰ ਪਰਿਭਾਸ਼ਿਤ ਕਰਨ ਲਈ ਕਿਹਾ ਜਾਏ ਤਾਂ ਕਿਵੇਂ ਕਰੋਗੇ? ਕੀ ਇਸ ਸੰਦਰਭ ਵਿੱਚ ਆਪਣੇ ਕਿਸੇ ਸ਼ੇਅਰ ਦਾ ਹਵਾਲਾ ਦੇਣਾ ਚਾਹੋਗੇ?

**ਜਵਾਬ** : ਜੇ ਮੈਂ ਆਪਣੇ ਆਪ ਯਾਨੀ ਸੁਰਿੰਦਰ ਸੀਰਤ ਨੂੰ ਕੇਵਲ ਸਾਹਿਤਕ ਪਰੀਪੇਖ ਵਿੱਚ ਪਰਿਭਾਸ਼ਿਤ ਕਰਨਾ ਹੋਵੇ ਤਾਂ ਇਹ ਕਹਿ ਸਕਦਾ ਹਾਂ ਕਿ ਸੀਰਤ ਪੰਜਾਬੀ ਸਾਹਿਤ ਦੀ ਰਚਨਾਕਾਰੀ ਵਿਚ ਰੰਗਿਆ ਇਕ ਪ੍ਰਤੀਬੱਧ, ਪਰਪੱਕ ਅਤੇ ਸਮਰਪਿਤ ਹਸਤਾਖਰ ਹੈ ਜਿਸ ਲਈ ਸ਼ਬਦ ਰਚਨਾ ਇਕ ਆਤਮਿਕ ਕਰਮਕਾਂਡ ਹੈ।

ਕੁਝ ਆਸ਼ਾਰ ਜੋ ਮੈ ਆਪਣੇ ਸੰਦਰਭ ਵਿਚ ਕਹੇ ਹਨ:

"ਮੈਂ ਤੋਂ ਮੇਰੇ ਤੀਕ ਹੈ ਭਰਮਾ ਦੀ ਭਟਕਣ ਦਾ ਸਫ਼ਰ

ਨਾਲ ਪਰਛਾਵਾਂ ਤੁਰੇ 'ਸੀਰਤ' ਐਪਰ ਬੋਲੇ ਨਹੀਂ"

"ਸਮਰਪਿਤ ਕਰ ਗਿਆ ਹੈ ਜੋ ਹਯਾਤੀ ਰੋਸ਼ਨੀ ਖਾਤਿਰ
ਉਹੀ ਦਿਨਕਰ, ਉਹੀ ਜੁਗਨੂੰ, ਉਹੀ ਇਕ ਮੀਲ ਪੱਥਰ ਹੈ।"
"ਮਿਰੇ ਤਾਂ ਸ਼ਬਦ ਹੀ ਮੇਰੇ ਸੁਪਨ ਦੀ ਸਾਰ ਬਣਨ
ਰਹਾਂ ਮੈਂ ਸੁਰਖੀਆਂ ਅੰਦਰ ਅਜੇਹੀ ਹੋੜ ਨਹੀਂ।"

"ਇਹ ਹਕੀਕਤ ਏ ਨਿਰਾ ਸ਼ੌਕ ਨਹੀ ਹੈ ਮੇਰਾ
ਆਈਨਾ ਤੋੜ ਕੇ 'ਸੀਰਤ' ਨੂੰ ਸ਼ਫਾ ਮਿਲਦੀ ਹੈ।"

"ਕਿਵੇਂ ਕਰੇਂਗਾ ਤੂੰ 'ਸੀਰਤ' 'ਚ ਤਿਸ਼ਨਗੀ ਦਾ ਇਲਾਜ
ਸਰਾਬ ਤਣ ਗਿਆ ਤੇਰੇ 'ਤੇ ਜ਼ਿੰਦਗੀ ਦੀ ਤਰ੍ਹਾਂ।"

**ਸਵਾਲ-24** : ਕੇਵਲ ਸਾਹਿਤਕ ਪੱਖ ਤੋਂ ਹੀ ਕਿਸੇ ਦੇ ਸਮੁੱਚੇ ਵਿਅਕਤੀਤਵ ਦੀ ਝਲਕ ਨਹੀਂ ਮਿਲ ਸਕਦੀ। ਤੁਸੀਂ ਆਪ 'ਸੀਰਤ' ਨੂੰ ਕਿੰਨੀ ਗੰਭੀਰਤਾ ਨਾਲ ਲੈਂਦੇ ਹੋ?

**ਜਵਾਬ** : ਡਾ: ਮੋਨੋਜੀਤ ਜੀ, ਆਪਣੇ ਆਪ ਨੂੰ ਪਛਾਣ ਦੇਣੀ ਸਭ ਤੋਂ ਮੁਸ਼ਕਿਲ ਹੈ। ਮੈਂ ਇਹ ਕਹਿ ਸਕਦਾ ਹਾਂ ਕਿ 'ਸੀਰਤ' ਇਕ ਪਿਆਰ ਮੁਹੱਬਤ ਕਰਨ ਵਾਲਾ ਵਿਅਕਤੀ ਹੈ ਜਿਸ ਨੂੰ ਝੂਠ ਕਹਿਣ-ਸੁਣਨ ਨਾਲ ਐਲਰਜੀ ਹੈ। ਬਹੁਤ ਹੀ ਭਾਵੁਕ, ਡੂੰਘੀ ਨਿਗਾਹ, ਲੂਜ਼ ਟੈਂਪਰ, ਤਰਾਸ਼ ਬੁੱਧੀ ਦੇ ਨਾਲ ਨਾਲ ਇਕ ਰੋਮਾਂਟਿਕ ਵਿਅਕਤੀ ਹੈ ।

ਹਾਂ, ਇੱਕ ਆਦਰਸ਼ਿਤ ਭਾਵਨਾ ਇਹ ਰਹੀ ਹੈ ਕਿ 'ਸੀਰਤ' ਨੂੰ ਉਚੇਰੇ ਮਾਨਵੀ ਮੁੱਲਾਂ ਦੀ ਤਲਾਸ਼ ਦੇ ਨਾਲ ਨਾਲ ਇਸ ਦੀ ਕਦਰ/ਕੀਮਤ ਦਾ ਤੀਬਰ ਅਹਿਸਾਸ ਰਹਿੰਦਾ ਹੈ ।

**ਸਵਾਲ-25** : ਤੁਸੀਂ ਕਿਹਾ ਹੈ ਕਿ ਤੁਹਾਡੇ ਲਈ ਸ਼ਬਦ ਰਚਨਾ ਇਕ ਆਤਮਕ ਕਰਮਕਾਂਡ ਹੈ ਪਰ ਇਕ ਵਿਚਾਰ ਇਹ ਵੀ ਹੈ ਕਿ ਲੇਖਕੀ ਪ੍ਰਕਾਰਜ ਲੇਖਕਾਂ ਲਈ ਇਕ ਬੌਧਿਕ ਐਸ਼ਪ੍ਰਸਤੀ ਤੋਂ ਵੱਧ ਕੁਝ ਨਹੀਂ। ਕੀ ਤੁਸੀਂ ਕਦੇ ਨਿਰੰਤਰ ਸ਼ਬਦ ਰਚਨਾ ਦੇ ਕਰਮਕਾਂਡ ਤੋਂ ਉਕਤਾ ਕੇ ਬੌਧਿਕ ਐਸ਼ਪ੍ਰਸਤੀ ਦੇ ਰੰਗ ਵਿਚ ਰੰਗੇ ਗਏ ਹੋ...

**ਜਵਾਬ** : ਡਾ: ਮੋਨੋਜੀਤ ਜੀ, ਤੁਹਾਡੇ ਇਸ ਪ੍ਰਸ਼ਨ ਨਾਲ ਮੈਂ ਸਹਿਮਤ ਹਾਂ ਕਿ ਇੰਝ ਵੀ ਲਿਖਿਆ ਜਾ ਰਿਹਾ ਹੈ ਜਿਸ ਵਿੱਚ ਕੇਵਲ ਬੌਧਿਕ ਸ਼ਬਦ ਪ੍ਰਦਰਸ਼ਨੀ ਹੋਰ ਰਹੀ ਹੈ ਜੋ ਆਧੁਨਿਕ ਪੰਜਾਬੀ ਕਵਿਤਾ (ਯੂਰੋਪੀਅਨ) ਵਿਚ ਅਕਸਰ ਵੇਖਣ ਨੂੰ ਮਿਲ ਜਾਂਦੀ ਹੈ ਪਰ ਇਸ ਦੀ ਸੰਭਾਵਨਾ ਪੰਜਾਬੀ ਗਜ਼ਲ ਵਿੱਚ ਬਹੁਤ ਘੱਟ ਹੈ। ਜੇ ਪੰਜਾਬੀ ਗ਼ਜ਼ਲ ਵਿੱਚ ਕਿਤੇ ਕਿਤੇ ਸ਼ਬਦ ਜਟਲਤਾ ਦਾ ਭੁਲੇਖਾ ਇਸ ਲਈ ਪੈਂਦਾ ਨਜ਼ਰ ਆ ਰਿਹਾ ਹੈ ਤਾਂ ਉਹ ਇਸ ਦੀ ਬਹੁ ਦਿਸ਼ਾਈ ਅਰਥਚਾਰਕ ਗਹਿਰਾਈ ਅਤੇ ਸੰਕਲਪ ਦੀ ਆਧੁਨਿਕਤਾ ਨੂੰ ਪ੍ਰਸਾਰਿਤ ਕਰਦੀ ਹੈ। ਅਜਿਹੀ ਸੋਚ ਵਿੱਚ ਬੌਧਿਕ ਐਸ਼ਪ੍ਰਸਤੀ ਦਾ ਆਨੰਦ ਵੀ ਕਿਤੇ ਕਿਤੇ ਮਾਣਿਆ ਜਾਂਦਾ ਹੈ ਪਰ ਇਕ ਕਮਿਟਡ ਲੇਖਕ ਲਈ ਅਜਿਹਾ ਕੁਝ ਵੇਖਣ, ਪੜ੍ਹਨ ਜਾਂ ਸੁਣਨ ਨਹੀਂ ਮਿਲਦਾ। ਮੈਂ ਆਪਣੇ ਆਪ ਨੂੰ ਅਜਿਹੇ ਨਾਪ-ਦੰਡ ਦਾ ਲੇਖਕ ਸਮਝਦਾ ਹਾਂ। ਮੈਂ ਤਦ ਤੱਕ ਨਹੀਂ ਲਿਖਦਾ ਜਦ ਤੀਕ ਕਿ ਮੇਰਾ ਸ਼ਊਰ ਲਿਖਣ ਲਈ ਬੇਤਾਬ ਨਹੀਂ ਕਰਦਾ।

ਇੱਕ ਹੋਰ ਗੱਲ ਜੋ ਇਸ ਨਾਲ ਜੁੜਦੀ ਜਾ ਰਹੀ ਹੈ ਕਿ ਸ਼ਬਦ ਹੀ ਕੇਵਲ ਰਚਨਾ ਦਾ ਆਧਾਰ ਬਣ ਰਹੇ ਹਨ। ਸਾਹਿਤ ਰਚਨਾ ਵਿਚ ਹਰ ਮਿਸਰੇ ਦਾ ਆਪਣੇ ਆਪ ਵਿਚ ਇਕ ਵਿਚਾਰ ਹੁੰਦਾ ਹੈ ਜਿਸ ਦੀ ਕਿਸੇ ਸ਼ਿਅਰ ਜਾਂ ਬੰਧ ਵਿਚ ਅਹਮ ਭੂਮਿਕਾ ਹੁੰਦੀ ਹੈ ਕੇਵਲ ਸ਼ਬਦਾਂ ਦਾ ਵਿਸਫੋਟਕ ਸ਼ੋਰ ਨਹੀਂ।

**ਸਵਾਲ** : ਸੀਰਤ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ !! ਤੁਸੀਂ ਆਪਣੇ ਰਚਨਾ ਸੰਸਾਰ ਅਤੇ ਵਿਚਾਰਾਂ ਨਾਲ ਥੋੜ੍ਹੀ ਸਾਂਝ ਪਵਾਈ ।

**ਜਵਾਬ** : ਮੈਂ ਵੀ ਤੁਹਾਡਾ ਬਹੁਤ ਰਿਣੀ ਹਾਂ। ਤੁਹਾਡੇ ਨਾਲ ਇਸ ਗਲਬਾਤ ਰਾਹੀਂ ਮੈਨੂੰ ਆਪਣੇ ਦੁਆਰਾ ਰਚਿਤ ਪੰਜਾਬੀ ਸਾਹਿਤ ਬਾਰੇ ਕਾਫੀ ਕੁਝ ਦੱਸਣ ਦਾ ਮੌਕਾ ਮਿਲਿਆ। ਤੁਹਾਡਾ ਬਹੁਤ ਬਹੁਤ ਧੰਨਵਾਦ!!

# ਗ਼ਜ਼ਲ

❑ ਸੁਰਜੀਤ ਸਖੀ

ਸੱਯਦ ਜਦ ਵੀ ਗੁਜਰੇ, ਇਸ ਗੁਲਿਸਤਾਨ ਕੋਲੋਂ ,
ਡਰ ਜਾਣ ਸਭ ਪਰਿੰਦੇ,ਖਾਲੀ ਕਮਾਨ ਕੋਲੋਂ।

ਕੋਈ ਸੀ ਜਦ ਮੁਖ਼ਾਤਿਬ, ਤਾਂ ਸੌ ਗਈ ਸੀ ਦੁਨੀਆਂ,
ਕੀ ਦਾਸਤਾਂ ਸੁਣੋਗੇ, ਹੁਣ ਬੇ-ਜ਼ਬਾਨ ਕੋਲੋਂ।
ਅਪਣੇ ਊਦਾਸ ਘਰ 'ਚੋਂ, ਮੈਂ ਢੂੰਡਿਆ ਨਾ ਤੈਨੂੰ,
ਪੁਛਿਆ ਤੇਰਾ ਪਤਾ ਮੈਂ, ਨਿਤ ਆਸਮਾਨ ਕੋਲੋਂ।

ਚੌਰਾਹਿਆਂ 'ਚੌਂ ਇਸ ਨੇ, ਕੀ ਬਾਲਣਾ ਏ ਸੂਰਜ,
ਦੀਵਾ ਤਾਂ ਬਲ ਨਾ ਸਕਿਆ, ਇਸ ਹੁਕਮਰਾਨ ਕੋਲੋਂ।

ਕੰਧਾ ਦੇ ਨਾਲ ਲੱਗ ਕੇ, ਰੋਣਾ ਪਿਆ ਹੈ ਮੈਨੂੰ,
ਕੀ ਹਾਲ ਪੁਛ ਲਿਆ ਮੈਂ, ਉਜੜੇ ਮਕਾਨ ਕੋਲੋਂ।

**3750 Nieman Blvd**
**Sanjose Ca USA.**
**ਮੋ. +1 (408) 791-7918**

# ਸ਼ਬਦ ਅਰਮਾਨਾਂ ਦੇ

❑ ਭੂਪਿੰਦਰ ਸਿੰਘ ਰੈਨਾ

ਸ਼ਬਦ ਅੰਕੁਰਿਤ ਹੁੰਦੇ ਹਨ
ਭਾਵਨਾਵਾਂ ਦੀ ਮਿੱਟੀ ਵਿੱਚ।
ਕੁਝ ਪਿਆਰ ਦੇ,
ਕੁਝ ਤਕਰਾਰ ਦੇ,
ਕੁਝ ਵਿਰੋਧ ਦੇ,
ਕੁਝ ਪੀੜਾ ਦੇ, ਕੁੱਝ ਕ੍ਰੋਧ ਦੇ।
ਖਿਲਰ ਜਾਂਦੇ ਨੇ
ਕਾਗਜ਼ ਦੀ ਧਰਤੀ ਉੱਤੇ
ਉਮੀਦਾਂ ਦੇ ਬਦਲ ਬਣਕੇ।
ਜੁੜ ਜਾਂਦੇ ਨੇ ਸ਼ਾਇਰ ਦੀ ਸੋਚ ਵਿੱਚ
ਅਰਮਾਨਾਂ ਦੀ ਗ਼ਜ਼ਲ ਬਣਕੇ।

**ਚਵਾਦੀ ਸੈਨਿਕ**
**ਕਲੋਨੀ, ਜੰਮੂ**
**ਮੋ. 99060 27601**

❍

# ਕਵਿਤਾ

❑ ਮੰਗਤ ਸਿੰਘ ਜੁਗਨੂੰ

ਮਥੇ ਦੀਆਂ ਲਕੀਰਾਂ ਚੰਨਾ,
ਲਿਖੀਆਂ ਡਾਢਿਆਂ ਪੀਰਾਂ ਚੰਨਾ ।
ਚਾਹ ਕੇ ਵੀ ਮੈਂ ਆ ਨਹੀਂ ਸਕਦੀ,
ਪੈਰੀਂ ਪਈਆਂ ਜ਼ੰਜੀਰਾਂ ਚੰਨਾ।
ਰੱਬ ਵੀ ਜਿਵੇਂ ਰੁਸ-ਰੁੱਸ ਜਾਂਦਾ,
ਜੇ ਬੁਰੀਆਂ ਹੋਣ ਤਕਦੀਰਾਂ ਚੰਨਾ।
ਅੰਮਾਂ ਜਾਇਆਂ ਉਹ ਹਾਲ ਹੈ ਕੀਤਾ,
ਦਿਲ ਆਖੇ ਦਿਲ ਚੀਰਾਂ ਚੰਨਾ।
ਯਾਰੀ ਦੀਆਂ ਨਮਾਜ਼ਾਂ ਪੜ੍ਹ-ਪੜ੍ਹ,
ਮੋਏ ਲੱਖਾਂ ਰਾਂਝੇ-ਹੀਰਾਂ ਚੰਨਾ।
ਤੈਥੋਂ ਬਿਨਾਂ ਜਿੰਦ ਪਿਆਸੀ-ਪਿਆਸੀ,
ਕੀ ਕਰਾਂ ਨੀਲਿਆਂ ਨੀਰਾਂ ਚੰਨਾ।
ਹਿਜਰ ਸਤਾਇਆਂ ਰੱਬ ਨੂੰ ਪਾਇਆ,
ਬਣ ਇਸ਼ਕ ਦੀਆਂ ਤਸਵੀਰਾਂ ਚੰਨਾ।
ਭਰਮ ਜਾਲ ਦੇ ਪਰਦੇ ਲਾਹ ਦੇ,
ਘੜ ਨਵੀਆਂ ਤਦਬੀਰਾਂ ਚੰਨਾ।
ਇਸ਼ਕ ਕਲਮ ਜੋ ਅੱਖਰ ਲਿਖਤੇ,
ਮੇਟ ਨਾ ਸਕੀਆਂ ਸ਼ਮਸ਼ੀਰਾਂ ਚੰਨਾ।
ਜੁਗ ਜੁਗ ਜੀਵੇ ਇਸ਼ਕ ਇਹ ਝੱਲਾ,
ਜੁਗਨੂੰ ਦੁਵਾ ਹੈ ਦਿੱਤੀ ਪੀਰਾਂ ਚੰਨਾ।

ਛਾਨਾਪੁਰਾ ਸ੍ਰੀਨਗਰ

# ਮੇਰੇ ਕਿਸ ਕੰਮ ਨੇ

❑ ਭੂਪਿੰਦਰ ਸਿੰਘ ਭਾਰਗਵ

ਫੁੱਲ ਖਿੜੇ ਗੁਲਾਬੀ, ਮੇਰੇ ਕਿਸ ਕੰਮ ਨੇ,
ਸੀਨੇ ਜ਼ਖ਼ਮੀ ਦਾਗੀ, ਮੇਰੇ ਕਿਸ ਕੰਮ ਨੇ।

ਢਿੱਡੋਂ ਐਪਰ ਭੁੱਖੇ, ਸਿਰ ਤੇ ਕਲਗੀਆਂ ਲਾ,
ਐਸੇ ਵੇਸ ਨਵਾਬੀ ਮੇਰੇ ਕਿਸ ਕੰਮ ਨੇ।

ਭਗਵੇ ਕੱਪੜੇ ਪਾ ਕੇ ਧੰਦਾ ਹੋਰ ਕਰੇ,
ਐਸੇ ਬਣੇ ਬੈਰਾਗੀ, ਮੇਰੇ ਕਿਸ ਕੰਮ ਦੇ ਨੇ।

ਤੜਪ ਵਿਛੋੜੇ ਵਾਲੀ ਪੜ੍ਹਕੇ ਬੁੱਝੇ ਨਾ,
ਅਜਿਹੇ ਖ਼ਤ ਨਵਾਬੀ ਮੇਰੇ ਕਿਸ ਕੰਮ ਨੇ।

ਪਰਜਾ ਦੇ ਦੁੱਖ ਸੁਖ ਨੂੰ ਜੋ ਨਾ ਸਮਝਣ,
ਐਸੇ ਤਖ਼ਤ ਨਵਾਬੀ ਮੇਰੇ ਕਿਸ ਕੰਮ ਨੇ।

ਸਮੇਂ ਨੇ ਬਦਲੀ ਕਰਵਟ ਹੋਇਆ ਉਲਟ ਪੁਲਟ,
ਜਿਹੜੇ ਹੋ ਗਏ ਬਾਗੀ ਮੇਰੇ ਕਿਸ ਕੰਮ ਨੇ।

**ਮੀਰਾਂ-ਸਾਬ, ਜੰਮੂ**
**ਮੋ:੯੫੧੯੨੨੨੯੭੨**

ਬਾਲ ਕਵਿਤਾ

# ਬੀਬਾ ਬੱਚਾ

ਹਰਭਜਨ ਸਿੰਘ ਉਪਾਸ਼ਕ

ਮੈਂ ਹਾਂ ਬੀਬਾ ਬੱਚਾ ਰਾਣਾ
ਭੋਲਾ-ਭਾਲਾ ਅਤੇ ਇਆਣਾ
ਮੰਝਨ ਕਰ ਹੋਵਾਂ ਸਾਵਧਾਨ
ਅੰਮ੍ਰਿਤ ਵੇਲੇ ਕਰਾਂ ਇਸ਼ਨਾਨ
ਨਿੱਤਨੇਮ ਕਰ ਧਿਆਨ ਸੱਚੇ ਰੱਬ ਤੋਂ ਮੰਗਾਂ ਦਾਨ
ਰੱਬਾ ਮੈਨੂੰ ਬਖਸ਼ ਗਿਆਨ
ਮੈਂ ਹਾਂ ਬੀਬਾ ਬੱਚਾ ਰਾਣਾ
ਭੋਲਾ-ਭਾਲਾ ਅਤੇ ਇਆਣਾ
ਹੋ ਤਿਆਰ ਸਕੂਲੇ ਜਾਂਦਾ
ਸਭਨਾਂ ਤਾਈ ਫ਼ਤਿਹ ਬੁਲਾਵਾਂ
ਅਧਿਆਪਕਾਂ ਦਾ ਕਰਾ ਸਤਿਕਾਰ
ਉਹ ਵੀ ਮੈਨੂੰ ਕਰਦੇ ਪਿਆਰ
ਮਿੱਤਰਾਂ ਨਾਲ ਮੈਂ ਖੇਡਾਂ ਹੱਸਾ
ਇਧਰ ਦੌੜਾ ਓਧਰ ਨੱਸਾ
ਬਣਨਾ ਚਾਹੁੰਦਾ ਬੁੱਧੀਮਾਨ
ਛੁੱਟੀ ਹੋਣ ਤੇ ਸਿੱਧਾ ਘਰ ਦੌੜਾ
ਬਸਤਾ ਲਾਹ ਕੇ ਹੋਵਾ ਚੌੜਾ

ਸਕੂਲੇ ਦਾ ਕੰਮ ਮੁਕਾਵਾਂ
ਘਰ ਦੇ ਕੰਮਾਂ ਨੂੰ ਹੱਥ ਪਾਵਾਂ
ਮਾਪਿਆਂ ਦਾ ਹੱਥ ਵਟਾਵਾਂ
ਸੰਧਿਆ ਵੇਲੇ ਗੁਰੂ ਘਰ ਜਾਵਾਂ
ਰਹਿਰਾਸ ਪੜ੍ਹ ਸੁਣਾਵਾਂ

ਰਾਤਰੀ ਦਾ ਭੋਜਨ ਖਾਵਾਂ
ਬੇਫ਼ਿਕਰਾ ਹੋ ਕੇ ਸੌਂ ਜਾਵਾਂ
ਮੈਂ ਹਾਂ ਬੀਬਾ ਬੱਚਾ ਰਾਣਾ

# ਗੁਰਬਾਣੀ ਵਿਚ ਸਾਂਝੀਵਾਲਤਾ ਦਾ ਸੰਕਲਪ

❑ ਡਾ. ਜਤਿੰਦਰ ਪਾਲ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ੧ਓ ਦੀ ਇਲਾਹੀ ਸੁਰ ਤੋਂ ਹੁੰਦਾ ਹੈ।ਜੋ ਸਮੂਹ ਸੰਸਾਰ ਦੇ ਭਲੇ ਲਈ ਇਕ ਰੱਬ ਦਾ ਰਾਹ ਦਿਖਾਉਂਦੀ ਹੈ। ਕਬੀਰ ਅਨੁਸਾਰ:

**ਅਵੱਲ ਅਲਹੁ ਨੂਰ ਉਪਾਇਆ ਕੁਦਰਤਿ ਦੇ ਸਭ ਬੰਦੇ॥**
**ਏਕ ਨੂਰ ਤੇ ਸਭ ਜਗ ਉਪਜਿਆ ਕਾਉਨ ਭਲੇ ਕੋ ਮੰਦੇ॥**(1)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦਾ ਉਚਾਰਿਆ ਇਹ ਅੰਕਿਤ ਸ਼ਬਦ ਇਕ ਅਜਿਹਾ ਚਾਨਣ ਮੁਨਾਰਾ ਹੈ ਜਿਸ ਦੀ ਵਿਸ਼ਾਲ ਜੋਤ ਆਦਿ ਕਾਲ ਤੋਂ ਛਾਏ ਘੁੱਪ ਹਨੇਰੇ ਨੂੰ ਸਦਾ ਲਈ ਖਤਮ ਕਰਕੇ ਹਰ ਪਾਸੇ ਨੂਰੋ-ਨੂਰ ਕਰ ਦਿੰਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤੀ ਧਾਰਮਿਕ ਪਰੰਪਰਾ ਦੀ ਉਹ ਹਰਮਨ ਪਿਆਰੀ ਆਵਾਜ਼ ਹੈ,ਜਿਸ ਵਿਚ ਦੈਵੀ ਗਿਆਨ,ਭਗਤੀ ਤੇ ਕਰਮ ਦੀ ਸਾਂਝੀ ਛੋਹ ਹੈ ਜੋ ਜੀਵਨ ਜਾਚ ਨੂੰ ਸੁਹਜਮਈ ਗਤੀ ਅਤੇ ਸੇਧ ਦਿੰਦੀ ਹੈ।ਇਹ ਮਨੁੱਖੀ ਸ਼ਖਸੀਅਤ ਨੂੰ ਸਚਿਆਰਤਾ ਦਾ ਮਾਣ ਬਖਸ਼ਦੀ ਹੈ।ਗੁਰੂ ਨਾਨਕ ਦੇਵ ਜੀ ਨੇ ਬਿਲਕੁੱਲ ਨਵੇਂ ਵਿਸ਼ਵਾਸ (੧ਓ) ਨਾਲ ਇਕ ਅਜਿਹੇ ਧਰਮ ਦੀ ਨੀਂਹ ਰੱਖੀ ਜਿਹੜੀ ਕਾਲ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਮਨੁੱਖੀ ਗੌਰਵ ਅਤੇ ਮੁਕਤੀ ਦੇ ਨਵੇਂ ਸਰਵ-ਸਾਂਝੇ ਭਾਈਚਾਰੇ ਨੂੰ ਇਕਜੁੱਟ ਕਰਨ ਦਾ ਆਧਾਰ ਬਣਿਆ ਹੈ।ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰਬਾਣੀ ਮਨੁੱਖ-ਮਨੁੱਖ ਦੇ ਭੇਦ ਨੂੰ ਸਵੀਕਾਰ ਨਾ ਕਰਕੇ ਉਨ੍ਹਾਂ ਵਿਚਕਾਰ ਬਰਾਬਰੀ,ਭਾਈਚਾਰੇ ਅਤੇ ਸਾਂਝੀਵਾਲਤਾ ਦੀ ਪ੍ਰੋੜਤਾ ਕਰਦੀ ਹੈ।ਇਹ ਮਨੁੱਖੀ ਅਗਿਆਨਤਾ ਨੂੰ ਦੂਰ ਕਰਦੀ ਹੈ।ਤੀਜੇ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ:

**"ਗੁਰਬਾਣੀ ਇਸ ਜਗ ਮਹਿ ਚਾਨਣ**
**ਕਰਮਿ ਵਸੈ ਮਨਿ ਆਏ॥**(2)

ਹੁਣ ਜੇਕਰ ਗੱਲ ਕਰੀਏ ਗੁਰਬਾਣੀ ਵਿਚ ਸਾਂਝੀਵਾਲਤਾ ਦੀ ਤਾਂ ਸਭ ਤੋਂ ਪਹਿਲਾਂ ਸਾਂਝੀਵਾਲ ਸ਼ਬਦ ਦਾ ਭਾਵ ਸਮਝਣਾ ਜ਼ਰੂਰੀ ਹੈ।ਸਾਂਝ,ਸਾਂਝਾ,ਸਾਂਝੀ ਤੋਂ ਬਣੇ ਸ਼ਬਦ ਸਾਂਝੀਵਾਲਤਾ ਤੋਂ ਭਾਵ ਸਭ ਦੀ ਹਿੱਸੇਦਾਰੀ ਜਾਂ ਸਭਦੇ ਸਾਂਝੇ ਤੋਂ ਲਿਆ ਜਾਂਦਾ ਹੈ।ਜਿਸ ਤਰ੍ਹਾਂ ਇਸ ਸੰਸਾਰ ਦੀ ਰਚਨਾ ਕਰਨ ਵਾਲਾ ਪਰਮ ਪੁਰਖ ਪ੍ਰਮੇਸ਼ਰ ਸਭ ਜੀਵਾਂ 'ਚ ਵੱਸਦਾ ਹੈ।ਭਾਵ ਉਸਦੀ ਜੋਤ ਸਭ 'ਚ ਸਾਂਝੀ ਹੈ।ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰਬਾਣੀ ਅਤੇ ਇਸਦੇ ਉਪਦੇਸ਼ ਸਭ ਜੀਵਾਂ ਲਈ ਸਾਂਝੇ ਹਨ।ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫਰਮਾਣ ਹੈ :

**ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥**(3)

ਇਸ ਤਰ੍ਹਾਂ ਸਾਰੀ ਕਾਇਨਾਤ ਦਾ ਇਕੋ ਕਰਤਾ,ਵਾਹਿਗੁਰੂ ,God,ਅੱਲ੍ਹਾ,ਜਾਂ ਰਾਮ ਹੀ ਸਭ ਦਾ ਸਾਂਝਾ ਪਿਤਾ ਹੈ।ਜਿਸਨੇ ਸਾਰੇ ਜੀਵਾਂ ਨੂੰ ਇਕੋ ਨਿਯਮ ਅਧੀਨ ਸਿਰਜਿਆ ਹੈ।ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ:

**ਏਕ ਪਿਤਾ ਏਕਸ ਕੇ ਹਮ ਬਾਰਿਕ।**(4)

ਸਾਂਝੀਵਾਲਤਾ ਦਾ ਇਸ ਤੋਂ ਵੱਧ ਪ੍ਰਤੱਖ ਉਦਾਹਰਣ ਹੋਰ ਕੀ ਹੋ ਸਕਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਕਿਸੇ ਇਕ ਧਰਮ ਨਾਲ ਸੰਬੰਧਿਤ ਵਿਅਕਤੀ ਦੀ ਨਹੀਂ ਸਗੋਂ ਵੱਖ-ਵੱਖ ਧਰਮਾਂ,ਜਾਤਾਂ ਤੇ ਗੋਤਾਂ ਨਾਲ ਸੰਬੰਧ ਰੱਖਣ ਵਾਲੇ ਮਨੁੱਖਾਂ ਦੀ ਬਾਣੀ ਦਰਜ਼ ਹੈ।ਇਸ ਵਿਚ ਦਰਜ਼ ਗੁਰਬਾਣੀ ਦੀ ਰਚਨਾ ਕਿਸੇ ਇਕ ਭਾਸ਼ਾ 'ਚ ਨਹੀਂ ਸਗੋਂ ਵੱਖ-ਵੱਖ ਪ੍ਰਾਂਤਾਂ,ਭਾਸ਼ਾਵਾਂ,ਤੇ ਸ਼ਬਦਾਂ ਦੀ ਵਰਤੋਂ ਨਾਲ ਰਚੀ ਗਈ ਹੈ।

**"ਡਾ. ਰਾਧਾ ਕ੍ਰਿਸ਼ਨ ਨੇ ਵੀ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਇਕ ਉਘੜਵੀਂ ਤੇ ਧਿਆਨਯੋਗ ਸਿਫਤ ਇਹ ਵੀ ਹੈ ਕਿ ਇਸ ਵਿਚ ਹਿੰਦੂ ਧਰਮ ਅਤੇ ਇਸਲਾਮ ਆਦਿਕ ਹੋਰ ਮਤਾਂ ਦੇ ਧਾਰਮਿਕ ਉਪਦੇਸ਼ਕਾਂ ਦੀਆਂ ਪਾਵਨ ਲਿਖਤਾਂ ਵੀ ਸ਼ਾਮਿਲ ਹਨ।**(5)

**ਅਜੋਕੇ ਸਮੇਂ ਦੇ ਮਹਾਨ ਸਕਾਲਰ ਅਤੇ ਇਤਿਹਾਸਕਾਰ ਸਰ ਆਰਨੋਲਡ ਟਾਇਸਬੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਨੂੰ ਬਿਆਨ ਕਰਦਿਆਂ ਇਸ ਨੂੰ ਸਰਬ ਹਿੱਤਕਾਰੀ ਅਤੇ ਮਨੁੱਖੀ ਜਾਤੀ ਦਾ ਸਾਂਝਾ ਗ੍ਰੰਥ ਮੰਨਦਿਆਂ ਹੋਇਆ ਲਿਖਿਆ ਕਿ ਇੱਥੇ ਇਹ ਜ਼ਰੂਰੀ ਹੈ ਕਿ ਵੱਧ ਤੋ ਵੱਧ ਲੋਕਾਂ ਨੂੰ ਇਸਦੇ ਵੱਧ-ਵੱਧ ਨੇੜੇ ਪਹੁੰਚਾਇਆ ਜਾਵੇ।**(6)

ਗੁਰਬਾਣੀ ਇਹ ਦੱਸਦੀ ਹੈ ਕਿ ਸਾਰੀ ਮਨੁੱਖਤਾ ਅੰਦਰ ਇਕੋ ਰੰਗ ਦਾ ਖ਼ੂਨ ਹੈ।ਸਭ ਇਕ ਤਰ੍ਹਾਂ ਦੇ ਹੱਡ-ਮਾਸ ਦੇ ਪੁਤਲੇ ਹਨ,ਇਕ ਤਰ੍ਹਾਂ ਦੀਆਂ ਹੀ ਕਰਮ-ਇੰਦਰੀਆਂ ਅਤੇ ਗਿਆਨ-ਇੰਦਰੀਆਂ ਹਨ, ਸਭ ਇਕ ਤਰ੍ਹਾਂ ਹੀ ਜਨਮਦੇ ਅਤੇ ਵਿਗਸਦੇ ਹਨ।ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ:

**"ਮਾਟੀ ਏਕ ਸਗਲ ਸੰਸਾਰਾ॥**
**ਬਹੁ ਬਿਧਿ ਭਾਂਡੇ ਘੜੈ ਕੁਮਾਰਾ॥**(7)

ਇਸ ਤਰ੍ਹਾਂ ਸਭ ਇਕੋ ਕਾਦਰ ਦੀ ਸਾਜੀ ਹੋਈ ਕਾਇਨਾਤ ਦੇ ਸਾਂਝੇ ਫੁੱਲ ਹਨ ਅਤੇ ਕਾਦਰ ਸਭ ਵਿਚ ਬਰਾਬਰ ਨਿਵਾਸ ਕਰ ਰਿਹਾ ਹੈ।ਜੋਤ ਇਕ ਹੀ ਹੈ ਕੇਵਲ ਰੂਪ ਅਲੱਗ ਹਨ।ਦੁਨੀਆਂ ਦੇ ਵੱਡੇ ਫਿਲਾਸਫਰਾਂ ਨੇ ਜ਼ਿੰਦਗੀ ਦੀਆਂ ਤਿੰਨ ਲੋੜਾਂ ਦੱਸੀਆਂ ਹਨ।ਜਿਨ੍ਹਾਂ 'ਚ ਰੋਟੀ ਕੱਪੜਾ ਮਕਾਨ ਹਨ ਜਿਸ ਨਾਲ ਸਭ ਸਹਿਮਤ ਹਨ।ਪਰ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਜਿਊਣ ਦੇ ਤਿੰਨ ਅਸੂਲ ਦਿੱਤੇ ਹਨ।ਉਹ ਇਹ ਹਨ:

**ਕਿਰਤ ਵਿਰਿਤ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥**(8)

ਇਸ ਉਪਦੇਸ਼ ਵਿਚ ਕਿਰਤ ਕਰਨ,ਨਾਮ ਜਪਣ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਗਿਆ ਹੈ।ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾ ਕਿਰਤ ਕਰਨ ਨੂੰ ਮਹੱਤਵ ਦਿੱਤਾ ਜਿਸ ਦੇ ਨਾਲ ਮਨੁੱਖ ਆਪਣੀ ਸਮਰੱਥਾ ਅਨੁਸਾਰ ਕਿਰਤ ਕਰਕੇ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰ ਸਕਦਾ ਹੈ।ਇਸ ਤੋਂ ਬਾਦ ਗੁਰੂ ਸਾਹਿਬ ਨੇ ਨਾਮ ਜਪਣ ਦਾ ਉਪਦੇਸ਼ ਦਿੱਤਾ ਤਾਂ ਜੋ ਸਾਰੀ ਮਨੁੱਖਤਾ ਇਕ ਪਰਮੇਸ਼ਰ ਦੇ ਨਾਂ ਨਾਲ ਜੁੜ੍ਹ ਸਕੇ।ਇਸ ਤੋਂ ਬਾਦ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੁਣ ਜੇਕਰ ਇਸ ਉਪਦੇਸ਼ ਨੂੰ ਇਕ ਨਜ਼ਰ ਵਿਚਾਰਿਆ ਜਾਏ ਤਾਂ ਸਾਂਝੀਵਾਲਤਾ ਦਾ ਜੋ ਉਪਦੇਸ਼ ਗੁਰੁ ਸਾਹਿਬਾਨਾਂ ਨੇ ਦਿੱਤਾ ਇਹ ਉਸ ਦਾ ਪ੍ਰਤੱਖ-ਪ੍ਰਮਾਣ ਹੈ।ਕਿਉਂਕਿ ਜਦੋਂ ਅਸੀਂ ਸੱਚੇ ਮਨ ਤੋਂ ਪ੍ਰਮਾਤਮਾ ਨਾਲ ਜੁੜਦੇ ਹਾਂ ਤਾਂ ਮਨ 'ਚੋ ਸਾਰੇ ਭੇਦ-ਭਾਵ ਮਿੱਟ ਜਾਂਦੇ ਹਨ।ਸਾਰੀ ਮਨੁੱਖਤਾ ਦੇ ਵਿਚ ਪਰਮਾਤਮਾ ਦੀ ਹੋਂਦ ਦਿੱਸਦੀ ਹੈ:

**ਨਾ ਕੋ ਬੈਰੀ ਨਹੀਂ ਬਿਗਾਨਾ**
**ਸਗਲ ਸੰਗਿ ਹਮ ਕੋ ਬਨਿ ਆਈ॥** (9)

ਇਸ ਦੇ ਅਧੀਨ ਹੀ ਮਨੁੱਖ 'ਚ ਵੰਡ ਕੇ ਛਕਣ ਦੀ ਭਾਵਨਾ ਪੈਦਾ ਹੁੰਦੀ ਹੈ।ਗੁਰੂ ਸਾਹਿਬਾਨਾਂ ਨੇ ਅਜਿਹੀ ਭਾਵਨਾਂ ਦਾ ਸੰਚਾਰ ਕਰਨ ਵਾਸਤੇ ਹੀ ਸੰਗਤ ਤੇ ਪੰਗਤ ਦਾ ਸੰਕਲਪ ਪੇਸ਼ ਕੀਤਾ।ਇਸ ਤਰ੍ਹਾਂ ਗੁਰੁ ਸਾਹਿਬਾਨਾਂ ਨੇ ਸਭ ਮਨੁੱਖਾਂ ਨੂੰ ਇਕ ਪਰਮਾਤਮਾ ਦੀ ਸੰਤਾਨ ਅਤੇ ਬਰਾਬਰ ਹੀ ਨਹੀਂ ਕਿਹਾ ਸਗੋਂ ਇਸ ਬਰਾਬਰਤਾ ਦਾ ਅਹਿਸਾਸ ਧੁਰ ਅੰਤਰ ਮਨ ਤਕ ਬਿਠਾਉਣ ਲਈ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਨੂੰ ਸਿੱਖ ਧਰਮ ਦਾ ਜ਼ਰੂਰੀ ਅੰਗ ਕਰਾਰ ਦਿੱਤਾ।ਬਾਣੀ 'ਚ ਫੁਰਮਾਨ ਹੈ:

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨ॥**
**ਸਾਧ ਸੰਗਿ ਜਾ ਕਾ ਮਿਟੈ ਅਭਿਮਾਨ॥** (10)

ਸਾਧ ਸੰਗਤਿ ਇਕ ਅਜਿਹਾ ਸ਼ਬਦ ਹੈ ਜਿਹੜਾ ਇਕ ਪਾਸੇ ਬੇਗਾਨਗੀ ਦੇ ਅਹਿਸਾਸ ਨੂੰ ਪਰ੍ਹਾਂ ਸੁੱਟ ਕੇ ਅਪਣਤਵ ਦੀ ਭਾਵਨਾ ਪੈਦਾ ਕਰਦਾ ਹੈ ਤੇ ਦੂਜੇ ਪਾਸੇ ਜਨ ਸੇਵਾ ਦੀ ਮਹਾਨ ਜੀਵਨ ਜੁਗਤਿ ਨੂੰ ਪੇਸ਼ ਕਰਦਾ ਹੈ।ਇਸੇ ਲਈ ਸਾਂਝੇ ਸਰੋਵਰਾਂ ਅਤੇ ਸਾਂਝੇ ਗੁਰਦਵਾਰਿਆਂ ਦਾ ਨਿਰਮਾਣ ਕਰਵਾਇਆ ਗਿਆ ਤਾਂ ਕਿ ਰੱਬ ਦੀ ਸਾਰੀ ਖਲਕਤ ਸਾਰੇ ਲੋਕ ਬਰਾਬਰੀ ਦੇ ਭਾਵ ਨਾਲ ਇਕੱਠੇ ਜੁੜ੍ਹ-ਬੈਠ ਕੇ ਅਕਾਲ ਪੁਰਖ ਦੀ ਸਿਫਤਿ-ਸਲਾਹ ਕਰ ਸਕਣ ਅਤੇ ਉਸਦੀ ਨਦਰਿ ਦਾ ਆਨੰਦ ਪ੍ਰਾਪਤ ਕਰ ਸਕਣ ਦਸਮ-ਪਿਤਾ ਨੇ ਮਨੁੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਉਨ੍ਹਾਂ ਨੂੰ ਸਿੰਘ ਬਣਾ ਦਿੱਤਾ ਤੇ ਉਨ੍ਹਾਂ ਦੀਆਂ ਜਾਤਾਂ,ਊਚ-ਨੀਚ ,ਭੇਦ-ਭਾਵ ਸਭ ਸਮਾਪਤ ਹੋ ਗਏ।ਇਸ ਤਰ੍ਹਾਂ ਮਨੁੱਖਤਾ ਦਾ ਵਿਕਾਸ ਵੀ ਸਹੀ ਅਰਥਾਂ ਵਿਚ ਉਦੋਂ ਹੀ ਹੋ ਸਕਦਾ ਹੈ ਜਦੋਂ ਬੇਗਾਨਗੀ ਦੇ ਭਾਵ ਦਾ ਤਿਆਗ ਕਰਕੇ ਹਮਦਰਦੀ ਦਾ ਭਾਵ ਪੈਦਾ ਕੀਤਾ ਜਾ ਸਕੇ।ਦਸਮ ਪਿਤਾ ਨੇ ਤਾ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਇਥੋਂ ਤਕ ਕਹਿ ਦਿੱਤਾ:

**ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥** (11)

ਇਸ ਤੋਂ ਇਲਾਵਾ ਸਾਂਝੀਵਾਲਤਾ ਦੀ ਝਲਕ ਚੌਥੇ ਗੁਰੁ ਸ੍ਰੀ ਰਾਮਦਾਸ ਜੀ ਦੁਆਰਾ ਚਲਾਈ ਗਈ ਦਸਵੰਧ ਦੀ ਪ੍ਰਥਾ 'ਚੋ ਵੀ ਮਿਲਦੀ ਹੈ।ਇਤਿਹਾਸ ਗਵਾਹ ਹੈ ਕਿ ਜਦੋ-ਜਦੋਂ ਵੀ ਮਨੁੱਖਤਾ ਤੇ ਕੋਈ ਮੁਸੀਬਤ ਆ ਪੈਂਦੀ ਸੀ ਤਾਂ ਗੁਰੂ ਸਾਹਿਬਾਨਾਂ ਨੇ ਦਸਵੰਧ ਰਾਹੀਂ ਇਕੱਠੀ ਕੀਤੀ ਹੋਈ ਰਕਮ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਵਰਤਿਆ।ਲਾਹੌਰ 'ਚ ਪਏ ਅਕਾਲ ਦੇ ਸਮੇਂ ਗੁਰੂ ਰਾਮਦਾਸ ਜੀ ਦੀ ਸੇਵਾ ਅਤੇ ਦਿੱਲੀ 'ਚ ਚੇਚਕ ਦੀ ਬਿਮਾਰੀ ਫੈਲਣ ਸਮੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੁਆਰਾ ਕੀਤੀ ਗਈ ਸੇਵਾ ਇਸੇ ਦੇ ਉਦਾਹਰਣ ਹਨ।

ਪਰ ਅੱਜ ਦਾ ਮਨੁੱਖ ਮੋਹ-ਮਾਇਆ ਅਤੇ ਹਊਮੇ ਵਿਚ ਫਸ ਕੇ ਮਨੁੱਖਤਾ ਤੋਂ ਉਪਰਾਮ ਹੋਈ ਜਾ ਰਿਹਾ ਹੈ।ਪਦਾਰਥਵਾਦੀ ਯੁੱਗ ਵਿਚ ਪਦਾਰਥਕ ਮੋਹ ਮਾਇਆ ਵਿਚ ਫਸਿਆ ਮਨੁੱਖ ਆਪਣੇ ਨਿੱਜ ਦੇ ਸਵਾਰਥ ਲਈ ਤੇ ਦੂਜਿਆਂ ਨੂੰ ਪਛਾੜਨ ਲਈ ਸਦਾ ਤਤਪਰ ਰਹਿੰਦਾ ਹੈ।ਅੱਜ ਦਾ ਪੜ੍ਹਿਆ-ਲਿਖਿਆ ਮਨੁੱਖ ਦੇਸ਼,ਰੰਗ-ਨਸਲ, ਧਰਮ, ਮਹਜ਼ਬ, ਜਾਤਾਂ-ਗੋਤਾਂ, ਪੜ੍ਹੇ-ਅਨਪੜ੍ਹ, ਅਮੀਰ-ਗਰੀਬ, ਉਚੇ-ਨੀਵੇਂ, ਬੋਧੀ, ਜੈਨੀ, ਹਿੰਦੂ, ਇਸਾਈ, ਪਾਰਸੀ, ਯਹੂਦੀ, ਮੁਸਲਿਮ, ਗੋਰੇ-ਕਾਲੇ ਆਦਿ ਦੀ ਵਲੱਗਣ ਵਿਚ ਇਸ ਕਦਰ ਫਸਿਆ ਪਿਆ ਹੈ ਕਿ ਉਸਦਾ ਜੀਵਨ ਦਰਸ਼ਨ ਹੀ ਧੁੰਧਲਾ ਹੋ ਗਿਆ ਹੈ।ਗੁਰੂ ਸਹਿਬਾਨ ਨੇ ਜਾਤ ਦਤ ਘੁਮੰਡ ਕਰਨ ਵਾਲੇ ਨੂੰ ਮੂਰਖ ਅਤੇ ਗਵਾਰ ਆਖਿਆ ਹੈ।ਗੁਰੂ ਅਮਰਦਾਸ ਜੀ ਦਾ ਫਰਮਾਨ ਹੈ:

**ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥**
**ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥** (12)

ਗੁਰੂ ਸਾਹਿਬਾਨ ਨੇ ਤਾਂ ਬਹੁਤ ਸਮਾਂ ਪਹਿਲਾਂ ਹੀ ਮਨੁੱਖ ਨੂੰ ਬੇਗਾਨਗੀ ਦਾ ਤਿਆਗ ਕਰਕੇ ਇਕ ਜੋਤ ਦਾ ਰਾਹ ਦਿਖਾ ਦਿੱਤਾ ਸੀ:

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣ ਸਭ ਮਹਿ ਚਾਨਣੁ ਹੋਇ॥** (13)

ਇਸ ਤਰ੍ਹਾਂ ਗੁਰਬਾਣੀ ਮੁਤਾਬਿਕ ਸਭ ਜੀਵ ਇਕ ਜੋਤ ਤੋਂ ਹੀ ਬਣੇ ਹਨ।ਜਦੋਂ ਇਸ ਗੱਲ ਦੀ ਸਮਝ ਪੈ ਗਈ ਕਿ ਸਾਰੇ ਮਨੁੱਖਾਂ 'ਚ ਇਕੋ ਜੋਤ ਦਾ ਵਾਸਾ ਹੈ ਤਾਂ ਸਮਾਜਿਕ ਵਿਤਕਰੇ ਵੰਡੀਆਂ ਅਤੇ ਭੇਦ-ਭਾਵ ਘੱਟ ਸਕਦੇ ਹਨ।ਗੁਰਬਾਣੀ ਮਨ ਬਚਨ ਅਤੇ ਕਰਮ ਦੁਆਰਾ ਸਮੂਹ ਦੀ ਸੇਵਾ ਦਾ ਸਾਰਥਕ ਸੰਦੇਸ਼ ਹੀ ਨਹੀਂ ਦਿੰਦੀ ਸਗੋਂ ਆਪਸੀ ਸਹਿਹੋਂਦ ,ਸਹਿਯੋਗ ਅਤੇ ਨੈਤਿਕ ਗੁਣਾਂ ਤੋਂ ਪ੍ਰੇਰਿਤ ਹੋ ਕੇ ਸਰਬੱਤ ਦੇ ਭਲੇ ਦੀ ਭਾਵਨਾ ਵੀ ਪੈਦਾ ਕਰਦੀ ਹੈ।ਗੁਰਬਾਣੀ 'ਚ ਫਰਮਾਇਆ ਗਿਆ ਹੈ:

**ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥**

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1349
2. ਉਹੀ, ਪੰਨਾ-67

3. ਉਹੀ, ਪੰਨਾ–97
4. ਉਹੀ, ਪੰਨਾ–611
5. Unesco selection from the sacred writings of sikhs, p–17
6. Unesco selection from the sacred writings of sikhs, p–9
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–1127
8. ਗੁਰੂ ਗੁਰਦਾਸ ਜੀ ਦੀਆਂ ਵਾਰਾਂ, ਪਉੜੀ–112
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–1299
10. ਉਹੀ, ਪੰਨਾ–266
11. ਅਕਾਲ ਉਸਤਤ ਵਿਚੋਂ
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–1127
13. ਉਹੀ, ਪੰਨਾ–13

ਗੁਰੂ ਨਾਨਕ ਖ਼ਾਲਸਾ ਕਾਲਜ
ਕਰਨਾਲ।
ਮੋ: 9996302264
ਈਮੇਲ: **jit90@gmail.com**

# ਗੁਰਬਚਨ ਦਾ ਸਫ਼ਰਨਾਮਾ 'ਮਹਾਂਯਾਤਰਾ' : ਦ੍ਰਿਸ਼ਟੀ ਅਤੇ ਚਿੰਤਨ

❑ ਗੁਰਦੀਪ ਸਿੰਘ

ਸਫ਼ਰਨਾਮਾ ਸਾਹਿਤ ਦੀ ਪ੍ਰਾਚੀਨ ਵਿਧਾ ਹੈ। ਮਨੁੱਖ ਪ੍ਰਾਚੀਨ ਸਮਿਆਂ ਤੋਂ ਹੀ ਪ੍ਰਾਕ੍ਰਿਤਕ, ਭੂਗੋਲਿਕ, ਸਮਾਜਿਕ, ਧਾਰਮਿਕ, ਰਾਜਨੀਤਿਕ, ਵਿਅਕਤੀਗਤ ਆਦਿ ਵੱਖ-ਵੱਖ ਉਦੇਸ਼ਾਂ ਤਹਿਤ ਯਾਤਰਾ ਕਰਦਾ ਰਿਹਾ ਹੈ। ਸਫਰਨਾਮਾ ਦੋ ਸ਼ਬਦਾਂ ਤੋਂ ਬਣਿਆ ਹੈ- ਸਫ਼ਰ+ਨਾਮਾ ਭਾਵ ਉਹ ਲਿਖਤ ਜਿਸ ਵਿਚ ਸਫ਼ਰ ਕਰਨ ਵਾਲੇ ਨੇ ਆਪਣੀ ਯਾਤਰਾ ਦਾ ਹਾਲ ਦਰਜ ਕੀਤਾ ਹੋਵੇ। ਸਫ਼ਰਨਾਮਾ ਮਨੁੱਖ ਦੀ ਦੂਜੀਆਂ ਧਰਤੀਆਂ ਬਾਰੇ ਜਾਣਨ ਦੀ ਇੱਛਾ ਨੂੰ ਹੀ ਤ੍ਰਿਪਤ ਨਹੀਂ ਕਰਦਾ ਬਲਕਿ ਕਿਸੇ ਖਿੱਤੇ ਬਾਰੇ ਬਣੀਆਂ ਪੂਰਵ-ਨਿਸ਼ਚਿਤ ਧਾਰਨਾਵਾਂ ਨੂੰ ਵੀ ਬਦਲਣ ਵਿਚ ਸਹਾਇਕ ਸਿੱਧ ਹੁੰਦਾ ਹੈ। ਤੇਰ੍ਹਵੀਂ ਸਦੀ ਦੇ ਮਸ਼ਹੂਰ ਇਤਾਲਵੀ ਯਾਤਰੂ ਮਾਰਕੋ ਪੋਲੋ ਦੇ ਸਫ਼ਰਨਾਮੇ Travels Of Marco Polo ਨੇ ਯੌਰਪ ਵਾਸੀਆਂ ਦੇ ਪੂਰਬ ਪ੍ਰਤੀ ਨਾ ਸਿਰਫ਼ ਭਰਮਾਂ ਨੂੰ ਦੂਰ ਕੀਤਾ ਬਲਕਿ ਉੱਥੋਂ ਦੇ ਵਪਾਰੀ, ਰਾਜਾ ਸ਼੍ਰੇਣੀ ਅਤੇ ਧਾਰਮਿਕ ਆਗੂਆਂ ਨੂੰ ਪੂਰਬੀ ਦੇਸ਼ਾਂ ਵਿਚ ਅਥਾਹ ਸੰਭਾਵਨਾਵਾਂ ਲਈ ਉਤਸ਼ਾਹਿਤ ਵੀ ਕੀਤਾ। ਜਿਵੇਂ-ਜਿਵੇਂ ਸਫ਼ਰਨਾਮਾ ਸਾਹਿਤ ਰੂਪ ਦਾ ਵਿਕਾਸ ਹੁੰਦਾ ਗਿਆ ਇਸ ਦੇ ਸਰੋਕਾਰਾਂ ਵਿਚ ਵੀ ਵਿਸਤਾਰ ਹੁੰਦਾ ਗਿਆ। ਅਜੋਕਾ ਸਫ਼ਰਨਾਮਾ ਸਿਰਫ਼ ਯਾਤਰਾ ਦਾ ਬਿਰਤਾਂਤ ਸੁਣਾਉਣ ਤੱਕ ਹੀ ਸੀਮਿਤ ਨਹੀਂ ਰਿਹਾ ਬਲਕਿ ਇਸ ਵਿਚ ਯਾਤਰਾ ਅਧੀਨ ਦੇਸ ਦੇ ਜੀਵਨ, ਸ਼ਖ਼ਸੀਅਤਾਂ, ਸਮਾਜ, ਸਭਿਆਚਾਰ, ਰਾਜਨੀਤੀ ਆਦਿ ਬਾਰੇ ਲੁਪਤ ਵੇਰਵੇ ਵੀ ਮਹੱਤਵ ਗ੍ਰਹਿਣ ਕਰ ਚੁੱਕੇ ਹਨ। ਡਾ. ਰਛਪਾਲ ਕੌਰ ਸਫ਼ਰਨਾਮੇ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ:

ਸਫ਼ਰਨਾਮਾ ਨਿੱਜੀ ਘਟਨਾਵਾਂ ਦਾ ਸੰਗ੍ਰਹਿ ਮਾਤਰ ਹੀ ਨਹੀਂ ਹੁੰਦਾ, ਸਗੋਂ ਇਹ ਕੌਮ ਅਤੇ ਦੇਸ਼ ਦੀ ਸੰਸਕ੍ਰਿਤੀ ਅਤੇ ਸਭਿਅਤਾ ਦਾ ਇਤਿਹਾਸ ਲਿਖਿਆ ਹੁੰਦਾ ਹੈ। ਜੋ ਸਦੀਆਂ ਤੱਕ ਅਮਰਤਾ ਪ੍ਰਾਪਤ ਕਰਕੇ ਸੇਧ ਦੇ ਸਕਦਾ ਹੈ। ਅਸਲ ਵਿਚ ਇਕ ਸਫ਼ਲ ਸਫ਼ਰਨਾਮਾ ਵੱਖ-ਵੱਖ ਸੰਸਕ੍ਰਿਤੀਆਂ ਦੇ ਮੇਲ ਤੇ ਅੰਤਰ ਨੂੰ ਚਿਤਰਦਾ ਹੈ। ਕੁਦਰਤ ਦੇ ਹੁਸੀਨ ਤੇ ਅਸੀਮ ਪਾਸਾਰ ਦੇ ਅਮਰ ਚਿੱਤਰ ਖਿੱਚਣ ਦੇ ਸਮਰੱਥ ਹੁੰਦਾ ਹੈ। ਗਿਆਨ ਦਾ ਭੰਡਾਰ ਹੁੰਦਾ ਹੈ ਅਤੇ ਵੱਖ-ਵੱਖ ਸ਼ਖ਼ਸੀਅਤਾਂ ਦੇ ਅਮਿਟ ਛਾਪ ਛੱਡਣ ਵਾਲੇ ਰੇਖਾ-ਚਿੱਤਰ ਉਲੀਕਦਾ ਹੈ।[1]

ਵਿਧਾਗਤ ਤੌਰ 'ਤੇ ਸਫ਼ਰਨਾਮਾ ਇਕ ਮਿਸ਼ਰਿਤ ਰੂਪ ਹੈ। ਇਸ ਵਿਚ ਸਵੈ-ਜੀਵਨੀ, ਰੇਖਾ-ਚਿੱਤਰ, ਨਿਬੰਧ, ਸੰਸਮਰਣ ਆਦਿ ਵਾਰਤਕ ਰੂਪਾਂ ਦੀਆਂ ਜੁਗਤਾਂ ਲਈ ਚੋਖੀ ਥਾਂ ਹੈ।

'ਸਫ਼ਰਨਾਮੇ ਨੂੰ ਹੁਣ ਨਿਰੋਲ ਭਾਵ ਸਾਹਿਤ ਜਾਂ ਗਿਆਨ ਸਾਹਿਤ ਦੇ ਪ੍ਰਵਰਗ ਵਿਚ ਰੱਖਣ ਦੀ ਬਜਾਇ ਇਕ ਅਜਿਹੇ ਮਿਸ਼ਰਿਤ ਸਾਹਿਤ ਰੂਪ ਵਜੋਂ ਪੜ੍ਹਨ ਦੀ ਲੋੜ ਹੈ ਜੋ ਇਤਿਹਾਸਕ ਸਮੇਂ, ਸਥਾਨ ਤੇ ਸਥਿਤੀਆਂ ਦਾ ਇਕ ਨਿਸਚਿਤ ਸਬਜੈਕਟ ਪੁਜੀਸ਼ਨ ਤੋਂ ਸਿਰਜਿਆ ਗਿਆ ਪ੍ਰਵਚਨ ਹੁੰਦਾ ਹੈ। ਇਸ ਵਿਚ ਇਤਿਹਾਸ ਤੇ ਸਭਿਆਚਾਰ, ਸਥਾਨਕ ਤੇ ਅੰਤਰਰਾਸ਼ਟਰੀ, ਅੰਤਰੀਵੀ ਤੇ ਬਾਹਰਵਰਤੀ, ਨਿੱਜੀ ਤੇ ਪੰਜਾਬੀ ਰਾਜਸੀ ਆਪੋ ਵਿਚ ਸੰਵਾਦਕ ਪ੍ਰਕਿਰਿਆ ਵਿਚ ਪੇਸ਼ ਹੁੰਦੇ ਹਨ।'[2]

ਗੁਰਬਚਨ ਪੰਜਾਬੀ ਵਾਰਤਕ ਦਾ ਅਹਿਮ ਹਸਤਾਖ਼ਰ ਹੈ। ਉਸਦੀ ਵਾਰਤਕ ਆਪਣੇ ਚਿੰਤਨੀ ਸਰੋਕਾਰਾਂ ਅਤੇ ਸ਼ੈਲੀ ਪੱਖੋਂ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ। ਗੁਰਬਚਨ ਦਾ ਸਫ਼ਰਨਾਮਾ 'ਮਹਾਂਯਾਤਰਾ' ਸਫ਼ਰਨਾਮਾ ਸਾਹਿਤ ਵਿਚ ਅਹਿਮ ਸਥਾਨ ਰੱਖਦਾ ਹੈ। ਉਸ ਦੇ ਸਫ਼ਰ ਦਾ ਘੇਰਾ ਵਿਸ਼ਾਲ ਹੈ। ਇਸ ਸਫ਼ਰ ਦਾ ਘੇਰਾ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਯੌਰਪੀ ਮੁਲਕਾਂ ਤੋਂ ਇਲਾਵਾ ਜਾਪਾਨ ਤੱਕ ਫੈਲਿਆ ਹੋਇਆ ਹੈ। ਇਸ ਸਫ਼ਰਨਾਮੇ ਵਿਚ ਵਰਣਿਤ ਯਾਤਰਾਵਾਂ ਕਿਸੇ ਇਕ ਸਮੇਂ ਦੀ ਯਾਤਰਾ ਨਾਲ ਸੰਬੰਧਤ ਨਹੀਂ ਬਲਕਿ ਤੀਹ ਸਾਲਾਂ ਦੇ ਵਕਫ਼ੇ ਦੌਰਾਨ ਵੱਖ-ਵੱਖ ਦੇਸ਼ਾਂ ਦੀਆਂ ਇਕ ਤੋਂ ਵਧੇਰੇ ਵਾਰ ਕੀਤੀਆਂ ਯਾਤਰਾਵਾਂ ਦਰਜ਼ ਹਨ। ਇਨ੍ਹਾਂ ਯਾਤਰਾਵਾਂ ਦੌਰਾਨ ਮੁੱਖ ਤੌਰ ਉਸਦੀ ਦ੍ਰਿਸ਼ਟੀ ਦੇ ਦੋ ਮਹੱਤਵਪੂਰਨ ਕੇਂਦਰ ਬਿੰਦੂ ਹਨ- ਪਹਿਲਾ ਵਿਸ਼ਵੀਕਰਨ ਅਧੀਨ ਸਮੁੱਚੀ ਦੁਨੀਆਂ ਵਿਚ ਆ ਰਹੀ ਆਰਥਿਕ, ਰਾਜਨੀਤਕ ਅਤੇ ਸਮਾਜਿਕ ਤਬਦੀਲੀ ਦੂਜਾ ਵਿਦੇਸ਼ਾਂ ਵਿਚ ਪਰਵਾਸੀ ਪੰਜਾਬੀਆਂ ਦੇ ਸਰੋਕਾਰ। ਸੀਮਿਤ ਸਾਧਨਾਂ ਨਾਲ ਕੀਤੇ ਗਏ ਸਫ਼ਰ ਦੇ ਬਾਵਜੂਦ ਇਹ ਰਚਨਾ ਲੇਖਕ ਦੀ ਮੌਲਿਕ ਦ੍ਰਿਸ਼ਟੀ ਅਤੇ ਚਿੰਤਨ ਕਾਰਨ ਮਹੱਤਵਪੂਰਨ ਸਥਾਨ ਰੱਖਦੀ ਹੈ।

ਇਸ ਸਫ਼ਰ ਦੌਰਾਨ ਪੈਰਿਸ ਲੇਖਕ ਲਈ ਵਿਸ਼ੇਸ਼ ਦਿਲਚਸਪੀ ਦਾ ਕੇਂਦਰ ਬਣਦਾ ਹੈ। ਉਹ ਇੰਗਲੈਂਡ ਤੋਂ ਆਪਣੀ ਪੈਰਿਸ ਬਾਰੇ ਜਾਣਕਾਰੀ ਦੇ ਅਧਾਰ ਤੇ ਮੁਸ਼ਕਿਲ ਸਮਝਿਆ ਜਾਂਦਾ ਵੀਜ਼ਾ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਲੇਖਕ ਦੇ ਮਨ ਵਿਚ ਪੈਰਿਸ ਦੀ ਕਲਾ ਅਤੇ ਕ੍ਰਾਂਤੀਆਂ ਨਾਲ ਭਰੇ ਇਤਿਹਾਸ ਦੀ ਆਦਰਸ਼ਕ ਤਸਵੀਰ ਹੈ। ਪੈਰਿਸ ਵਿਸ਼ਵ ਪੱਧਰ ਉੱਤੇ ਕਲਾ ਅਤੇ ਬੌਧਿਕ ਚਿੰਤਨ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਪ੍ਰਸਿੱਧ ਸਥਾਨ ਹੈ। ਇਤਿਹਾਸਕ ਤੌਰ ਉੱਤੇ ਪੈਰਿਸ ਮਨੁੱਖ ਦੁਆਰਾ ਅਜ਼ਾਦੀ ਲਈ ਕੀਤੀਆਂ ਗਈਆਂ ਕ੍ਰਾਂਤੀਆਂ ਕਰਕੇ ਜਾਣਿਆ ਜਾਂਦਾ ਹੈ। ਹਰੇਕ ਨਾਬਰਾਬਰੀ ਦਾ ਇੱਥੋਂ ਦੇ ਲੋਕਾਂ ਨੇ ਡਟ ਕੇ ਵਿਰੋਧ ਕੀਤਾ ਅਤੇ ਆਪਣਾ ਪ੍ਰਭਾਵ ਪੂਰੀ ਮਨੁੱਖੀ ਸਭਿਅਤਾ ਉੱਤੇ ਵੀ ਪਾਇਆ। 20ਵੀਂ ਸਦੀ ਦੇ ਦੂਜੇ ਅੱਧ ਵਿਚ ਆਧੁਨਿਕਤਾ ਨੂੰ ਟੱਕਰ ਦੇਣ ਲਈ ਚਿੰਤਕਾਂ ਦਾ ਅਜਿਹਾ ਪੂਰ ਸਾਹਮਣੇ ਆਇਆ ਜਿੰਨ੍ਹਾਂ ਦੇ ਪ੍ਰਭਾਵ ਨਾਲ ਮਨੁੱਖ ਦਾ ਦੁਨੀਆਂ ਪ੍ਰਤੀ ਨਜ਼ਰੀਆ ਹੀ ਬਦਲ ਗਿਆ। ਲੇਖਕ ਪੈਰਿਸ ਦੀ ਯਾਤਰਾ ਦੌਰਾਨ ਪਾਠਕਾਂ ਸਾਹਮਣੇ ਉੱਥੋਂ

ਦੀਆਂ ਗਲੀਆਂ, ਬਾਜ਼ਾਰ, ਆਰਟ ਗੈਲਰੀਆਂ, ਮਿਊਜ਼ਿਅਮ, ਸੇਨ ਦਰਿਆ ਆਦਿ ਥਾਵਾਂ ਦੇ ਚਿੱਤਰ ਇਤਿਹਾਸ ਸਮੇਤ ਵਰਨਣ ਕਰਦਾ ਹੈ। ਉਹ ਉਨ੍ਹਾਂ ਚਿੰਤਕਾਂ ਨਾਲ ਸੰਬੰਧਤ ਥਾਵਾਂ ਦੇ ਦ੍ਰਿਸ਼ ਚਿਤਰਦਾ ਹੈ ਜਿਨ੍ਹਾਂ ਥਾਵਾਂ ਉੱਤੇ ਬੈਠ ਕੇ ਉਹ ਲੰਮੇ ਸੰਵਾਦ ਰਚਾਇਆ ਕਰਦੇ ਸਨ:

ਆਧੁਨਿਕਤਾ ਦੇ ਮਹਾਂਬਿਰਤਾਂਤ ਨੂੰ ਕੁੱਟਣ ਲਈ ਜਮੀਨ ਪੈਰਿਸ ਦੇ ਇਨ੍ਹਾਂ ਰੈਸਤੋਰਾਂ ਚ ਤਿਆਰ ਹੋਈ ਜਿੱਥੇ ਇਕੋ ਵੇਲੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਚ ਜੇਮਜ਼ ਜਾਇਸ, ਹੈਮਿੰਗਵੇਅ, ਆਂਦਰੇ ਜੀਂਦ, ਜਰਟਰੂਡ ਸਟੇਨ ਵਰਗੇ ਯੌਰਪੀ ਅਤੇ ਦੂਜੇ ਮਹਾਂਯੁੱਧ ਤੋਂ ਬਾਅਦ ਸਾਰਤਰ, ਕਾਮੂ, ਪੌਲ ਨਿਜ਼ਾਂ, ਰੇਮੋਂ ਆਰੋਂ, ਰੋਲਾਂ ਬਾਰਤ, ਮਿਸ਼ੈਲ ਫੂਕੋ, ਲੂਈ ਆਲਤਿਊਸਰ ਵਰਗੇ ਵਿਚਾਰ-ਕਰਮੀ ਵਕਤ ਗੁਜ਼ਾਰਦੇ ਰਹੇ। ਸਾਰਤਰ ਤੇ ਸਿਮਨ ਦਬੂਆ ਏਨ੍ਹਾਂ ਹੋਟਲਾਂ/ਰੈਸਤੋਰਾਂ ਚ ਖਾਣਾ ਖਾਂਦੇ ਰਹੇ।[3]

'ਇਹ ਉਹ ਪੈਰਿਸ ਨਹੀਂ' ਕਾਂਡ ਵਿਚ ਪੈਰਿਸ ਦੀ ਦੂਜੀ ਫੇਰੀ ਦਾ ਵਰਨਣ ਹੈ ਜੋ ਲਗਭਗ ਪਹਿਲੀ ਫੇਰੀ ਤੋਂ 24 ਸਾਲ ਬਾਅਦ ਕੀਤੀ। ਇਸ ਸਮੇਂ ਤੱਕ ਸੋਵੀਅਤ ਸੰਘ ਟੁੱਟ ਚੁੱਕਾ ਸੀ ਅਤੇ ਦੁਨੀਆਂ ਉੱਤੇ ਇਕ ਧਰੁਵੀ ਆਰਥਿਕ ਮਾਡਲ ਪੂੰਜੀਵਾਦ ਦੀ ਸਰਦਾਰੀ ਸਥਾਪਿਤ ਹੋ ਚੁੱਕੀ ਸੀ। ਅਮਰੀਕੀ ਕੰਪਨੀਆਂ ਆਪਣੇ ਏਜੰਟ ਲੀਡਰਾਂ ਰਾਹੀਂ ਵਿਸ਼ਵੀਕਰਨ ਦੇ ਨਾਂ ਥੱਲੇ ਆਯਾਤ/ਨਿਰਯਾਤ ਉੱਤੇ ਪਾਬੰਦੀ ਹਟਾਉਣ ਵਿਚ ਕਾਮਯਾਬ ਹੋ ਚੁੱਕੀਆਂ ਸਨ ਜਿਸ ਸਦਕਾ ਹਰ ਦੇਸ ਵਿਚ ਉਪਭੋਗਤਾਵਾਦੀ ਰੁਚੀਆਂ ਦਾ ਪ੍ਰਸਾਰ ਹੋ ਰਿਹਾ ਸੀ। ਇਸੇ ਦ੍ਰਿਸ਼ਟੀ ਅਧੀਨ ਲੇਖਕ ਵਿਸ਼ਵੀਕਰਨ ਦੇ ਨਾਂ ਉੱਤੇ ਪੈਰਿਸ ਦੇ ਸਮਾਜ-ਸਭਿਆਚਾਰ ਵਿਚ ਹੋ ਰਹੀ ਤਬਦੀਲੀ ਨੂੰ ਵਿਸ਼ਾ ਬਣਾਉਂਦਾ ਹੈ। ਵਿਸ਼ਵੀਕਰਨ ਦੇ ਨਾਂ ਉੱਤੇ ਅਮਰੀਕੀ ਕਲਚਰ ਦੀ ਚੜ੍ਹਤ ਕ੍ਰਾਂਤੀਆਂ ਦੇ ਦੇਸ਼ ਕਹੇ ਜਾਂਦੇ ਫਰਾਂਸ ਦੀ ਜੀਵਨ ਸ਼ੈਲੀ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਤਕਨਾਲੋਜੀ ਨੇ ਮਨੁੱਖੀ ਅਵਚੇਤਨ ਨੂੰ ਇਸ ਤਰ੍ਹਾਂ ਕਾਬੂ ਕਰ ਲਿਆ ਹੈ ਕਿ ਅਜੋਕੇ ਮਨੁੱਖ ਦਾ ਗੈਰ-ਇਤਿਹਾਸੀਕਰਨ ਕਰਕੇ ਉਸ ਨੂੰ ਮੰਡੀ ਤੰਤਰ ਦਾ ਇਕ ਪੁਰਜਾ ਬਣਾ ਦਿੱਤਾ ਹੈ। ਲੇਖਕ ਨੂੰ ਫ਼ਿਲਾਸਫੀ, ਚਿੰਤਨ ਅਤੇ ਕਲਾ ਦਾ ਕੇਂਦਰ ਪੈਰਿਸ ਮੰਡੀ ਕੀਮਤਾਂ ਅਨੁਸਾਰ ਆਪਣੀ ਵਿਲੱਖਣਤਾ ਗਵਾ ਰਿਹਾ ਮਹਿਸੂਸ ਹੁੰਦਾ ਹੈ। ਆਪਣੀਆਂ ਕ੍ਰਾਂਤੀਆਂ ਦਾ ਪ੍ਰਭਾਵ ਜਲੰਧਰ ਦਿੱਲੀ ਤੱਕ ਰੱਖਣ ਵਾਲੇ ਪੈਰਿਸ ਦੇ ਮੰਡੀ ਅੱਗੇ ਗੋਡੇ ਟੇਕਣ ਦੇ ਦ੍ਰਿਸ਼ ਅਤੇ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਨੂੰ ਸਾਡੇ ਸਾਹਮਣੇ ਸਾਕਾਰ ਕਰ ਦਿੰਦਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਹੱਥ ਆਈ ਵਿਸ਼ਵ ਦੀ ਸਰਦਾਰੀ ਅਤੇ ਇਸਦੀਆਂ ਕਾਰਪੋਰੇਸ਼ਨਾਂ ਵੱਲੋਂ ਆਪਣੇ ਅਨੁਸਾਰੀ ਮਨੁੱਖ ਘੜਨ ਦਾ ਚਿੱਤਰ ਉਹ ਇਸ ਤਰ੍ਹਾਂ ਪੇਸ਼ ਕਰਦਾ ਹੈ:

1984 ਚ ਮੈਂ ਪੈਰਿਸ ਆਇਆ ਤਾਂ ਏਥੇ ਸਿਵਾਏ ਕੋਕਾ ਕੋਲਾ ਦੇ ਕੁਝ ਵੀ ਅਮਰੀਕੀ ਦਿਖਾਈ ਨਹੀਂ ਸੀ ਦਿੰਦਾ। ਹੌਲੀਵੁੱਡ ਦੀਆਂ ਫ਼ਿਲਮਾਂ ਬਹੁਤ ਘੱਟ ਦਿਖਾਈਆਂ ਜਾਂਦੀਆਂ ਸਨ। ਸਾਰੇ

ਕਹਿਣ ਪੈਰਿਸ-ਵਾਸੀ ਬਰਗਰੀ ਸਭਿਆਚਾਰ ਦੇ ਖ਼ਿਲਾਫ਼ ਹਨ।...ਦੂਜੀ ਵਾਰ ਮੈਂ ਪੈਰਿਸ 1995 ਚ ਆਇਆ ਤਾਂ ਦੇਖਿਆ ਕਿ ਮੈਕਡੋਨਲਡ ਰੈਸਤੋਰਾਂ ਖੁੱਲ੍ਹ ਚੁੱਕੇ ਹਨ। ਹੁਣ 2008 ਵਿਚ ਸੋਰਬੋਰਨ ਯੂਨੀਵਰਸਿਟੀ ਦੇ ਦੁਆਲੇ ਹੀ ਅਮਰੀਕੀ ਕੌਫ਼ੀ ਹਾਊਸ ਸਟਾਰਬਕਸ ਤੇ ਮੈਕਡੋਨਲਡ ਦੀਆਂ ਸ਼ਾਖਾਵਾਂ ਹਨ। ਵਿਸ਼ਵੀਕਰਨ ਨੇ ਹਰ ਦੇਸ਼ ਦੀ ਸਥਾਨਿਕਤਾ ਤੇ ਅਮਰੀਕੀ ਖਪਤ ਦੇ ਉਪ-ਸਭਿਆਚਾਰ ਦੀ ਚੜ੍ਹਤ ਨੂੰ ਫੈਲਾਇਆ ਹੈ। ਇਹਨੇ ਮਨੁੱਖ ਅੰਦਰੋਂ ਸਭਿਆਚਾਰਕ ਨਵੇਕਲਾਪਣ ਮਿਟਾ ਦਿੱਤਾ ਹੈ।[4]

ਗੁਰਬਚਨ ਆਪਣੇ ਇਸ ਸਫ਼ਰ ਰਾਹੀਂ ਇਹ ਵੀ ਸਝਾਉਂਦਾ ਹੈ ਕਿ ਵਿਸ਼ਵੀਕਰਨ ਦੇ ਮਾਰੂ ਪ੍ਰਭਾਵ ਸਿਰਫ਼ ਤੀਜੀ ਦੁਨੀਆਂ ਤੱਕ ਹੀ ਸੀਮਿਤ ਨਹੀਂ ਬਲਕਿ ਇਹ ਵਿਸ਼ਵ-ਵਿਆਪੀ ਮਸਲਾ ਹੈ। ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਹੀ ਅੰਤਰਰਾਸ਼ਟਰੀ ਬੁਰਜੂਆ ਕਲਾਸ ਪੈਦਾ ਹੋ ਚੁੱਕੀ ਹੈ ਜੋ ਅਮਰੀਕੀ ਜੀਵਨ-ਜਾਂਚ ਦੀ ਵਾਹਕ ਬਣੀ ਹੋਈ ਹੈ। ਮਨੁੱਖ ਨੂੰ ਸਥਾਨਿਕਤਾ, ਇਤਿਹਾਸ, ਸਿਰਜਣਾ ਅਤੇ ਬੌਧਿਕਤਾ ਤੋਂ ਦੂਰ ਕੇ ਉਸਨੂੰ ਸਤਹੀ ਪੱਧਰ ਦੇ ਸੁੱਖ ਸੁਆਦਾਂ ਉੱਤੇ ਲਾਇਆ ਜਾ ਰਿਹਾ ਹੈ ਜਿਸ ਦੇ ਨਤੀਜੇ ਵੱਜੋਂ ਸਰੀਰਕ ਪ੍ਰਦਸ਼ਨ, ਸੈਕਸ ਬਾਜ਼ਾਰ ਆਦਿ ਦੀ ਭਰਮਾਰ ਹੋ ਰਹੀ ਹੈ। ਉਹ ਪੂੰਜੀਵਾਦੀ ਸਿਸਟਮ ਦੀ ਚਕਾਚੌਂਧ ਤੋਂ ਪ੍ਰਭਾਵਿਤ ਨਹੀਂ ਹੁੰਦਾ ਬਲਕਿ ਆਪਣੇ ਚਿੰਤਨ ਰਾਹੀਂ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਜਾਪਾਨ ਵੱਲੋਂ ਅਪਣਾਏ ਆਰਥਿਕਤਾ ਦੇ ਮਾਡਲ ਅਧੀਨ ਜਾਪਾਨੀ ਮੱਧ-ਸ਼੍ਰੇਣੀ ਉੱਤੇ ਵਿਸ਼ਵੀਕਰਨ ਦੇ ਅਸਰ ਨੂੰ ਇੰਝ ਚਿਤਰਦਾ ਹੈ:

ਤਫ਼ਰੀਹ ਦਾ ਇਕ ਹੋਰ ਜ਼ਰੀਆ ਅਮਰੀਕੀ ਡਿਜ਼ਨੀਲੈਂਡ ਹੈ, ਜਿੱਥੇ ਮੈਨੂੰ ਲਿਜਾਇਆ ਗਿਆ। ਵੀਕਐਂਡ ਹੈ, ਜਾਪਾਨੀ ਲੋਕਾਂ ਦੀ ਭੀੜ ਹੈ। ਅਮਰੀਕੀ ਕਾਰਪੋਰੇਸ਼ਨਾ ਜੋ ਮੁਹੱਈਆ ਕਰਦੀਆਂ ਹਨ ਉਹਨੂੰ ਸਵੀਕਾਰ ਕੀਤਾ ਜਾਂਦਾ ਹੈ। ਇਕ ਬੰਦੇ ਲਈ ਤਿੰਨ ਹਜ਼ਾਰ ਯੈੱਨ ਟਿਕਟ ਖਰਚ ਕੇ ਦੇਖਣ ਨੂੰ ਵਾਹਯਾਤ ਕਿਸਮ ਦੇ ਦ੍ਰਿਸ਼ ਹਨ- ਸੁਪਨ ਸੰਸਾਰ ਦੀ ਤਰ੍ਹਾਂ, ਜੋ ਬੱਚਿਆਂ ਨੂੰ ਖੁਸ਼ ਕਰ ਸਕਦੇ ਹਨ। ਡਿਜ਼ਨੀਲੈਂਡ ਚ ਬੱਚਿਆਂ ਨਾਲੋਂ ਕਿਤੇ ਵੱਧ ਗਿਣਤੀ ਚ ਵੱਡੀ ਉਮਰ ਦੇ ਹਨ। ਅਮਰੀਕੀ ਤਰਜ਼ੇ ਜ਼ਿੰਦਗੀ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਹੈ।[5]

ਇਸ ਸਫ਼ਰਨਾਮੇ ਦਾ ਵੱਡਾ ਹਿੱਸਾ ਪੰਜਾਬੀ ਪਰਵਾਸੀ ਸੰਸਾਰ ਨਾਲ ਸੰਬੰਧਤ ਹੈ। ਪੰਜਾਬੀ ਬੰਦੇ ਦਾ ਪਰਵਾਸ ਨਾਲ ਰਿਸ਼ਤਾ ਲਗਭਗ ਇਕ ਸਦੀ ਪੁਰਾਣਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੱਛਮੀ ਦੇਸਾਂ ਵਿਚ ਵਧਦੀ ਮਜ਼ਦੂਰਾਂ ਦੀ ਮੰਗ ਨੇ ਆਰਥਿਕ ਸੰਕਟ ਝੱਲ ਰਹੇ ਪੰਜਾਬੀ ਬੰਦੇ ਦਾ ਧਿਆਨ ਇਨ੍ਹਾਂ ਦੇਸਾਂ ਵੱਲ ਖਿੱਚਿਆ। ਚੰਗੇ ਭਵਿੱਖ ਦੀ ਤਲਾਸ਼ ਵਿਚ ਜਾਇਜ਼/ ਨਾਜ਼ਾਇਜ ਤਰੀਕਿਆਂ ਰਾਹੀਂ ਪੰਜਾਬੀ ਬੰਦੇ ਨੇ ਇਨ੍ਹਾਂ ਮੁਲਕਾਂ ਦਾ ਰੁਖ਼ ਕੀਤਾ। ਇਸ ਪਰਵਾਸ ਨੇ ਕੁਝ ਹੱਦ ਤੱਕ ਪੰਜਾਬੀ ਬੰਦੇ ਦੀ ਆਰਥਿਕ ਹੁਲਾਰਾ ਦਿੱਤਾ ਜਿਸ ਦੇ ਨਤੀਜੇ ਵੱਜੋਂ ਆਰਥਿਕ/ਸਿਆਸੀ

ਕਾਰਨਾਂ ਕਰਕੇ ਪਰਵਾਸ ਪੰਜਾਬੀ ਬੰਦੇ ਦੀ ਠਾਹਰ ਵੱਜੋਂ ਉਭਰਿਆ। ਲੇਖਕ ਨੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਬੰਦੇ ਦੀਆਂ ਪ੍ਰਾਪਤੀਆਂ, ਸੰਕਟਾਂ, ਸੰਘਰਸ਼, ਇੱਛਾਵਾਂ, ਸੀਮਾਵਾਂ ਅਤੇ ਸੰਭਾਵਨਾਵਾਂ ਦਾ ਭਰਪੂਰ ਜ਼ਾਇਜਾ ਲਿਆ ਹੈ। ਉਸਨੇ ਪਰਵਾਸੀ ਪੰਜਾਬੀਆਂ ਦੀ ਵਿਕਸਿਤ ਪੂੰਜੀਵਾਦੀ ਅਰਥਚਾਰੇ ਵਿਚ ਮਕਾਨਕੀ ਜ਼ਿੰਦਗੀ, ਆਰਥਿਕਤਾ, ਪੀੜ੍ਹੀ-ਪਾੜ੍ਹਾ, ਭਵਿੱਖ ਦੀ ਚਿੰਤਾ, ਨਸਲਵਾਦ, ਪਛਾਣ ਦੇ ਸੰਕਟ, ਪਰਿਵਾਰਕ ਸੰਕਟ ਆਦਿ ਕਾਰਨ ਪੈਦਾ ਹੋਈ ਮਾਨਸਿਕ ਹਾਲਤ ਚਿਤਰ ਕੇ ਪੱਛਮੀ ਜੀਵਨ ਸ਼ੈਲੀ ਉੱਤੇ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ। ਪਰਵਾਸੀ ਬੰਦੇ ਨੇ ਦੇਸ਼ ਦੀ ਆਰਥਿਕ ਤੰਗੀ ਤੋਂ ਬਚਣ ਲਈ ਵਿਦੇਸ਼ਾਂ ਵਿਚ ਸ਼ਰਣ ਲਈ ਅਤੇ ਸਖ਼ਤ ਮਿਹਨਤ ਕੀਤੀ। ਉਹ ਪਰਵਾਸ ਵਿਚ ਬਿਲਾਂ ਦਾ ਭੁਗਤਾਨ ਕਰਦਿਆਂ ਲੰਘਦੀ ਜ਼ਿੰਦਗੀ, ਘਰ ਤੋਂ ਕੰਮ ਅਤੇ ਕੰਮ ਤੋਂ ਘਰ ਦੇ ਚੱਕਰ ਵਿਚ ਜੀਵਨ ਕੱਟ ਰਹੇ ਪਰਵਾਸ ਬੰਦੇ ਨੂੰ ਤਰਸ ਦਾ ਪਾਤਰ ਬਣਾ ਕੇ ਪੇਸ਼ ਕਰਦਾ ਹੈ। ਯਾਤਰਾ ਦੌਰਾਨ ਲੇਖਕ ਨੂੰ ਮਿਲੇ ਬਹੁਤੇ ਬੰਦੇ ਭਾਵੇਂ ਉੱਪਰੋਂ ਪਦਾਰਥਕ ਖੁਸ਼ਹਾਲੀ ਦਾ ਦਿਖਾਵਾ ਕਰਦੇ ਹਨ ਪਰ ਲੇਖਕ ਨੇ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਅਤੇ ਵਿਹਾਰ ਨੂੰ ਚਿਤਰ ਕੇ ਆਰਥਿਕ ਖੁਸ਼ਹਾਲੀ ਦੀ ਤਹਿ ਹੇਠਾਂ ਪਰਵਾਸੀ ਬੰਦੇ ਦੀ ਮਾਨਸਿਕ ਸਥਿਤੀ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। 'ਸਿਆਟਲ ਵਾਲਾ ਪ੍ਰੇਮ ਕੁਮਾਰ' ਕਾਂਡ ਵਿਚ ਜਿੱਥੇ ਉਹ ਪਰੇਮ ਕੁਮਾਰ ਅਤੇ ਉਸਦੇ ਪਰਿਵਾਰ ਦੇ ਪੂੰਜੀਵਾਦੀ ਵਿਵਸਥਾ ਵਿਚ ਕੀਤੇ ਲੱਕ ਤੋੜਵੇਂ ਸੰਘਰਸ਼ ਅਤੇ ਪਦਾਰਥਕ ਖੁਸ਼ਹਾਲੀ ਨੂੰ ਪੇਸ਼ ਕਰਦਾ ਹੈ ਉੱਥੇ ਹੀ ਮਸ਼ੀਨੀ ਤਰਜ਼ ਦੀ ਜਿੰਦਗੀ ਕਾਰਨ ਜ਼ਿੰਦਗੀ ਪ੍ਰਤੀ ਫ਼ੈਲੀ ਨੀਰਸਤਾ ਪਾਠਕ ਦੇ ਮਨ ਅੰਦਰ ਸਿਸਟਮ ਦੀ ਮੁਰਝਾਈ ਖੁਸ਼ਹਾਲੀ ਦਾ ਬਿੰਬ ਸਿਰਜਦਾ ਹੈ:

ਅਮਰੀਕਾ ਪੰਜਾਬੀ ਬੰਦੇ ਨੂੰ ਜੋ ਦਿੰਦਾ ਆਪਣੀਆਂ ਸ਼ਰਤਾਂ ਤੇ ਦੇਂਦਾ। ਬੰਦਾ ਸ਼ਰਤਾਂ ਪੂਰੀਆਂ ਕਰਦਾ ਆਪਣੀ ਬੁਨਿਆਦ ਤੋਂ ਟੁੱਟ ਜਾਂਦਾ । ਨਾ ਪਿਛਾਂਹ ਜੋਗਾ ਰਹਿੰਦਾ, ਨਾ ਪੂਰੀ ਤਰ੍ਹਾਂ ਅਮਰੀਕਾ ਦੀ ਤਕਦੀਰ ਵਿਚ ਸ਼ਰੀਕ ਹੋ ਸਕਦਾ। ਇਸ ਮੁਲਕ ਦੀ ਯੰਤਰਤਾ ਦਾ ਅੰਗ ਬਣਿਆ ਰਹਿੰਦਾ। ਦੋਨਾਂ ਥਾਵਾਂ ਨਾਲ ਪੂਰੀ ਤਰ੍ਹਾਂ ਨਾ ਜੁੜ ਸਕਣਾ ਉਹਨੂੰ ਹੁਲਾਸ ਤੋਂ ਮੁਕਤ ਕਰੀ ਰੱਖਦਾ। ਉਹਦਾ ਚਿਹਰਾ ਚਮਕਹੀਣ ਹੋਇਆ ਅਮਰੀਕੀ ਯੰਤਰਤਾ ਨੂੰ ਹੀ ਸੁਫ਼ਨੇ ਦੀ ਪੂਰਤੀ ਸਮਝਣ ਲੱਗ ਪੈਂਦਾ। ਅਮਰੀਕਾ ਉਹਦੇ ਲਈ ਸਿਰਫ਼ ਕੰਮ ਵਾਲੀ ਥਾਂ ਬਣ ਕੇ ਰਹਿ ਜਾਂਦੀ ਹੈ। ਆਲੇ-ਦੁਆਲੇ ਨਾਲ ਸਾਂਝ ਦੀ ਸੰਭਾਵਨਾ ਪੈਦਾ ਨਹੀਂ ਹੁੰਦੀ। ਰਫ਼ਤਾਰੀ ਜ਼ਿੰਦਗੀ ਹੀ ਉਹਨੂੰ ਚਲਦਾ ਫਿਰਦਾ ਰੱਖਦੀ ਹੈ।[6]

ਲੇਖਕ ਆਪਣੇ ਸਫ਼ਰ ਦੌਰਾਨ ਉਨ੍ਹਾਂ ਕਾਰਨਾਂ ਦੀ ਤਲਾਸ਼ ਵੱਲ ਰੁਚਿਤ ਨਜ਼ਰ ਆਉਂਦਾ ਹੈ ਜਿਨ੍ਹਾਂ ਕਰਕੇ ਬਿਨ੍ਹਾਂ ਆਰਥਿਕ ਮਜ਼ਬੂਰੀ ਤੋਂ ਵੀ ਪੰਜਾਬੀ ਬੰਦਾ ਪਰਵਾਸ ਨੂੰ ਤਰਜ਼ੀਹ ਦੇ ਰਿਹਾ ਹੈ। ਤਕਨਾਲੋਜੀ ਦੀ ਮਦਦ ਨਾਲ ਸਥਾਪਿਤ ਹੋਏ ਪੂੰਜੀਵਾਦੀ ਦੇਸ਼ਾਂ ਦੀ ਖੁਸ਼ਹਾਲੀ ਅਤੇ ਚਕਾਚੌਂਧ ਵਾਲੇ ਬਿੰਬ ਨੇ ਤੀਜੀ ਦੁਨੀਆਂ ਦੇ ਬੰਦੇ ਨੂੰ ਆਪਣੇ ਵੱਲ ਖਿੱਚਿਆ ਹੈ। ਨਿੱਜੀ ਅਜ਼ਾਦੀ, ਬਰਾਬਰਤਾ,

ਨਾਰੀਵਾਦ ਵਰਗੇ ਸੰਕਲਪਾਂ ਨੇ ਤੀਜੀ ਦੁਨੀਆਂ ਵਿਚ ਪਰੰਪਰਾ ਦੇ ਦਬਾਅ ਹੇਠ ਰਹਿ ਰਹੇ ਵਰਗਾਂ ਨੂੰ ਪਰਵਾਸ ਲਈ ਉਤਸ਼ਾਹਿਤ ਕੀਤਾ ਹੈ। ਡਾ. ਧਨਵੰਤ ਕੌਰ ਅਜੋਕੇ ਪਰਵਾਸ ਦਾ ਸੰਬੰਧ ਵਿਸ਼ਵੀਕਰਨ ਨਾਲ ਜੋੜਦੇ ਹੋਏ ਲਿਖਦੇ ਹਨ, "ਮੰਡੀ ਤੇ ਮੀਡੀਆ ਦੇ ਮੋਢਿਆਂ ਤੇ ਸਵਾਰ ਸੰਚਾਰ ਕ੍ਰਾਂਤੀ ਨੇ ਵਿਕਸਿਤ ਦੁਨੀਆਂ ਦੀ ਆਰਥਕ ਤਾਕਤ, ਪਦਾਰਥਕ ਬਹੁਲਤਾ, ਵਿਗਿਆਨਕ ਉਨਤੀ ਦੀ ਚਕਾਚੌਂਧ ਹੀ ਨਹੀਂ ਖਿਲਾਰੀ, ਮਨੁੱਖੀ ਅਧਿਕਾਰਾਂ, ਸਿੱਖਿਆ, ਸਿਹਤ ਅਥੇ ਮਨੁੱਖਤਾ ਦੇ ਭਵਿਖ ਪੱਖੋਂ ਵੀ ਉਨ੍ਹਾਂ ਦੇਸ਼ਾਂ ਦੀ ਉਤਮਤਾ ਦੇ ਅਕੱਟ ਪ੍ਰਮਾਣ ਲੱਭ ਲੱਭ ਕੇ ਲਿਆਂਦੇ ਹਨ। ਇਹੀ ਨਹੀਂ ਇਨ੍ਹਾਂ ਦੇ ਮੁਕਾਬਲੇ ਤੀਜੀ ਦੁਨੀਆ ਦੀ ਆਰਥਿਕ ਮੰਦਹਾਲੀ, ਬੇਰੁਜ਼ਗਾਰੀ, ਭੈੜਾ ਲੋਕਤੰਤਰ, ਭ੍ਰਿਸ਼ਟ ਤੇ ਨਾਕਸ ਪ੍ਰਬੰਧ ਬੁਰੀ ਤਰ੍ਹਾਂ ਭੰਡਿਆ ਜਾ ਰਿਹਾ ਹੈ।"[7] ਨਤੀਜੇ ਵੱਜੋਂ ਜਿੱਥੇ ਪਰਵਾਸ ਪਹਿਲਾਂ ਆਰਥਿਕ ਮਜ਼ਬੂਰੀਆਂ ਅਧੀਨ ਹੁੰਦਾ ਸੀ ਅੱਜ ਰੱਜਿਆ-ਪੁੱਜਿਆ ਰੁਜ਼ਗਾਰ ਪ੍ਰਾਪਤ ਪੰਜਾਬੀ ਬੰਦਾ ਵੀ ਪਰਵਾਸ ਕਰਨ ਲਈ ਤਤਪਰ ਹੈ ਭਾਵੇਂ ਅਮਰੀਕਾ ਵਿਚ ਕੋਈ ਵੀ ਕੰਮ ਕਰਨਾ ਕਿਉਂ ਨਾ ਪਵੇ। ਔਰਤ ਅਤੇ ਨਵੀਂ ਪੀੜ੍ਹੀ ਦਾ ਪਰਵਾਸ ਇਸੇ ਆਕਰਸ਼ਣ ਦਾ ਨਤੀਜਾ ਹੈ। ਸਫ਼ਰਨਾਮੇ ਵਿਚ ਮਰਦਾਂ ਨਾਲੋਂ ਔਰਤਾਂ ਦੀ ਸਥਿਤੀ ਵਧੇਰੇ ਠੀਕ ਨਜ਼ਰ ਆਉਂਦੀ ਹੈ। 'ਪੋਸਟ ਮਾਡਰਨ ਨਿਊ ਯੌਰਕ' ਕਾਂਡ ਵਿਚ ਪੰਜਾਬ ਵਿਚ ਡੈਟਿੰਸਟ ਅਮਰੀਕਾ ਵਿਚ ਮਸਾਜ ਦਾ ਕੰਮ ਕਰਦਾ ਹੈ। ਉਹ ਵਾਪਿਸ ਦੇਸ਼ ਮੁੜਨ ਦੀ ਇੱਛਾ ਰੱਖਦਾ ਹੈ ਪਰ ਉਸਦੀ ਪਤਨੀ ਅਤੇ ਬੱਚੇ ਵਧੇਰੇ ਸੰਤੁਸ਼ਟ ਨਜ਼ਰ ਆਉਂਦੇ ਹਨ। ਮੰਡੀ-ਕੀਮਤਾਂ ਅਧੀਨ ਬੰਦੇ ਦੀਆਂ ਅਸੀਮ ਇੱਛਾਵਾਂ ਉਸਨੂੰ ਪਰਵਾਸ ਵੱਲ ਧੱਕ ਰਹੀਆਂ ਹਨ। ਲੇਖਕ ਨੂੰ ਮਿਲਿਆ ਦਸਤਾਰਧਾਰੀ ਨੌਜਵਾਨ ਜੋ ਭਾਰਤੀ ਫੌਜ ਵਿਚ ਵਿੰਗ ਕਮਾਂਡਰ ਸੀ ਉੱਥੇ ਚੌਂਕੀਦਾਰੀ ਕਰਦਾ ਹੈ। ਲੇਖਕ ਦਾ ਇਸ਼ਾਰਾ ਇਸ ਗੱਲ ਵੱਲ ਵੀ ਹੈ ਕਿ ਪੰਜਾਬੀ ਬੰਦਾ ਸੂਖਮਤਾ, ਰਚਨਾਤਮਕ/ਬੌਧਿਕ ਆਸ਼ਿਆਂ ਤੋਂ ਕੋਰਾ ਹੋਣ ਕਰਕੇ ਪੂੰਜੀਵਾਦੀ ਪ੍ਰਵਚਨ ਅਧੀਨ ਪਦਾਰਥਕ ਉੱਨਤੀ ਨੂੰ ਹੀ ਆਪਣੇ ਜੀਵਨ ਦਾ ਉਦੇਸ਼ ਮੰਨਦਾ ਹੈ। ਪੱਛਮੀ ਦੇਸ਼ਾਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਉਹ ਅਮਰੀਕੀ ਤਰਜ਼ ਦੀ ਮਕਾਨਕੀ ਜ਼ਿੰਦਗੀ ਵਿਚ ਰਹਿਣ ਨੂੰ ਤਰਜ਼ੀਹ ਦਿੰਦਾ ਹੈ। ਪੰਜਾਬ ਵਿਚ ਸਰਕਾਰੀ ਕਾਲਜ ਦਾ ਲੈਕਚਰਾਰ ਆਪਣੀਆਂ ਪਦਾਰਥਕ ਇੱਛਾਵਾਂ ਕਾਰਨ ਪਰਵਾਸ ਨੂੰ ਤਰਜ਼ੀਹ ਦਿੰਦਾ ਹੈ ਜੋ ਉਸਦੀ ਸੂਖ਼ਮਤਾ ਅਤੇ ਬੌਧਿਕ ਕੰਗਾਲੀ ਵੱਲ ਇਸ਼ਾਰਾ ਹੈ:

ਉਹ ਜੁਆਬ ਦਿੰਦਾ: ਉੱਥੇ ਗੌਰਮਿੰਟ ਕਾਲਜ ਦੇ ਲੈਕਚਰਾਰ ਰਿਟਾਇਰ ਹੋ ਕੇ ਖਰੜ ਚ ਅੱਠ ਮਰਲੇ ਦਾ ਘਰ ਬਣਾ ਕੇ ਰਹਿਣ ਲੱਗ ਪੈਂਦਾ ਵੱਧ ਤੋਂ ਵੱਧ। ਹੋਰ ਉੱਥੇ ਕੀ ਹੈ? ਲਾਈਫ ਏਨੀ ਸਲੋਅ ਹੈ। ਮੈਂ ਸਲੋਅ ਲਾਈਫ਼ ਦੇ ਹੱਕ ਚ ਨਹੀਂ। ਖ਼ੂਨ ਠੰਡਾ ਕਰਦੀ ਐ ਸਲੋਅ ਲਾਈਫ। ਜ਼ਿੰਦਗੀ ਭਰ ਕੰਮ ਤੇ ਅਖੀਰ ਅੱਠ ਮਰਲੇ ਦਾ ਮੋਹਾਲੀ ਜ਼ਾਂ ਖਰੜ ਚ ਮਕਾਨ!...ਮੇਰੇ ਵੱਲ ਦੇਖੋ, ਪੰਜ ਸਾਲਾਂ

ਚ ਵੱਡਾ ਘਰ ਲੈ ਲਿਆ, ਸੱਤ ਬੈੱਡ ਰੂਮ ਨੇ। ਕਿਸ਼ਤ ਭਾਵੇਂ ਵੱਡੀ ਹੈ ਪਰ ਕੰਮ ਕਰਨ ਵਾਲੇ ਨੂੰ ਕਿਸ਼ਤ ਕੀ ਕਹਿੰਦੀ ਹੈ?[8]

ਗੁਰਬਚਨ ਇਸ ਸਫ਼ਰਨਾਮੇ ਵਿਚ ਪਰਵਾਸੀ ਬੰਦੇ ਦੇ ਮਾਨਸਿਕ ਧਰਾਤਲ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਪੰਜਾਬੀ ਬੰਦੇ ਦਾ ਸਭਿਆਚਾਰਕ ਅਵਚੇਤਨ ਅਤੇ ਪੱਛਮੀ ਦੇਸ਼ਾਂ ਦੀਆਂ ਕਦਰਾਂ-ਕੀਮਤਾਂ ਦੇ ਟਕਰਾਅ ਵਿਚ ਉਸਦਾ ਜੀਵਨ ਅਸਤ-ਵਿਅਸਤ ਨਜ਼ਰ ਆਉਂਦਾ ਹੈ। ਜਿੱਥੇ ਪਰਵਾਸੀ ਬੰਦਾ ਮੇਜ਼ਬਾਨ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਤੋਂ ਉਹ ਵਿੱਥ ਉੱਤੇ ਵਿਚਰਨਾ ਚਾਹੁੰਦਾ ਹੈ ਉੱਥੇ ਆਪਣੀ ਪ੍ਰਸੰਗਤਾ ਬਣਾਈ ਰੱਖਣ ਲਈ ਪੰਜਾਬੀ ਸਭਿਆਚਾਰਕ ਅਵਚੇਤਨ ਨਾਲ ਉਸਦਾ ਨਾਤਾ ਹੋਰ ਪੱਕਾ ਹੋ ਜਾਂਦਾ ਹੈ। ਡਾ. ਧਨਵੰਤ ਕੌਰ ਇਸ ਨੂੰ ਇਕ ਸਹਿਜ ਵਰਤਾਰਾ ਮੰਨਦੇ ਹੋਏ ਲਿਖਦੇ ਹਨ, "ਹਰ ਨਸਲ/ਧਰਮ ਦੇ ਸਮੂਹਿਕ ਅਵਚੇਤਨ ਵਾਂਗ ਪੰਜਾਬੀ ਡਾਇਸਪੋਰੇ ਦਾ ਇਹ ਫ਼ਿਕਰ ਅਤੇ ਚਾਅ ਬੜਾ ਕੁਦਰਤੀ ਅਤੇ ਸਹਿਜ ਹੈ ਕਿ ਉਹ ਪਰਾਈਆਂ ਧਰਤੀਆਂ ਤੇ ਆਪਣੀਆਂ ਧਾਰਮਿਕ ਸ਼ਨਾਖ਼ਤਾਂ ਬਰਕਰਾਰ ਹੀ ਨਹੀਂ ਰੱਖਣਾ ਚਾਹੁੰਦਾ ਸਗੋਂ ਆਪਣੀ ਅਗਲੇਰੀ ਪੀੜ੍ਹੀ ਵਿਚ ਵੀ ਨਿਰੰਤਰਤਾ ਚਾਹੁੰਦਾ ਹੈ।" ਅਜਾਇਬ ਸਿੰਘ ਸਕਾਟਲੈਂਡ ਦੀ ਗੋਰੀ ਔਰਤ ਨਾਲ ਵਿਆਹ ਕਰਵਾ ਕੇ ਉਸਨੂੰ "ਸਕਾਟਲੈਂਡ ਦੀ ਜੱਟੀ" ਦੱਸ ਕੇ ਆਪਣੀ ਜੱਟ ਹਉਮੇ ਨੂੰ ਅਮਰੀਕਾ ਵਿਚ ਕਾਇਮ ਰੱਖਣ ਦੇ ਆਹਰ ਵਿਚ ਹੈ। ਉਹ ਆਪਣੇ ਮੁੰਡੇ ਨੂੰ ਇਸ ਕਰਕੇ ਪੰਜਾਬ ਭੇਜ ਦਿੰਦਾ ਹੈ ਤਾਂ ਕਿ ਉਹ ਪੰਜਾਬੀ ਰਹਿਣੀ ਬਹਿਣੀ ਸਿੱਖ ਸਕੇ। 'ਸਿਆਟਲ ਡਾਇਰੀ' ਕਾਂਡ ਵਿਚ ਬਿੱਲੂ ਖਾਲਿਸਤਾਨ ਪੱਖੀ ਗੱਲਾਂ ਕਰਦਾ ਹੈ ਪਰ ਉਸਦੇ ਬੀਵੀ ਬੱਚੇ ਅਤੇ ਉਹ ਖੁਦ ਪੰਜਾਬ ਮੁੜਨਾ ਨਹੀਂ ਚਾਹੁੰਦੇ। ਇਸੇ ਤਰ੍ਹਾਂ ਖੱਬੇਪੱਖੀ ਧੜੇ ਨਾਲ ਸੰਬੰਧ ਰੱਖਣ ਵਾਲੇ ਆਗੂ ਜਿੱਥੇ ਪੰਜਾਬ ਵਿਚ ਇਨਕਲਾਬ ਦੀ ਗੱਲ ਕਰਦੇ ਹਨ ਦੂਜੇ ਪਾਸੇ ਇਨ੍ਹਾਂ ਪੂੰਜੀਵਾਦੀ ਦੇਸ਼ਾਂ ਵਿਚ ਆਪਣੇ ਬੱਚਿਆਂ ਨੂੰ ਸਥਾਪਤ ਕਰਨ ਦੇ ਆਹਰ ਵਿਚ ਹਨ। ਅਮਰੀਕੀ ਸਮਾਜ ਵਿਚ ਰਹਿੰਦਾ ਹੋਇਆ ਵੀ ਪੰਜਾਬੀ ਬੰਦਾ ਜਿਹਨੀ ਤੌਰ ਉੱਤੇ ਪੰਜਾਬ ਵਿਚ ਹੀ ਵਿਚਰਦਾ ਨਜ਼ਰ ਆਉਂਦਾ ਹੈ ਜਿਸ ਦਾ ਨਤੀਜਾ ਵੱਖ-ਵੱਖ ਜਾਤਾਂ ਦੇ ਨਾਂ ਉੱਤੇ ਗੁਰੂਦੁਆਰੇ, ਆਪਣੇ ਆਪ ਨੂੰ ਖਾਲਿਸਤਾਨ, ਕਾਮਰੇਡ ਅਤੇ ਸਾਹਿਤਕ ਧੜਿਆਂ ਨਾਲ ਜੋੜ ਕੇ ਦੇਖਣ ਵੱਜੋਂ ਨਿਕਲਦਾ ਹੈ। ਲੇਖਕ ਨੇ ਪਰਵਾਸੀ ਪੰਜਾਬੀਆਂ ਦੇ ਅੰਦਰ ਆਪਣੇ ਭਵਿੱਖ ਪ੍ਰਤੀ ਅਨਿਸ਼ਚਿਤਤਾ ਕਾਰਨ ਪੈਦਾ ਹੋਏ ਵਿਹਾਰ ਨੂੰ ਆਪਣੇ ਸਫ਼ਰਨਾਮੇ ਵਿਚ ਪਕੜਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ:

ਆਪਣੇ ਲੋਕ ਇਸ ਮੁਲਕ ਵਿਚ ਦਹਾਕਿਆਂ ਤੋਂ ਰਹਿ ਰਹੇ ਹਨ, ਫਿਰ ਵੀ ਏਥੋਂ ਨਾਲ ਜੁੜ ਨਹੀਂ ਸਕੇ। ਜੁੜ ਨਹੀਂ ਸਕੇ ਤਾਂ ਆਲੇ ਦੁਆਲੇ ਚੋ ਸੁਖ ਕਿਵੇਂ ਮਿਲ ਸਕਦਾ ਹੈ? ਇਨ੍ਹਾਂ ਨੂੰ ਆਪਣੇ ਬੰਦਿਆਂ ਨਾਲ ਲੜ ਕੇ ਸੁਖ ਮਿਲਦਾ ਹੈ ਜਾਂ ਉਨ੍ਹਾਂ ਨਾਲ ਲੜ ਕੇ, ਉਨਾਂ ਬਾਰੇ ਗੱਲਾਂ ਕਰਕੇ।[9]

ਇਕ ਲੇਖਕ/ਆਲੋਚਕ ਹੋਣ ਦੇ ਨਾਤੇ ਸਫ਼ਰ ਦੌਰਾਨ ਗੁਰਬਚਨ ਦਾ ਵਾਹ ਅਨੇਕਾਂ ਲੇਖਕਾਂ ਨਾਲ ਪੈਣਾ ਸੁਭਾਵਿਕ ਸੀ। ਉਸਦੀ ਵਿਦੇਸ਼ੀ ਯਾਤਰਾ ਬਹੁਤ ਹੱਦ ਤੱਕ ਇਨ੍ਹਾਂ ਪਰਵਾਸੀ ਸਾਹਿਤਕਾਰਾਂ ਉੱਤੇ ਨਿਰਭਰ ਹੈ ਪਰ ਉਹ ਇਸ ਦਬਾਅ ਅਧੀਨ ਆਪਣੀ ਵਿਚਾਰਧਾਰਈ ਪੁਜੀਸ਼ਨ ਨਹੀਂ ਬਦਲਦਾ। ਉਸਨੇ ਪਰਵਾਸੀ ਪੰਜਾਬੀ ਸਾਹਿਤ ਦੀ ਰਚਨਾ ਪ੍ਰਕਿਰਿਆ ਉੱਤੇ ਬੇਬਾਕ ਟਿੱਪਣੀਆਂ ਕੀਤੀਆਂ ਹਨ। ਉਹ ਪਰਵਾਸੀ ਸਾਹਿਤਕਾਰਾਂ ਵੱਲੋਂ ਮੇਜ਼ਬਾਨੀ ਦੇ ਬਦਲੇ ਸਾਹਿਤਕ ਜਗਤ ਵਿਚ ਸਥਾਪਿਤ ਹੋਣ ਦੀ ਲਾਲਸਾ ਦਾ ਜ਼ਿਕਰ ਥਾਂ-ਥਾਂ ਕਰਦਾ ਹੈ। ਪਰਵਾਸੀ ਸਾਹਿਤਕਾਰ ਸਵਰਨ ਚੰਦਨ ਲੇਖਕ ਤੋਂ ਇਹ ਆਸ ਰੱਖਦਾ ਹੈ ਕਿ ਉਸਦੇ ਨਾਵਲ ਬਾਰੇ ਕੁਝ ਲਿਖ ਕੇ ਜਾਵੇ। ਇਸੇ ਤਰ੍ਹਾਂ ਤਰਸੇਮ ਨੀਲਗਿਰੀ ਆਪਣੀ ਪ੍ਰਸਿੱਧੀ ਲਈ ਹਰਿਭਜਨ ਸਿੰਘ ਅਤੇ ਭਾਪਾ ਪ੍ਰੀਤਮ ਸਿੰਘ ਤੋਂ ਸੈਮੀਨਾਰ ਕਰਵਾਉਂਦਾ ਹੈ। ਹਰਿਭਜਨ ਸਿੰਘ ਦਰਸ਼ਨ ਬੁਲੰਦਵੀ ਵੱਲੋਂ ਦੋ ਹਫ਼ਤੇ ਕੀਤੀ ਮੇਜ਼ਬਾਨੀ ਬਦਲੇ ਆਪਣੀ ਕਿਤਾਬ ਦਾ ਸਮਰਪਣ ਉਸਦੇ ਨਾਂ ਕਰਦਾ ਹੈ। ਲੇਖਕ ਉਨ੍ਹਾਂ ਪਰਵਾਸੀ ਲੇਖਕਾਂ ਉੱਤੇ ਤਿੱਖੀ ਤਨਜ਼ ਕਸਦਾ ਹੈ ਜੋ ਪੂੰਜੀਵਾਦੀ ਕਦਰਾਂ-ਕੀਮਤਾਂ ਅਨੁਸਾਰ ਜਿੰਦਗੀਂ ਜਿਉਂਦੇ ਮਾਰਕਸਵਾਦੀ ਪ੍ਰਤੀਬੱਧਤਾ ਦਾ ਦਾਅਵਾ ਕਰਦੇ ਹਨ। 'ਹਾਈਗੇਟ ਮਾਰਕਸ ਦੀ ਕਬਰ' ਕਾਂਡ ਵਿਚ 'ਉਹ' ਪਾਤਰ ਭਾਵੇਂ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦਾ ਹੈ ਪਰ ਉਹ ਨਾਲ ਵਾਲੇ ਕਬਰਸਤਾਨ ਵਿਚ ਮਾਰਕਸ ਦੀ ਕਬਰ ਤੋਂ ਬੇਖ਼ਬਰ ਹੈ। ਵਿਦੇਸ਼ਾਂ ਵਿਚ ਸਾਹਿਤਕ ਧੜੇਬੰਦੀ, ਸੱਤਹੀ ਪੱਧਰ ਅਤੇ ਪੰਜਾਬੀ ਭਾਸ਼ਾ/ਸਾਹਿਤ ਦੇ ਨਾਂ ਉੱਤੇ ਹੁੰਦੀਆਂ ਕਾਨਫਰੰਸਾਂ ਉੱਤੇ ਵਿਅੰਗ ਕਰਦਾ ਹੋਇਆ ਲੇਖਕ ਲਿਖਦਾ ਹੈ:

ਜਿੰਨੇ ਧੜੇ ਉੱਨੀਆਂ ਕਾਨਫਰੰਸਾਂ। ਹਰ ਕਾਨਫਰੰਸ ਵਿਸ਼ਵ ਅਤੇ ਪ੍ਰਗਤੀਸ਼ੀਲ। ਰੰਗ-ਬਿਰੰਗੇ ਲੇਖਕੀ ਮੁਖੌਟੇ ਪਹਿਣੀ ਆਪਣੇ ਬੰਦੇ ਕਾਨਫਰੰਸਾਂ ਚੇ ਹਾਜ਼ਰ ਹੁੰਦੇ ਹਨ। ਸੈਲਫ਼-ਪ੍ਰਮੋਸ਼ਨੀ ਮੱਖ ਕਰੀਬ ਸਭ ਨੂੰ ਲੜਿਆ ਹੁੰਦਾ। ਜੀਹਨੂੰ ਮੱਖ ਦਾ ਡੰਗ ਗਹਿਰਾ ਲੱਗਾ ਹੁੰਦਾ ਉਹ ਉਨ੍ਹਾਂ ਜ਼ਿਆਦਾ ਦਸਵੰਧ ਕੱਢਦਾ, ਦੇਸ਼ ਤੋਂ ਇੰਟਰਨੈਸ਼ਨਲ ਬੁੱਧੀਜੀਵੀ ਮੰਗਵਾਂਦਾ।[10]

ਇਸ ਤਰ੍ਹਾਂ ਗੁਰਬਚਨ ਦਾ ਇਹ ਸਫ਼ਰਨਾਮਾ ਮਾਨਵ ਦੇ ਇਤਿਹਾਸ, ਵਰਤਮਾਨ ਅਤੇ ਭਵਿੱਖੀ ਚਿੰਤਨ ਨੂੰ ਕੇਂਦਰ ਵਿਚ ਰੱਖ ਕੇ ਕੀਤੀਆਂ ਯਾਤਰਾਵਾਂ ਦਾ ਦਸਤਾਵੇਜ਼ ਬਣ ਜਾਂਦਾ ਹੈ। ਉਹ ਜਿੱਥੇ ਪਰਵਾਸ ਦੀ ਖੁਸ਼ਹਾਲ ਜ਼ਿੰਦਗੀ ਪ੍ਰਤੀ ਅਨੇਕਾਂ ਧਾਰਨਾਵਾਂ ਰੱਦਦਾ ਪ੍ਰਤੀਤ ਹੁੰਦਾ ਹੈ ਉੱਥੇ ਵਿਸ਼ਵੀਕਰਨ ਅਧੀਨ ਸਮੁੱਚੀ ਦੁਨੀਆਂ ਅੰਦਰ ਪਸਰ ਰਹੀ ਜੀਵਨ ਸ਼ੈਲੀ ਉੱਤੇ ਅਨੇਕਾਂ ਸੁਆਲ ਪਾਠਕ ਦੇ ਮਨ ਵਿਚ ਪੈਦਾ ਕਰਨ ਵਿਚ ਸਫ਼ਲ ਰਹਿੰਦਾ ਹੈ। ਯਾਤਰਾ ਦੌਰਾਨ ਉਸਦੀ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਸਾਧਾਰਣ ਮਨੁੱਖ ਹੈ। ਵਿਕਾਸ ਦੇ ਨਾਂ ਉੱਤੇ ਹੋ ਰਿਹਾ ਮਨੁੱਖ ਦਾ ਲਘੂਕਰਨ ਸੰਵੇਦਨਸ਼ੀਲ ਪਾਠਕ ਦੇ ਮਨ ਨੂੰ ਟੁੰਬਦਾ ਹੈ। ਵਿਧਾਗਤ ਦ੍ਰਿਸ਼ਟੀ ਤੋਂ ਇਹ ਸਫ਼ਰਨਾਮਾ ਕਿਸੇ ਨਿਸ਼ਚਿਤ ਪਰਿਭਾਸ਼ਾ ਦੇ ਚੌਖਟੇ ਵਿਚ ਰੱਖਣਾ ਮੁਸ਼ਕਿਲ ਜਾਪਦਾ ਹੈ। ਲੇਖਕ ਦਿਨ, ਤਾਰੀਖ਼ ਦੇ

ਵੇਰਵੇ ਦੇ ਕੇ ਇਸ ਨੂੰ ਡਾਇਰੀ ਵਿਧਾ ਦੇ ਨੇੜੇ ਲੈ ਜਾਂਦਾ ਹੈ। ਪਰਵਾਸੀ ਲੇਖਕਾਂ ਨਾਲ ਸੰਬੰਧਤ ਯਾਤਰਾ ਬਿਰਤਾਂਤ ਰੇਖਾ-ਚਿੱਤਰ ਦੇ ਘੇਰੇ ਵਿਚ ਸ਼ਾਮਿਲ ਹੋ ਜਾਂਦੇ ਹਨ। ਉਸਨੇ ਭੂਗੋਲਿਕ ਤੱਥ ਅੰਕੜੇ ਦੇਣ ਦਾ ਬਹੁਤਾ ਉਚੇਚ ਨਹੀਂ ਕੀਤਾ ਪਰ ਯਾਤਰਾ ਅਧੀਨ ਸਥਾਨ ਦੇ ਇਤਿਹਾਸ ਵਿਚ ਵਧੇਰੇ ਦਿਲਚਸਪੀ ਲਈ ਹੈ। ਕਿਤੇ-ਕਿਤੇ ਇਤਿਹਾਸ ਵਰਨਣ ਦਾ ਸਫ਼ਰ ਉੱਤੇ ਭਾਰੂ ਪੈਣਾ ਪਾਠਕ ਨੂੰ ਰੜਕਦਾ ਵੀ ਹੈ। ਅੰਤਿਮ ਰੂਪ ਵਿਚ ਪੰਜਾਬੀ ਸਫ਼ਰਨਾਮੇ ਦੇ ਇਤਿਹਾਸ ਵਿਚ ਗੁਰਬਚਨ ਦੇ ਇਸ ਸਫ਼ਰਨਾਮੇ ਦਾ ਮਹੱਤਵ ਨਿਰਵਿਵਾਦ ਹੈ।

---

[1] ਰਛਪਾਲ ਕੌਰ ,*ਪੰਜਾਬੀ ਸਫ਼ਰਨਾਮਾ: ਸਰੂਪ ,ਸਿਧਾਂਤ ਤੇ ਵਿਕਾਸ* ,ਪਬਲੀਕੇਸ਼ਨ ਬਿਊਰੋ ,ਪੰਜਾਬੀ ਯੂਨੀਵਰਸਿਟੀ ,ਪਟਿਆਲਾ ,1997 ,ਪੰਨਾ .3

[2] ਸੁਰਜੀਤ ਸਿੰਘ ,*ਅਧਿਐਨ ਪਸਾਰ* ,ਪੰਨਾ .166

[3] ਗੁਰਬਚਨ ,*ਮਹਾਂਯਾਤਰਾ,* ਐਵਿਸ ਪਬਲੀਕੇਸ਼ਨਜ਼ ,ਦਿੱਲੀ ,2017 ,ਪੰਨਾ .20

[4] ਉਹੀ ,ਪੰਨਾ .32

[5] ਉਹੀ ,ਪੰਨਾ .104

[6] ਉਹੀ ,ਪੰਨਾ .270

[7] ਧਨਵੰਤ ਕੌਰ ,*ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ* ,ਆਰਸੀ ਪਬਲੀਕੇਸ਼ਨਜ਼ ,2018 ,ਨਵੀਂ ਦਿੱਲੀ ,ਪੰਨਾ .5

[8] ਗੁਰਬਚਨ ,*ਮਹਾਂਯਾਤਰਾ,* ਐਵਿਸ ਪਬਲੀਕੇਸ਼ਨਜ਼ ,ਦਿੱਲੀ ,2017 ,ਪੰਨਾ 262.

[9] ਉਹੀ ,ਪੰਨਾ .124

[10] ਉਹੀ ,ਪੰਨਾ .203

# ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਨਾਰੀ ਦੀ ਮਨੋਦਸ਼ਾ

**❑ ਗੁਰਪ੍ਰੀਤ ਕੌਰ**

ਜਸਵੰਤ ਸਿੰਘ ਕੰਵਲ ਦਾ ਜਨਮ ਪਿੰਡ ਢੁੱਡੀਕੇ (ਜ਼ਿਲਾ ਮੋਗਾ) ਵਿਖੇ ਸ੍ਰੀ ਮਾਹਲਾ ਸਿੰਘ ਦੇ ਘਰ ਹੋਇਆ। 1943 ਵਿੱਚ ਜਸਵੰਤ ਸਿੰਘ ਕੰਵਲ ਦਾ ਵਿਆਹ ਮੁਖਤਿਆਰ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਚਾਰ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ। ਕੰਵਲ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਉਸ ਨੇ ਦਸਵੀਂ ਦੀ ਜਮਾਤ ਪਾਸ ਨਹੀਂ ਕੀਤੀ ਪਰ ਗਿਆਨੀ ਜ਼ਰੂਰ ਕੀਤੀ ਹੋਈ ਸੀ। ਉਸ ਦੇ ਕਹਿਣ ਮੁਤਾਬਕ ਉਸ ਨੂੰ ਲਿਖਣ ਦੀ ਚੇਟਕ ਮਲਾਇਆ ਦੇ ਜੰਗਲਾਂ ਵਿੱਚ ਘੁੰਮਦਿਆਂ ਲੱਗੀ। ਉਹ ਆਪਣੀ ਲਿਖਣ ਕਲਾ ਨੂੰ 'ਮਲਾਇਆ ਦੀ ਸੌਗਾਤ' ਆਖਦਾ ਹੈ। ਉਸ ਦਾ ਪਹਿਲਾ ਪਿਆਰ ਇੱਕ ਚੀਨੀ ਮੁਟਿਆਰ ਸੀ, ਜੋ ਉਨ੍ਹਾਂ ਨਾਲ ਵਿਆਹ ਤਾਂ ਕਰਵਾਉਣਾ ਚਾਹੁੰਦੀ ਸੀ ਪਰ ਆਪਣਾ ਦੇਸ਼ ਨਹੀਂ ਸੀ ਛੱਡਣਾ ਚਾਹੁੰਦੀ। ਇਸੇ ਤਰ੍ਹਾਂ ਕੰਵਲ ਹੁਰੀਂ ਵੀ ਉਥੇ ਪੱਕੇ ਤੌਰ 'ਤੇ ਰਹਿਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਦੇ ਰਿਸ਼ਤੇ ਦਾ ਅੰਤ ਇਥੇ ਹੀ ਹੋ ਗਿਆ। ਉਨ੍ਹਾਂ ਨੇ ਵੀ ਰੋਜ਼ੀ ਰੋਟੀ ਦੀ ਖਾਤਰ ਮਲਾਇਆ ਵਿੱਚ ਚੌਕੀਦਾਰੀ ਵੀ ਕੀਤੀ ਤੇ ਆਪਣੇ ਪਿੰਡ ਦਿਆਂ ਖੇਤਾਂ ਵਿੱਚ ਆਪਣੇ ਛੋਟੇ ਭਰਾ ਨਾਲ ਹਲ ਵੀ ਵਾਹਿਆ। ਇਹ ਉਨ੍ਹਾਂ ਦਾ ਸੁਭਾਗ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਹੀ ਉਨ੍ਹਾਂ ਨੂੰ ਗੁਰੂ ਰਾਮਦਾਸ ਦੀ ਨਗਰੀ ਵਿੱਚ ਕਲਰਕੀ ਦੀ ਨੌਕਰੀ ਮਿਲ ਗਈ। ਉਥੇ ਹੀ ਰਹਿਣਾ, ਖਾਣਾ ਪੀਣਾ ਤੇ ਸਾਹਿਤਕ ਭੁੱਖ ਪੂਰੀ ਕਰਨ ਲਈ ਉਹ ਬਾਕੀ ਬਚਦਾ ਸਮਾਂ ਸ਼੍ਰੋਮਣੀ ਕਮੇਟੀ ਦੀ ਲਾਇਬਰੇਰੀ ਵਿੱਚ ਬਿਤਾਉਂਦੇ। ਇਥੇ ਹੀ ਉਨ੍ਹਾਂ ਨੂੰ ਦੁਨੀਆਂ ਦੀਆਂ ਸਭ ਤੋਂ ਵਧੀਆ ਕਿਤਾਬਾਂ, ਨਾਵਲ ਤੇ ਕਹਾਣੀਆਂ ਪੜ੍ਹੀਆਂ। ਜੀਵਨ ਕਣੀਆਂ ਦੇ ਪਬਲਿਸ਼ਰ ਨੇ ਹੀ ਉਨ੍ਹਾਂ ਨੂੰ ਨਾਵਲ ਲਿਖਣ ਵੱਲ ਪ੍ਰੇਰਿਤ ਕੀਤਾ। ਭਾਵੁਕ, ਕਾਵਿਕ, ਦਾਰਸ਼ਨਿਕ ਤੇ ਸੂਖਮ ਭਾਵੀ ਜਸਵੰਤ ਸਿੰਘ ਕੰਵਲ ਦਾ ਸਭ ਤੋਂ ਪਹਿਲਾ ਨਾਵਲ 'ਸੱਚ ਨੂੰ ਫਾਂਸੀ' 1944 ਵਿੱਚ ਪਾਠਕਾਂ ਦੇ ਹੱਥਾਂ ਵਿੱਚ ਆਇਆ। ਕੰਵਲ ਦਾ ਸਾਹਿਤਕ ਸਫਰ ਮਲਾਇਆ ਵਿੱਚ ਸ਼ੁਰੂ ਹੋਇਆ ਤੇ ਪੰਜਾਬ ਵਿੱਚ ਪ੍ਰਵਾਨ ਚੜ੍ਹਿਆ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕਿਸੇ ਗੈਰ-ਪੰਜਾਬੀ ਲੇਖਕ ਤੋਂ ਪ੍ਰਭਾਵਤ ਹੋ ਕੇ 1941-42 ਵਿੱਚ ਵਾਰਤਕ ਦੀ ਪਹਿਲੀ ਪੁਸਤਕ 'ਜੀਵਨ ਕਣੀਆਂ ਲਿਖੀ ਜਿਸ ਨੇ ਉਨ੍ਹਾਂ ਦੀ ਸਾਹਿਤ ਦੇ ਖੇਤਰ ਵਿੱਚ ਚਰਚਾ ਛੇੜ ਦਿੱਤੀ। ਪੰਜਾਬ ਦੀਆਂ ਵੱਖ-ਵੱਖ ਪੀੜ੍ਹੀਆਂ ਦੇ ਮੁੰਡੇ-ਕੁੜੀਆਂ ਨੂੰ ਜਿੰਨੀ ਊਰਜਾ ਕੰਵਲ ਦੇ ਪਾਤਰਾਂ ਨੇ ਦਿੱਤੀ, ਉਹ ਸ਼ਾਇਦ ਹੀ ਕਿਸੇ ਹੋਰ ਨਾਵਲਕਾਰ ਦੇ ਪਾਤਰਾਂ ਦੇ ਹਿੱਸੇ ਆਈ ਹੋਵੇ।

149ਪੰਜਾਬੀ ਨਾਵਲ ਦੇ ਦੂਜੇ ਦੌਰ ਵਿੱਚ ਧਰਮ ਦੀ ਜਗ੍ਹਾ ਸਮਾਜਿਕ ਸਮੱਸਿਆਵਾਂ ਕੇਂਦਰ ਵਿੱਚ ਆ ਜਾਂਦੀਆਂ ਹਨ ਅਤੇ ਇਹਨਾਂ ਦਾ ਹੱਲ ਆਦਰਸ਼ਵਾਦੀ ਪਾਤਰਾਂ ਦੀ ਸਿਰਜਣਾ ਨਾਲ ਕੀਤਾ ਜਾਂਦਾ ਹੈ। ਇਸ ਦੌਰ ਦਾ ਪਹਿਲਾ ਨਾਵਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੁਆਰਾ ਲਿਖਿਆ ਅਣਵਿਆਹੀ ਮਾਂ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ, ਪਵਿੱਤਰ ਪਾਪੀ, ਗਗਨ ਦਮਾਮਾ ਬਾਜਿਆ ਆਦਿ ਵੇਖੇ ਜਾ ਸਕਦੇ ਹਨ। ਸੰਤ ਸਿੰਘ ਸੇਖੋਂ ਨੇ ਲਹੂ ਮਿੱਟੀ ਅਤੇ ਬਾਬਾ ਉਸਮਾਨ ਵਰਗੇ ਨਾਵਲ ਲਿਖੇ। ਜਸਵੰਤ ਸਿੰਘ ਕੰਵਲ ਨੇ ਰੋਮਾਂਸਵਾਦੀ ਆਦਰਸ਼ਵਾਦੀ ਨਾਵਲ ਲਿਖੇ ਜਿਹਨਾਂ ਵਿੱਚ ਸੱਚ ਨੂੰ ਫ਼ਾਂਸੀ, ਪੂਰਨਮਾਸ਼ੀ, ਰਾਤ ਬਾਕੀ ਹੈ ਆਦਿ ਵੇਖੇ ਜਾ ਸਕਦੇ ਹਨ। ਇਹਨਾਂ ਤੋਂ ਬਿਨਾਂ ਸੁਰਿੰਦਰ ਸਿੰਘ ਨਰੂਲਾ ਅਤੇ ਨਰਿੰਦਰ ਪਾਲ ਸਿੰਘ ਵੀ ਇਸੇ ਦੌਰ ਦੇ ਨਾਵਲਕਾਰ ਹਨ। ਇਸ ਤਰ੍ਹਾਂ ਜਸਵੰਤ ਸਿੰਘ ਕੰਵਲ ਪੰਜਾਬੀ ਨਾਵਲ ਦੇ ਵਿਅਕਤੀਵਾਦੀ ਆਦਰਸ਼ਵਾਦੀ ਪ੍ਰਵਿਰਤੀ ਨਾਲ ਸੰਬੰਧਤ ਨਾਵਲਕਾਰ ਹੈ।

ਕੰਵਲ ਦੇ ਨਾਵਲ ਨਿਰੋਲ ਕਲਪਨਾ ਆਧਾਰਤ ਨਹੀਂ ਹੁੰਦੇ ਬਲਕਿ ਉਹ ਸਮਾਜ ਵਿਚ ਘਟਿਤ ਯਥਾਰਥਕ ਘਟਨਾਵਾਂ ਨੂੰ ਗਾਲਪਨਿਕਤਾ ਵਿਚ ਢਾਲ ਕੇ ਪੇਸ਼ ਕਰਦਾ ਹੈ। ਕੰਵਲ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਕਾਰਨ ਆਪਣੇ ਨਾਵਲਾਂ ਵਿਚ ਬੇਰੁਜ਼ਗਾਰੀ, ਕਿਰਤੀਆਂ ਦੀ ਲੁੱਟ ਖਸੁੱਟ, ਵਿਦਿਅਕ ਪ੍ਰਣਾਲੀ, ਭ੍ਰਿਸ਼ਟਾਚਾਰ ਵਰਗੀਆਂ ਬੁਰਾਈਆਂ ਦਾ ਅੰਤ ਅਤੇ ਸਮਾਜਵਾਦੀ ਸਮਾਜ ਦੀ ਸਿਰਜਣਾ ਵੱਲ ਰੁਚਿਤ ਹੁੰਦਾ ਹੈ। ਉਹ ਇਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਲਈ ਕਿਰਤੀਆਂ, ਕਿਸਾਨਾਂ, ਵਿਦਿਆਰਥੀਆਂ ਦੀਆਂ ਜਥੇਬੰਦੀਆਂ ਦੇ ਘੋਲ/ਸੰਘਰਸ਼ ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਹੱਥਲੇ ਪਰਚੇ ਦਾ ਮੂਲ ਪ੍ਰਯੋਜਨ ਕੰਵਲ ਦੇ ਨਾਵਲਾਂ ਵਿਚ ਵਿਆਪਕ ਨਾਰੀ ਪਾਤਰਾਂ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਲਈ ਜ਼ਰੂਰੀ ਹੈ ਉਸਦੇ ਨਾਵਲਾਂ ਵਿਚ ਵਿਆਪਕ ਨਾਰੀ ਸੰਸਾਰ ਦਾ ਹੀ ਅਧਿਐਨ ਕੀਤਾ ਜਾਵੇ।

ਜਸਵੰਤ ਕੰਵਲ ਦੇ ਨਾਵਲ ਰੂਪਧਾਰਾ ਵਿਚ ਇਸਤਰੀ ਦੇ ਜੀਵਨ ਨੂੰ ਬੇਬਾਕੀ ਨਾਲ ਚਿਤਰਿਆ ਹੈ। ਨਾਵਲ ਵਿਚ ਔਰਤ ਨੂੰ ਸਵੈ ਵਿਸ਼ਵਾਸ ਨਾਲ ਵਿਰੋਧੀ ਧਿਰ ਦਾ ਵਿਰੋਧ ਕਰਕੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਦੀ ਹੈ। ਜਗਰੂਪ ਕਿਸੇ ਵੀ ਔਕੜ ਵਿਚ ਅਡੋਲ ਰਹਿੰਦੀ ਹੈ ਅਤੇ ਅੰਤ ਨੂੰ ਮੰਜ਼ਿਲ ਪ੍ਰਾਪਤ ਕਰਦੀ ਹੈ। ਸੁਭਾਗ ਸੋਹੀ ਅਨੁਸਾਰ, "ਕੰਵਲ ਅਗਾਂਹਵਧੂ ਰੁਚੀਆਂ ਦਾ ਧਾਰਨੀ ਹੋਣ ਕਾਰਨ ਇਹ ਸਮਝਦਾ ਹੈ ਕਿ ਸਮਾਜ ਨੂੰ ਬਦਲਣ ਤੇ ਅਗਾਂਹ ਲੈ ਜਾਣ ਲਈ ਇਹ ਜ਼ਰੂਰੀ ਹੈ ਕਿ ਇਸਤ੍ਰੀ ਵੀ ਮਰਦ ਨਾਲ ਹਰ ਕੰਮ ਵਿੱਚ ਬਰਾਬਰ ਹਿੱਸਾ ਪਾਵੇ। ਇਸੇ ਲਈ ਕੰਵਲ ਨੇ ਕਿਸੇ ਨਾ ਕਿਸੇ ਪੱਖ ਤੋਂ ਸਮਾਜ ਦੇ ਇਸ ਸ਼ਕਤੀਸ਼ਾਲੀ, ਪਰ ਦਬੇ ਹੋਏ ਅੰਗ ਨੂੰ ਅੱਗੇ ਲਿਆਉਣ ਦਾ ਯਤਨ ਕੀਤਾ ਹੈ। ਰੂਪ ਧਾਰਾ ਨਾਵਲ ਮੂਲ ਰੂਪ ਵਿਚ ਇਸਤਰੀ ਦੇ ਜੀਵਨ ਦੇ ਦੁਆਲੇ ਹੀ ਘੁੰਮਦਾ ਹੈ। ਇਸਤਰੀ ਦੀਆਂ ਸਮੱਸਿਆਵਾਂ ਨੂੰ ਪੁਰਾਣੇ ਤੇ ਨਵੇਂ (ਮਾਲਣ ਤੇ ਜਗਰੂਪ) ਦੋਹਾਂ ਦ੍ਰਿਸ਼ਟੀ ਕੋਣਾਂ

ਤੋਂ ਪੇਸ਼ ਕੀਤਾ ਹੈ।"[1] ਇਸ ਤਰ੍ਹਾਂ ਉਹ ਨਾਵਲ ਦੇ ਆਰੰਭ ਵਿਚ ਹੀ ਔਰਤ ਦੀ ਮਾੜੀ ਸਥਿਤੀ ਨੂੰ ਪੇਸ਼ ਕਰ ਦਿੰਦਾ ਹੈ; ਜਿਵੇਂ ਲੱਕੜ ਨੂੰ ਘੁਣ ਖਾਂਦੀ ਹੈ, ਇਸ ਤਰਾਂ ਹੀ ਪੰਜਾਬ ਦੇ ਜੱਟਾਂ ਦੀਆਂ ਵਿਆਹੀਆਂ ਕੁੜੀਆਂ ਦੇ ਦਿਲ ਨੂੰ ਛੱਡ ਦੇਣ ਦਾ ਡਰ ਅੰਦਰੇ ਅੰਦਰ ਨੋਚਦਾ ਰਹਿੰਦਾ ਹੈ।"[2]

ਗੁਲਾਮ ਸਮਾਜ ਵਿੱਚ ਔਰਤ ਹੋਣਾ ਹੀ ਲਾਹਨਤ ਹੈ। ਜਨਮ ਸਮੇਂ ਪੱਥਰ, ਵਿਆਹ ਸਮੇਂ ਭਾਰ, ਵਿਆਹ ਪਿੱਛੋਂ ਵਗਦਾ ਨਸੂਰ ਤੇ ਜੇ ਬਦਕਿਸਮਤੀ ਨਾਲ ਮੁੜ ਕੁੜੀ ਨੂੰ ਜਨਮ ਦੇਣ ਦਾ ਗੁਨਾਹ ਕਰ ਬੈਠੇ, ਮਨਹੂਸ ਸਮਝੀ ਜਾਂਦੀ ਹੈ।[3] ਇਸ ਤਰ੍ਹਾਂ ਦੇ ਵਰਤਾਰੇ ਅੰਦਰ ਜਗਰੂਪ ਦੇ ਹੌਂਸਲੇ ਅਤੇ ਇਰਾਦੇ ਨੂੰ ਸਮਝਣਾ ਅਤਿ ਜ਼ਰੂਰੀ ਹੈ। ਪਹਿਲਾਂ ਔਰਤਾਂ ਆਰਥਕ ਤੌਰ ਤੇ ਮਰਦ ਦੀਆਂ ਗੁਲਾਮ ਹੋਣ ਕਾਰਨ ਉਸਨੂੰ ਅੰਨ ਦਾਤਾ ਮੰਨਦੀਆਂ ਸਨ ਅਤੇ ਉਸਦੇ ਹਰੇਕ ਚੰਗੇ ਮਾੜੇ ਕੰਮ ਨੂੰ ਚੁੱਪ ਚਾਪ ਸਹਿਣ ਕਰਦੀਆਂ ਸਨ ਪਰ ਅਜੋਕੇ ਸਮਾਜ ਵਿਚ ਔਰਤ ਨੇ ਇਹ ਸਮਝ ਲਿਆ ਹੈ ਕਿ ਮਰਦ ਦੇ ਅਨਿਆਂਇਕ ਵਤੀਰੇ ਤੋਂ ਬਚਣ ਲਈ ਪਹਿਲਾਂ ਆਰਥਕ ਤੌਰ ਤੇ ਆਤਮ ਨਿਰਭਰ ਹੋਣਾ ਜ਼ਰੂਰੀ ਹੈ।

ਕੰਵਲ ਨੂੰ ਪਿੰਡਾਂ ਦੇ ਭਾਈਚਾਰੇ ਦਾ ਗਿਆਨ ਹੈ ਇਕੋ ਪਿੰਡ ਦੇ ਪ੍ਰੇਮੀ ਪ੍ਰੇਮਿਕਾ (ਮੁੰਡਾ - ਕੁੜੀ) ਦਾ ਪਿਆਰ ਹਮੇਸ਼ਾ ਅਧੂਰਾ ਰਹਿੰਦਾ ਹੈ। ਇਸੇ ਕਾਰਨ ਚੰਨੋਂ, ਸ਼ਾਮੋ ਤੇ ਕਰਮਜੀਤ ਵਰਗੀਆਂ ਕੁੜੀਆਂ ਦੇ ਅਰਮਾਨ ਕੁਚਲੇ ਜਾਂਦੇ ਹਨ।"ਸਮਾਜ ਮੁੰਡੇ ਦੇ ਕਤਲ ਨੂੰ ਖਿਮਾਂ ਕਰ ਦਿੰਦਾ ਹੈ ਪਰ ਕਿਸੇ ਕੁੜੀ ਦੀ ਮਮੂਲੀ ਕੁਦਰਤੀ ਖੁੱਲ੍ਹ ਨੂੰ ਬਦਚਲਣ ਅਵੱਗਿਆ ਸਮਝ ਕੇ ਸਾਰੀ ਉਮਰ ਮੁਆਫ਼ ਨਹੀਂ ਕਰਦਾ।" ਕਰਮਜੀਤ ਇਸੇ ਕਠੋਰਤਾ ਕਾਰਨ ਹੀ ਆਪਣੇ ਬਾਪ ਕੋਲ ਸੱਚ ਕਹਿਣ ਤੋਂ ਕਤਰਾਉਂਦੀ ਹੈ।

ਕੰਵਲ ਦੇ ਨਾਵਲਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਹਰੇਕ ਉਮਰ ਦੇ ਨਾਰੀ ਪਾਤਰਾਂ (ਧੀ, ਨੂੰਹ, ਮਾਂ, ਸੱਸ, ਪਤਨੀ) ਨੂੰ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ ਪਰ ਉਸਨੇ ਹਰੇਕ ਨਾਰੀ ਪਾਤਰ ਨੂੰ ਸੰਘਰਸ਼ੀ ਪੇਸ਼ ਕੀਤਾ ਹੈ। ਇਸ ਤਰ੍ਹਾਂ ਨਾਵਲਕਾਰ ਨਾਰੀ ਪਾਤਰਾਂ ਨੂੰ ਭੂਤ ਵਿਚ ਦੁਖੀ, ਵਰਤਮਾਨ ਵਿੱਚ ਸੰਘਰਸ਼ੀ ਅਤੇ ਭਵਿੱਖ ਵਿੱਚ ਸੁਖੀ ਅਹਿਸਾਸ ਦੀ ਆਸ ਵਿੱਚ ਪੇਸ਼ ਕੀਤਾ ਹੈ।

ਅਜਿਹੇ ਸਮਾਜ ਵਿੱਚ ਜਿੱਥੇ ਔਰਤ ਦੇ ਸਾਰੇ ਸਾਕ ਸੰਬੰਧੀ ਹੋਣ ਦੇ ਬਾਵਜੂਦ ਵੀ ਉਸਦੀ ਸਥਿਤੀ ਤਰਸਯੋਗ ਹੈ ਉੱਥੇ ਵਿਧਵਾ ਔਰਤ ਦੀ ਜ਼ਿੰਦਗੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੈ। ਪੂਰਨਮਾਸ਼ੀ ਨਾਵਲ ਵਿਚ ਸੰਤੀ ਇਸ ਵਰਗ ਦੀਆਂ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਨਜ਼ਰ

---

[1] ਬਿਕਰਮ ਸਿੰਘ ਘੁੰਮਣ, ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ, ਪੰਨਾ-148

[2] ਜਸਵੰਤ ਕੰਵਲ, ਰੂਪ ਧਾਰਾ, ਪੰਨਾ-6

[3] ਜਸਵੰਤ ਕੰਵਲ, ਰੂਪ ਧਾਰਾ, ਪੰਨਾ-20

ਆਉਂਦੀ ਹੈ ਜਿਸਦਾ ਕਿਸੇ ਵੀ ਖੇਤਰ ਵਿਚ ਕੋਈ ਸਾਥ ਨਹੀਂ ਦਿੰਦਾ। ਇਸੇ ਲਈ ਨਾਵਲਕਾਰ ਦਾ ਮੰਨਣਾ ਹੈ ਕਿ "ਵਿਧਵਾ ਔਰਤ ਹੋਣਾ ਅਤੇ ਉਹ ਵੀ ਪੰਜਾਬ ਦੇ ਪਿੰਡਾਂ ਦੇ ਜੇ ਪਾਪ ਨਹੀਂ ਤਾਂ ਲਾਹਨਤ ਜ਼ਰੂਰ ਹੈ।" ਜੀਉਣਾ ਸੰਤੀ ਦੇ ਬੇਬੱਸੀ ਦੇਖ ਕੇ ਹੀ ਕਹਿੰਦਾ ਹੈ, "ਰੰਨ ਤੇ ਜ਼ਮੀਨ ਮਨ-ਮਰਜੀ ਨਾਲ ਵਰਤਾਂਗਾ।"

ਰੂਪ ਧਾਰਾ ਤੇ ਭਵਾਨੀ ਨਾਵਲ ਦੀਆਂ ਨਾਇਕਾਵਾਂ ਜ਼ੁਲਮ ਵਿਰੁੱਧ ਪ੍ਰਤੀਕਰਮ ਪੇਸ਼ ਕਰਦੀਆਂ ਹਨ। ਦੇਵੀ ਤੋਂ ਦੁਰਗਾ ਤੇ ਭਵਾਨੀ ਦੇ ਰੂਪ ਵਿੱਚ ਔਰਤ ਸਮਾਜ ਦੀਆਂ ਗਲਤ ਕੀਮਤਾਂ ਲਈ ਵੰਗਾਰ ਬਣ ਗਈ ਹੈ। ਕੰਵਲ ਨੇ ਇਨ੍ਹਾਂ ਪਾਤਰਾਂ ਰਾਹੀਂ ਹੀਣੇ ਪਾਤਰਾਂ ਦੀਆਂ ਆਤਮਾਵਾਂ ਨੂੰ ਝੰਜੋੜਨ ਦਾ ਉਪਰਾਲਾ ਕੀਤਾ ਹੈ। ਸਿੱਟਾ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਔਰਤ ਜਗਤ ਦੀ ਉਤਸ਼ਾਹ ਹੀਣਤਾ ਦੀ ਸਥਿਤੀ ਵਿਚ ਇਸ ਤਰ੍ਹਾਂ ਦੀ ਰਚਨਾਵਾਂ ਰਚਨ ਦਾ ਸਾਹਸੀ ਕਾਰਜ ਔਰਤ ਅਤੇ ਸਮਾਜ ਨੂੰ ਇੱਕ ਵੱਡੀ ਦੇਣ ਹੈ।

## ਸਹਾਇਕ ਪੁਸਤਕ ਸੂਚੀ

1. ਬਿਕਰਮ ਸਿੰਘ ਘੁੰਮਣ, ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ।
2. ਪ੍ਰੋ.ਰਵਿੰਦਪਾਲ ਕੌਰ, ਜਸਵੰਤ ਸਿੰਘ ਕੰਵਲ ਦੇ ਨਾਵਲ।
3. ਜਸਵੰਤ ਸਿੰਘ ਕੰਵਲ, ਰੂਪਧਾਰਾ।
4. ਓਹੀ, ਭਵਾਨੀ।
5. ਓਹੀ, ਪੂਰਨਮਾਸ਼ੀ।

**ਪੀਐਚ.ਡੀ, ਰਿਸਰਚ ਸਕਾਲਰ,**
**ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ।**
**ਸੰਪਰਕ-7006023518**

# ਭੁਪਿੰਦਰ ਸਿੰਘ ਰੈਨਾ ਰਚਿਤ ਨਾਵਲ 'ਇਨਸਾਫ ਕਿੱਥੇ ਹੈ' : ਇੱਕ ਵਿਸ਼ਲੇਸ਼ਣ

❑ ਚਰਨਜੀਤ ਸਿੰਘ

ਸਾਹਿਤ ਇਕ ਵਗਦਾ ਦਰਿਆ ਹੈ ਜਿਸ ਵਿਚ ਸਾਹਿਤਕਾਰ ਜਾਂ ਲੇਖਕ ਚੁਭੀ ਮਾਰ ਕੇ ਆਪਣੇ ਜਜ਼ਬਾਤਾਂ ਨੂੰ ਪਾਠਕਾਂ ਸਾਹਮਣੇ ਸਾਂਝਾ ਕਰਦਾ ਹੈ। ਨਾਵਲਕਾਰ ਭੁਪਿੰਦਰ ਸਿੰਘ ਰੈਨਾ ਰਚਿਤ ਨਾਵਲ 'ਇਨਸਾਫ ਕਿਥੇ ਹੈ' ਦਾ ਅਸੀਂ ਪੰਜਾਬੀ ਸਾਹਿਤ ਵਿੱਚ ਅਭਿਨੰਦਨ ਕਰਦੇ ਹਾਂ। ਭੁਪਿੰਦਰ ਸਿੰਘ ਰੈਣਾ ਕੋਈ ਨਵੀਂ ਪਹਿਚਾਣ ਦਾ ਮੁਹਤਾਜ ਨਹੀਂ ਹੈ ਕਿਉਂਕਿ ਇਕ ਲੇਖਕ ਆਪਣੇ ਆਲੇ ਦੁਆਲੇ ਦੇ ਸਮਾਜ ਨਾਲ ਜੁੜਿਆ ਹੁੰਦਾ ਹੈ ਉਹ ਸਮਾਜ ਅੰਦਰ ਘੱਟ ਰਹੀਆਂ ਸਮੱਸਿਆਵਾਂ, ਘਟਨਾਵਾਂ ਅਤੇ ਵਿਸੰਗਤੀਆਂ ਨੂੰ ਆਪਣੀ ਸੂਖਮ ਦ੍ਰਿਸ਼ਟੀ ਨਾਲ ਦੇਖ ਕੇ, ਪਰਖ ਕੇ, ਉਸ ਨੂੰ ਆਪਣੀ ਕਲਪਨਾ ਦੀ ਚਾਸ਼ਨੀ ਵਿੱਚ ਘੋਲ ਕੇ ਇੱਕ ਵਿਧਾ ਵਿਚ ਪਰੋ ਕੇ ਪਾਠਕਾਂ ਸਾਹਮਣੇ ਰੱਖਦਾ ਹੈ ਜਿਸ ਨਾਲ ਸਮਾਜ ਚੇਤੰਨ ਹੁੰਦਾ ਹੈ ਅਤੇ ਵਿਕਾਸ ਵਿਚ ਤੇਜ਼ੀ ਆਉਂਦੀ ਹੈ। ਪੰਜਾਬੀ ਸਿਰਜਨਾਤਮਕ ਸਾਹਿਤ ਵਿੱਚ ਭੁਪਿੰਦਰ ਸਿੰਘ ਰੈਨਾ ਨੇ ਜੰਮੂ - ਕਸ਼ਮੀਰ ਦੇ ਪੰਜਾਬੀ ਸਾਹਿਤ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਉਨਾਂ ਨੇ ਆਪਣੇ ਸਾਹਿਤਕ ਸਫਰ ਦੀ ਸ਼ੁਰੂਆਤ ਨਾਵਲ "ਸਦਰਾਂ ਦੀ ਡੋਲੀ" ਤੋਂ ਕੀਤੀ। ਇਸ ਤੋਂ ਬਾਅਦ ਦੋ ਨਾਟਕ "ਨਿਰਧਨ ਕੋ ਪਾਲੇ" ਅਤੇ "ਸਵੇਰ ਹੋਣ ਤੱਕ" ਦੀ ਰਚਨਾ ਕੀਤੀ। ਲਗਭਗ ਸਾਢੇ ਚਾਰ ਦਹਾਕੇ ਦੇ ਵਖਫੇ ਤੋਂ ਬਾਅਦ ਅੱਠ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਇਸ ਤੋਂ ਇਲਾਵਾ ਉਨਾਂ ਦੇ ਦੋ ਕਾਵਿ ਸੰਗ੍ਰਹਿ ਪੰਜਾਬੀ ਵਿਚ "ਰੇਤ ਤੇ ਪੈੜਾਂ" ਅਤੇ ਹਿੰਦੀ ਵਿਚ "ਰਕਤਿਮ ਤਾਂਡਵ" ਹਿੰਦੀ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ।

ਭੁਪਿੰਦਰ ਸਿੰਘ ਰੈਨਾ ਦੇ ਨਾਵਲਾਂ ਦੀ ਮੁੱਖ ਸੁਰ ਨਾਰੀ ਦੇ ਚੌਗਿਰਦੇ ਹੀ ਘੁੰਮਦੀ ਹੈ। ਨਾਰੀ ਦੇ ਸੰਘਰਸ਼/ਦੁਖਾਂਤ ਨੂੰ ਭੁਪਿੰਦਰ ਸਿੰਘ ਰੈਨਾ ਦੀ ਲੇਖਣੀ ਅਤੇ ਸ਼ੈਲੀ ਵਿੱਚ ਬਾਖੂਬੀ ਮਹਿਸੂਸ ਕੀਤਾ ਜਾ ਸਕਦਾ ਹੈ। ਲੇਖਕ ਦੁਆਰਾ ਰਚਿਤ ਨਾਵਲ "ਇਨਸਾਫ ਕਿੱਥੇ ਹੈ" ਇਸ ਰਚਨਾ ਵਿਚ ਨਾਰੀ ਨਾਲ ਹੁੰਦੇ ਵਿਤਕਰਿਆਂ ਨੂੰ ਨਾਵਲਕਾਰ ਨੇ ਬਹੁਤ ਹੀ ਵਧੀਆ ਢੰਗ ਨਾਲ ਬਿਆਨ ਕੀਤਾ ਹੈ। ਮੇਰਾ ਖੋਜ ਪੱਤਰ ਭੁਪਿੰਦਰ ਸਿੰਘ ਰੈਨਾ ਦੁਆਰਾ ਰਚਿਤ ਨਾਵਲ ਇਨਸਾਫ਼ ਕਿੱਥੇ ਹੈ : ਇੱਕ ਵਿਸ਼ਲੇਸ਼ਣ ਤੇ ਆਧਾਰਿਤ ਹੈ।

ਇਸ ਨਾਵਲ ਦੀ ਸ਼ੁਰੂਆਤ ਮੱਧ ਪ੍ਰਦੇਸ਼ ਦੇ ਇਕ ਸਧਾਰਨ ਅਤੇ ਆਰਥਿਕ ਤੌਰ ਤੇ ਕਮਜ਼ੋਰ ਕਨੈਆ ਦੇ ਪਰਿਵਾਰ ਤੋਂ ਆਰੰਭ ਹੁੰਦੀ ਹੈ ਜਿਸ ਨੂੰ ਇੱਕ ਅਮੀਰ ਘਰ ਦੀ ਅਤੇ ਉੱਚ ਜਾਤ ਦੀ ਸੀਮਾ ਕੁੜੀ ਨਾਲ ਪਿਆਰ ਹੋ ਜਾਂਦਾ ਹੈ। ਕਨੈਆ ਦੀ ਜਾਤ ਸਤਨਾਮੀ ਹੁੰਦੀ ਹੈ ਜੋ ਨੀਵੀਂ ਜਾਤ ਵਿੱਚ ਆਉਂਦੀ ਹੈ। ਸਦੀਆਂ ਤੋਂ ਸਾਡਾ ਸਮਾਜ ਇਸ ਵਰਗ ਵੰਡ ਦੀ ਸਮੱਸਿਆ ਨੂੰ ਹੰਢਾ ਰਿਹਾ ਹੈ। ਤੁਸੀਂ ਪੁਰਾਤਨ ਗ੍ਰੰਥ ਦੇਖ ਲਵੋ, ਇਤਿਹਾਸ ਪੜ੍ਹ ਲਵੋ, ਜਾਤ-ਪਾਤ ਦਾ ਰੋਲਾ ਸਦੀਆਂ ਪੁਰਾਣਾ ਹੈ। ਬ੍ਰਾਹਮਣ ਵਰਗ ਸ਼ੁਦਰਾਂ ਦੇ ਹੱਥਾਂ ਦਾ ਪਾਣੀ ਵੀ ਨਹੀਂ ਪੀਂਦੇ। ਭਾਰਤ ਵਿੱਚ ਜਾਤ-ਪਾਤ ਦਾ ਭੇਦ ਭਾਵ ਪੁਰਾਤਨ ਕਾਲ ਤੋਂ ਹੀ ਪ੍ਰਚਲਿਤ ਰਿਹਾ ਹੈ।

ਜਾਤ ਤੋਂ ਭਾਵ ਹੈ ਜਨਮ ਜਾਂ ਵੰਸ਼। ਹਿੰਦੂ ਵੇਦਾਂ ਅਨੁਦਾਰ ਇਕ ਮਿਥਿਹਾਸਕ ਕਥਾ ਮਿਲਦੀ ਹੈ ਜਿਸ ਅਨੁਸਾਰ ਪਰਮਾਤਮਾ ਦੀ ਨਾਭੀ 'ਚੋਂ ਬ੍ਰਹਮਾ ਦੀ ਉਤਪੱਤੀ ਹੋਈ ਤੇ ਅੱਗੇ ਬ੍ਰਹਮਾ ਦੇ ਮੂੰਹ ਵਿੱਚੋਂ ਬ੍ਰਾਹਮਣ, ਬਾਹਵਾਂ ਵਿੱਚੋਂ ਖਤਰੀ, ਹੱਥਾਂ ਵਿੱਚੋਂ ਵੈਸ਼ ਅਤੇ ਪੈਰਾਂ ਵਿੱਚੋਂ ਸ਼ੂਦਰ ਪੈਦਾ ਹੋਏ। ਇਸ ਲਈ ਸ਼ੂਦਰਾਂ ਨੂੰ ਨੀਵੀਂ ਜਾਤ ਵਾਲਾ ਮੰਨਿਆ ਜਾਂਦਾ ਰਿਹਾ ਹੈ। ਇਹੀ ਕਾਰਨ ਹੈ ਕਿ ਉਚੀ ਜਾਤ ਦੇ ਲੋਕਾਂ ਦਾ ਨੀਵੀ ਜਾਤ ਵਾਲਿਆਂ ਨਾਲ ਵਿਆਹ ਤਾਂ ਦੂਰ ਉਹਨਾਂ ਨਾਲ ਬੈਠਣਾ ਉਠਣਾ ਪਸੰਦ ਨਹੀਂ ਕਰਦੇ।

ਅਜਿਹਾ ਹੀ ਬਿਰਤਾਂਤ ਇਸ ਨਾਵਲ ਵਿੱਚੋਂ ਉਪਜਦਾ ਹੈ ਜਦੋਂ ਸੀਮਾ ਦੇ ਪਿਤਾ ਨੂੰ ਕਨੈਆ ਦੀ ਜਾਤ ਦਾ ਪਤਾ ਚੱਲਦਾ ਹੈ ਉਹ ਇਸ ਰਿਸ਼ਤੇ ਦੇ ਵਿਰੁੱਧ ਖੜਾ ਹੁੰਦਾ ਹੈ ਕਿਉਂਕਿ ਉਸ ਲਈ ਬ੍ਰਾਹਮਣ ਹੋਣਾ ਮਾਣ ਵਾਲੇ ਗੱਲ ਹੈ ਅਤੇ ਸਤਨਾਮੀ ਸ਼ਰਾਪ ਵਰਗਾ।

ਪਰ ਸੀਮਾ ਇਸ ਨਾਵਲ ਵਿਚ ਇਕ ਪੜ੍ਹੀ ਲਿਖੀ ਪਾਤਰ ਹੈ ਜੋ ਜਾਤ ਪਾਤ ਤੋਂ ਉਪਰ ਉਠ ਕੇ ਮਾਨਵਤਾ ਨੂੰ ਤਰਜੀਹ ਦਿੰਦੀ ਹੈ। ਇਸ ਦਾ ਸਪਸ਼ਟੀਕਰਨ ਨਾਵਲ ਵਿਚਲੀ ਗੱਲ ਬਾਤ ਰਾਹੀਂ ਸਾਹਮਣੇ ਆਉਦਾ ਹੈ:-

ਮੈਡਮ ਨੂੰ ਕਨੈਆ ਬੜਾ ਚੰਗਾ ਲਗਿਆ, ਬੋਲੀ "ਤੇਰੇ ਨਾਲ ਗੱਲ ਕਰਕੇ ਚੰਗਾ ਲਗਿਆ। ਤੂੰ ਬੜਾ ਸੱਚਾ ਸੁੱਚਾ ਬੰਦਾ ਲਗਿਆ ਹੈ ਮੈਨੂੰ। ਮੈਂ ਸੀਮਾ ਪਾਂਡੇ ਹਾਂ।"

"ਓਹ! ਤੁਸੀਂ ਬ੍ਰਾਹਮਣ ਹੋ? ਜੈ ਹੋਵੇ ਦੇਵੀ

ਤੇ ਤੂੰ ?"

"ਮੈਂ ਸਤਨਾਮੀ ਹਾਂ, ਛੋਟੀ ਜਾਤ ਹੈ।"

"ਪੜ੍ਹੇ-ਲਿਖੇ ਲੋਕ ਹੁਣ ਜਾਤ ਪਾਤ ਦਾ ਜ਼ਿਆਦਾ ਵਿਚਾਰ ਨਹੀਂ ਕਰਦੇ।" ਸੀਮਾ ਨੇ ਕਿਹਾ।

"ਸਾਡੇ ਸਮਾਜ ਵਿਚ ਤਾਂ ਬਹੁਤ ਵੀਚਾਰ ਕੀਤਾ ਜਾਂਦਾ ਹੈ। ਉੱਚੀ ਕੁਲ ਵਾਲੇ, ਸਾਡੇ ਹੱਥੋਂ ਪਾਣੀ ਦਾ ਘੁੱਟ ਵੀ ਨਹੀਂ ਪੀਂਦੇ।" ਕਨੈਆ ਨੇ ਕਿਹਾ।[1]

ਪਰ ਸੀਮਾ ਜਾਤ-ਪਾਤ ਤੋਂ ਉੱਪਰ ਉੱਠ ਕੇ ਕਨੈਆ ਨੂੰ ਪਿਆਰ ਕਰਦੀ ਹੈ। ਪਿਆਰ ਇਕ ਅਜਿਹਾ ਜਜ਼ਬਾ ਹੈ ਜੋ ਜਾਤ ਪਾਤ ਦੇ ਭੇਦ ਭਾਵ ਨੂੰ ਖਤਮ ਕਰਦਾ ਹੈ। ਵਿਆਹ ਤੋਂ ਬਾਅਦ ਸੀਮਾ ਦੀ ਜ਼ਿੰਦਗੀ ਦਾ ਸੰਘਰਸ਼ ਸ਼ੁਰੂ ਹੁੰਦਾ ਹੈ ਉਹ ਕਨੈਆ ਦੇ ਪਰਿਵਾਰ ਨੂੰ ਆਪਣਾ ਪਰਿਵਾਰ ਸਮਝਦੀ ਹੈ। ਸੀਮਾ ਘਰੋ ਭਜਣ ਲੱਗਿਆਂ ਨਕਦੀ ਅਤੇ ਗਹਿਣੇ ਆਪਣੇ ਨਾਲ ਲੈ ਜਾਂਦੀ ਹੈ ਉਸ ਨਾਲ ਸੀਮਾ ਨੇ ਕਨੈਆ ਦੇ ਪਰਿਵਾਰ ਦੀ ਆਰਥਿਕ ਮੱਦਦ ਵੀ ਕਰਦੀ ਹੈ ਅਤੇ ਆਪਣੀ ਨਨਾਣ ਤੇ ਜੇਠ ਦਾ ਵਿਆਹ ਵੀ ਕਰਵਾਉਦੀ ਹੈ। ਸੀਮਾ ਇੱਕ ਪੜ੍ਹੀ ਲਿਖੀ ਕੁੜੀ ਸੀ, ਉਸਦਾ ਵਿਸ਼ਵਾਸ ਸੀ ਕਿ ਉਹ ਸਭ ਕੁਝ ਬਦਲ ਦੇਵੇਗੀ ਆਪਣੀ ਨਵੀਂ ਤੇ ਵੱਖਰੀ ਪਛਾਣ ਸਥਾਪਿਤ ਕਰੇਗੀ ਅਤੇ ਊਚ ਨੀਚ ਦਾ ਭੇਦ ਭਾਵ ਮਿਟਾ ਕੇ ਕਨੈਆ ਦੇ ਘਰ ਦੀ ਆਰਥਿਕ ਮੱਦਦ ਕਰਕੇ ਆਪਣੀ ਇੱਜ਼ਤ ਅਤੇ ਸਵੈਮਾਨ ਕਾਇਮ ਰੱਖੇਗੀ।

ਇਸ ਨਾਵਲ ਦਾ ਇਕ ਪੱਖ ਔਰਤ ਦਾ ਦ੍ਰਿੜ ਨਿਸ਼ਚਾ ਹੈ ਜੋ ਪ੍ਰੇਮ ਵਿਆਹ ਲਈ ਕਦਮ ਚੁੱਕਣ ਤੋਂ ਬਾਅਦ ਆਪਣੇ ਸਹੁਰੇ ਪਰਿਵਾਰ ਨੂੰ ਆਪਣੀ ਮਿਹਨਤ ਅਤੇ ਸੂਝ ਬੂਝ ਨਾਲ ਖੁਸ਼ਹਾਲ ਬਣਾਉਂਦੀ ਹੈ।ਪਰੰਤੂ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਕਨੈਆ ਦੀ ਟੈਕਸੀ ਵਿੱਚ ਕੁਝ ਚੋਰ ਬੈਠ ਜਾਂਦੇ ਹਨ ਪੁਲਿਸ ਦੇ ਡਰ ਤੋਂ ਚੋਰ ਨਕਦੀ ਨੂੰ ਕਨੈਆ ਦੀ ਟੈਕਸੀ ਵਿੱਚ ਛੱਡ ਕੇ ਭਜ ਜਾਂਦੇ ਹਨ। ਪਰ ਪੁਲਿਸ ਕਨੈਆ ਨੂੰ ਗਿਰਫ਼ਤਾਰ ਕਰਕੇ ਲੈ ਜਾਂਦੀ ਹੈ। ਪਰੰਤੂ ਉਸ ਵੇਲੇ ਸੀਮਾ ਦਾ ਪਿਤਾ ਗਿਰਧਰ ਪਾਂਡੇ ਉਸਦੀ ਜਮਾਨਤ ਕਰਵਾ ਦਿੰਦਾ ਹੈ। ਕਹਿੰਦੇ ਹਨ ਬੱਚੇ ਸੋ ਗਲਤੀਆਂ ਕਰਨ ਤੇ ਮਾਂ-ਪਿਓ ਮਾਫ ਕਰ ਦਿੰਦੇ ਹਨ ਸੀਮਾ ਦੇ ਪਿਓ ਨੇ ਵੀ ਆਪਣੇ ਹਉਮੈ ਤਿਆਗ ਕੇ ਸੀਮਾ ਅਤੇ ਕਨੈਆ ਨੂੰ ਅਪਣਾ ਲੈਂਦਾ ਹੈ।

ਦੋਵਾਂ ਦੀ ਜ਼ਿੰਦਗੀ ਪਹਿਲਾਂ ਵਾਂਗ ਸ਼ੁਰੂ ਹੋ ਜਾਂਦੀ ਹੈ। ਪਰ ਕਨੈਆ ਦੀ ਜ਼ਿੰਦਗੀ ਵਿੱਚ ਇੱਕ ਤੂਫਾਨ ਉਸਨੂੰ ਆਪਣੀ ਚਪੇਟ ਵਿੱਚ ਲੈਣ ਲਈ ਤਿਆਰ ਸੀ। ਸ਼ਹਿਰ ਤੋਂ ਵੀਹ-ਪੰਜੀ ਕਿਲੋਮੀਟਰ ਉੜੀਆ ਰਾਜ ਮਾਰਗ ਤੇ ਇੱਕ ਧਨਾੜ ਸੇਠ ਦੀ ਦੁਕਾਨ ਸੀ। ਇੱਕ ਦਿਨ ਕੁਝ ਡਾਕੂਆਂ ਨੇ ਉਸ ਦੇ ਘਰ ਹਮਲਾ ਕਰ ਦਿੱਤਾ। ਉਸ ਦੇ ਪਰਿਵਾਰ ਵਿੱਚ ਉਸਦੀ ਵਹੁਟੀ, ਨੂੰਹ-ਪੁਤਰ ਨੂੰ ਗੋਲੀ ਮਾਰ ਕੇ ਉਸਦੇ ਘਰੋਂ ਸਾਰੀ ਨਕਦੀ ਅਤੇ ਗਹਿਣੇ ਲੁੱਟ ਕੇ ਲੈ ਜਾਂਦੇ ਹਨ। ਸਾਰੇ ਸ਼ਹਿਰ ਵਿੱਚ ਇਸ ਵਾਰਦਾਤ ਦੀ ਚਰਚਾ ਫੈਲ ਜਾਂਦੀ ਹੈ। ਪੁਲਿਸ ਡਾਕੂਆਂ ਦੀ ਤਲਾਸ਼ ਵਿੱਚ ਕਾਰਜਸ਼ੀਲ ਹੋ ਜਾਂਦੀ ਹੈ। ਪਰੰਤੂ ਪੁਲਿਸ ਨੂੰ ਸਫਲਤਾ ਨਹੀਂ ਮਿਲਦੀ ਅਤੇ ਆਪਣੇ ਆਪ ਨੂੰ ਬਚਾਉਣ ਲਈ ਕਨੈਆ ਨੂੰ ਇਸ ਵਾਰਦਾਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਇਸ ਨਾਵਲ ਵਿੱਚ ਸਾਡੀ ਭਾਰਤੀ ਨਿਆਂ ਪ੍ਰਣਾਲੀ ਉੱਤੇ ਪ੍ਰਸ਼ਨਚਿੰਨ ਉਠਾਇਆ ਗਿਆ ਹੈ ਕਿ ਕਿਵੇਂ ਪੁਲਿਸ ਪ੍ਰਸ਼ਾਸਨ ਵੱਲੋਂ ਆਪਣੀ ਪੁਜ਼ੀਸ਼ਨ ਨੂੰ ਕਾਇਮ ਰੱਖਣ ਲਈ ਕਨੈਆ ਨੂੰ ਬਲੀ ਦਾ ਬਕਰਾ ਬਣਾਇਆ ਜਾਂਦਾ ਹੈ। ਸਾਡੀ ਨਿਆਂ ਪ੍ਰਣਾਲੀ ਹੀ ਕੁਝ ਇਸ ਤਰ੍ਹਾਂ ਦੀ ਹੈ ਕਿ ਇੱਥੇ ਕਈ ਸਾਲਾਂ ਤੱਕ ਫੈਸਲੇ ਨਹੀਂ ਸੁਣਾਏ ਜਾਂਦੇ ਹਨ। ਭਾਵੇਂ ਮਨੁੱਖ ਇਸ ਜਦੋ ਜਹਿਦ ਵਿੱਚ ਸੰਸਾਰ ਤੋਂ ਹੀ ਤੁਰ ਜਾਏ। ਨਾਵਲਕਾਰ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਇਸ ਮਸਲੇ ਨੂੰ ਸਾਹਮਣੇ ਲਿਆਉਂਦਾ ਹੈ ਜੋ ਅਜੋਕੇ ਸਮੇਂ ਵਿੱਚ ਵੀ ਵਾਪਰ ਰਿਹਾ ਹੈ।

ਇਸ ਨਾਵਲ ਵਿੱਚ ਜਾਤ ਪਾਤ ਦੇ ਗੰਭੀਰ ਅਤੇ ਸੰਜੀਦਾ ਮਸਲੇ ਉੱਤੇ ਵੀ ਚਾਨਣਾ ਪਾਇਆ ਗਿਆ ਹੈ। ਸਾਡੇ ਸਮਾਜ ਵਿੱਚ ਅੱਜ ਵੀ ਵਿਆਹ ਸਮੇਂ ਜਾਤ ਗੋਤ ਵੇਖੀ ਜਾਂਦੀ ਹੈ। ਪੁਰਾਤਨ ਸਮੇਂ ਤੋਂ ਹੀ ਸਾਡਾ ਸਮਾਜ ਇਸ ਸਮੱਸਿਆ ਨਾਲ ਜੂਝ ਰਿਹਾ ਹੈ ਜਾਤ ਪਾਤ ਦਾ ਵਿਤਕਰਾ ਸਾਡੇ ਸਮਾਜ ਨੂੰ ਖੋਖਲਾ ਕਰ ਰਿਹਾ ਹੈ।

ਨਾਵਲਕਾਰ ਨਾਰੀ ਦੀ ਦੁਖਾਂਤਕ ਸਥਿਤੀ ਨੂੰ ਨਾਵਲ ਵਿੱਚ ਬੜੇ ਕਲਾਤਮਕ ਢੰਗ ਨਾਲ ਬਿਆਨ ਕਰਦਾ ਹੈ। ਨਾਰੀ ਕਿਵੇਂ ਇਸ ਨਾਵਲ ਵਿੱਚ ਅੰਤ ਤੱਕ ਦੁਖਾਂਤ ਭੋਗਦੀ ਹੈ। ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਅੱਜ ਵੀ ਔਰਤ ਨੂੰ ਆਪਣੇ ਮਤਲਬ ਲਈ ਵਰਤਿਆ ਜਾਂਦਾ ਹੈ। ਕਾਮ ਦੀ ਤ੍ਰਿਪਤੀ ਲਈ ਔਰਤ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਸਾਡੇ ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨਾਲ ਧੱਕਾ ਕੋਈ ਨਵੀਂ ਗੱਲ ਨਹੀਂ ਹੈ ਪਰ ਇਨਸਾਫ ਨਾ ਮਿਲਣਾ ਵੱਡੀ ਗੱਲ ਹੈ। ਅਜਿਹੇ ਧੱਕੇ ਦੀ ਸ਼ਿਕਾਰ ਇਸ ਨਾਵਲ ਦੀ ਮੁੱਖ ਪਾਤਰ ਸੀਮਾ ਹੁੰਦੀ ਹੈ। ਇਹ ਸਿਰਫ ਸੀਮਾ ਨਹੀਂ ਹੈ- ਸੀਤਾ ਏ, ਦਰੋਪਤੀ ਏ ਅਤੇ ਹਰ ਯੁਗ ਵਿੱਚ ਉਸਦੀ ਪੱਤ ਉਤੇ ਹਮਲੇ ਹੁੰਦੇ ਰਹੇ ਹਨ। ਅਜਿਹਾ ਹੀ ਕੁਝ ਸੀਮਾ ਨਾਲ ਵਾਪਰਦਾ ਹੈ। ਔਰਤ ਦੇ ਕਈ ਰੂਪ ਹਨ- ਮਾਂ, ਭੈਣ, ਪਤਨੀ ਆਦਿ ਇਸ ਨੂੰ ਜਗਤ ਜਨਨੀ, ਗ੍ਰਹਿ ਲਛਮੀ ਅਤੇ ਦੇਵੀ ਨਾਲ ਸਤਿਕਾਰਿਆ ਜਾਂਦਾ ਹੈ। ਇਹ ਨਾ ਕੇਵਲ ਇੱਕ ਘਰ ਨੂੰ ਬਣਾਉਣਦੀ ਹੈ ਸਗੋਂ ਇੱਕ ਸੱਭਯਕ ਸਮਾਜ ਦੀ ਸਿਰਜਨਾ ਵਿੱਚ ਵੀ ਆਪਣਾ ਭਰਪੂਰ ਯੋਗਦਾਨ ਦਿੰਦੀ ਹੈ। ਭਾਵੇਂ ਉਹ ਕਿਸੇ ਵੀ ਰੂਪ ਵਿੱਚ ਕਿਉਂ ਨਾ ਹੋਵੇ। ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਇਸ ਸੰਸਾਰ ਵਿੱਚ ਜੇ ਔਰਤ ਦਾ ਵਜੂਦ ਨਾ ਹੁੰਦਾ ਤਾਂ ਮਰਦ ਦੀ ਹੋਂਦ ਵੀ ਸੰਭਵ ਨਹੀਂ ਸੀ ਹੋ ਸਕਦੀ। ਭਾਵ ਔਰਤ ਅਤੇ ਮਰਦ ਇੱਕ ਦੂਜੇ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੇ। ਪਰ ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਕਾਮ ਵਾਸ਼ਨਾ ਦੀ ਨਜ਼ਰ ਨਾਲ ਹੀ ਵੇਖਿਆ ਜਾਦਾਂ ਰਿਹਾ ਹੈ। ਇਸ ਨਾਵਲ ਦਾ ਪਾਤਰ ਦਿਵੇਦੀ ਜੋ ਪੁਲਿਸ ਅਧਿਕਾਰੀ ਹੈ ਆਪਣੇ ਕਿੱਤੇ ਦਾ ਨਜਾਇਜ਼ ਫਾਇਦਾ ਉਠਾਉਂਦਾ ਹੋਇਆ ਸੀਮਾ ਅਤੇ ਉਸਦੀ ਬੇਟੀ ਸ਼ੰਕਰੀ ਦੀ ਇੱਜ਼ਤ ਨਾਲ ਖੇਡਦਾ ਹੈ। ਦਰਅਸਲ ਔਰਤ ਨਾਲ ਹੋਣ ਵਾਲੇ ਸ਼ੋਸ਼ਣ ਦਾ ਇੱਕ ਮੁੱਖ ਕਾਰਨ ਆਰਥਿਕਤਾ ਵੀ ਹੈ ਸੀਮਾ ਵੀ ਆਰਥਿਕ ਮੰਦਹਾਲੀ ਕਾਰਨ ਹੀ ਉਸ ਨਾਲ ਵਿਭਚਾਰ ਕਰਦੀ ਹੈ।

ਪਰ ਇਸ ਦੇ ਬਾਵਜੂਦ ਵੀ ਉਹ ਕਨੈਆ ਨੂੰ ਛਡਾਉਣ ਵਿੱਚ ਅਸਫਲ ਰਹਿ ਜਾਂਦੀ ਹੈ। ਨਾਵਲਕਾਰ ਨੇ ਸੀਮਾ ਦੇ ਅੰਦਰਲੇ ਮਾਨਸਿਕ ਤਨਾਓ ਨੌ ਬੜੀ ਹੀ ਗਹਿਰਾਈ ਨਾਲ ਦਰਸਾਇਆ ਹੈ। ਇਸ ਨਾਵਲ ਵਿੱਚ ਨਾਰੀ ਨੂੰ ਮਾਨਵ ਤੋਂ ਵਸਤੂ ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਉਸਦੇ ਵਿਅਕਤੀਤਵ ਦੀ ਪਹਿਚਾਣ ਨੂੰ ਦਿਵੇਦੀ ਵੱਲੋਂ ਕੁਚਲਿਆ ਗਿਆ ਹੈ।

"ਹੁਣ ਦਿਵੇਦੀ ਜੀ ਬਚਾਉਣ ਲਈ ਕੀ ਬਚਿਆ ਹੈ। ਪਤਿਤ ਹੋਈ ਹਾਂ...

ਅਪਵਿੱਤਰ ਹੋਈ ਹਾਂ... ਤੁਸੀਂ ਇਕ ਵਾਰ ਛੱਲ ਕੀਤਾ, ਕਪਟ ਕੀਤਾ। ਹੁਣ ਤੁਹਾਡੇ

ਉੱਤੇ ਕੋਈ ਵਿਸ਼ਵਾਸ ਨਹੀਂ ਰਿਹਾ। ਤੁਸੀਂ ਮੈਨੂੰ ਇਹੋ ਜਿਹੇ ਸਾਗਰ ਵਿਚ ਧੱਕਾ ਦਿੱਤਾ ਹੈ

ਜਿੱਥੇ ਨਾ ਕੋਈ ਕਿਸ਼ਤੀ ਹੈ ਨਾ ਕੋਈ ਖੇਵਨ ਹਾਰ ਹੈ ਤੇ ਨਾ ਕੋਈ ਕਿਨਾਰਾ।

ਉਸ ਸਾਗਰ ਵਿਚ ਮੇਰਾ ਡੁੱਬਣਾ ਤੈਅ ਹੈ।"[2]

ਪਰ ਫਿਰ ਵੀ ਸੀਮਾ ਕਨੈਆ ਨੂੰ ਫਾਂਸੀ ਦੀ ਸਜ਼ਾ ਤੋਂ ਨਹੀਂ ਬਚਾ ਸਕਈ। ਪਰ ਸੀਮਾ ਦੀ ਆਤਮਾ ਉਸ ਵੇਲੇ ਵਲੂੰਦਰੀ ਜਾਂਦੀ ਹੈ ਜਦੋਂ ਦਿਵੇਦੀ ਉਸਦੀ ਧੀ ਸ਼ੰਕਰੀ ਦੀ ਇੱਜਤ ਤੇ ਹੱਥ ਪਾਉਂਦਾ ਹੈ ਅਤੇ ਉਸਨੂੰ ਮੈਲਾ ਕਰ ਦਿੰਦਾ ਹੈ। ਸੀਮਾ ਇਹ ਨਾ ਸਹਾਰ ਸਕੀ ਅਤੇ ਕੁਹਾੜੀ ਨਾਲ ਉਸ ਦਾ ਕਤਲ ਕਰ ਦਿੰਦੀ ਹੈ। ਸੀਮਾ ਦੀ ਮਾਨਸਿਕਤਾ ਵਿੱਚ ਇਹ ਗੱਲ ਘਰ ਕਰ ਚੁੱਕੀ ਸੀ ਜੇ ਉਹ ਉਸਨੂੰ ਕਾਨੂੰਨ ਦੇ ਹਵਾਲੇ ਕਰ ਦਿੰਦੀ ਹੈ ਤਾਂ ਝੂਠੇ ਗਵਾਹਾਂ ਰਾਹੀਂ ਉਹ ਬਾਇਜ਼ਤ ਬਰੀ ਹੋ ਜਾਏਗਾ ਅਤੇ ਉਸਦੀ ਧੀ ਨੂੰ ਇਨਸਾਫ ਨਹੀਂ ਮਿਲੇਗਾ। ਇਸ ਲਈ ਉਹ ਆਪਣਾ ਫੈਸਲਾ ਆਪ ਕਰਦੀ ਹੈ ਅਤੇ ਦਿਵੇਦੀ ਦੀ ਹਤਿਆ ਕਰ ਦਿੰਦੀ ਹੈ।

ਸਮੁੱਚੇ ਰੂਪ ਵਿਚ ਨਾਵਲ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਇਨਸਾਫ਼ ਗੈਰ-ਹਾਜ਼ਰ ਹੈ ਤੇ ਇਹ ਹਾਲਾਤ ਮੌਜੂਦਾ ਦੌਰ ਵਿਚ ਵੀ ਕਾਰਜਸ਼ੀਲ ਹਨ। ਇਸ ਕਰਕੇ ਨਾਵਲ ਵਿਚਲੇ ਸੰਦਰਭ ਤੇ ਇਸ ਦੀ ਪ੍ਰਸੰਗਿਕਤਾ ਅਜੋਕੇ ਸਮਾਜ ਵਿਚ ਵੀ ਪੂਰੀ ਤਰ੍ਹਾਂ ਕਾਇਮ ਹੈ। ਨਾਵਲਕਾਰ ਵਲੋਂ ਦਿੱਤੀਆਂ ਗਈਆਂ ਦਲੀਲਾਂ ਤੇ ਨਾਵਲ ਵਿਚਲਾ ਵਸਤੂ ਯਥਾਰਥ ਸਿਸਟਮ ਤੇ ਸਾਡੀ ਨਿਆਂ ਪ੍ਰਣਾਲੀ ਨੂੰ ਪ੍ਰਸ਼ਨਚਿੰਨ੍ਹਤ ਕਰਦਾ ਨਜ਼ਰ ਆਉਂਦਾ ਹੈ। ਇਨ੍ਹਾਂ ਹਲਾਤਾਂ ਤੋਂ ਦੁਖੀ ਹੋ ਕੇ ਦਮਿਤ ਜਾਂ ਪੀੜਤ ਧਿਰਾਂ ਸਿਸਟਮ ਪ੍ਰਤੀ ਨਾਰਜ਼ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹ ਨਾਵਲ ਬੇਇਨਸਾਫੀ ਦੇ ਇਸ ਪ੍ਰਵਚਨ ਦੇ ਨਾਲ ਨਾਲ ਦੱਬੀਆਂ ਕੁਤਲੀਆਂ ਧਿਰਾਂ ਨੂੰ ਪੇਸ਼ ਕਰਦਾ ਹੈ।

ਇਸ ਨਾਵਲ ਵਿੱਚ ਭੁਪਿੰਦਰ ਸਿੰਘ ਰੈਨਾ ਨੇ ਆਪਣੇ ਦੇਸ਼ ਅਤੇ ਸਮਾਜ ਨੂੰ ਜਾਗਰੂਕ ਕਰਨ ਲਈ ਆਪਣਾ ਫਰਜ਼ ਨਿਭਾਇਆ ਹੈ। ਭੁਪਿੰਦਰ ਸਿੰਘ ਰੈਨਾ ਨੇ ਇਸ ਨਾਵਲ ਵਿਚ ਅੱਜ ਦੇ ਯਥਾਰਥਕ ਜੀਵਨ ਦਾ ਕੋੜਾ ਸੱਚ ਪੇਸ਼ ਕੀਤਾ ਹੈ। ਕਨੈਆ ਅਤੇ ਸੀਮਾ ਕਿਸੇ ਇੱਕ ਖਿੱਤੇ ਦੇ ਨਾ

ਹੋ ਕੇ ਸਾਡੇ ਆਲੇ ਦੁਆਲੇ ਦੇ ਸੱਚ ਤੋਂ ਸਾਨੂੰ ਰੂ-ਬ-ਰੂ ਕਰਵਾਉਂਦੇ ਹਨ ਅਤੇ ਜਾਤ ਪਾਤ ਦੀਆਂ ਬੇੜੀਆਂ ਤੋਂ ਸਾਨੂੰ ਮੁਕਤ ਕਰਕੇ ਸਰਬ ਸਾਂਝੀਵਾਲਤਾ ਨਾਲ ਰਹਿਣ ਲਈ ਪ੍ਰੇਰਦੇ ਹਨ।

## ਹਵਾਲੇ ਅਤੇ ਟਿਪਣੀਆਂ


1. ਰੈਣਾ, ਭੁਪਿੰਦਰ ਸਿੰਘ, ਇਨਸਾਫ਼ ਕਿਥੇ ਹੈ, ਰਵੀਨਾ ਪ੍ਰਕਾਸ਼ਨ (ਦਿਲੀ) 2023, ਪੰਨਾ 27.
2. ਰੈਣਾ, ਭੁਪਿੰਦਰ ਸਿੰਘ, ਇਨਸਾਫ਼ ਕਿਥੇ ਹੈ, ਰਵੀਨਾ ਪ੍ਰਕਾਸ਼ਨ (ਦਿਲੀ) 2023, ਪੰਨਾ 141.



**ਰਿਸਰਚ ਸਕਾਲਰ**

**ਪੰਜਾਬੀ ਵਿਭਾਗ**

**ਜੰਮੂ ਯੂਨੀਵਰਸਿਟੀ, ਜੰਮੂ।**

**ਫੋਨ ਨੰਬਰ- 9596896963**

# ਗ਼ਦਰ ਲਹਿਰ ਦੇ ਸਮਾਜਿਕ ਸਰੋਕਾਰ

❑ ਮਨਫੂਲ ਸਿੰਘ

ਗ਼ਦਰ ਅਰਬੀ ਤੋਂ ਬਣਿਆ ਉਰਦੂ ਸ਼ਬਦ ਹੈ ਜਿਸਦਾ ਅਰਥ ਹੈ-ਬਗਾਵਤ ਜਾਂ ਵਿਦਰੋਹ। ਗ਼ਦਰ ਪਾਰਟੀ ਗੁਲਾਮ ਭਾਰਤ ਨੂੰ ਅੰਗਰੇਜ਼ਾਂ ਤੋਂ ਆਜਾਦ ਕਰਾਉਣ ਦੇ ਉਦੇਸ਼ ਨਾਲ ਬਣਾਇਆ ਇੱਕ ਸੰਗਠਨ ਸੀ। ਇਸਨੂੰ ਅਮਰੀਕਾ ਅਤੇ ਕਨੇਡਾ ਦੇ ਪੰਜਾਬੀਆ ਨੇ 25 ਜੂਨ 1913 ਵਿੱਚ ਬਣਾਇਆ ਸੀ। ਇਸਨੂੰ ਪ੍ਰਸ਼ਾਂਤ ਤਟ ਦੀ ਹਿੰਦੀ ਐਸੋਸੀਏਸ਼ਨ (Hindi Association of the Pacific Coast) ਵੀ ਕਿਹਾ ਜਾਂਦਾ ਸੀ। ਇਹ ਪਾਰਟੀ ਗ਼ਦਰ ਨਾਮ ਦਾ ਪੱਤਰ ਵੀ ਕੱਢਦੀ ਸੀ ਜੋ ਉਰਦੂ ਅਤੇ ਪੰਜਾਬੀ ਵਿੱਚ ਛਪਦਾ ਸੀ।

ਗ਼ਦਰ ਲਹਿਰ ਇੱਕ ਅਜਿਹੀ ਲਹਿਰ ਸੀ ਜਿਸ ਨੇ ਪਹਿਲੀ ਵਾਰ ਅੰਗਰੇਜ਼ ਸਾਮਰਾਜ ਸਾਹਮਣੇ ਇਨਕਲਾਬੀ ਸਿਆਸੀ ਬਦਲ ਪੇਸ਼ ਕੀਤਾ। ਇਸ ਨੇ ਅੰਗਰੇਜ਼ ਸਾਮਰਾਜ ਨੂੰ ਬਦਲਣ ਅਤੇ ਲੋਕ-ਪੱਖੀ ਨਿਜ਼ਾਮ ਤੇ ਭਵਿੱਖ ਨੂੰ ਸਿਰਜਣ ਦਾ ਸੁਪਨਾ ਸਾਹਮਣੇ ਲਿਆਂਦਾ। ਇਸ ਸੁਪਨੇ ਨੂੰ ਸੰਪੂਰਨ ਕਰਨ ਲਈ ਗ਼ਦਰੀਆਂ ਨੇ ਸਿਆਸੀ ਪਾਰਟੀ ਦੀ ਉਸਾਰੀ ਤੇ ਸਿਆਸਤ ਦੀ ਮਹੱਤਤਾ ਨੂੰ ਸਮਝਿਆ। ਗ਼ਦਰੀਆਂ ਦੀ ਇਸ ਸਮਝ ਨੇ ਉਹਨਾਂ ਨੂੰ ਗੁਲਾਮੀ ਦਾ ਤੀਬਰ ਅਹਿਸਾਸ ਕਰਵਾਇਆ ਤੇ ਆਜ਼ਾਦੀ ਲਈ ਸਿਆਸੀ ਚੇਤਨਾ ਦੀ ਜ਼ਰੂਰਤ ਵੱਲ ਜ਼ੋਰ ਦੇਣ ਦੇ ਰਾਹ ਤੋਰਿਆ|ਗ਼ਦਰ ਪਾਰਟੀ ਵੱਲੋਂ ਭਾਰਤ ਵਿੱਚ ਰੂਸ ਵਰਗੀ ਕ੍ਰਾਂਤੀ ਲਿਆਉਣ ਦਾ ਆਪਣਾ ਨਿਸ਼ਾਨਾ ਮਿਥਿਆ ਅਤੇ ਰੂਸੀ ਇਨਕਲਾਬ ਦੇ ਸਿਧਾਂਤ ਨੂੰ ਸਮਝਣ ਅਤੇ ਅਧਿਐਨ ਕਰਨ ਦਾ ਫੈਸਲਾ ਲਿਆ। ਗ਼ਦਰ ਪਾਰਟੀ ਨੇ ਭਾਰਤ ਵਿੱਚ ਗ਼ਦਰ ਕਰਕੇ ਅੰਗਰੇਜ਼ਾਂ ਦਾ ਤਖਤਾ ਪਲਟ ਦੇਣ ਦੀ ਕੋਸ਼ਿਸ਼ ਕੀਤੀ ਉਹ ਕੋਸ਼ਿਸ਼ ਅਸਫਲ ਰਹੀ। ਪਰ ਇਸ ਉਪਰਾਲੇ ਨੇ ਪੰਜਾਬ ਦੀ ਮਾਨਸਿਕਤਾ ਵਿਚ ਅਜਿਹਾ ਖਮੀਰ ਪੈਦਾ ਕੀਤਾ ਜਿਸ ’ਚੋਂ ਰੌਲਟ ਐਕਟ ਵਿਰੋਧੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਮੁਜ਼ਾਰਾ ਅੰਦੋਲਨ ਅਤੇ ਹੋਰ ਕਈ ਕਿਸਾਨ ਤੇ ਮਜ਼ਦੂਰ ਅੰਦੋਲਨ ਪੈਦਾ ਹੋਏ।

ਗ਼ਦਰੀਆਂ ਵਿੱਚ ਬਹੁ-ਗਿਣਤੀ ਸਿੱਖਾਂ ਦੀ ਹੀ ਸੀ। ਇਸ ਨੁਕਤੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਗ਼ਦਰੀਆਂ ਦੀ ਸਿਆਸਤ ਨੂੰ ਸਮਝਿਆ ਜਾਵੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਗ਼ਦਰੀ ਪੰਜਾਬੀ, ਸਿੱਖ, ਅੰਮ੍ਰਿਤਧਾਰੀ, ਜੱਟ-ਸਿੱਖ, ਨਾਮਕੱਟੇ ਫੌਜੀ, ਕਿਸਾਨ ਆਦਿ ਸਨ। ਪਰ ਇਸ

ਲਹਿਰ ਵਿੱਚ 95% ਸਿੱਖ ਹੀ ਸਨ। ਤੇ ਇਸ ਲਹਿਰ ਦਾ ਮੋਢੀ ਸੀ। ਬਾਬਾ ਸੋਹਣ ਸਿੰਘ ਭਕਨਾ ਜੋ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਤੋਂ ਸੀ।

ਗ਼ਦਰੀ ਆਪਣੇ ਮੁਲਕ ਦੀ ਸਾਮਰਾਜੀ ਲੁੱਟ ਤੋਂ ਤੰਗ ਆ ਕੇ ਪਰਦੇਸੀਂ ਗਏ ਸਨ। ਆਪਣੇ ਘਰ ਦੀ ਘੋਰ ਗਰੀਬੀ ਤੇ ਪਰਦੇਸ ਵਿਚਲੇ ਨਸਲਵਾਦ ਨੇ ਉਹਨਾਂ ਨੂੰ ਦੂਹਰੀ ਗੁਲਾਮੀ ਦਾ ਅਹਿਸਾਸ ਕਰਵਾਇਆ ਸੀ। ਇਸ ਦੂਹਰੀ ਗੁਲਾਮੀ ਨੂੰ ਖ਼ਤਮ ਕਰਨ ਲਈ ਉਹਨਾਂ ਨੇ ਸਿਰ ਤਲੀ ’ਤੇ ਰੱਖੇ ਸਨ। ਉਹ ਮੌਤ ਤੋਂ ਬੇਪਰਵਾਹ ਹੋ ਕੇ ਇਨਕਲਾਬੀ ਸਿਆਸਤ ਦੇ ਮੈਦਾਨ ਵਿੱਚ ਕੁੱਦੇ ਸਨ। ਇਸ ਸਿਆਸਤ ਵਿੱਚੋਂ ਹੀ ‘ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ’ ਨਾਂ ਦੀ ਜਥੇਬੰਦੀ ਦਾ ਜਨਮ ਹੋਇਆ ਸੀ। ਇਸ ਜਥੇਬੰਦੀ ਨੇ ਆਪਣੇ ਸਿਆਸੀ ਵਿਚਾਰਾਂ ਨੂੰ ਫੈਲਾਉਣ ਲਈ ‘ਗ਼ਦਰ’ ਅਖ਼ਬਾਰ ਦੀ ਪ੍ਰਕਾਸ਼ਨਾ ਕੀਤੀ ਸੀ। ਇਸ ਅਖ਼ਬਾਰ ਦੇ ਨਾਂ ’ਤੇ ਹੀ ‘ਗ਼ਦਰ ਪਾਰਟੀ’ ਦਾ ਨਾਂ ਪ੍ਰਚੱਲਿਤ ਹੋ ਗਿਆ ਸੀ।

ਗਦਰੀ ਬਾਬੇ ਅਮ੍ਰਿਤਧਾਰੀ ਤੇ ਸੱਚੇ ਸੁੱਚੇ ਸਿੱਖ ਤੇ ਸਿੱਖ ਧਰਮ ਦੇ ਵਿੱਚ ਪੂਰਨ ਬਾਣੀ ਤੇ ਬਾਣੇ ਦੇ ਧਾਰਨੀ ਸੀ। ਤੇ ਉਹ ਅਮਰੀਕਾ ਤੇ ਕਨੇਡਾ ਤੋਂ ਆਪਣੇ ਪੰਜਾਬ ਨੂੰ ਅਜ਼ਾਦ ਕਰਵਾਉਣ ਲਈ ਆਉਣਾ ਚਾਹੁੰਦੇ ਸਨ। ਕਿਉਂਕਿ ਜਦੋ ਉਹ ਸਿੱਖ ਪੰਜਾਬੀ ਅਮਰੀਕਾ ਕਨੇਡਾ ਵਰਗੇ ਮੁਲਕਾਂ ਚ ਗਏ ਸਨ। ਤਾ ਉਦੋਂ ਪੰਜਾਬ ਇੱਕ ਅਜ਼ਾਦ ਦੇਸ਼ ਸੀ। ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਸੀ। ਗਦਰੀ ਤਾ ਆਪਣੇ ਪੰਜਾਬ ਦੇਸ਼ ਨੂੰ ਅੰਗਰੇਜਾ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ। ਪਰ ਉਹਨਾ ਗਦਰੀਆ ਨੂੰ ਇਹ ਪਤਾ ਹੀ ਨੀ ਲੱਗੇ ਕਿਵੇ ਉਹ ਬ੍ਰਿਟਿਸ਼ ਭਾਰਤ ਨੂੰ ਅਜ਼ਾਦ ਕਰਵਾਉਣ ਦੇ ਘੋਲ ਵਿੱਚ ਕੁੱਦ ਪਏ।

ਗ਼ਦਰੀਆਂ ਦੀ ਸਿਆਸਤ ਉਹਨਾਂ ਗਰੀਬ ਸਿੱਖਾਂ ਦੇ ਹੱਕ ਵਿੱਚ ਭੁਗਤਦੀ ਸੀ ਜੋ ਕਿਰਤ ਕਰਦੇ ਸਨ ਤੇ ਵੰਡ ਕੇ ਛਕਦੇ ਸਨ ਅਤੇ ਕਿਰਤੀ ਲੋਕਾਂ ਦੇ ਰਾਜ ਲਈ ਨਾਮ ਜਪ ਕੇ ਆਤਮਿਕ ਸ਼ਕਤੀ ਪ੍ਰਾਪਤ ਕਰਦੇ ਸਨ। ਗ਼ਦਰੀ ਬਾਬਿਆਂ ਵਿੱਚੋਂ ਜੋ ਅੰਮ੍ਰਿਤਧਾਰੀ ਸਨ। ਗ਼ਦਰੀਆਂ ਬਾਬੇ ਪੱਕੇ ਧਰਮੀ ਸੀ। ਤੇ ਉਹਨਾਂ ਵਿੱਚੋ ਪਾਰਟੀ ਦੇ ਪਹਿਲੇ ਜਨਰਲ ਸਕੱਤਰ ਬਾਬਾ ਸੋਹਣ ਸਿੰਘ ਭਕਨਾ ਜੀ, ਖ਼ਜ਼ਾਨਚੀ ਪੰਡਤ ਕਾਸ਼ੀ ਰਾਮ ਜੀ ਅਤੇ ਆਰਗੇਨਾਈਜ਼ਿੰਗ ਸਕੱਤਰ ਕਰੀਮ ਬਖ਼ਸ਼ ਤੇ ਮੁਨਸ਼ੀ ਰਾਮ ਜੀ ਸਨ। ਹੁਣ ਇਹ ਯਰਕਾਊ ਅਤਿਵਾਦੀ ਸਿਆਸਤ ਨੂੰ ਤਿਲਾਂਜਲੀ ਦੇ ਕੇ ਇਨਕਲਾਬੀ ਸਿਆਸਤ ਰਾਹੀਂ ਸਮਾਜ ਦੀ ਬੁਨਿਆਦੀ ਤਬਦੀਲੀ ਵੱਲ ਅਗਰਸਰ ਹੋ ਗਈ ਸੀ। ਪਾਰਟੀ ਲੀਡਰਾਂ ਨੇ ਅੰਨ੍ਹੇ ਜਜ਼ਬੇ ਨੂੰ ਤਿਆਗ ਕੇ ਆਤਮ ਸ਼ਕਤੀ ਨੂੰ ਪਛਾਣਦਿਆਂ ਕਿਰਤੀ ਲੋਕਾਂ ਦੇ ਸੰਗਠਨ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕਰ ਦਿੱਤੀ ਸੀ। ਗ਼ਦਰੀ ਸਿਆਸਤ ਨੇ ਕਿਰਤੀ-ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਆਪਣੀ ਸਿਆਸਤ ਦੀਆਂ ਵਾਗਾਂ ਸਮਾਜਵਾਦੀ ਇਨਕਲਾਬ ਵੱਲ ਮੋੜ ਲਈਆਂ ਸਨ। ਹੁਣ ਗ਼ਦਰੀਆਂ ਨੂੰ ਸਮਝ ਆ ਚੁੱਕੀ ਸੀ ਕਿ ਦੁਸ਼ਮਣ ਕੇਵਲ ਅੰਗਰੇਜ਼ ਸਾਮਰਾਜ ਹੀ ਨਹੀਂ ਹੈ ਬਲਕਿ ਦੇਸ਼ ਵਿਚਲੇ ਸਰਮਾਏਦਾਰ, ਸ਼ਾਹੂਕਾਰ, ਰਜਵਾੜੇ ਆਦਿ ਵੀ ਕਿਰਤੀਆਂ ਤੇ ਕਿਸਾਨਾਂ ਦੇ

ਦੁਸ਼ਮਣ ਹਨ। ਗ਼ਦਰੀਆਂ ਦੀ ਸਿਆਸਤ ਵਿੱਚ ਆਈ ਇਸ ਤਬਦੀਲੀ ਦੇ ਸਿੱਟੇ ਵਜੋਂ ਇਸ ਦਾ ਵਿਚਾਰਧਾਰਕ ਵਿਰੋਧ ਕਾਂਗਰਸ ਨਾਲ ਪੈਦਾ ਹੁੰਦਾ ਹੈ। ਗ਼ਦਰੀ ਸਿਆਸਤ ਤਤਕਾਲੀਨ ਕਾਂਗਰਸ ਪਾਰਟੀ ਨੂੰ ਧਨੀ ਲੋਕਾਂ ਦਾ ਟੋਲਾ ਕਹਿੰਦੀ ਹੈ|

ਧਰਮ ਨਿਰਪੇਖਤਾ ਗਦਰ ਪਾਰਟੀ ਦਾ ਬੁਨਿਆਦੀ ਅਸੂਲ ਸੀ। 21 ਅਪਰੈਲ 1913 ਨੂੰ ਆਸਟਰੀਆ ਵਿਖੇ ਹੋਈ ਮੀਟਿੰਗ ਵਿਚ ਪਾਰਟੀ ਦੇ ਜਿਹੜੇ 12 ਨੇਮ ਮਿਥੇ ਗਏ, ਉਹਨਾਂ ਵਿਚ ਦਸਵਾਂ ਨੇਮ ਇਹ ਹੈ ਕਿ ਧਰਮ ਹਰ ਮੈਂਬਰ ਦਾ ਨਿੱਜੀ ਸਰੋਕਾਰ ਹੋਵੇਗਾ। ਧਾਰਮਿਕ ਮਾਮਲਿਆਂ ਉਤੇ ਕਿਸੇ ਤਰ੍ਹਾਂ ਦੀ ਕੋਈ ਬਹਿਸ ਨਹੀਂ ਹੋਵੇਗੀ। ਰਤਾ ਕੁ ਡੂੰਘਾਈ ਵਿਚ ਉਤਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਧਾਰਮਿਕ ਮਾਮਲਿਆਂ ਬਾਰੇ ਕੋਈ ਬਹਿਸ ਨਾ ਕਰਨ ਦਾ ਮਤਲਬ ਹੈ ਕਿ ਪਾਰਟੀ ਧਰਮ ਤੇ ਸਿਆਸਤ ਨੂੰ ਅਲੱਗ ਕਰ ਕੇ ਦੇਖਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਧਾਰਨਾ ਇਹ ਹੋਵੇਗੀ ਕਿ ਪਾਰਟੀ ਦੀ ਰਾਜਨੀਤੀ ਵਿਚ ਅਤੇ ਜੇ ਗਦਰ ਸਫਲ ਹੋ ਜਾਂਦਾ ਹੈ ਤੇ ਰਾਜ ਸ਼ਕਤੀ ਹੱਥ ਆ ਜਾਂਦੀ ਹੈ ਤਾਂ ਰਾਜ ਦੀ ਨੀਤੀ ਵਿਚ ਧਰਮ ਦਾ ਕੋਈ ਦਖਲ ਨਹੀਂ ਹੋਵੇਗਾ ਪਰ ਨਾਲ ਹੀ ਹਰ ਪਾਰਟੀ ਮੈਂਬਰ ਨੂੰ ਆਪਣੇ ਧਾਰਮਿਕ ਵਿਸ਼ਵਾਸ ਉਤੇ ਟਿਕੇ ਰਹਿਣ ਦੀ ਖੁੱਲ੍ਹ ਹੈ। ਧਰਮ ਨਿਰਪੇਖਤਾ ਦੇ ਅੱਜ ਜੋ ਅਰਥ ਭਾਰਤੀ ਸੰਸਕ੍ਰਿਤੀ ਅਨੁਕੂਲ ਲਏ ਜਾਂਦੇ ਦੱਸੀਦੇ ਹਨ, ਉਹਨਾਂ ਮੁਤਾਬਕ ਤਾਂ ਰਾਜ ਸਭ ਧਰਮਾਂ ਨੂੰ ਇਕੋ ਜਿਹਾ ਆਦਰ ਦੇਣ ਦੀ ਗੱਲ ਕਰਦਾ ਜਾਪਦਾ ਹੈ। ਇਸ ਨੂੰ ਵੱਧ ਤੋਂ ਵੱਧ ਧਰਮ ਨਿਰਪੱਖਤਾ ਆਖਿਆ ਜਾ ਸਕਦਾ ਹੈ, ਧਰਮ ਨਿਰਪੇਖਤਾ ਨਹੀਂ।

ਇਸੇ ਤਰ੍ਹਾਂ ਨੇਮ ਨੰਬਰ 11 ਤੋਂ ਪਾਰਟੀ ਦੀ ਅੰਤਰਰਾਸ਼ਟਰੀ ਚੇਤਨਾ ਅਤੇ ਅੰਤਰਰਾਸ਼ਟਰੀ ਜ਼ਿੰਮੇਦਾਰੀ ਦੇ ਅਹਿਸਾਸ ਦੀ ਸੋਝੀ ਮਿਲਦੀ ਹੈ। ਲਿਖਿਆ ਹੈ, ਪਾਰਟੀ ਨਾਲ ਸਬੰਧਤ ਹਰੇਕ ਮੈਂਬਰ ਦਾ ਫਰਜ਼ ਹੋਵੇਗਾ ਕਿ ਬੇਸ਼ੱਕ ਉਹ ਦੁਨੀਆ ਦੇ ਕਿਸੇ ਵੀ ਭਾਗ ਵਿਚ ਰਹਿ ਰਿਹਾ ਹੋਵੇ, ਜੇ ਉਥੇ ਆਜ਼ਾਦੀ ਦੀ ਜੰਗ ਸ਼ੁਰੂ ਹੋਵੇ ਤਾਂ ਉਹ ਉਸ ਵਿਚ ਜ਼ਰੂਰ ਹਿੱਸਾ ਲਵੇਗਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਦਰ ਪਾਰਟੀ ਕੇਵਲ ਆਪਣੀ ਦ੍ਰਿਸ਼ਟੀ ਕਾਰਨ ਹੀ ਅੰਤਰਰਾਸ਼ਟਰੀ ਨਹੀਂ ਸੀ ਸਗੋਂ ਉਸ ਦਾ ਕਾਰਜ-ਖੇਤਰ ਵੀ ਅੰਤਰਰਾਸ਼ਟਰੀ ਸੀ। ਪਾਰਟੀ ਦੇ ਕਈ ਮੈਂਬਰਾਂ ਨੇ ਭਾਰਤ ਤੋਂ ਇਲਾਵਾ ਹੋਰ ਮੁਲਕਾਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਵੀ ਹਿੱਸਾ ਲਿਆ। ਇਹ ਗੱਲਾਂ ਪਾਰਟੀ ਦੀਆਂ ਉਹਨਾਂ ਮਹਾਨ ਸਭਿਆਚਾਰਕ ਰਵਾਇਤਾਂ ਦੀ ਪਛਾਣ ਹੈ ਜਿਹੜੀਆਂ ਭਵਿੱਖੀ ਪੀੜ੍ਹੀਆਂ ਨੂੰ ਵਿਰਾਸਤ ਵਿਚ ਮਿਲੀਆਂ ਹਨ।

'ਗਦਰ ਦੀ ਗੂੰਜ' ਨੰਬਰ 7 ਦੀਆਂ ਕਵਿਤਾਵਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗ਼ਦਰ ਪਾਰਟੀ ਦੀ ਆਜ਼ਾਦੀ ਬਾਰੇ ਸਮਝ ਕੀ ਸੀ। ਰਾਜਨੀਤਕ ਆਜ਼ਾਦੀ ਤਾਂ ਕੇਵਲ ਪਹਿਲਾ ਕਦਮ ਸੀ। ਆਜ਼ਾਦ ਹਿੰਦੁਸਤਾਨ 'ਚ ਉਹ ਕਿਸ ਪ੍ਰਕਾਰ ਦੀ ਆਰਥਿਕਤਾ, ਕਿਸ ਪ੍ਰਕਾਰ ਦੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨਾ ਚਾਹੁੰਦੇ ਸਨ, ਇਸ ਬਾਰੇ ਉਹਨਾਂ ਦੇ ਸਾਹਵੇਂ ਨਕਸ਼ਾ ਬੜਾ ਸਪਸ਼ਟ ਸੀ:

ਬਾਗ਼ ਹਿੰਦ ਦਾ ਟਹਿਕਦਾ ਲੱਗੇ ਸੁਹਣਾ//ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ

ਫਿਰਨ ਮਾਣਦੇ ਬਾਗ਼ ਵਿਚ ਰੰਗ ਰਲੀਆਂ//ਸਿਰੋਂ ਲੱਥਾ ਗੁਲਾਮੀ ਦਾ ਭਾਰ ਹੋਵੇ

ਊਚ ਨੀਚ ਦਾ ਸਵਾਲ ਨਾ ਛਿੜੇ ਕਿਧਰੇ//ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ

ਹੱਕ ਹੋਵੇ ਇਕੋ ਜਿਹਾ ਸਾਰਿਆਂ ਦਾ//ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ

ਗਦਰ ਲਹਿਰ ਦੀ ਕਵਿਤਾ ਮੁਲਕ ਦੇ ਸਾਰੇ ਲੋਕਾਂ ਨੂੰ ਬਰਤਾਨਵੀ ਸਰਕਾਰ ਦੇ ਖਿਲਾਫ਼ ਗ਼ਦਰ ਕਰਨ ਦਾ ਹੋਕਾ ਦਿੰਦੀ ਹੈ। ਇਸੇ ਲਈ ਬੇਅੰਤ ਕਵਿਤਾਵਾਂ ਵਿੱਚ ਸਭ ਧਰਮਾਂ ਦੇ ਲੋਕਾਂ ਨੂੰ ਇਕੋ ਤਰਕ ਨਾਲ਼ ਸੰਬੋਧਤ ਕੀਤਾ ਗਿਆ ਹੈ।

ਵੇਲ਼ਾ ਆਨ ਪੁੱਜਾ ਕਿਉਂ ਨਾ ਜਾਗਦੇ ਉਇ, //ਸੁੱਤੇ ਘੂਕ ਹਿੰਦੂ ਮੁਸਲਮਾਨ ਵੀਰੋ।

ਜ਼ਾਲਮ ਕੌਮ ਅੰਗ੍ਰੇਜ਼ ਦੀ ਬੜੀ ਭੈੜੀ, //ਏਨ੍ਹਾਂ ਲੁੱਟ ਖਾਧਾ ਹਿੰਦੁਸਤਾਨ ਵੀਰੋ।

ਹਿੰਦੂ ਸਿੱਖ ਪਠਾਣ ਤੇ ਮੁਸਲਮਾਨੋ, //ਫੌਜਾਂ ਵਾਲ਼ਿਓ ਜ਼ਰਾ ਖਿਯਾਲ ਕਰਨਾ।

ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ, //ਅਸੀਂ ਯੁੱਧ ਹੁਣ ਉਹਨਾਂ ਦੇ ਨਾਲ਼ ਕਰਨਾ।

ਹਿੰਦੂ ਮੁਸਲਮਾਨ ਅਤੇ ਸਿੰਘ ਸੂਰਮੇ, //ਕੁੱਟ ਕੇ ਬਣਾਓ ਵੈਰੀਆਂ ਦੇ ਚੂਰਮੇ।

ਫੜ ਲਉ ਸ਼ਤਾਬੀ ਹੱਥ ਤੇਗਾਂ ਨੰਗੀਆਂ,// ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ।

ਇਸੇ ਤਰ੍ਹਾਂ ਬੈਂਤ 'ਹਿੰਦੁਸਤਾਨ ਦਾ ਜ਼ੁਲਮ ਮਿਟਾਨ ਖਾਤਰ' ਵਿੱਚ ਮੁਲਕ ਦੀ ਲੜਾਈ ਲੜਨ ਵਾਲ਼ੇ ਜਿਹਨਾਂ "ਬਲਵਾਨ" "ਸ਼ੇਰਾਂ" ਦਾ ਨਾਂ ਲਿਆ ਗਿਆ ਹੈ, ਉਹ ਹਨ: ਨਾਨਾ ਸਾਹਿਬ, ਅਲੀ ਨਕੀ ਖਾਨ, ਰਾਣੀ ਲਕਸ਼ਮੀ, ਮੌਲਵੀ ਸ਼ਾਹ ਐਹਮਦ, ਤਾਂਤੀਆ ਤੋਪੀ, ਮੰਗਲ ਪਾਂਡੇ, ਭਾਈ ਰਾਮ ਸਿੰਘ, ਤਿਲਕ, ਲਿਆਕਤ ਹੁਸੈਨ, ਹਸਰਤ ਮੁਹਾਨੀ, ਮੌਲਵੀ ਬਰਕਤੁੱਲਾ, ਪਿੰਡੀ ਦਾਸ, ਨੰਦ ਗੋਪਾਲ, ਅਜੀਤ ਸਿੰਘ, ਸਾਵਰਕਰ, ਬਰਿੰਦਰ ਮੋਹਨ ਘੋਸ਼, ਅਰਬਿੰਦੋ, ਮੈਡਮ ਕਾਮਾ, ਸ਼ਾਮ ਜੀ ਕ੍ਰਿਸ਼ਨ ਵਰਮਾ ਤੇ ਹਰਦਿਯਾਲ। ਗਦਰ ਲਹਿਰ ਦੀ ਕਵਿਤਾ ਮੁਲਕ ਦੀ ਅਜ਼ਾਦੀ ਦੀ ਲੜਾਈ ਵਿੱਚ ਇਹਨਾਂ ਸਾਰਿਆਂ ਨੂੰ ਨਾਇਕ ਵਜੋਂ ਪੇਸ਼ ਕਰਦੀ ਹੈ। ਰਾਸ਼ਟਰ ਦੇ ਸੰਕਲਪ ਵਿੱਚ ਸਾਂਝੇ ਨਾਇਕ ਵੀ ਸ਼ਾਮਿਲ ਹੁੰਦੇ ਹਨ। ਗ਼ਦਰ ਲਹਿਰ ਦੀ ਕਵਿਤਾ ਵਿਚਲੇ ਇਹ ਨਾਇਕ ਕਿਸੇ ਵਿਸ਼ੇਸ਼ ਧਰਮ ਨਾਲ਼ ਸੰਬੰਧਤ ਨਹੀਂ ਹਨ ਸਗੋਂ ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਦੇ ਇਤਿਹਾਸ ਵਿੱਚੋਂ ਲਏ ਗਏ ਹਨ। ਬੇਸ਼ੱਕ ਇਸ ਕਵਿਤਾ ਵਿੱਚ ਸਿੱਖਾਂ ਨੂੰ ਪੁਕਾਰਨ ਸਮੇਂ ਗੁਰੂ ਗੋਬਿੰਦ ਸਿੰਘ ਤੇ ਮਾਤਾ ਗੁਜਰੀ ਦੇ ਹਵਾਲੇ ਆਉਂਦੇ ਹਨ ਅਤੇ ਮੁਸਲਮਾਨਾਂ ਨੂੰ ਸੰਬੋਧਨ ਵਿੱਚ ਗਾਜ਼ੀ ਹੋਣ, ਹਜ਼ਰਤ ਮੁਹੰਮਦ ਦੇ ਮੁਸਲਮਾਨ ਬਣਨ ਜਾਂ ਹਜ਼ਰਤ ਸ਼ੇਰ ਸ਼ਾਹ ਅਲੀ ਦੇ ਬੱਚੇ ਹੋਣ ਦੀ ਗੱਲ ਆਉਂਦੀ ਹੈ, ਪ੍ਰੰਤੂ ਕਵਿਤਾ ਦਾ ਮੰਤਵ ਕਿਤੇ ਵੀ ਧਾਰਮਿਕ ਨਹੀਂ ਹੈ। ਇਹ ਧਾਰਮਿਕ ਹਵਾਲੇ ਧਰਮ ਵਿੱਚ ਵਿਸ਼ਵਾਸ

ਰੱਖਣ ਵਾਲ਼ੇ ਹਿੰਦੁਸਤਾਨੀਆਂ ਨੂੰ ਦੇਸ਼ ਦੀ ਅਜ਼ਾਦੀ ਦੇ ਯੁੱਧ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਤ ਕਰਨ ਦੇ ਮੰਤਵ ਨਾਲ਼ ਵਰਤੇ ਗਏ ਹਨ।

## ਸਹਾਇਕ ਸਮੱਗਰੀ


ਚਰੰਜੀ ਲਾਲ ਕੰਗਣੀਵਾਲ (17-07-2018). "ਕਿਰਤੀ ਕਿਸਾਨ ਪਾਰਟੀ: ਸਥਾਪਨਾ ਤੇ ਮਹੱਤਵ" Tribune Punjabi.

ਸਵਰਾਜਬੀਰ. (21-06-2021). "ਗ਼ਦਰ ਪਾਰਟੀ, ਅਤੀਤ ਤੇ ਸਮਕਾਲ". Tribune india

ਡਾ. ਕੁਲਦੀਪ ਸਿੰਘ (27-10-2018). "ਸਾਡੇ ਸਮਿਆਂ 'ਚ ਗ਼ਦਰੀ ਵਿਰਾਸਤ ਦੀ ਅਹਿਮੀਅਤ Tribune

**Important link about topic -**

http://iref.homestead.com/GadarParty.html

http://www.bhagatsinghthind.com/gadarcourage.html



**ਵਿਦਿਆਰਥੀ, ਪੰਜਾਬੀ ਵਿਭਾਗ,**

**ਜੰਮੂ ਯੂਨੀਵਰਸਿਟੀ ਜੰਮੂ।**

**ਸੰਪਰਕ-8492929291**


❍

# ਸ਼ਰਾ ਦਾ ਤਲਿੱਸਮ ਤੇ ਇਸ਼ਕ ਦੀ ਕਾਟ

❑ ਡਾ. ਸੁਨੀਤਾ ਰਾਣੀ

ਇਸ਼ਕ ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਬੀ ਭਾਸ਼ਾ ਵਿਚ 'ਇਸ਼ਕ' ਦਾ ਅਰਥ ਹੈ- ਪ੍ਰੇਮ, ਮੁਹੱਬਤ, ਜਨੂੰਨ, ਚਾਹਤ, ਉਲ੍ਹਫਤ ਆਦਿ। ਇਸ਼ਕ ਅਰਬੀ ਸ਼ਬਦ 'ਆਸ਼ਿਕਹ' 'ਚੋਂ ਨਿਕਲਿਆ ਹੈ ਅਤੇ ਆਸ਼ਿਕਹ ਉਹ ਬਨਸਪਤੀ ਜਾਂ ਵੇਲ ਹੈ ਜਿਸ ਨੂੰ ਫ਼ਾਰਸੀ ਵਿਚ ਇਸ਼ਕ ਪੇਚਾ ਅਤੇ ਅਰਬੀ ਵਿਚ ਲਿਬਲਾਬ (ਅਮਰਵੇਲ) ਕਹਿੰਦੇ ਹਨ। ਜਦੋਂ ਇਹ ਕਿਸੇ ਰੁੱਖ ਨੂੰ ਚੁੰਬੜ ਜਾਂਦੀ ਹੈ ਤਾਂ ਉਸ ਨੂੰ ਇਹ ਸੁਕਾ ਦਿੰਦੀ ਹੈ। ਇਹੋ ਹਾਲਤ ਇਸ਼ਕ ਦੀ ਹੈ, ਇਹ ਜਿਸ ਦਿਲ ਉਤੇ ਛਾ ਜਾਂਦਾ ਹੈ, ਉਸ ਦਿਲ ਦੇ ਮਾਲਿਕ ਨੂੰ ਖੁਸ਼ਕ ਤੇ ਪੀਲਾ ਕਰ ਦਿੰਦਾ ਹੈ। ਅੰਗਰੇਜ਼ੀ ਵਿਚ ਇਸਦਾ ਸਮਾਨਾਂਤਰ ਸ਼ਬਦ ਲਵ (:ਰਡਕ) ਹੈ। ਪੰਜਾਬੀ ਵਿਚ ਪ੍ਰੀਤ, ਪਿਆਰ, ਮੁਹੱਬਤ, ਪ੍ਰੇਮ ਆਦਿ ਸ਼ਬਦ ਇਸਦੇ ਸਮਾਨਾਰਥਕ ਹਨ। ਸੂਫ਼ੀ ਸਾਧਨਾ ਵਿਚ ਪ੍ਰੇਮ ਦਾ ਵਿਸ਼ੇਸ਼ ਸਥਾਨ ਹੈ। ਪ੍ਰੇਮ ਹੀ ਸੂਫ਼ੀ ਸਾਧਨਾ ਦਾ ਕੇਂਦਰੀ ਬਿੰਦੂ ਹੈ। ਡਾ. ਵਿਮਲ ਕੁਮਾਰ ਜੈਨ ਦਾ ਮੱਤ ਹੈ, "ਸੂਫ਼ੀਮਤ ਦਾ ਸਾਰਾ ਭਵਨ ਪ੍ਰੇਮ ਉਤੇ ਆਧਾਰਿਤ ਹੈ।1" ਜਦੋਂ ਅਸੀਂ ਉਪਰ ਇਹ ਗੱਲ ਕਰਦੇ ਹਾਂ ਕਿ ਲਵ ਨੂੰ ਪੰਜਾਬੀ ਵਿਚ ਮੁਹੱਬਤ ਵੀ ਕਿਹਾ ਜਾਂਦਾ ਹੈ ਤਾਂ ਅਸੀਂ ਵੇਖਾਂਗੇ ਕਿ ਮੁਹੱਬਤ ਸ਼ਬਦ ਕਿੱਥੋਂ ਬਣਿਆ ਤੇ ਇਸਦੇ ਕੀ ਅਰਥ ਹਨ ਤੇ ਇਸ਼ਕ ਨਾਲ ਇਸਦਾ ਕੀ ਸੰਬੰਧ ਹੈ। ਕੀ ਇਹ ਇਸ਼ਕ ਦੇ ਜੁੱਸੇ ਨੂੰ ਵਿਅਕਤ ਕਰ ਸਕਦਾ ਹੈ:

ਮੁਹੱਬਤ ਸ਼ਬਦ ਹੁੱਬ ਤੋਂ ਬਣਿਆ ਹੈ। ਇਹ ਇਕ ਅਜਿਹੇ ਬੀਜ ਦਾ ਨਾਂ ਹੈ ਜੋ ਜ਼ਮੀਨ ਵਿਚ ਪਿਆ ਗਰਮੀ, ਸਰਦੀ, ਬਾਰਿਸ਼ ਆਦਿ ਕਿਸੇ ਵੀ ਤਰ੍ਹਾਂ ਦੇ ਮੌਸਮ ਤੋਂ ਪ੍ਰਭਾਵਿਤ ਨਹੀਂ ਹੁੰਦਾ ਅਤੇ ਸਮਾਂ ਆਉਣ ਤੇ ਹੀ ਉੱਗਦਾ, ਫੁੱਲਦਾ ਅਤੇ ਫਲਦਾ ਹੈ। ਇਸ ਤਰ੍ਹਾਂ ਇਸ਼ਕ ਖੁਸ਼ੀ, ਗ਼ਮੀ, ਸੰਜੋਗ, ਵਿਜੋਗ ਆਦਿ ਕਿਸੇ ਹਾਲਤ ਦਾ ਅਸਰ ਕਬੂਲੇ ਬਿਨਾਂ ਆਦਮੀ ਦੇ ਦਿਲ ਵਿਚ ਵੱਧਦਾ ਰਹਿੰਦਾ ਹੈ। ਅਸਲ ਵਿਚ ਮਨੁੱਖੀ ਦਿਲ ਦਾ ਕਿਸੇ ਆਨੰਦਦਾਇਕ ਅਤੇ ਲੋੜੀਂਦੀ ਵਸਤੂ ਵਲ ਝੁਕਾਅ ਮੁਹੱਬਤ ਹੈ ਅਤੇ ਇਸ ਝੁਕਾਅ ਦਾ ਵੱਧ ਕੇ ਦਿਲ ਵਿਚ ਘਰ ਕਰ ਜਾਣਾ ਅਤੇ ਉਸ ਵਸਤੂ ਦਾ ਆਦਮੀ ਦੀ ਲੋੜ ਬਣ ਜਾਣਾ ਇਸ਼ਕ ਹੈ।2

ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ 'ਇਸ਼ਕ' ਦੀ ਪਰਿਭਾਸ਼ਾ ਨੂੰ ਦਿਲੀ ਭਾਵਨਾਵਾਂ ਨਾਲ ਜੋੜ ਕੇ ਵੇਖਦਾ ਹੈ ਕਿ ਦੋ ਜਣੇਂ ਜਦੋਂ ਇਕ ਦੂਜੇ ਨੂੰ ਪ੍ਰੀਤ ਅਤੇ ਭਾਵੁਕ ਖਿੱਚ ਦੀ ਭਾਵਨਾ ਨਾਲ ਮਿਲਦੇ ਹਨ ਤਾਂ ਇਸ ਰਿਸ਼ਤੇ ਨੂੰ ਇਸ਼ਕ ਕਹਿੰਦੇ ਹਨ। ਅਸਲ ਵਿਚ ਪਿਆਰ ਦੋ ਜਣਿਆਂ ਦੀ ਅਜਿਹੀ ਮਾਨਸਿਕ ਸਥਿਤੀ ਹੈ ਜਿੱਥੇ ਉਹ ਇੱਕ ਦੂਜੇ ਨੂੰ ਮਿਲਣ ਨੂੰ ਤਾਂਘਦੇ ਹਨ, ਭਾਵਨਾਵਾਂ ਖਾਸ ਸ਼ਿੱਦਤ ਨਾਲ ਉੱਠਦੀਆਂ ਹਨ ਅਤੇ ਮਨੋ-

ਸਰੀਰਕ ਬਣਤਰਾਂ ਵਿੱਚ ਖਾਸ ਕਿਸਮ ਦੀ ਰਸਾਇਣਕ ਪ੍ਰਕਿਰਿਆ ਵਾਪਰਦੀ ਹੈ ਜਿਸ ਨਾਲ 'ਮਿਲਣੀ' ਦਾ ਰੁਝਾਨ ਵੱਧਦਾ ਹੈ। ਵਿਪਰੀਤ ਰੂਪ ਵਿਚ ਦੋ ਜਾਨਿਆਂ ਦੀ ਜੁਦਾਈ ਉਤੇ ਨਿਰਾਸ਼ਾ, ਦੁੱਖ ਤੇ ਤੜਪ ਮਿਲਦੀ ਹੈ। ਇਸ਼ਕ ਦੇ ਸੰਬੰਧ ਵਿਚ ਅਸੀਂ ਹੋਰ ਵੀ ਵਿਦਵਾਨਾਂ ਦਾ ਜ਼ਿਕਰ ਕਰ ਸਕਦੇ ਹਾਂ। ਮੌਲਾਨਾ ਜਲਾਲਉਦੀਨ ਰੂਮੀ ਇਸ਼ਕ ਤੇ ਸੂਫ਼ੀ ਸਾਧਨਾ ਬਾਰੇ ਆਪਣੇ ਵਿਚਾਰ ਵਿਅਕਤ ਕਰਦੇ ਹਨ :

ਮੌਲਾਨਾ ਰੂਮ ਨੇ ਸੂਫ਼ੀਵਾਦ ਦੀ ਸਾਧਨਾ ਪੱਧਤੀ ਵਿਚ ਇਸ਼ਕ ਨੂੰ ਮਹੱਤਵਪੂਰਨ ਦਰਜਾ ਦਿੰਦਿਆਂ ਦੱਸਿਆ ਹੈ ਕਿ ਇਸ਼ਕ ਹੋਰ ਸਾਰੇ ਮਜ਼੍ਹਬਾਂ ਤੋਂ ਨਿਆਰਾ ਮਜ਼੍ਹਬ ਹੈ। ਇਸ਼ਕ ਉਹ ਜਜ਼ਬਾ ਹੈ ਜਿਸ ਸਦਕੇ ਹਰ ਚੀਜ਼ ਆਪਣੇ ਅਸਲੇ ਨਾਲ ਮਿਲਣ ਲਈ ਬੈਚੇਨ ਹੈ। ਇਸ਼ਕ ਹੀ ਧਰਮ ਦਾ ਮੂਲ ਹੈ। ਸਾਧਕ ਨੂੰ ਆਪਣੇ ਲਕਸ਼ ਤਕ ਪਹੁੰਚਾਉਣ ਲਈ ਸਰਵੋਤਮ ਸਾਧਨ ਇਸ਼ਕ ਹੀ ਹੈ।3

ਇਸ਼ਕ ਦੇ ਅਸਲੇ ਬਾਰੇ ਡਾ. ਦੀਪਕ ਮਨਮੋਹਨ ਸਿੰਘ ਲਿਖਦੇ ਹਨ, "ਇਸ਼ਕ ਸਭ ਨੂੰ ਇਕ ਕਰਦਾ ਹੈ, ਜੋੜਦਾ ਹੈ, ਸਾਂਝਾ ਬਣਾਉਂਦਾ ਹੈ, ਜਾਤ ਪਾਤ, ਧਰਮ, ਕੌਮ, ਦੀਆਂ ਹੱਦਾਂ ਨੂੰ ਨਹੀਂ ਮੰਨਦਾ, ਇਸ਼ਕ ਮਸਲੇ ਮੁਕਾਉਂਦਾ ਹੈ।"4 ਇਹ ਮੰਨਿਆ ਜਾਂਦਾ ਹੈ ਕਿ ਸੂਫ਼ੀ ਜੋ ਪਰਮਾਤਮਾ ਨਾਲੋਂ ਆਪਣੀ ਕਿਸੇ ਭੁੱਲ ਸਦਕਾ ਵਿਛੜ ਗਿਆ ਹੈ ਮੁੜ ਮਿਲਣ ਲਈ ਵਿਆਕੁਲ ਹੈ। ਸੂਫ਼ੀ ਸਾਧਕ ਇਸੇ ਪ੍ਰਾਪਤੀ ਨੂੰ ਆਪਣੇ ਜੀਵਨ ਦਾ ਲਕਸ਼ ਬਣਾ ਲੈਂਦਾ ਹੈ। ਸਵਾਲ ਇਹ ਬਣਦਾ ਹੈ ਕਿ ਸੂਫ਼ੀ ਮੁੜ ਪਰਮਾਤਮਾ ਵਿਚ ਕਿਵੇਂ ਅਭੇਦ ਹੋ ਸਕਦਾ ਹੈ। ਅਭੇਦ ਹੋਣ ਦਾ ਕੀ ਜ਼ਰੀਆ ਹੈ, ਸਾਧਨ ਹੈ। ਗਿਆਨ ਇੰਦਰੀਆਂ ਨਾਲ ਉਸਨੂੰ ਜਾਣਿਆ ਹੀ ਨਹੀਂ ਜਾ ਸਕਦਾ ਕਿਉਂਕਿ ਉਹ ਤਰਕ-ਵਿਤਰਕ ਦਾ ਵਰਤਾਰਾ ਨਹੀਂ ਹੈ। ਗਿਆਨ ਨਾਲ ਕੇਵਲ ਉਸ ਪ੍ਰਤੀ ਉਤੇਜਿਤ ਹੋਇਆ ਜਾ ਸਕਦਾ ਹੈ। ਸੂਫ਼ੀਆਂ ਦਾ ਇਹ ਮੰਨਣਾ ਹੈ ਕਿ ਉਸਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸਨੂੰ ਆਪਣੇ ਆਪ ਬਾਰੇ ਚਾਨਣ ਹੋ ਗਿਆ ਹੁੰਦਾ ਹੈ। ਪ੍ਰੋ. ਮੋਹਨ ਸਿੰਘ ਦਾ ਵਿਚਾਰ ਹੈ ਕਿ ਅੰਤਮ ਸੱਚ ਨੂੰ ਸਮਝਣ ਲਈ ਦੋ ਰਸਤੇ ਮੰਨੇ ਗਏ। ਇਕ ਹੈ ਤਰਕ ਅਤੇ ਬੁੱਧੀ ਦਾ ਰਸਤਾ ਦੂਜਾ ਹੈ ਸੂਝ ਅਤੇ ਅੰਦਰ ਦੇ ਚਾਨਣ ਦਾ ਰਸਤਾ।5

ਅਧਿਆਤਮਿਕ ਜੀਵਨ ਨੂੰ ਸੂਫ਼ੀ ਇਕ ਸਫ਼ਰ ਸਮਝਦੇ ਹਨ। ਪਰਮਾਤਮਾ ਨੂੰ ਮਿਲਣ ਦੀ ਤਾਂਘ ਮਨੁੱਖ ਨੂੰ ਇਕ ਮੁਸਾਫ਼ਿਰ, ਜਗਿਆਸੂ ਜਾਂ ਸਾਲਿਕ ਬਣਾ ਦੇਂਦੀ ਹੈ। ਇਹ ਤਾਂਘ ਮਨੁੱਖ ਨੂੰ ਸਾਧਾਰਨ ਦੁਨੀਆਂ ਵਿਚੋਂ ਕੱਢ ਕੇ ਅਸਲੀ ਘਰ ਭਾਵ ਬੇਗਮਪੁਰੇ ਵੱਲ ਤੋਰ ਦਿੰਦੀ ਹੈ। ਸੂਫ਼ੀਆਂ ਦਾ ਵਿਚਾਰ ਹੈ ਕਿ ਜੇ ਵਿਅਕਤੀ ਅੱਲਾ ਦੇ ਵਿਚਾਲੇ ਪਈਆ ਵਿੱਥਾਂ ਨੂੰ ਦੂਰ ਕਰ ਦੇਵੇ ਤਾਂ ਹੌਲੀ-ਹੌਲੀ ਉੱਪਰ ਨੂੰ ਉਠਦਾ ਸ਼ਰੀਅਤ, ਤਰੀਕਤ ਤੇ ਮਾਰਫ਼ਤ ਦੀਆਂ ਅਵਸਥਾਵਾਂ ਨੂੰ ਤਹਿ ਕਰਦਾ ਮੁੜ ਹਕੀਕਤ ਭਾਵ ਰੱਬ ਵਿਚ ਲੀਨ ਹੋ ਜਾਂਦਾ ਹੈ। ਸੂਫ਼ੀ ਇਬਾਦਤ ਦੇ ਬਹੁਤ ਸਾਰੇ ਪੜਾਅ ਹਨ, ਜਿਵੇਂ : ਸ਼ਰੀਅਤ, ਤਰੀਕਤ, ਹਕੀਕਤ, ਮਾਰਫਤ। ਇਸ ਪਰਚੇ ਵਿਚ ਅਸੀਂ ਇਸ਼ਕ ਕਿਵੇਂ ਇਬਾਦਤ ਦਾ ਸਾਧਨ ਜਾਂ ਜ਼ਰੀਆ ਬਣਦਾ ਹੈ, ਇਸਦੀ ਚਰਚਾ ਕਰਾਂਗੇ। ਇਸਦੇ ਅੰਤਰਗਤ ਅਸੀਂ ਵਿਚਾਰ ਕਰਾਂਗੇ ਕਿ ਇਸ਼ਕ ਕੀ ਹੈ? ਕਿਵੇਂ ਸੂਫ਼ੀ ਸਾਧਕ ਸ਼ਰੀਅਤ ਦਾ ਬਦਲ ਇਸ਼ਕ ਵਿਚ ਵੇਖਦੇ ਹਨ?

ਇਸ਼ਕ ਸੂਫ਼ੀਆਂ ਦੀ ਕਿਵੇਂ ਇਬਾਦਤ ਦੀ ਵਿਧੀ ਬਣਦਾ ਹੈ? ਇਸ ਸੰਬੰਧੀ ਅਸੀਂ ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਦੇ ਸੰਦਰਭ ਵਿਚ ਅਧਿਐਨ ਕਰਾਂਗੇ। ਇਸ਼ਕ ਦੇ ਸਰੂਪ ਬਾਰੇ ਡਾ. ਸੁਖਦੇਵ ਸਿੰਘ ਸਿਰਸਾ ਦਾ ਕਥਨ ਸਹੀ ਦ੍ਰਿਸ਼ ਵਿਚ ਕਾਮਯਾਬ ਹੁੰਦਾ ਹੈ:

ਇਸ਼ਕ ਅਤੇ ਸ਼ਰ੍ਹਾ ਦਾ ਵਿਰੋਧ-ਜੁੱਟ ਪੁਜਾਰੀ ਵਰਗ ਅਤੇ ਜਨ ਸਧਾਰਨ ਦੇ ਹਿਤਾਂ ਦੇ ਟਕਰਾਉ ਦਾ ਸੂਚਕ ਹੈ। ਇਸ਼ਕ ਦੂਈ ਅਤੇ ਹਉਂ ਨੂੰ ਮਾਰਕੇ ਮਨੁੱਖ ਦੀ ਆਤਮਾ ਨੂੰ ਨਿਰਮਲ ਤੇ ਵਿਸ਼ਾਲ ਕਰਦਾ ਹੈ। ਇਸੇ ਕਰਕੇ ਡਾ. ਨਾਮਵਰ ਸਿੰਘ ਕਹਿੰਦਾ ਹੈ ਕਿ ਸੂਫ਼ੀਆਂ ਨੇ ਭਾਰਤੀ ਚਿੰਤਨ ਵਿਚ (ਧਰਮ, ਅਰਥ, ਕਾਮ, ਮੋਕਸ਼ ਆਦਿ) ਚਾਰ ਪੁਰਸ਼ਾਰਥਾਂ ਦੇ ਨਾਲ ਪੰਜਵਾਂ ਪ੍ਰੇਮ ਦਾ ਪੁਰਸ਼ਾਰਥ ਜੋੜਿਆ। ਨਿਮਨਲਿਖਤ ਕਾਫ਼ੀ 'ਚ ਪੰਜਵਾਂ ਚਿਰਾਗ ਪ੍ਰੇਮ ਵੱਲ ਹੀ ਸੰਕੇਤ ਕਰਦਾ ਹੈ:-

ਚਾਰ ਚਿਰਾਗ ਤੇਰੇ ਬਲਣ ਹਮੇਸ਼ਾ, ਪੰਜਵਾਂ ਮੈਂ ਬਾਲਣ ਆਈਆਂ ਬਲਾ,

ਝੁਲੇ ਲਾਲਣ ਸਿੰਧੜੀ ਦਾ ਸੇਵਨ ਦਾ, ਸ਼ਖੀ ਸ਼ਾਹ ਬਾਜ ਕਲੰਧਰ।6

'ਕੁਰਾਨ ਮਜੀਦ' ਵਿਚ ਇਸ਼ਕ ਹਕੀਕੀ ਸੰਬੰਧੀ ਦੱਸਿਆ ਗਿਆ ਹੈ ਕਿ ਇਹ ਇੱਕ ਅਜਿਹੀ ਅਗਨੀ ਹੈ ਜਿਹੜੀ ਆਸ਼ਿਕ ਦੇ ਹਿਰਦੇ ਵਿਚ ਅੱਲ੍ਹਾ ਤੋਂ ਛੁੱਟ ਹਰ ਦੂਜੀ ਸ਼ੈਅ ਨੂੰ ਸਾੜ ਕੇ ਸਵਾਹ ਕਰ ਦਿੰਦੀ ਹੈ। ਇਸ਼ਕ ਦਾ ਖਾਸਾ ਇਹ ਹੈ ਕਿ ਸਮੇਂ ਦੇ ਬੀਤਣ ਨਾਲ ਇਸਦੇ ਨਕਸ਼ ਹੋਰ ਉਭਰ ਕੇ ਸਾਹਮਣੇ ਆਉਂਦੇ ਹਨ। ਮੁਹੱਬਤ ਦਾ ਰੰਗ ਹੋਰ ਗੂੜ੍ਹਾ ਹੁੰਦਾ ਹੈ। ਪ੍ਰੇਮ ਦੇ ਤਰਲ ਅਹਿਸਾਸ ਸੰਬੰਧੀ ਓਸ਼ੋ ਦੇ ਵਿਚਾਰ ਵੀ ਧਿਆਨ ਆਕਰਸ਼ਇਤ ਕਰਦੇ ਹਨ।

**प्रेम बड़ा महीन धागा है। दिखाई भी नहीं पड़ता, इतना बारीक है और ऐसे बध्ध लेता है कि जंजीरों को चाहो तो तोड़ दो, मगर प्रेम के धागे को नहीं तोड़ सकते। तलवारें नहीं काट सकती, अग्नि नहीं जला सकती। मृत्यु भी सिर्फ एक चीज को नहीं मिटा पाती, वह प्र्रेम है। इसलिए प्रेमी भी मृत्यु से भयभीत नहीं होता और सब भयभीत होते हैं। प्रेमी भर मृत्यु की चिंता नहीं करता, क्योंकि उसका प्रेम कहता है कि उसने शाश्वत को जान लिया, पहचान लिया और प्रेम की ही पराकाष्ठा प्रार्थना बन जाती है।**7

ਇਸ਼ਕ ਦੀ ਇੰਤਹਾ ਨੂੰ ਸੂਫ਼ੀ ਸਾਧਕਾਂ ਦੀ ਸ਼ਹਾਦਤ ਵਿਚ ਵੇਖਿਆ ਜਾ ਸਕਦਾ ਹੈ। ਸੂਫ਼ੀ ਸਾਧਕ ਜੋ ਸ਼ਹੀਦ ਹੋਏ ਸਨ ਇਹਨਾਂ ਪਿੱਛੇ ਇਸ਼ਕ ਦੀ ਸ਼ਕਤੀ ਮੌਜੂਦ ਸੀ। ਇਸ਼ਕ ਨੇ ਹੀ ਇਹਨਾਂ ਸਾਧਕਾਂ (ਮਨਸੂਰ ਹੱਲਾਜ, ਫ਼ਰੀਦੁਦੀਨ ਅੱਤਾਰ, ਸ਼ਮਸ ਤਬਰੇਜ਼, ਮੁਹੰਮਦ ਸਈਦ ਸਰਮਦ) ਅੰਦਰੋਂ ਮੌਤ ਦਾ ਡਰ ਖਤਮ ਕਰ ਦਿੱਤਾ ਸੀ। ਇਹਨਾਂ ਸੂਫ਼ੀ ਸਾਧਕਾਂ ਦਾ ਚਿਰਤਣ ਬੁੱਲ੍ਹੇ ਸ਼ਾਹ ਆਪਣੀ ਕਵਿਤਾ ਵਿਚ ਇਸ ਤਰ੍ਹਾਂ ਕਰਦਾ ਹੈ :

ਮੂਸਾ ਨੂੰ ਕੋਹ ਤੂਰ ਚੜ੍ਹਾਇਓ

ਇਸਮਾਈਲ ਨੂੰ ਜ਼ਿਬਾਅ ਕਰਾਇਓ

ਭੱਠ ਸੁਲੇਮੈਨ ਤੋਂ ਝੁਕਵਾਇਉ

ਇਬਰਾਹੀਮ ਚਿਖਾ ਵਿਚ ਪਵਾਇਉ

ਸਾਬਰ ਦੇ ਤਨ ਕੀੜੇ ਪਾਇਓ

ਸ਼ਾਹ ਸਰਮਦ ਦਾ ਗਲਾ ਕਟਾਇਓ

ਸ਼ਮਸ ਨੇ ਜਜ਼ ਸੁਖ਼ਮ ਅਲਾਇਉ

------------------

ਸਿਰ ਪੈਰੋਂ ਖੱਲ ਉਤਾਰਿਆ ਈ

ਰਹੁ ਰਹੁ ਵੇ ਇਸ਼ਕ ਮਾਰਿਆ ਈ।8

ਇਸ਼ਕ ਨੂੰ ਪਰਵਾਨ ਚੜ੍ਹਾਉਣ ਲਈ ਇਹਨਾਂ ਨੇ ਮੌਤ ਨੂੰ ਗਲੇ ਲਗਾ ਲਿਆ ਸੀ। ਅਸਲ ਵਿਚ ਇਸ਼ਕ ਪੁੱਗਦਾ ਹੀ ਉੱਥੇ ਹੈ ਜਿੱਥੇ ਬੰਦਾ ਆਪਣੀ ਹੋਂਦ ਨੂੰ ਖ਼ਤਮ ਕਰ ਦਿੰਦਾ ਹੈ। 'ਮੈਂ' ਤੋਂ 'ਤੂੰ' ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ਼ਕ ਕੁਰਬਾਨੀ ਮੰਗਦਾ ਹੈ।

ਸੂਫ਼ੀਮੱਤ ਅਨੁਸਾਰ ਇਸ਼ਕ ਦੋ ਪ੍ਰਕਾਰ ਦਾ ਹੁੰਦਾ, ਇਸ਼ਕ ਮਜਾਜੀ ਅਤੇ ਇਸ਼ਕ ਹਕੀਕੀ। ਦੁਨਿਆਵੀ ਜੀਵਾਂ ਨਾਲ ਪ੍ਰੇਮ ਕਰਨਾ, ਇਸ਼ਕ ਮਜਾਜੀ ਹੈ ਅਤੇ ਪਰਮਾਤਮਾ ਨਾਲ ਪ੍ਰੇਮ ਕਰਨਾ ਇਸ਼ਕ ਹਕੀਕੀ ਹੈ। ਆਮ ਤੌਰ 'ਤੇ ਇਸ਼ਕ ਮਜਾਜੀ ਨੂੰ ਇਸ਼ਕ ਹਕੀਕੀ ਦੀ ਪੌੜੀ ਮੰਨਿਆ ਜਾਂਦਾ ਹੈ। ਜਦ ਤਕ ਮਨੁੱਖ ਸੰਸਾਰਕ ਪ੍ਰੇਮ ਨਹੀਂ ਪਾ ਲੈਂਦਾ ਉਦੋਂ ਤੱਕ ਉਹ ਪਰਮਾਤਮਾਂ ਨਾਲ ਪਿਆਰ ਨਹੀਂ ਕਰ ਸਕਦਾ। ਇਸ ਤਰ੍ਹਾਂ ਇਸ਼ਕ ਮਜਾਜੀ ਦੀ ਮਹੱਤਤਾ ਨੂੰ ਇਸ਼ਕ ਹਕੀਕੀ ਦੀ ਮਹੱਤਤਾ ਨਾਲੋਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ ਹੈ। ਇਸ਼ਕ ਮਜਾਜੀ ਦਾ ਪ੍ਰਤੱਖ ਰੂਪ ਸ਼ਾਹ ਹੁਸੈਨ ਦਾ ਮਾਧੋ ਲਾਲ ਨਾਲ ਪ੍ਰੇਮ ਕਰਨਾ ਅਤੇ ਬੁੱਲ੍ਹੇ ਸ਼ਾਹ ਦਾ ਆਪਣੇ ਮੁਰਸ਼ਦ ਸ਼ਾਹ ਅਨਾਇਤ ਦੇ ਇਸ਼ਕ ਵਿਚ ਤੜਪਣਾ ਵੇਖਿਆ ਜਾ ਸਕਦਾ ਹੈ। ਸੂਫ਼ੀ ਸਾਧਕ ਇਸ਼ਕ ਮਜਾਜੀ ਦੇ ਜ਼ਰੀਏ ਇਸ਼ਕ ਹਕੀਕੀ ਦੀ ਚਰਚਾ ਕਰਦੇ ਰਹੇ ਸਨ। ਉਹਨਾਂ ਦੇ ਪ੍ਰੇਮ ਦਾ ਆਧਾਰ ਪਰਮਾਤਮਾ ਹੀ ਹੈ। ਉਹਨਾਂ ਦੇ ਕਾਵਿ ਵਿੱਚ ਲੌਕਿਕ ਪ੍ਰੇਮ ਦੀ ਝਲਕ ਇਸ ਕਰਕੇ ਦਿਖਾਈ ਦਿੰਦੀ ਸੀ ਕਿਉਂਕਿ ਉਹਨਾਂ ਨੇ ਆਪਣੇ ਭਾਵਾਂ ਵਿਚਾਰਾਂ ਨੂੰ ਲੋਕ ਕਥਾਵਾਂ ਅਤੇ ਲੋਕ ਮਨ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਸੀ। ਸੂਫ਼ੀ ਚਿੰਤਨ ਵਿਚ ਇਸ਼ਕ ਦੇ ਮਾਰਗ 'ਤੇ ਚੱਲਣਾ ਸਭ ਤੋਂ ਕਠਿਨ ਹੈ। ਇਸ ਸੰਬੰਧੀ ਸੂਫ਼ੀਮਤ ਬਾਰੇ ਬੜੇ ਸਪੱਸ਼ਟ ਸ਼ਬਦਾਂ ਵਿਚ ਪ੍ਰਗਟਾਵਾ ਮਿਲਦਾ ਹੈ ਕਿ ਇਸ ਮਾਰਗ ਉਪਰ ਕੇਵਲ ਸਬਲ ਆਤਮਾ ਹੀ ਚਲਣ ਦੇ ਸਮਰੱਥ ਹੋ ਸਕਦੀ ਹੈ। ਇਹ ਮਾਰਗ ਤਾਂ ਸੂਈ ਦੇ ਨੱਕੇ ਵਿਚੋਂ ਨਿਕਲਣ ਨਾਲ ਸੰਬੰਧਿਤ ਹੈ। ਇਸ਼ਕ ਦਾ ਰਾਹ ਕੋਈ ਸੌਖਾ ਰਾਹ

ਨਹੀਂ ਹੁੰਦਾ ਹੈ। ਸੀਸ ਤਲੀ 'ਤੇ ਰੱਖ ਕੇ ਚੱਲਣਾ ਪੈਂਦਾ ਹੈ। ਅਜਿਹੇ ਔਖੇ ਰਾਹ ਵੱਲ ਡਾ. ਕੇਸਰ ਸਿੰਘ ਕੇਸਰ ਸੰਕੇਤ ਵੀ ਕਰਦੇ ਹਨ:

ਦੁਨੀਆਂ ਨਾਲ ਤੇ ਬ੍ਰਹਿਮੰਡ ਨਾਲ ਨਿਰੋਲ ਇਸ਼ਕ ਦਾ ਰਿਸ਼ਤਾ ਰੱਖਣ ਲਈ ਆਪਣੇ ਸਾਮੰਤੀ ਤੇ ਅਸੰਤੁਲਤ ਵਰਗ-ਸਮਾਜ ਦੇ ਅਮਾਨਵੀ ਸੰਸਕ੍ਰਿਤੀ ਵਿਚ ਰਹਿੰਦਿਆਂ ਵੀ ਹਰ ਵੇਲੇ ਆਪਣੇ ਮੂਲ ਮਾਨਵੀ, ਸੰਵੇਗੀ, ਸੰਤੁਲਤ, ਸਮੂਹਕ ਆਪੇ ਨਾਲ ਜੁੜੇ ਰਹਿਣਾ ਪੈਂਦਾ ਹੈ।9

ਇਸ਼ਕ ਦੇ ਰਾਹ 'ਤੇ ਚੱਲਦਾ ਹੋਇਆ ਸਾਧਕ ਸਭ ਤੋਂ ਪਹਿਲਾਂ ਆਪਣੀ 'ਮੈਂ' ਨਾਲ ਲੜਦਾ ਹੈ, ਉਸਨੂੰ ਸਾਧਦਾ ਹੈ। ਫਿਰ ਦੁਨੀਆਂ ਦੇ ਤਾਅਨੇ-ਮਿਹਣੇ ਸਹਿੰਦਾ ਹੈ। ਇਸ਼ਕ ਦੇ ਰਾਹ 'ਤੇ ਚੱਲਣ ਲਈ ਹਿੰਮਤ ਤੇ ਸਬਰ ਚਾਹੀਦਾ ਹੈ। ਸਬਰ ਅਡੋਲ ਹੋਣਾ ਚਾਹੀਦਾ ਹੈ। ਇਸ਼ਕ ਦੀ ਔਖਿਆਈ ਵੱਲ ਸੁਲਤਾਨ ਬਾਹੂ ਇਸ਼ਾਰਾ ਕਰਦਾ ਹੈ:

ਇਸ਼ਕ ਸੁਖਾਲਾ ਜੇ ਹੁੰਦਾ ਬਾਹੂ

ਸੱਭੇ ਆਸ਼ਕ ਹੀ ਬਣ ਬਹਿੰਦੇ ਹੂ।10

ਜਾਂ

ਇਸ਼ਕ ਅਸਾਂ ਨਾਲ ਕੇਹੀ ਕੀਤੀ ਲੋਕ ਮਰੇਂਦੇ ਤਾਅਨੇ

ਦਿਲ ਦੀ ਵੇਦਨ ਕੋਈ ਨਾ ਜਾਣੇ ਅੰਦਰ ਦੇਸ਼ ਬਿਗਾਨੇ

ਜਿਸ ਨੂੰ ਚਾਟ ਅਮਰ ਦੀ ਹੋਵੇ ਸੋਈ ਅਮਰ ਪਛਾਣੇ

ਏਸ ਇਸ਼ਕ ਦੀ ਔਖੀ ਘਾਟੀ ਜੋ ਚੜ੍ਹਿਆ ਸੋ ਜਾਣੇ। 11

ਸੂਫ਼ੀ ਇਸ਼ਕ ਦੇ ਰਸਤੇ ਤੇ ਕਾਮਲ ਮੁਰਸ਼ਦ ਦੀ ਅਗਵਾਈ ਨਾਲ ਹੀ ਚੱਲ ਸਕਦੇ ਹਨ। ਸੂਫ਼ੀ ਦੁਨੀਆਂ ਦੀ ਅਸੰਤੁਲਨਤਾ, ਸੰਕੀਰਣਤਾ ਅਤੇ ਸੀਮਤਤਾ ਨਾਲ ਲੜਦੇ ਵੀ ਹਨ:

ਮੀਮ ਮੁਰਸ਼ਦ ਉਹ ਸਹੇੜੀਏ

ਜੇੜ੍ਹਾ ਦੋ ਜਗ ਖੁਸ਼ੀ ਦਿਖਾਏ ਹੂ।

ਅੱਵਲ ਗ਼ਮ ਟੁਕੜੇ ਦਾ ਮੈਟੇ

ਵਤ ਰਬ ਦਾ ਰਾਹ ਸਮਝਾਏ ਹੂ।12

ਸੂਫ਼ੀਆਂ ਨੇ ਆਪਣੇ ਸਮੇਂ ਇਕ ਵਿਚਾਰਧਾਰਕ ਜੰਗ ਲੜੀ ਸੀ, ਇਸ਼ਕ ਨੂੰ ਵਿਧੀ ਬਣਾਕੇ। ਇਹ ਜੰਗ, ਝੂਠ, ਪਾਪ, ਅਧਰਮ, ਕੂਹਜ ਅਨਿਆਂ ਅਤੇ ਅਮਾਨਵਤਾ ਦੇ ਵਿਰੁੱਧ ਲੜੀ ਸੀ। ਇਸ ਵਿਚਾਰਧਾਰਕ ਜੰਗ ਦਾ ਚਿਤਰਨ ਸੂਫ਼ੀਆਂ ਦੀ ਕਵਿਤਾ ਵਿਚ ਵਾਰ-ਵਾਰ ਆਉਂਦਾ ਹੈ। ਪੰਜਾਬੀ ਸੂਫ਼ੀ ਕਵਿਤਾ ਆਪਣੇ ਸਮੇਂ ਦੇ ਸਮੁੱਚੇ ਮਾਇਆਵੀ ਪ੍ਰਬੰਧ ਦੇ ਵਿਰੁੱਧ ਰਚੀ ਗਈ ਕਵਿਤਾ ਹੈ। ਇਸ ਗੱਲ ਦੀ ਨਿਸ਼ਾਨਦੇਹੀ ਸਾਨੂੰ ਸਮੁੱਚੀ ਕਵਿਤਾ

ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦੀ ਹੈ। ਆਪਣੇ ਸਮੇਂ ਦੀਆਂ ਪਰਿਸਥਿਤੀਆਂ ਦੇ ਵਿਰੁੱਧ ਕੁਝ ਕਹਿਣਾ ਜਾਨ ਨੂੰ ਜੋਖ਼ਮ ਵਾਲਾ ਮਸਲਾ ਬਣ ਜਾਂਦਾ ਹੈ। ਸੂਫ਼ੀ ਆਪਣੀ ਵਿਚਾਰਧਾਰਾ ‘ਤੇ ਡਟੇ ਰਹੇ। ਇਸਦੇ ਬਾਵਜੂਦ ਵੀ ਜੇਕਰ ਅਸੀਂ ਦੇਖੀਏ ਤਾਂ ਸੂਫ਼ੀ ਕਵਿਤਾ ਦੀ ਕੇਂਦਰੀ ਤੰਦ ਇਸ਼ਕ ਹੀ ਹੈ। ਇਸ਼ਕ ਨੂੰ ਆਧਾਰ ਬਣਾ ਕੇ ਹੀ ਉਹਨਾਂ ਨੇ ਸਮੁੱਚੇ ਪ੍ਰਬੰਧ (ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਿਕ) ਨਾਲ ਸੰਵਾਦ ਰਚਾਇਆ ਸੀ। ਇਸ ਗੱਲ ਦੀ ਪ੍ਰਮਾਣਿਕਤਾ ਲਈ ਅਸੀਂ ਡਾ. ਕੇਸਰ ਸਿੰਘ ਕੇਸਰ ਦਾ ਕਥਨ ਵੇਖ ਸਕਦੇ ਹਾਂ :

ਪੰਜਾਬੀ ਸੂਫ਼ੀ ਕਵਿਤਾ ਦੀ ਰਚਨਾ ਨਾ ਕੇਵਲ ਅਮਾਨਵੀ ਸਭਿਆਚਾਰਕ ਪਰਿਵੇਸ਼, ਪ੍ਰਤਿਕੂਲ ਸਮਾਜਕ ਸੰਦਰਭ ਤੇ ਅਨਿਆਈਂ ਰਾਜ-ਸ਼ਕਤੀ ਤੇ ਰਾਜਸੀ ਜੁਗ-ਗਰਦੀ ਦੇ ਮਾਹੌਲ ਵਿਚ ਹੋਈ, ਸਗੋਂ ਬਹੁਤੀ ਸੂਫ਼ੀ ਕਵਿਤਾ ਦਾ ਜਨਮ ਇਸ਼ਕ ਤੇ ਇਲਮ ਦੀ ਟੱਕਰ ਵਿਚ ਹੋਇਆ। ਇਸੇ ਲਈ ਇਹ ਜ਼ੋਖਮ ਦਾ ਕੰਮ ਸੀ।13

ਜੇਕਰ ਅਸੀਂ ਇਤਿਹਾਸਕ ਤੌਰ ‘ਤੇ ਵੇਖੀਏ ਤਾਂ ਸੂਫ਼ੀ ਸਾਧਨਾ ਵਿਚ ਇਸ਼ਕ ਦਾ ਸੰਕਲਪ ਅੱਠਵੀਂ ਸਦੀ ਵਿਚ ਰਾਬੀਆ-ਅਲ-ਬਸਰੀ ਨਾਲ ਪ੍ਰਵੇਸ਼ ਕਰਦਾ ਹੈ। ਸੱਚੇ ਇਸ਼ਕ ਦਾ ਸਰੂਪ ਰਾਬੀਆ-ਅਲੀ-ਬਸਰੀ ਦੀ ਪ੍ਰਾਰਥਨਾ ਵਿਚ ਵੇਖਿਆ ਜਾ ਸਕਦਾ ਹੈ। ਜਦੋਂ ਉਹ ਕਹਿੰਦੀ ਹੈ, “ਐ ਈਸ਼ਵਰ, ਜੇ ਮੈਂ ਨਰਕ ਤੋਂ ਡਰ ਕੇ ਤੇਰੀ ਪੂਜਾ ਕਰਦੀ ਹਾਂ ਤਾਂ ਮੈਨੂੰ ਨਰਕ ਵਿਚ ਜ਼ਰੂਰ ਸਾੜੀ ਅਤੇ ਜੇ ਮੈਂ ਸਵਰਗ ਦੀ ਆਸ ਵਿਚ ਤੇਰੀ ਪੂਜਾ ਕਰਦੀ ਹਾਂ ਤਾਂ ਮੈਨੂੰ ਸਵਰਗ ਤੋਂ ਬਾਹਰ ਰੱਖੀਂ। ਪਰ ਜੇ ਮੈਂ ਤੇਰੀ ਪੂਜਾ ਤੇਰੀ ਖ਼ਾਤਰ ਹੀ ਕਰਦੀ ਹਾਂ ਤਾਂ ਮੈਨੂੰ ਆਪਣੇ ਸਦੀਵੀ ਸੁਹਜ ਦਾ ਜ਼ਰੂਰ ਦੀਦਾਰ ਦੇ।”14 ਇਸ ਪ੍ਰਾਰਥਨਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਰਾਬੀਆ ਕਿਸੇ ਡਰ ਜਾਂ ਲਾਲਚ ਕਰਕੇ ਇਬਾਦਤ ਨਹੀਂ ਕਰਦੀ ਸਗੋਂ ਉਸ ਅਪਾਰ, ਅਸੀਮ ਸ਼ਕਤੀ ਦੇ ਦਰਸ਼ਨਾਂ ਲਈ ਕਰਦੀ ਹੈ। ਰਾਬੀਆ ਤੋਂ ਇਲਾਵਾ ਅਬੁ-ਬਾਨਜੀਦ, ਜੂਨ-ਨੂਨ-ਮਿਸਰੀ, ਮਾਰੂਫ਼-ਅਲ-ਕਰਖ਼ੀ ਆਦਿ ਸੂਫ਼ੀ ਸਾਧਕ ਇਬਾਦਤ ਦਾ ਜ਼ਰੀਆ ਇਸ਼ਕ ਨੂੰ ਹੀ ਮੰਨਦੇ ਸਨ। ਇਸਤੋਂ ਪਹਿਲਾਂ ਸੂਫ਼ੀ ਇਬਾਦਤ ਦਾ ਹਿੱਸਾ ਡਰ, ਖ਼ੌਫ਼ ਸੀ। ਮੁੱਢਲੇ ਸੂਫ਼ੀ ਅੱਲਾ ਤੋਂ ਡਰਦੇ, ਕੰਬਦੇ ਰਹਿੰਦੇ ਸਨ। ਰਾਬੀਆ ਨੇ ਇਬਾਦਤ ਵਿਚ ਨਵਾਂ ਮੋੜ ਲਿਆਂਦਾ ਸੀ। ਉਸਨੇ ਦੱਸਿਆ ਅਤੇ ਸਿੱਧ ਕੀਤਾ ਕਿ ਪਰਮਾਤਮਾ ਨੂੰ ਇਸ਼ਕ ਨਾਲ ਪਾਇਆ ਜਾ ਸਕਦਾ ਹੈ। ਸ਼ੁੱਧ ਅਤੇ ਸਵਾਰਥ ਰਹਿਤ ਇਸ਼ਕ ਰਾਬੀਆ ਦੀ ਵਿਸ਼ੇਸ਼ ਪ੍ਰਾਪਤੀ ਹੈ। ਹੁਜ਼ਵੀਰੀ ਆਪਣੀ ਰਚਨਾ ਕਸਫ਼ੁਲ-ਮਹਿਜੂਬ ਵਿਚ ਇਸ਼ਕ ਦੀ ਪੇਸ਼ਕਾਰੀ ਇਸ ਤਰ੍ਹਾਂ ਕਰਦਾ ਹੈ:

ਆਸ਼ਕ ਵਿਚ ਪ੍ਰੇਮ ਹੁੰਦਾ ਹੈ, ਜਿਸ ਦੇ ਫਲਸਰੂਪ ਉਹ ਪ੍ਰੀਤਮ ਦੀ ਕਠੋਰਤਾ ਤੇ ਖੁਲ੍ਹਦਿਲੀ ਨੂੰ ਇਕੋ ਜਿਹਾ ਝਲਦਾ ਹੈ, ਮਾਸ਼ੂਕ ਦੀ ਪ੍ਰਾਪਤੀ ਲਈ ਵਿਆਕੁਲਤਾ ਦਾ ਨਾਮ ਹੀ ਇਸ਼ਕ ਹੈ।15

ਪੰਜਾਬੀ ਸੂਫ਼ੀ ਕਵਿਤਾ ਦਾ ਆਰੰਭ ਬਾਬਾ ਫ਼ਰੀਦ ਜੀ ਦੀ ਬਾਣੀ ਨਾਲ ਹੁੰਦਾ ਹੈ। ਪੰਜਾਬੀ ਸੂਫ਼ੀ ਕਵਿਤਾ ਵਿਚ ਇਸ਼ਕ ਦਾ ਮੁੱਢ ਬੰਨਣ ਵਾਲੇ ਬਾਬਾ ਫ਼ਰੀਦ ਜੀ ਹਨ। ਸਭ ਤੋਂ ਪਹਿਲਾਂ ਇਹਨਾਂ ਦੇ ਕਲਾਮ ਵਿਚ ਪ੍ਰੇਮ ਜਾਂ ਨੇਹੁ ਦਾ ਸੰਕਲਪ ਪੇਸ਼ ਹੋਇਆ ਸੀ। ਇੱਥੇ ਅਸੀਂ ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਪਿਆਰ, ‘ਨੇਹ ਦੇ ਸੰਕਲਪ’ ਦੇ ਵਿਸਥਾਰ ਵਿਚ

ਨਹੀਂ ਜਾਵਾਂਗੇ। ਅਸੀਂ ਕੇਵਲ ਪ੍ਰਸੰਗ ਜੋੜਨ ਲਈ ਅਤੇ ਇਤਿਹਾਸਕ ਪ੍ਰਕਰਣ ਨੂੰ ਜਾਰੀ ਰੱਖਣ ਲਈ, ਇਤਨਾ ਹੀ ਸੰਕੇਤ ਕਰ ਦੇਣਾ ਕਾਫ਼ੀ ਹੈ ਕਿ ਬਾਬਾ ਫ਼ਰੀਦ ਜੀ ਦੁਆਰਾ ਸੂਫ਼ੀ ਕਵਿਤਾ ਵਿੱਚ ਪੇਸ਼ ਕੀਤਾ ਗਿਆ ਇਸ਼ਕ ਦਾ ਸੰਕਲਪ ਹੀ ਬਾਕੀ ਪਿਛੋਂ ਆਉਣ ਵਾਲੇ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਵਿਚ ਵੱਖ-ਵੱਖ ਪੱਧਰਾਂ 'ਤੇ ਵਿਸਤਾਰ ਪ੍ਰਾਪਤ ਕਰਦਾ ਹੋਇਆ ਵੱਖ-ਵੱਖ ਦਿਸ਼ਾਵਾਂ ਵੱਲ ਵਿਕਾਸ ਕਰਦਾ ਹੈ। ਬਾਬਾ ਫ਼ਰੀਦ ਜੀ ਤੋਂ ਬਾਅਦ ਸ਼ਾਹ ਹੁਸੈਨ ਪਹਿਲਾਂ ਸੂਫ਼ੀ ਕਵੀ ਹੈ ਜਿਸ ਦੀਆਂ ਕਾਫ਼ੀਆਂ ਵਿਚ ਸੂਫ਼ੀ ਕਾਵਿ ਵਿਚ ਇਸ਼ਕ ਦੇ ਸੰਕਲਪ ਦੇ ਭਰਪੂਰ ਦਰਸ਼ਨ ਹੁੰਦੇ ਹਨ। ਸ਼ਾਹ ਹੁਸੈਨ ਪ੍ਰੇਮ ਵਿਚ ਅਜਿਹਾ ਲੀਨ ਹੁੰਦਾ ਹੈ ਕਿ ਆਪਾ ਭਾਵ ਪੂਰਨ ਭਾਂਤ ਸਵੈ ਨੂੰ ਖ਼ਤਮ ਕਰਕੇ ਉਸੇ ਪਿਆਰੇ ਦਾ ਰੂਪ ਹੋ ਜਾਂਦਾ ਹੈ :

ਮਾਹੀ ਮਾਹੀ ਕਰਦੀ ਨੀ ਮੈਂ ਆਪੇ ਰਾਂਝਾ ਹੋਈ

ਰਾਂਝਣ ਰਾਂਝਣ ਮੈਂ ਸਭ ਕੋ ਆਖੇ ਹੀਰ ਨਾ ਆਖੇ ਕੋਈ।16

ਸ਼ਾਹ ਹੁਸੈਨ ਨੇ ਇਸ਼ਕ ਢੰਢੋਰਾ ਫੇਰਨ ਦਾ ਕੰਮ ਜਿੰਮੇਂ ਲਿਆ ਹੋਇਆ ਹੈ। ਉਹ ਤਾਂ ਦੁਨੀਆਂ ਨੂੰ ਘਰ-ਘਰ ਜਾ ਕੇ ਦੱਸਦਾ ਹੈ ਕਿ ਪ੍ਰਭੂ ਪ੍ਰਾਪਤੀ ਦਾ ਇਕੋ ਹੀ ਸਾਧਨ ਹੈ ਅਤੇ ਉਹ ਹੈ, ਇਸ਼ਕ ਦਾ ਸਾਧਨ। ਇਸ ਸਾਧਨ ਤੋਂ ਬਿਨਾਂ ਪ੍ਰਭੂ ਨਾਲ ਮਿਲਾਪ ਅਸੰਭਵ ਹੈ :

ਇਸ਼ਕ ਦੀ ਸਿਰ ਖਾਰੀ ਚਾਹੀਆ

ਦਰ ਦਰ ਦੇਨੀਆਂ ਹੋਕਾ ਵੇ ਲੋਕਾ

ਕਹੈ ਹੁਸੈਨ ਫ਼ਕੀਰ ਸਾਈਂ ਦਾ

ਲੱਧਾਈ ਪ੍ਰੇਮ ਝਰੋਖਾ ਵੇ ਲੋਕਾ।17

ਆਸ਼ਕ ਸਦਾ ਆਪਣੇ ਮਾਸ਼ੂਕ ਨਾਲ ਰਹਿੰਦਾ ਹੈ। ਉਸਦੇ ਇਸ਼ਕ ਬਦਲੇ ਸੌ-ਸੌ ਤਾਹਨੇ ਵੀ ਸਹਿੰਦਾ ਹੈ। ਉਹ ਤਾਂ ਸਿਰ ਧੜ ਨਾਲੋਂ ਲੁਹਾ ਕੇ ਵੀ ਮਸ਼ੂਕ ਦਾ ਦਰ ਨਹੀਂ ਛੱਡਦਾ :

ਰਹੀਏ ਓਇ ਨਾਲਿ ਸਜਣ ਦੇ ਰਹੀਏ,

ਲਖ ਲਖ ਬਦੀਆਂ ਸਾਉ ਸਾਉ ਤਾਹਨੇ

ਸੇ ਭੀ ਸਿਰ ਤੇ ਸਹੀਏ

ਤੋੜੇ ਸਿਰਿ ਵੰਞੇ ਧੜ ਨਾਹੁੰ

ਤਾਂ ਭੀ ਹਾਲ ਨ ਕਹੀਏ।18

ਸੂਫ਼ੀਆਂ ਅਤੇ ਹੋਰ ਭਗਤਾਂ ਨੇ ਪ੍ਰਭੂ ਪ੍ਰਾਪਤੀ ਲਈ ਕਰਮ-ਕਾਂਡ ਦੀ ਥਾਂ ਪ੍ਰੇਮ, ਭਗਤੀ ਅਤੇ ਇਸ਼ਕ 'ਤੇ ਜ਼ੋਰ ਦਿੱਤਾ ਹੈ। ਹਜ਼ਰਤ ਸੁਲਤਾਨ ਬਾਹੂ ਕਹਿੰਦੇ ਹਨ ਕਿ

ਸ਼ਰੀਅਤ ਦੀ ਹੱਦਬੰਦੀ ਵਿਚ ਕੈਦ ਮਜ਼ਹਬ ਦੇ ਮੁਖੀ ਭਾਵ ਗ਼ੌਸ, ਕੁਤਬ ਆਦਿ ਰੱਬ ਦੇ ਰਾਹ ਵਿਚ ਭਟਕਦੇ ਹੀ ਰਹਿੰਦੇ ਹਨ। ਰੱਬ ਦੀ ਦਰਗ਼ਾਹ ਵਿਚ ਕੇਵਲ ਆਸ਼ਕ ਹੀ ਪਹੁੰਚਦੇ ਹਨ। ਸ਼ਰ੍ਹਾ ਦੇ ਕੈਦੀ ਪ੍ਰਭੂ ਨਾਲ ਮਿਲਾਪ ਨਹੀਂ ਕਰ ਸਕਦੇ, ਕੇਵਲ ਆਸ਼ਕ ਹੀ ਸਮੇਂ-ਸਥਾਨ ਦੀਆਂ ਹੱਦਾਂ ਲੰਘ ਕੇ, ਸਹਿਜੇ ਹੀ ਉਸ ਅਪਾਰ ਸ਼ਕਤੀ ਵਿਚ ਅਭੇਦ ਹੋ ਜਾਂਦੇ ਹਨ। ਸੁਲਤਾਨ ਬਾਹੂ ਦਾ ਕਥਨ ਹੈ:

ਗ਼ੌਸ ਕੁਤਬ ਹਨ ਉਰੇ ਉਰੇਰੇ
ਆਸ਼ਿਕ ਜਾਣ ਅਗੇਰੇ ਹੂ।
ਜਿਹੜੀ ਮੰਜ਼ਲ ਆਸ਼ਿਕ ਪਹੁੰਚਣ
ਗ਼ੌਸ ਨ ਪਾਵਨ ਫੇਰੇ ਹੂ।
ਆਸ਼ਿਕ ਵਿਚ ਵਿਸਾਲ ਦੇ ਰਹਿੰਦੇ
ਲਮਕਾਨੀ ਡੇਰੇ ਹੂ।
ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ,
ਜਿਨ੍ਹਾਂ ਜਾਤੋਂ ਜਾਤ ਬਸੇਰੇ ਹੂ। 19

ਆਸ਼ਕਾਂ ਦਾ ਰਾਹ ਵੱਖਰਾ ਹੈ, ਉਹਨਾਂ ਦਾ ਰਾਹ ਇਸ਼ਕ ਦਾ ਹੈ, ਸ਼ਰੀਅਤ ਦਾ ਨਹੀਂ। ਜੇਕਰ ਕਿਸੇ ਸ਼ਰਈ ਵਿਅਕਤੀ ਨੂੰ ਇਸ਼ਕ ਦੀ ਚਾਟ ਲੱਗ ਜਾਵੇ, ਉਹ ਵੀ ਆਪਦੇ ਸਭ ਰੁਤਬੇ ਖ਼ਿਤਾਬ ਤਿਆਗ ਕੇ ਇਸ਼ਕ ਦੇ ਰਸਤੇ ਤੇ ਚੱਲ ਪਵੇਗਾ। ਬਾਹੂ ਲਿਖਦਾ ਹੈ :

ਇਸ਼ਕ ਦੀ ਗੱਲ ਅਵੱਲੀ, ਜਿਹੜਾ ਸ਼ਰ੍ਹਾ ਥੀਂ ਦੂਰ ਹਟਾਵੇ ਹੂ।
ਕਾਜ਼ੀ ਛੋੜ ਕਜ਼ਾਈ ਜਾਨ, ਜਦ ਇਸ਼ਕ ਤਮਾਚਾ ਲਾਵੇ ਹੂ।20

ਸ਼ਰਾ ਦੇ ਮੁਦੱਈ ਲੋਕ ਵੁਜ਼ੂ ਅਤੇ ਸਿਜਦੇ ਕਰਦੇ ਹਨ, ਅਤੇ ਕਿਸੇ ਵਿਸ਼ੇਸ਼ ਮੁਕਾਮ ਵੱਲ ਮੂੰਹ ਕਰਕੇ ਨਮਾਜ਼ਾਂ ਪੜ੍ਹਦੇ ਹਨ। ਉਹਨਾਂ ਦੀ ਇਬਾਦਤ ਦਾ ਮਕਸਦ, ਬਹਿਸ਼ਤ ਦੀ ਪ੍ਰਾਪਤੀ ਹੈ, ਅੱਲ੍ਹਾ ਦੀ ਨਹੀਂ। ਇਸਦੇ ਉਲਟ ਆਸ਼ਕਾਂ ਨੇ ਕਿਆਮਤ ਤੱਕ ਆਪਣੇ ਆਪ ਨੂੰ ਇਸ਼ਕ ਦੇ ਵਜ਼ੂ ਨਾਲ ਪਾਕ ਕੀਤਾ ਹੋਇਆ ਹੈ। ਉਹ ਹਰ ਵਕਤ ਨਮਾਜ਼ ਅਤੇ ਸਿਜਦੇ ਵਿਚ ਰਹਿੰਦੇ ਹਨ ਅਰਥਾਤ ਉਹ ਨਿਰੰਤਰ ਸਾਧਨਾ ਵਿਚ ਲੀਨ ਰਹਿੰਦੇ ਹਨ। ਇਬਾਦਤ ਕਰਨ ਲਈ ਉਹ ਵਿਸ਼ੇਸ਼ ਸਥਾਨ ਦੀ ਚੋਣ ਨਹੀਂ ਕਰਦੇ। ਉਹ ਅਰਸ਼ਾਂ ਤੋਂ ਸੈਂਕੜੇ ਮੰਜ਼ਲਾਂ ਅੱਗੇ ਜਾ ਕੇ ਰੱਬ ਵਿਚ ਜਜ਼ਬ ਹੋ ਜਾਂਦੇ ਹਨ :

ਆਸ਼ਿਕ ਹਿੱਕ ਵੁਜ਼ੂ ਜੋ ਕੀਤਾ
ਰੋਜ਼ ਨਿਆਮਤ ਤਾਈਂ ਹੂ।
ਵਿਚ ਨਮਾਜ਼, ਰਕੂ ਸਜੂਦੇ,

ਰਹਿੰਦੇ ਸੰਝ ਸਬਾਈ ਹੂ।

ਏਥੇ ਉਥੇ ਦੋਈ ਜਹਾਨੀਂ

ਸਭ ਫ਼ਕਰ ਦੀਆਂ ਜਾਈ ਹੂ।

ਅਰਸ਼ਾਂ ਤੋਂ ਸੈ ਮੰਜ਼ਿਲ ਅਗੇ

ਪੈਂਦਾ ਕੰਮ ਤਿਨਾਹੀਂ ਹੂ।21

ਸੁਲਤਾਨ ਬਾਹੂ ਆਪਣੇ ਕਲਾਮ ਵਿਚ ਫ਼ਕੀਰੀ ਦੇ ਮਾਰਗ ਉਤੇ ਚੱਲਣ ਵਾਲਿਆਂ ਨੂੰ ਇਸ ਗੱਲ ਲਈ ਸੁਚੇਤ ਕਰਦੇ ਹਨ ਕਿ ਕੇਵਲ ਸਿਮਰਨ ਅਤੇ ਧਿਆਨ ਕਰਨ ਨਾਲ ਕੁਝ ਨਹੀਂ ਹੋਣਾ, ਇਸ਼ਕ ਦੇ ਨੂਰ ਨਾਲ ਹੀ ਉਸ ਹੱਕ-ਸੱਚ ਨੂੰ ਪਾਇਆ ਜਾ ਸਕਦਾ ਹੈ:

ਜ਼ਿਕਰ ਫ਼ਿਕਰ ਸਭ ਉਰੇ ਉਰੇਰੇ,

ਜਾਂ ਜਾਨ ਫ਼ਿਦਾ ਨ ਫ਼ਾਨੀ ਹੂ।

ਫ਼ਿਦਾ ਫ਼ਾਨੀ ਤਿਨ੍ਹਾਂ ਨੂੰ ਹਾਸਿਲ

ਜੋ ਵੱਧਣ ਲਾਮਦਾਨੀ ਹੂ।

ਫ਼ਿਦਾ ਫ਼ਾਨੀ ਹਨ ਓਹੀ ਜਿਨ੍ਹਾਂ,

ਚੱਖੀ ਇਸ਼ਕ ਦੀ ਕਾਨੀ ਹੂ।

ਦੋਏ ਜਹਾਨ ਤਿਨ੍ਹਾਂ ਦੇ ਮੁੱਠੇ,

ਯਾਰ ਨ ਮਿਲਿਆ ਜਾਨੀ ਹੂ।22

ਬੁੱਲ੍ਹੇ ਸ਼ਾਹ ਦਾ ਇਸ਼ਕ ਸ਼ਰੀਅਤ ਦਾ ਵਿਰੋਧੀ ਹੈ। ਇਸ਼ਕ ਅੰਦਰਲੀ ਹੈਵਾਨੀਅਤ ਦੀ ਬਲੀ ਮੰਗਦਾ ਹੈ:

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ,

ਮਸਜਿਦ ਕੋਲੋਂ ਜਿਉੜਾ ਡਰਿਆ

ਭੱਜ ਭੱਜ ਠਾਕੁਰ ਦੁਆਰੇ ਵੜਿਆ,

ਘਰ ਵਿਚ ਪਾਯਾ ਮਹਿਰਮ ਯਾਰ

ਇਸ਼ਕ ਦੀ ਨਵੀਂ ਨਵੀਓਂ ਬਹਾਰ।23

ਜਾਂ

ਬੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ, ਸਜਦੇ ਕਰਦਿਆਂ ਘਸ ਗਏ ਮੱਥੇ,

ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਯਾ ਤਿਸ ਨੂਰ ਅਨਵਾਰ।24

ਜਾਂ

ਇਸ਼ਕ ਸ਼ਰ੍ਹਾ ਦਾ ਪੈ ਗਿਆ ਝਗੜਾ, ਦਿਲ ਦਾ ਭਰਮ ਮਿਟਾਵਾਂ ਮੈਂ
ਸਵਾਲ ਸ਼ਰ੍ਹਾ ਦੇ ਜਵਾਬ ਇਸ਼ਕ ਦੇ, ਹਜ਼ਰਤ ਆਖ ਸੁਣਾਵਾਂ ਮੈਂ
ਸ਼ਰਾ ਕਹੇ ਚਲ ਪਾਸ ਮੁੱਲਾਂ ਦੇ ਸਿਖ ਲੈ ਅਦਬ ਅਦਾਬਾਂ ਨੂੰ
ਇਸ਼ਕ ਕਹੇ ਇਕ ਹਰਫ਼ ਬਥੇਰਾ ਝੱਪ ਰੱਖ ਹੋਰ ਕਿਤਾਬਾਂ ਨੂੰ
ਸ਼ਰ੍ਹਾ ਕਹੇ ਚਲ ਮਸਜਿਦ ਅੰਦਰ, ਹੱਕ ਨਮਾਜ਼ ਅਦਾ ਕਰ ਲੈ
ਇਸ਼ਕ ਕਹੇ ਚਲ ਮੈਖ਼ਾਨੇ ਵਿਚ, ਪੀ ਸ਼ਰਾਬ ਨਫ਼ਲ ਪੜ੍ਹ ਲੈ।25

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਸੂਫ਼ੀਆਂ ਦੀ ਇਬਾਦਤ ਦਾ ਅਧਾਰ ਇਸ਼ਕ ਹੈ। ਸੂਫ਼ੀ ਕਿਸੇ ਵੀ ਕਿਸਮ ਦੀ ਧਾਰਮਿਕ ਪਛਾਣ ਨੂੰ ਸਵੀਕਾਰ ਨਹੀਂ ਕਰਦੇ ਹਨ। ਉਹਨਾਂ ਨੂੰ ਇਬਾਦਤ ਲਈ ਕਿਸੇ ਵੀ ਧਾਰਮਿਕ ਗ੍ਰੰਥ, ਧਾਰਮਿਕ ਸਥਾਨ ਜਾਂ ਪੈਗੰਬਰ ਉਤੇ ਆਸ਼ਰਿਤ ਹੋਣ ਦੀ ਲੋੜ ਨਹੀਂ ਹੈ। ਉਹਨਾਂ ਦੀ ਇਬਾਦਤ ਦਾ ਆਧਾਰ ਕੇਵਲ ਇਸ਼ਕ ਹੈ। ਇਸ਼ਕ ਦੀ ਮਹੱਤਤਾ ਦਾ ਸਹੀ ਦ੍ਰਿਸ਼ ਡਾ. ਸੁਖਦੇਵ ਸਿੰਘ ਸਿਰਸਾ ਦੇ ਕਥਨ ਨਾਲ ਸਾਕਾਰ ਹੁੰਦਾ ਹੈ:

ਇਸ਼ਕ ਤੇ ਸ਼ਰ੍ਹਾ ਦਾ ਵੈਰ ਕਦੀਮੀ ਹੈ। ਸ਼ਰ੍ਹਾ ਦੀ ਦਿੱਤੀ ਧਾਰਮਿਕ ਪਛਾਣ ਮਨੁੱਖ ਨੂੰ ਸੀਮਤ ਕਰਦੀ ਹੈ, ਮਨੁੱਖ ਤੇ ਮਨੁੱਖ ਵਿਚਕਾਰ ਮੋਮਨ-ਕਾਫ਼ਰ ਦੀ ਖਾਈ ਨੂੰ ਹੋਰ ਡੂੰਘਾ ਕਰਦੀ ਹੈ। ਧਰਮ ਦਾ ਸੰਸਥਾਈ ਤੇ ਸ਼ਰਈ ਸਰੂਪ ਮਨੁੱਖ ਨੂੰ ਰੀਤੀਵਾਦੀ ਕਰਮਕਾਂਡ ਵਿਚ ਉਲਝਾਉਂਦਾ ਹੈ। ਰੂਹਾਨੀ ਅਮੀਰੀ ਤੇ ਆਤਮ-ਪਛਾਣ ਦੇਣ ਦੀ ਥਾਂ ਧਰਮ ਦਾ ਸੰਸਥਾਈ ਰੂਪ ਤੇ ਕਰਮਕਾਂਡੀ ਵਿਹਾਰ ਮਨੁੱਖ ਨੂੰ ਆਤਮ-ਨਿਸ਼ੇਧ (ਤਕ;ਦਿਕਅਜ਼;) ਦਾ ਪਾਠ ਪੜ੍ਹਾਉਦਾ ਹੈ। ਇਸ਼ਕ, ਦੂਜੇ ਪ੍ਰਤੀ ਸਮਰਪਣ ਤੇ ਕੁਰਬਾਨ ਹੋਣ ਦਾ ਨਾਂ ਹੈ, ਇਹ ਮਨੁੱਖ ਦੇ ਸੀਮਤ ਸਵੈ ਨੂੰ ਵਿਸਤਾਰਦਾ ਹੈ। ਦੂਜੇ (ਰਵੀਕਗਤ) ਦੀ ਪਹਿਚਾਣ ਦੀ ਸੋਝੀ ਦੇ ਕੇ ਇਸ਼ਕ ਮਨੁੱਖ ਨੂੰ ਵਡੇਰੇ ਸਮਾਜਕ-ਸੰਬੰਧਾਂ ਦੇ ਅਮਲ ਵਿਚ ਪਾਉਂਦਾ ਹੈ। ਸੂਫ਼ੀਆਂ ਨੇ ਇਸ਼ਕ ਨੂੰ ਅਨਾ (ਹਉਂ) ਨੂੰ ਮਾਰਨ ਵਾਲਾ ਸਾਧਨ ਕਿਹਾ ਹੈ। ਸੂਫ਼ੀਆਂ ਦਾ ਫ਼ਨਾ-ਫ਼ਿਲਾ ਦਾ ਸੰਕਲਪ ਨਿੱਜੀ ਹੋਂਦ ਨੂੰ ਭੁਲਾ ਕੇ ਇਕ ਦੂਜੇ ਨਾਲ ਸੰਪੂਰਨ ਏਕਾਕਾਰ ਦੀ ਪ੍ਰਾਪਤੀ ਦਾ ਮਾਰਗ ਹੈ।26

ਇਉਂ ਉਪਰੋਕਤ ਚਰਚਾ ਉਪਰੰਤ ਇਹੋ ਧਾਰਨਾ ਬਣਦੀ ਹੈ ਕਿ ਸੂਫ਼ੀਮੱਤ ਵਿਚ ਇਬਾਦਤ ਇਸ਼ਕ ਦੇ ਰਸਤਿਓਂ ਨੇਪਰੇ ਚੜ੍ਹਦੀ ਹੈ। ਇਸ ਦਾ ਇਕ ਲੁਕਵਾਂ ਪਾਸਾਰ ਇਹ ਵੀ ਹੈ ਕਿ ਉਸ ਯੁੱਗ ਦੇ ਹਿੰਸਾਤਮਕ ਪ੍ਰਬੰਧ ਦੇ ਵਿਪਰੀਤ ਸੂਫ਼ੀ ਇਸ਼ਕ ਦਾ ਰਸਤਾ ਅਪਣਾਉਂਦੇ ਹਨ ਅਤੇ ਇਸ਼ਕ ਰਾਹੀਂ ਅੱਲ੍ਹਾ ਅਤੇ ਲੋਕਾਈ ਦੇ ਅੰਤਰ ਨੂੰ ਮੇਟ ਦਿੰਦੇ ਹਨ। ਇਸ ਕਰਕੇ ਇਸ਼ਕ ਦਾ ਸੰਕਲਪ ਅੱਲ੍ਹਾ ਦੀ ਇਬਾਦਤ ਅਤੇ ਲੋਕਾਈ ਦੀ ਮੁਹੱਬਤ ਦਾ ਸਮਰੂਪ ਬਣ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਵਿਮਲ ਕੁਮਾਰ ਜੈਨ, ਸੂਫ਼ੀਮੱਤ ਔਰ ਹਿੰਦੀ ਸਾਹਿਤਯ, ਪੰਨਾ 162.
2. ਰਾਜਵੰਤ ਮਠਾੜੂ, ਪੰਜਾਬੀ ਕਿੱਸਾ ਕਾਵਿ ਵਿਚ ਇਸ਼ਕ ਦਾ ਸੰਕਲਪ, ਪੰਨਾ 17.
3. ਭਾਈ ਮੰਗੂ ਜੀ (ਅਨੁ.), ਡਾ. ਗੁਰਮੁਖ ਸਿੰਘ (ਸੰਪਾ.) ਮਸਨਵੀ ਭਾਖਾ, ਪੰਨਾ 11.
4. ਡਾ. ਦੀਪਕ ਮਨਮੋਹਨ ਸਿੰਘ, ਭੂਮਿਕਾ, ਡਾ. ਬਲਵਿੰਦਰ, ਇਸ਼ਕ ਦੀ ਸਿਆਸਤ, ਪੰਨਾ 10.
5. ਪ੍ਰੋ. ਮੋਹਨ ਸਿੰਘ, ਮਹਿੰਦਰ ਸਿੰਘ ਰੰਧਾਵਾ, ਪੰਜਾਬ, ਪੰਨਾ 417.
6. ਉਹੀ, ਪੰਨਾ 48.
7. ਰਜ਼ਨੀਸ਼ ਓਸ਼ੋ, ਪ੍ਰੇਮ ਕਿਆ ਹੈ, ਪੰਨਾ 15.
8. ਡਾ. ਜਗਤਾਰ, ਬੁੱਲ੍ਹੇ ਸ਼ਾਹ ਜੀਵਨ ਅਤੇ ਰਚਨਾ, ਪੰਨਾ 48.
9. ਡਾ. ਕੇਸਰ ਸਿੰਘ ਕੇਸਰ, ਪੰਜਾਬੀ ਸੂਫ਼ੀ ਕਵਿਤਾ ਦੇ ਸੁਹਜ-ਸ਼ਾਸਤਰੀ ਆਧਾਰ, ਡਾ. ਜਗਜੀਤ ਸਿੰਘ (ਸੰਪਾ.), ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਪੰਨਾ 76.
10. ਉਹੀ, ਪੰਨਾ 77.
11. ਉਹੀ, ਪੰਨਾ 77.
12. ਉਜਾਗਰ ਸਿੰਘ, ਸੁਲਤਾਨ ਬਾਹੂ, ਪੰਨਾ 72.
13. ਉਹੀ, ਪੰਨਾ 78.
14. ਉਹੀ, ਪੰਨਾ 77.
15. ਹਜ਼ਰਤ ਸ਼ੇਖ਼ ਮੁਖ਼ਦੂਮ ਅਲੀ ਹੁਜਵੀਰੀ, ਕਸ਼ਫ਼ੁਲ ਮਹਿਜੂਬ, ਪੰਨਾ 262.
16. ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ 100.
17. ਉਹੀ, ਪੰਨਾ 100.
18. ਉਹੀ, ਪੰਨਾ 29.
19. ਉਜਾਗਰ ਸਿੰਘ, ਸੁਲਤਾਨ ਬਾਹੂ, ਪੰਨਾ 64.
20. ਉਹੀ, ਪੰਨਾ 68.
21. ਉਹੀ, ਪੰਨਾ 68.
22. ਉਹੀ, ਪੰਨਾ 62.
23. ਡਾ. ਜਗਤਾਰ, ਬੁੱਲ੍ਹੇ ਸ਼ਾਹ ਜੀਵਨ ਅਤੇ ਰਚਨਾ, ਪੰਨਾ 49.
24. ਉਹੀ, ਪੰਨਾ 117.
25. ਉਹੀ, ਪੰਨਾ 120.
26. ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਕਾਵਿ ਪ੍ਰਤੀਰੋਧ ਦਾ ਪ੍ਰਵਚਨ, ਪੰਨਾ 65.



**ਸਹਾਇਕ ਪ੍ਰੋਫੈਸਰ,**<br>
**ਖ਼ਾਲਸਾ ਕਾਲਜ ਫਾਰ ਵਿਮੈਨ**<br>
**ਸਿਵਿਲ ਲਾਈਨਜ਼,**<br>
**ਲੁਧਿਆਣਾ।**

Regd. No. 28873/76
ISSN 2319-5053

Jan-Feb 2024



ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਵਲੋਂ ਕੇ.ਐਲ. ਸਹਿਗਲ ਹਾਲ ਜੰਮੂ ਵਿਖੇ ੮-੯ ਫ਼ਰਵਰੀ ੨੦੨੪ ਨੂੰ ੨-ਰੋਜ਼ਾ ਪੰਜਾਬੀ ਸਾਹਿਤ ਤੇ ਸਭਿਆਚਾਰ ਪ੍ਰਤੀ ਸੈਮੀਨਾਰ ਦੌਰਾਨ ਬੁਧੀਜੀਵੀ ਸ੍ਰੀ ਸੁਰੇਸ਼ ਕੁਮਾਰ ਗੁਪਤਾ (ਪ੍ਰਿੰਸੀਪਲ ਸਕੱਤਰ ਸੰਸਕ੍ਰਿਤੀ ਵਿਭਾਗ ਜੰਮੂ-ਕਸ਼ਮੀਰ), ਭਰਤ ਸਿੰਘ ਮਨਹਾਸ (ਸਕੱਤਰ ਅਕੈਡਮੀ), ਡਾ.ਅਰਵਿੰਦਰ ਸਿੰਘ ਅਮਨ (ਸਾਬਕਾ ਐਡੀਸ਼ਨਲ ਸਕੱਤਰ), ਅਜੀਤ ਸਿੰਘ ਮਸਤਾਨਾ (ਨਾਮਵਰ ਲੇਖਕ), ਪੋਪਿੰਦਰ ਸਿੰਘ ਪਾਰਸ (ਸੰਪਾਦਕ ਸ਼ੀਰਾਜ਼ਾ ਪੰਜਾਬੀ ) ਤੇ ਡਾ.ਅਨੁਰਾਧਾ ਸ਼ੀਰਾਜ਼ਾ ਅਤੇ ਸਾਡਾ ਸਾਹਿਤ ਦੇ ਵਿਸ਼ੇਸ਼ ਅੰਕ ਰਿਲੀਜ਼ ਕਰਦੇ ਹੋਏ।

Published by the Secretary on behalf of
J&K Academy of Art, Culture and Languages, Jammu
and Printed at Ranbir Government Press, Jammu